*Published in Punjabi & English*
Distributed in Toronto, Calgary, Vancouver, Winnipeg and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ- 12, ਅੰਕ-2, ਫਰਵਰੀ 2022
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਇਸ ਅੰਕ 'ਚ

ਪੀਰੂ ਦਾ ਚੀ ਗੁਵੇਰਾ-ਚੇਅਰਮੈਨ "ਗੁੰਜ਼ਾਲੋ"/2
ਨ਼ਫਰਤ ਦੇ ਸੌਦਾਗਰ ਦਾ ਸੁਰੱਖਿਆ 'ਚ ਸੰਨ੍ਹ ਦਾ ਝੂਠਾ ਬਿਰਤਾਂਤ/3
ਮਨੁੱਖੀ ਸਭਿਅਤਾ ਨੂੰ 21ਵੀਂ ਸਦੀ ਦੀਆਂ ਚੁਣੌਤੀਆਂ ਤੇ ਸਾਡਾ ਭਾਈਚਾਰਾ !/4
ਏਕਾ ਤੇ ਸਬਰ ਜਿਤਾਉਂਦਾ ਹੈ ਜੰਗਾਂ ਨੂੰ/6
ਕੈਨੇਡਾ ਪੜ੍ਹਨ ਗਏ ਸੈਂਕੜੇ ਵਿਦਿਆਰਥੀਆਂ ਦਾ ਭਵਿੱਖ ਖਤਰੇ 'ਚ/7
ਆਲੀਵਾਲ ਸਿੱਖਾਂ ਅਤੇ ਅੰਗਰੇਜ਼ਾਂ ਦੀ ਲੜਾਈ/10
ਪ੍ਰਧਾਨ ਮੰਤਰੀ ਦੀ ਜਾਨ ਨੂੰ ਨਹੀਂ ਇੱਜ਼ਤ ਨੂੰ ਖਤਰਾ ਹੈ/13
ਸਰਸਵਤੀ ਨਦੀ: ਪੰਜਾਬ ਦੇ ਪਾਣੀਆਂ ਦੀ ਲੁੱਟ ਦਾ ਨਵਾਂ ਛੜਯੰਤਰ/15
ਖੰਭਾਂ ਤੋਂ ਡਾਰਾ ਬਣੀਆਂ ਖਬਰਾਂ/17
ਪੰਜਾਬੀ ਔਰਤਾਂ ਅਤੇ ਨਸ਼ੇ /22
ਜਨੂੰਨੀ ਸ਼ਾਵਨਵਾਦੀ ਭੀੜ ਨੂੰ ਨੱਥ ਪਾਈ ਜਾਵੇ !/25
ਚਿੱਲੀ ਵਿਚ ਖੱਬੇ ਪੱਖ ਦਾ ਮੁੜ ਉਭਾਰ/27

# ਚੋਣਾਂ, ਬਦਲ ਦਾ ਸਵਾਲ ਅਤੇ ਸਾਂਝਾ ਸੰਘਰਸ਼

**ਬੂਟਾ ਸਿਘ ਨਵਾਂਸ਼ਹਿਰ**



ਹਾਲ ਹੀ ਵਿਚ ਕਿਸਾਨ ਅੰਦੋਲਨ 'ਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੀਆਂ ਕਿਸਾਨ ਜਥੇਬੰਦੀਆਂ ਦੇ ਇਕ ਹਿੱਸੇ ਵੱਲੋਂ ਚੋਣਾਂ ਵਿਚ ਹਿਸਾ ਲੈਣ ਵਾਲੀਆਂ ਜਥੇਬੰਦੀਆਂ ਨੂੰ ਮੋਰਚੇ 'ਚੋਂ ਬਾਹਰ ਕੱਢ ਦੇਣ ਨਾਲ ਸੰਯੁਕਤ ਕਿਸਾਨ ਮੋਰਚੇ ਵਿਚਲੀ ਪਾਲਾਬੰਦੀ ਉੱਘੜ ਕੇ ਸਾਹਮਣੇ ਆ ਗਈ ਹੈ। ਮੋਰਚੇ ਦੇ ਰਸਮੀਂ ਤੌਰ 'ਤੇ ਦੋਫਾੜ ਹੋਣ ਨੇ ਜਿੱਥੇ ਪੰਜਾਬ ਦੇ ਲੋਕਾਂ ਨੂੰ ਮੋਰਚੇ ਦੇ ਆਗੂਆਂ ਤੋਂ ਰੱਖੀਆਂ ਜਾ ਰਹੀਆਂ ਵਧਵੀਂਆਂ ਉਮੀਦਾਂ ਦੇ ਭਰਮ 'ਚੋਂ ਕੱਢ ਕੇ ਤਲਖ਼ ਹਕੀਕਤ ਦੇ ਰੂਬਰੂ ਕਰ ਦਿੱਤਾ ਹੈ, ਉੱਥੇ ਇਸ ਨੇ ਭਵਿੱਖ 'ਚ ਕਿਸਾਨ ਅਤੇ ਲੋਕ ਹਿਤਾਂ ਲਈ ਇਸੇ ਤਰਜ਼ ਦਾ ਇਕ ਹੋਰ ਸਾਂਝਾ ਸੰਘਰਸ਼ ਵਿੱਢੇ ਜਾਣ ਦਾ ਕਾਰਜ ਹੋਰ ਜ਼ਿਆਦਾ ਮੁਸ਼ਕਲ ਬਣਾ ਦਿੱਤਾ ਹੈ। ਕਾਰਪੋਰੇਟ ਪੱਖੀ ਆਰਥਕ ਮਾਡਲ ਦੇ ਖ਼ੂੰਖ਼ਾਰ ਸੂਰਤ-ਬੌਂਦਲਾਊ ਹਮਲੇ ਦੇ ਮੱਦੇਨਜ਼ਰ ਐਸੇ ਸੰਘਰਸ਼ ਦੀ ਬੇਹੱਦ ਜ਼ੂਰਰਤ ਹੈ ਅਤੇ ਇਸ ਦੀ ਉਮੀਦ ਵੀ ਕੀਤੀ ਜਾ ਰਹੀ ਸੀ। ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਅਗਲੇ ਸੰਘਰਸ਼ ਲਈ ਮੋਰਚੇ ਦੀ ਇਕਜੁੱਟਤਾ ਨੂੰ ਬਰਕਰਾਰ ਰੱਖਣ ਦੀ ਜ਼ੂਰਰਤ ਉੱਪਰ ਵਿਸਤਾਰਤ ਚਰਚਾ ਕੀਤੀ ਜਾਣੀ ਚਾਹੀਦੀ ਸੀ ਅਤੇ ਚੋਣਾਂ 'ਚ ਸ਼ਾਮਲ ਹੋਣ ਵਾਲੀਆਂ ਕਿਸਾਨ ਜਥੇਬੰਦੀਆਂ ਨੂੰ ਬਾਹਰ ਧੱਕਣ ਦੀ ਬਜਾਏ ਉਨ੍ਹਾਂ ਨੂੰ ਲੰਮੀ ਚਰਚਾ ਰਾਹੀਂ ਮੋਰਚੇ ਦੀ ਸਲਾਮਤੀ ਅਤੇ ਸੰਘਰਸ਼ ਦੇ ਹਿਤ 'ਚ ਕਿਸੇ ਹੋਰ ਝੰਡੇ ਹੇਠ ਚੋਣਾਂ ਲੜਨ ਲਈ ਕਹਿਣਾ ਚਾਹੀਦਾ ਸੀ। ਕਿਸਾਨ ਜਥੇਬੰਦੀਆਂ ਵੱਲੋਂ ਸੰਯੁਕਤ ਸਮਾਜ ਮੋਰਚਾ ਬਣਾਉਣ ਦੀ ਬਜਾਏ ਚੋਣਾਂ 'ਚ ਹਿਸਾ ਲੈਣ ਵਾਲੇ ਉਮੀਦਵਾਰਾਂ ਨੂੰ ਯੂਨੀਅਨਾਂ ਦੇ ਅਹੁਦਿਆਂ ਤੋਂ ਅਸਤੀਫ਼ੇ ਦਿਵਾ ਕੇ ਜਾਂ ਕੋਈ ਹੋਰ ਸਹਿਮਤੀ ਵਾਲਾ ਤਰੀਕਾ ਕੱਢ ਕੇ ਮੋਰਚੇ ਨੂੰ ਇਕਜੁੱਟ ਰੱਖਿਆ ਜਾ ਸਕਦਾ ਸੀ। ਐਸੀ ਤਹੱਮਲ ਵਾਲੀ ਵਿਚਾਰ-ਚਰਚਾ ਦੀ ਅਣਹੋਂਦ 'ਚ ਥੋੜ੍ਹੀ ਗਿਣਤੀ ਕਿਸਾਨ ਜਥੇਬੰਦੀਆਂ ਵੱਲੋਂ ਬਾਕੀਆਂ ਨੂੰ ਮੋਰਚੇ 'ਚੋਂ ਬਾਹਰ ਕਰ ਦੇਣ ਦਾ ਤੱਤ-ਭੜੱਥਾ ਐਲਾਨ ਇਕਜੁੱਟ ਸੰਘਰਸ਼ ਦੀ ਜ਼ੂਰਰਤ ਨਾਲ ਪੂਰੀ ਤਰ੍ਹਾਂ ਬੇਮੇਲ ਹੈ ਅਤੇ ਇਹ ਸਾਂਝੇ ਮੋਰਚੇ ਨੂੰ ਤੋੜਨ ਵਾਲਾ ਹੈ।

ਪਾਲਾਬੰਦੀ ਤਾਂ ਆਖ਼ਿਰਕਾਰ ਹੋਣੀ ਹੀ ਸੀ ਕਿਉਂਕਿ ਪੂਰੇ ਭਾਰਤ ਅਤੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਸਿਰਫ਼ ਤੇ ਸਿਰਫ਼ ਤਿੰਨ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਅਤੇ ਐੱਮ.ਐੱਸ.ਪੀ. ਤੇ ਕੁਝ ਹੋਰ ਮੰਗਾਂ ਲਈ ਹੀ ਸਾਂਝਾ ਸੰਘਰਸ਼ ਲੜਨ ਉੱਪਰ ਇਕਮੱਤ ਹੋਈਆਂ ਸਨ। ਉਨ੍ਹਾਂ ਦੀ ਵਿਚਾਰਧਾਰਾ, ਪ੍ਰੋਗਰਾਮ ਅਤੇ ਉਦੇਸ਼ ਵੱਖੋ-ਵੱਖਰੇ ਤਾਂ ਹਨ ਹੀ, ਟਕਰਾਵੇਂ ਵੀ ਹਨ। ਇਸੇ ਤਰ੍ਹਾਂ ਭਾਰਤ ਦੇ ਰਾਜ ਪ੍ਰਬੰਧ ਦੀ ਜਮਾਤੀ ਤਾਸੀਰ ਅਤੇ ਸਮਾਜੀ ਬਦਲਾਓ ਬਾਰੇ ਉਨ੍ਹਾਂ ਦੇ ਨਜ਼ਰੀਏ ਅਤੇ ਹਾਕਮ ਜਮਾਤੀ ਪਾਰਟੀਆਂ ਨਾਲ ਰਿਸ਼ਤੇ ਵੀ ਵੱਖੋ-ਵੱਖਰੇ ਅਤੇ ਟਕਰਾਵੇਂ ਹਨ। ਇਸ ਦੇ ਬਾਵਜੂਦ ਉਹ ਇਕ ਅਣਸਰਦੀ ਜ਼ਰੂਰਤ 'ਚੋਂ ਉਪਰੋਕਤ ਸਾਂਝੇ ਉਦੇਸ਼ ਲਈ ਇਕੱਠੇ ਹੋਏ, ਮਿਲ ਕੇ ਲੜੇ, ਅਤੇ ਜਿੱਤੇ ਵੀ। ਮੁਲਕ ਦੇ ਹਿਤਾਂ ਲਈ ਫਾਸ਼ੀਵਾਦੀ ਹਕੂਮਤ ਵਿਰੁੱਧ ਲੜਨ ਦੀ ਜ਼ਰੂਰਤ ਉੱਪਰ ਸੰਜੀਦਗੀ ਨਾਲ ਵਿਚਾਰ-ਚਰਚਾ ਕਰਕੇ ਮੋਰਚੇ ਦਾ ਅੰਗ ਜਥੇਬੰਦੀਆਂ ਸੰਘਰਸ਼ ਅਤੇ ਮੁੱਦਿਆਂ ਦਾ ਘੇਰਾ ਹੋਰ ਵਧਾਉਣ ਬਾਰੇ ਸੋਚ ਸਕਦੀਆਂ ਸਨ। ਆਗੂਆਂ ਵੱਲੋਂ ਸੰਘਰਸ਼ ਨੂੰ ਜਾਰੀ ਰੱਖਣ ਦੀ ਜ਼ਰੂਰਤ ਬਾਰੇ ਸੰਜੀਦਗੀ ਨਾਲ ਵਿਚਾਰ ਚਰਚਾ ਕਰਨ ਨਾਲ ਖਿੰਡਾਅ ਨੂੰ ਰੋਕਿਆ ਜਾ ਸਕਦਾ ਸੀ। ਚੋਣਾਂ ਤੋਂ ਪਾਸੇ ਰਹਿਣ ਵਾਲੇ ਅਤੇ ਚੋਣਾਂ ਵਿਚ ਹਿਸਾ ਲੈਣ ਵਾਲੇ ਲਚਕਦਾਰ ਪਹੁੰਚ ਨਾਲ ਸੰਯੁਕਤ ਮੋਰਚੇ ਨੂੰ ਬਰਕਰਾਰ ਰੱਖਦੇ ਹੋਏ ਚੋਣਾਂ ਬਾਰੇ ਆਪੋ ਆਪਣੀ ਸਮਝ ਅਨੁਸਾਰ ਅਮਲ ਕਰਨ ਲਈ ਇਕ ਸਾਂਝੀ ਸਮਝ ਵਿਕਸਤ

(ਬਾਕੀ ਸਫ਼ਾ 28 'ਤੇ)




Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR® MLS MULTIPLE LISTING SERVICE®
urban Real Estate Services Ltd.



ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
- Auto Insurance
- Home Insurance
- Life Insurance
- Critical illness
- Disability Insurance
- Car Loans
- Business Insurance

SAVE UPTO 30%

- ਕਾਰ ਇੰਸ਼ੋਰੈਂਸ
- ਹੋਮ ਇੰਸ਼ੋਰੈਂਸ
- ਲਾਈਫ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਡਿਸਅਬਿਲਿਟੀ ਇੰਸ਼ੋਰੈਂਸ
- ਕਾਰ ਲੋਨ
- ਬਿਜਨਸ ਇੰਸ਼ੋਰੈਂਸ

Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE
Calgary AB T2E 6Z3



For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com



Hans
Demolition & Excavating

* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4

SUPER VISA INSURANCE

Sherjang Singh Rana
416.910.9000
Punjab Insurance Inc
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca

Sandeep Ahuja
416.660.1010

# ਪੀਰੂ ਦਾ ਚੀ ਗੁਵੇਰਾ–ਚੇਅਰਮੈਨ "ਗੁੰਜ਼ਾਲੋ"



ਹਰੀਪਾਲ
403-714-4816



ਸਤੰਬਰ 1992 ਵਿੱਚ ਪੀਰੂ ਦੀ ਰਾਜਧਾਨੀ ਲੀਮਾ ਵਿੱਚ ਇੱਕ ਡਰਾਮਾ ਰਚਿਆ ਜਾਂਦਾ ਹੈ। ਪੀਰੂ ਦੀ ਇਨਕਲਾਬੀ ਪਾਰਟੀ 'ਸ਼ਾਈਨਿੰਗ ਪਾਥ' ਦਾ ਪਰਧਾਨ "ਚੇਅਰਮੈਨ ਗੁੰਜ਼ਾਲੋ" ਪਿੰਜਰੇ ਵਿੱਚ ਬੰਦ ਕਰਕੇ ਕੌਮਾਂਤਰੀ ਮੀਡੀਏ ਅੱਗੇ ਪੇਸ਼ ਕੀਤਾ ਜਾਂਦਾ ਹੈ। ਉਸਦੇ ਪਾਟੇ ਜਿਹੇ ਲੀੜੇ ਕੱਪੜੇ ਪਾਏ ਗਏ ਤਾਂ ਕਿ ਦੇਖਣ ਵਾਲ਼ੇ ਹੱਸਣ। ਸਰਕਾਰ ਪੱਖੀ ਲੋਕ ਹੱਸੇ ਪਰ ਸਰਕਾਰ ਦਾ ਡਰ ਦੇਖੋ ਕਿ ਉਸ ਨੂੰ ਹੱਥਕੜੀਆਂ ਲਾ ਕੇ ਨਹੀਂ ਸਗੋਂ ਪਿੰਜਰੇ ਵਿੱਚ ਬੰਦ ਕਰਕੇ ਲਿਆਂਦਾ ਗਿਆ ਤਾਂ ਕਿ ਕਿਤੇ ਉਸ ਦੇ ਸਾਥੀ ਉਸ ਨੂੰ ਛੁਡਾ ਕੇ ਨਾਂ ਲੈ ਜਾਣ। ਕਿਸੇ ਸਮੇਂ ਪੰਜਾਬ ਦੇ ਸੂਰਬੀਰ ਯੋਧੇ ਬੰਦਾ ਸਿੰਘ ਬਹਾਦਰ ਨੂੰ ਵੀ ਦਿੱਲੀ ਹਕੂਮਤ ਨੇ ਇਸੇ ਤਰਾਂ ਪਿੰਜਰੇ ਵਿੱਚ ਬੰਦ ਕੀਤਾ ਸੀ, ਪਿੰਜਰੇ ਵਿੱਚ ਬੰਦ, ਬੰਦਾ ਬਹਾਦਰ ਤੋਂ ਵੀ ਹਕੂਮਤ ਕੰਬ ਰਹੀ ਸੀ। ਗੁੰਜੈਲੋ ਨੂੰ ਜਦ ਪਿੰਜਰੇ ਵਿੱਚ ਬੰਦ ਕਰੇ ਸਰਕਾਰ ਦੇ ਖਾਸ ਲੋਕਾਂ ਅੱਗੇ ਪੇਸ਼ ਕੀਤਾ ਗਿਆ ਤਾਂ ਉਸਦੇ ਚੇਹਰੇ ਤੇ ਕਿਸੇ ਕਿਸਮ ਦਾ ਡਰ ਖੌਫ਼ ਨਹੀਂ ਸੀ, ਕਈ ਕਈ ਮੀਟਰ ਤੱਕ ਸਕਿਊਰਟੀ ਦਾ ਇੰਤਜ਼ਾਮ ਕੀਤਾ ਗਿਆ ਸੀ। ਪਰ ਫਿਰ ਵੀ ਸਰਕਾਰ ਨੇ ਇਹ ਡਰਾਮਾ ਬੜੀ ਕਾਹਲ਼ੀ ਕਾਹਲ਼ੀ ਖੇਡਿਆ।

ਚੇਅਰਮੈਨ "ਗੁੰਜ਼ੈਲੋ" ਦੇ ਸਾਥੀ ਕਚੀਚੀਆਂ ਵਟਦੇ ਰਹਿ ਗਏ, ਉਹਨਾਂ ਦੇ ਦਿਲਾਂ ਵਿੱਚ ਆਪਣੇ ਇਸ ਲੀਡਰ ਦਾ ਪਿਆਰ ਹੋਰ ਵੀ ਵਧ ਗਿਆ। ਹੁਣ ਸਵਾਲ ਉਠਦਾ ਹੈ ਕਿ ਕੌਣ ਸੀ ਇਹ ਪਿੰਜਰੇ ਵਿਚਲਾ ਵਿਅਕਤੀ? ਦੱਖਣੀ ਅਮਰੀਕਾ ਦਾ ਇੱਕ ਬੇਹੱਦ ਗਰੀਬ ਦੇਸ਼ ਹੈ 'ਪੀਰੂ' ਜਿੱਥੇ ਕਿ 54% ਲੋਕ ਗਰੀਬੀ ਰੇਖਾ ਤੋਂ ਥੱਲੇ ਰਹਿ ਰਹੇ ਹਨ, ਪਰ ਅਮਰੀਕੀ ਕੰਪਨੀਆਂ ਇਸ ਗਰੀਬ ਦੇਸ਼ ਦੇ ਕੁਦਰਤੀ ਸਾਧਨਾਂ ਦੀ ਲੁੱਟ ਕਰਕੇ ਮਾਲਾਮਾਲ ਹੋ ਰਹੀਆ ਹਨ। ਇਸ ਪਿੰਜਰੇ ਵਾਲ਼ੇ ਵਿਆਕਤੀ ਦਾ ਅਸਲ ਨਾਂ ਅਬੀਮੇਲ ਗੁਜ਼ਮੈਨ ਹੈ। ਇਹ ਆਪਦੇ ਲੋਕਾਂ ਦੀ ਇੰਨੀ ਤਰਸ ਭਰੀ ਹਾਲਤ ਦੇਖ ਨਹੀਂ ਸਕਿਆ ਅਤੇ ਲੋਕਾਂ ਨੂੰ ਇਸ ਗਰੀਬੀ ਦੀ ਦਲਦਲ ਚੋਂ ਕੱਢਣ ਲਈ ਪਰੋਫੈਸਰ ਦੀ ਨੌਕਰੀ ਨੂੰ ਲੱਤ ਮਾਰਕੇ, ਲੋਕਾਂ ਨੂੰ ਜੱਥੇਬੰਦ ਕਰਨ ਦੇ ਰਾਹ ਤੇ ਤੁਰ ਪਿਆ। ਅਬੀਮੇਲ ਗੁਜ਼ਮੈਨ ਦਾ ਜਨਮ 3 ਸਤੰਬਰ 1934 ਨੂੰ, ਰਾਜਧਾਨੀ ਲੀਮਾ ਤੋਂ ਇੱਕ ਹਜਾਰ ਕਿਲੋ ਮੀਟਰ ਦੂਰ ਇੱਕ ਛੋਟੇ ਜਿਹੇ ਪਿੰਡ ਮੋਲੈਂਡੋ ਵਿੱਚ ਹੋਇਆ। ਉਸਦਾ ਬਾਪ ਇੱਕ ਵਪਾਰੀ ਸੀ ਅਤੇ ਉਸਦੀਆਂ ਪੰਜ ਪਤਨੀਆਂ ਸਨ। ਗੁਜਮੈਨ ਉਦੋਂ ਪੰਜ ਸਾਲ ਦਾ ਸੀ ਜਦ ਉਸ ਦੀ ਮਾਂ ਮਰ ਗਈ। ਗੁਜਮੈਨ 1939 ਤੋਂ ਲੈ ਕੇ 1946 ਤੱਕ ਆਪਦੇ ਨਾਨਕੀ ਹੀ ਰਿਹਾ। ਸਨ 1947 ਤੋਂ ਬਾਦ ਉਹ ਆਪਦੇ ਪਿਤਾ ਅਤੇ ਮਤਰੇਈ ਮਾਂ ਕੋਲ਼ ਚਲਾ ਗਿਆ ਅਤੇ ਇੱਕ ਪਰਾਈਵੇਟ ਕੈਥੋਲਿਕ ਸਕੂਲ ਵਿੱਚ ਪੜਾਈ ਕੀਤੀ। ਉਦੋਂ ਉਹ 19 ਸਾਲ ਦਾ ਸੀ ਜਦ ਪੀਰੂਦੀ ਇੱਕ ਯੂਨੀਵਰਸਿਟੀ "ਅਗੱਸਟੀਨ ਨੈਸ਼ਨਲ ਯੂਨੀਵਰਸਿਟੀ" ਵਿੱਚ ਸੋਸ਼ਲ ਸਟੱਡੀਜ ਦੀ ਪੜ੍ਹਾਈ ਕਰਨ ਲੱਗਾ। ਉਸ ਦੇ ਪੁਰਾਣੇ ਜਮਾਤੀਆਂ ਦੀ ਯਾਦ ਵਿੱਚ ਉਹ ਬੜਾ ਸ਼ਰਮੀਲਾ ਜਿਹਾ ਅਤੇ ਸਾਊ ਮੁੰਡਾ ਸੀ। ਉਹ ਹਰ ਵੇਲ਼ੇ ਕੁੱਝ ਨਾਂ ਕੁੱਝ ਪੜ੍ਹਦਾ ਰਹਿੰਦਾ ਜਾਂ ਨਾਲ ਦੇ ਮੁੰਡਿਆਂ ਤੋਂ ਦੂਰ ਇਕੱਲਾ ਬੈਠਾ ਰਹਿੰਦਾ। ਯੂਨੀਵਰਸਿਟੀ ਪੜ੍ਹਦਿਆਂ ਗੁਜਮੈਨ ਮਾਰਕਸਵਾਦੀ ਵਿਚਾਰਧਾਰਾ ਵੱਲ ਆਕਰਸ਼ਤ ਹੋ ਗਿਆ ਜਦ ਉਸ ਨੇ ਪੀਰੂ ਦੀ ਕਮਿਊਨਿਸਟ ਪਾਰਟੀ ਦੇ ਬਾਨੀ ਜੋਸ ਕਾਰਲੋਸ ਦੀ ਕਿਤਾਬ 'ਪੀਰੂ ਸਮਾਜ ਦੀ ਅਸਲੀਅਤ ਤੇ ਸੱਤ ਲੇਖ' ਪੜ੍ਹੇ।

ਅਗੱਸਟੀਨ ਨੈਸ਼ਨਲ ਯੂਨੀਵਰਸਿਟੀ ਵਿਚੋਂ ਉਸ ਨੇ ਫਿਲਾਸਫੀ ਅਤੇ ਕਨੂੰਨ ਦੀ ਡਿਗਰੀ ਹਾਸਲ ਕੀਤੀ। ਸਨ 1962 ਵਿੱਚ ਗੁਜਮੈਨ ਨੂੰ ਹੁਆਮਾਂਗਾ ਯੂਨੀਵਰਸਿਟੀ ਵਿੱਚ ਫਿਲਾਸਫੀ ਦੇ ਪਰੋਫੈਸਰ ਦੀ ਨੌਕਰੀ ਮਿਲ਼ ਗਈ ਜਿਹੜੀ ਕਿ ਪੀਰੂ ਦੇ ਮੱਧ ਵਿੱਚ ਪੈਂਦੀ ਸੀ। ਕਹਿੰਦੇ ਹਨ ਕਿ ਗੁਜਮੈਨ ਆਪਦੇ ਵਿਦਿਆਰਥੀਆਂ ਵਿੱਚ ਬੇਹੱਦ ਹਰਮਨ ਪਿਆਰਾ ਸੀ। ਇੱਥੇ ਹੀ ਗੁਜਮੈਨ ਨੇ 'ਕੁਏਂਚੂਆ' ਭਾਸ਼ਾ ਸਿੱਖੀ ਜਿਹੜੀ ਕਿ ਪੀਰੂ ਦੇ ਆਦੀਵਾਸੀ ਲੋਕਾਂ ਦੀ ਭਾਸ਼ਾ ਸੀ। ਸਭ ਤੋਂ ਪਹਿਲਾਂ ਪੀਰੂ ਦੀ ਖੱਬੇਪੱਖੀ ਲਹਿਰ ਵਿੱਚ ਆਦੀਵਾਸੀ ਹੀ ਸ਼ਾਮਲ ਹੋਏ। ਇੱਥੇ ਹੀ ਗੁਜਮੈਨ ਆਪਦੀ ਮਾਰਕਸਵਾਦੀ ਵਿਚਾਰਧਾਰਾ ਨਾਲ਼ ਹੋਰ ਚੇਤੰਨ ਦਿਮਾਗ ਲੋਕਾਂ ਨੂੰ ਪ੍ਰਭਾਵਤ ਕਰਦਾ ਰਿਹਾ। ਇਸੇਤਰਾਂ ਇੱਕ ਸਮਾਜਵਾਦੀ ਮੁਲਕ ਦੇ ਹਾਲਾਤਾਂ ਨੂੰ ਸਮਝਣ ਲਈ ਗੁਜਮੈਨ ਆਪਦੀ ਪਹਿਲੀ ਪਤਨੀ 'ਅਗੱਸਤਾ ਤੋਰੇ ਨਾਲ ਦੋ ਵਾਰ ਚੀਨ ਦੀ ਯਾਤਰਾ ਤੇ ਗਿਆ ਅਤੇ ਉਸ ਨੇ ਚੀਨ ਦੇ 'ਸੱਭਿਆਚਾਰਕ ਇਨਕਲਾਬ' ਦੀਆਂ ਘਟਨਾਵਾਂ ਨੂੰ ਅੱਖੀਂ ਦੇਖਿਆ। ਗੁਜਮੈਨ ਨੂੰ 1970 ਵਿੱਚ ਸਰਕਾਰ ਵਿਰੋਧੀ ਮੁਜਾਹਰਿਆਂ ਹਿੱਸਾ ਲੈਣ ਕਰਕੇ ਦੋ ਵਾਰ ਗ੍ਰਿਫਤਾਰ ਕੀਤਾ ਗਿਆ। ਹੁਣ ਗੁਜਮੈਨ ਪੂਰੀ ਤਰਾਂ ਆਪਦੇ ਆਪ ਨੂੰ ਪੀਰੂ ਦੇ ਲੋਕਾਂ ਲਈ ਸਮਰਪਤ ਕਰ ਚੁੱਕਿਆ ਸੀ, ਉਸਨੇ 1970 ਵਿੱਚ ਹੀ ਆਪਦੀ ਯੂਨੀਵਰਸਿਟੀ ਦੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ ਅਤੇ ਅੰਡਰਗਰਾਂਊਡ ਹੋ ਗਿਆ। ਪੀਰੂ ਦੀ ਕਮਿਊਨਿਸਟ ਪਾਰਟੀ 1968 ਤੋਂ ਟੁੱਟਦੀ ਟੁੱਟਦੀ ਕਈ ਧੜਿਆਂ ਵਿੱਚ ਵੰਡੀ ਜਾ ਚੁੱਕੀ ਸੀ। ਗੁਜਮੈਨ ਨੇ ਕਮਿਊਨਿਸਟ ਪਾਰਟੀ ਵਿੱਚੋਂ ਬਾਗੀ ਹੋਏ ਸਾਥੀਆਂ ਨਾਲ਼ ਮਿਲ਼ ਕੇ "ਸ਼ਾਈਨਿੰਗ ਪਾਥ" ਦੀ ਸਥਾਪਨਾ ਕੀਤੀ ਜੋ ਕਿ ਮਾਰਕਸਵਾਦੀ ਲੈਨਿਨਵਾਦੀ ਵਿਚਾਧਾਰਾ ਤੇ ਚਲਦਿਆਂ ਹਥਿਆਰਬੰਦ ਸੰਘਰਸ਼ ਸ਼ੁਰੂ ਕਰੇਗਾ। ਗੁਜਮੈਨ ਸ਼ਾਈਨਿੰਗ ਪਾਥ ਦਾ ਚੇਅਰਮੈਨ ਬਣਿਆ ਅਤੇ ਉਸ ਨੇ ਆਪਦਾ ਨਾਂ ਬਦਲ ਕੇ 'ਚੇਅਰਮੈਨ ਗੁੰਜੈਲੋ' ਰੱਖ ਲਿਆ। ਉਸ ਨੇ ਪੀਰੂ ਦੇ ਗਰੀਬ ਕਿਸਾਨਾਂ ਨੂੰ ਇਕੱਠਾ ਕਰਨਾ ਸ਼ੁਰੂ ਕੀਤਾ। ਉਸਦਾ ਦਾਅਵਾ ਸੀ ਕਿ ਸਾਮਰਾਜ ਅਗਲੇ ਪੰਜਾਹ ਜਾਂ ਸੌ ਸਾਲਾਂ ਤੱਕ ਆਪਦੀ ਮੌਤੇ ਆਪ ਹੀ ਮਰ ਜਾਵੇਗਾ। ਗੁਜਮੈਨ ਨੇ ਸਿਰਫ ਅਮਰੀਕੀ ਸਾਮਰਾਜ ਦੀ ਨਿੰਦਿਆ ਹੀ ਨਹੀਂ ਕੀਤੀ ਬਲਕਿ ਉਸ ਨੇ ਸੋਵੀਅਤ ਸਮਾਜਿਕ ਸਾਮਰਾਜ ਨੂੰ ਵੀ ਨਕਾਰ ਦਿੱਤਾ। ਗੁਜਮੈਨ ਦੀ ਪਹਿਲੀ ਪਤਨੀ ਅਗੱਸਤਾ ਲਾ ਤੋਰੇ ਦੀ ਸੰਦੇਹ ਭਰੀ ਹਾਲਤ ਵਿੱਚ ਮੌਤ ਹੋ ਗਈ। ਸਨ 2010 ਵਿੱਚ ਜਦ ਗੁਜਮੈਨ ਜੇਲ਼ ਵਿੱਚ ਸੀ ਤਾਂ ਉਸ ਨੇ ਆਪਦੀ ਕਾਮਰੇਡ ਦੋਸਤ 'ਇਪਾਰਾਗੁਰੇ' ਨਾਲ਼ ਵਿਆਹ ਕਰਵਾਇਆ।

ਗੁਜਮੈਨ ਹਮੇਸ਼ਾ ਨਾਸਤਿਕ ਰਿਹਾ। ਉਹ ਮਾਰਕਸ ਦੀ ਇਸ ਵਿਚਾਰਧਾਰਾ ਨੂੰ ਮੰਨਦਾ ਸੀ ਕਿ ਧਰਮ ਲੋਕਾਂ ਲਈ ਇੱਕ ਅਫੀਮ ਹੈ। ਲੋਕਾਂ ਦੀ ਲੁੱਟ ਦਾ ਧੰਦਾ ਜਾਰੀ ਰੱਖਣ ਲਈ ਧਰਮ ਕਿ ਵਧੀਆ ਹਥਿਆਰ ਹੈ ਪਰ ਫਿਰ ਵੀ ਉਹ ਸਭ ਧਰਮਾਂ ਦਾ ਸਤਿਕਾਰ ਕਰਦਾ ਸੀ ਅਤੇ ਕਹਿੰਦਾ ਸੀ ਕਿ ਹਥਿਆਰਬੰਦ ਇਨਕਲਾਬ ਦੇ ਰਾਹ ਵਿੱਚ ਧਰਮ ਕੋਈ ਰੋੜਾ ਨਹੀ ਹੈ।

ਹਥਿਆਰਬੰਦ ਸੰਘਰਸ਼ : ਪਹਿਲਾਂ ਪਹਿਲਾਂ ਸ਼ਾਈਨਿੰਗ ਪਾਥ ਦੀ ਵਿਚਾਰਧਾਰਾ, ਕਾਲਜਾਂ, ਯੂਨੀਵਰਸਿਟੀਆ ਜਾਂ ਪੜੇ ਲਿਖੇ ਲੋਕਾਂ ਵਿੱਚ ਪਰਚਾਰੀ ਗਈ। ਸਨ 1970 ਵਿੱਚ ਗੁਰੀਲਾ ਗਰੁੱਪ ਦੀ ਸਥਾਪਨਾ ਅਤੇ ਟਰੇਨਿੰਗ ਸ਼ੁਰੂ ਹੋਈ। ਮਈ 1980 ਵਿੱਚ ਸ਼ਾਈਨਿੰਗ ਪਾਥ ਨੇ ਸਟੇਟ ਖਿਲਾਫ ਯੁੱਧ ਦਾ ਐਲਾਨ ਕਰ ਦਿੱਤਾ ਅਤੇ ਸਭ ਤੋਂ ਪਹਿਲਾਂ 'ਚੁਸਕੀ' ਏਰੀਏ ਵਿੱਚ ਬੈਲਟ ਬੌਕਸਾਂ ਨੂੰ ਅੱਗ ਲਾ ਦਿੱਤੀ। ਯਾਦ ਰਹੇ 'ਚੂਸਕੀ' ਪਿੰਡ 'ਆਇਆ ਕੂਚੋ' ਸ਼ਹਿਰ ਦੇ ਨੇੜੇ ਪੈਂਦਾ ਹੈ। ਹੌਲ਼ੀ ਹੌਲ਼ੀ ਸ਼ਾਈਨਿੰਗ ਪਾਥ ਨੇ ਪੀਰੂ ਦੇ ਦੱਖਣੀ ਅਤੇ ਵਿਚਕਾਰਲੇ ਹਿੱਸੇ ਤੇ ਆਪਣਾ ਕੰਟਰੋਲ ਕਰ ਲਿਆ ਅਤੇ ਲੀਮਾ ਦੇ ਬਾਹਰਵਾਰ ਵੀ ਆਪਦੇ ਸੈਲ ਬਣਾ ਲਏ। ਸ਼ਾਈਨਿੰਗ ਪਾਥ ਦਾ ਨਿਸ਼ਾਨਾ ਸਰਕਾਰੀ ਤੰਤਰ ਨੂੰ ਫੇਲ ਕਰਕੇ ਰਾਜਪਲਟਾ ਲਿਆਉਣਾ ਸੀ। ਇਸੇ ਦੌਰਾਨ ਫੌਜ ਅਤੇ ਪੁਲੀਸ ਹੀ ਨਹੀਂ ਸਗੋਂ ਭਰਿਸ਼ਟ ਸਰਕਾਰੀ ਮੁਲਾਜਮਾਂ ਤੇ ਵੀ ਹਮਲੇ ਤੇਜ ਕਰ ਦਿੱਤੇ ਗਏ। ਸ਼ਾਈਨਿੰਗ ਪਾਥ ਆਮ ਲੋਕਾਂ, ਗਰੀਬਾਂ ਵਿੱਚ ਬੇਹੱਦ ਪਾਪੂਲਰ ਹੋਣ ਲੱਗਿਆ। ਸ਼ਾਈਨਿੰਗ ਪਾਥ ਨੇ ਆਪਦੇ ਕੰਟਰੋਲ ਵਾਲ਼ੇ ਏਰੀਏ ਵਿੱਚ ਸ਼ਰਾਬ ਬੰਦੀ ਲਾਗੂ ਕਰ ਦਿੱਤੀ ਅਤੇ ਸਮਾਜ ਵਿਰੋਧੀ ਅਨਸਰਾਂ ਦਾ ਸਫਾਇਆ ਸ਼ੁਰੂ ਕਰ ਦਿੱਤਾ, ਸਦੀਆਂ ਤੋ ਲਿਤਾੜੇ ਗਏ ਲੋਕਾਂ ਨੂੰ ਮਸਾਂ ਸੁਖ ਦਾ ਸਾਹ ਆਉਣ ਲੱਗਿਆ। ਅਮਰੀਕਾ ਜਿਸਦੀਆਂ ਕੰਪਨੀਆਂ ਦਾ ਤਾਂਬੇ ਵਗੈਰਾ ਦੀਆਂ ਖਾਣਾਂ ਤੇ ਕਬਜਾ ਸੀ ਕਿਵੇਂ ਚੁੱਪ ਕਰਕੇ ਬੈਠ ਸਕਦਾ ਸੀ, ਸੱਚ ਪੁੱਛੋ ਤਾਂ ਅਮਰੀਕਾ ਨੂੰ ਦੱਖਣੀ ਅਮਰੀਕਾ ਦੇ ਦੇਸ਼ਾਂ ਦੀ ਕੁਦਰਤੀ ਸਾਧਨਾਂ ਦੀ ਲੁੱਟ ਤੋਂ ਬੇਪਨਾਹ ਦੌਲਤ ਆ ਰਹੀ ਸੀ। ਅਮਰੀਕਾ ਨੇ ਪੀਰੂ ਵਿਚਲੀ ਆਪਦੇ ਦਲਾਲ 'ਫੂਜੀਮੋਰੀ' ਸਰਕਾਰ ਨੂੰ ਹੁਕਮ ਦੇ ਦਿੱਤਾ ਕਿ ਸ਼ਾਈਨਿੰਗ ਪਾਥ ਨੂੰ ਖਤਮ ਕਰ ਦਿੱਤਾ ਜਾਵੇ। ਅਮਰੀਕਾ ਦੀ ਸਹਾਇਤਾ ਅਤੇ ਕੂਟਨੀਤੀ ਨੂੰ ਮੰਨਦੇ ਹੋਏ ਪੀਰੂ ਦੀ ਸਰਕਾਰ ਨੇ, ਸ਼ਾਈਨਿੰਗ ਪਾਥ ਨੂੰ ਬਦਨਾਮ ਕਰਨ ਲਈ 'ਰੋਨਡਾਸ' ਗਰੁੱਪ ਤਿਆਰ

(ਬਾਕੀ ਸਫ਼ਾ 29 'ਤੇ)






SAROKARAN DI AWAZ

Publisher
Pro-People Arts Project
Media Group 29
Mapleview Ave, Brampton
Ontario, CA, L6R 1M2

Chief Editor
Harbans Singh
416-817-7142
ppapmg@gmail.com

Managing Director
Devinder Toor, Toronto
416-902-9372
ppapmg@gmail.com

Chief advisor
Buta Singh Nawan Shahr
(Punjab)
946-347-4342
atoozed@gmail.com

Editor
Master Bhajan Singh
Calgary (Alberta)
403-455-4220
btarksheel@gmail.com

Editor
Dr. Hardeep Singh Atwal
Cambridge (Ontario)
416-209-6363
deephsingh@gmail.com

Literary Advisor
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

Graphic Desinger
Baljinder Singh Waraich
+91-92167-29598
akashdeep.1064@gmail.com

Honorary Advisory Board
Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Narbhinder Singh (India)
(Punjab)
935-443-0211

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਨਫ਼ਰਤ ਦੇ ਸੌਦਾਗਰ ਦਾ ਸੁਰੱਖਿਆ 'ਚ ਸੰਨ੍ਹ ਦਾ ਝੂਠਾ ਬਿਰਤਾਂਤ



ਬੂਟਾ ਸਿੰਘ ਨਵਾਂਸ਼ਹਿਰ
94634-74342



**ਫਾਸ਼ਿਸ਼ਟ ਮੋਦੀ ਦੀ 5 ਜਨਵਰੀ ਦੀ ਅਸਫ਼ਲ ਰੈਲੀ ਬਹੁਤ ਖ਼ਤਰਨਾਕ ਸੰਕੇਤ ਅਤੇ ਸੰਦੇਸ਼ ਛੱਡ ਕੇ ਗਈ ਹੈ। ਇਸ ਨੂੰ ਮਖੌਲੀਆ ਜਾਂ ਹਲਕੇ ਤੌਰ 'ਤੇ ਲੈਣ ਦੀ ਬਜਾਏ ਪੰਜਾਬ ਅਤੇ ਭਾਰਤ ਦੇ ਹਰ ਦਰਦਮੰਦ ਨੂੰ ਰਾਜਨੀਤਕ ਚੌਕਸੀ ਤਹਿਤ ਲੈਣਾ ਚਾਹੀਦਾ ਹੈ।**

ਆਰ.ਐੱਸ.ਐੱਸ.- ਬੀ.ਜੇ.ਪੀ. ਨੇ ਚੋਣਾਂ ਨੇੜੇ ਤਿੰਨ ਕਾਲ਼ੇ ਖੇਤੀ ਕਾਨੂੰਨ ਵਾਪਸ ਲੈ ਕੇ ਅਤੇ ਕਥਿਤ ਵਿਕਾਸ ਪੈਕੇਜ ਐਲਾਨ ਕੇ ਲਾਹਾ ਖੱਟਣ ਲਈ ਜੋ 'ਮਾਸਟਰ ਸਟਰੋਕ' ਕਰਨਾ ਚਾਹਿਆ ਸੀ ਉਹ ਬੁਰੀ ਤਰ੍ਹਾਂ ਅਸਫ਼ਲ ਹੋਇਆ। ਰੈਲੀ 'ਚ ਜਾਣ ਵਾਲਿਆਂ ਦਾ ਇਕ ਹਿੱਸਾ ਸੜਕਾਂ ਉੱਪਰ ਕਿਸਾਨ ਪ੍ਰਦਰਸ਼ਨਾਂ ਵਾਲੇ ਥਾਵਾਂ ਉੱਪਰ ਜਾਮ 'ਚ ਘਿਰ ਗਿਆ। ਜੋ ਮੋਦੀ ਭਗਤ ਰੈਲੀ 'ਚ ਪਹੁੰਚੇ ਉਹ ਵੀ ਬਾਰਿਸ਼ ਕਾਰਨ ਬੱਸਾਂ 'ਚ ਲੁਕੇ ਰਹੇ। ਭਾੜੇ 'ਤੇ ਲਿਆਂਦੀ 'ਜਨਤਾ', ਖ਼ਾਸ ਕਰਕੇ ਦੂਜੇ ਰਾਜਾਂ ਦੀ, ਵੀ ਸਾਫ਼ ਨਜ਼ਰ ਆ ਰਹੀ ਸੀ। 65000 ਕੁਰਸੀਆਂ ਵਾਲੇ ਪੰਡਾਲ ਵਿਚ ਕੁਝ ਸੌ ਲੋਕ ਨਜ਼ਰ ਆਏ। ਕੈਪਟਨ ਅਮਰਿੰਦਰ ਅਤੇ ਬੀ.ਜੇ.ਪੀ. ਦੇ ਆਗੂ ਖਾਲੀ ਕੁਰਸੀਆਂ ਨੂੰ ਸੰਬੋਧਨ ਕਰਦੇ ਰਹੇ। ਜਿਨ੍ਹਾਂ ਜੁਝਾਰੂ ਕਿਸਾਨਾਂ ਨੂੰ ਅੰਦੋਲਨਜੀਵੀ ਕਹਿ ਕੇ ਭੰਡਿਆ ਗਿਆ ਉਨ੍ਹਾਂ ਨੇ ਪੂਰਾ ਸਵਾ ਸਾਲ ਕੁਦਰਤੀ ਕਹਿਰ ਦਾ ਮੁਕਾਬਲਾ ਆਪਣੇ ਘਰਾਂ ਤੋਂ ਸੈਂਕੜੇ ਕਿਲੋਮੀਟਰ ਦੂਰ ਖੁੱਲ੍ਹੇ ਆਸਮਾਨ ਹੇਠ ਆਰਜ਼ੀ ਟਿਕਾਣਿਆਂ 'ਚ ਮੁਸੀਬਤਾਂ ਝੱਲ ਕੇ ਸਬਰ ਅਤੇ ਸਿਦਕ ਨਾਲ ਕੀਤਾ ਸੀ। ਆਰ.ਐੱਸ.ਐੱਸ.-ਬੀ.ਜੇ.ਪੀ. ਦੇ 'ਦੇਸ਼ਭਗਤ' ਆਪਣੇ 'ਹਿਰਦੈ ਸਮਰਾਟ' ਨੂੰ ਸੁਣਨ ਲਈ ਦੋ ਘੰਟੇ ਵੀ ਮੀਂਹ 'ਚ ਨਹੀਂ ਬੈਠ ਸਕੇ। ਜਦਕਿ ਇਸੇ ਦਿਨ ਮੀਂਹ ਦੀ ਪ੍ਰਵਾਹ ਨਾ ਕਰਦੇ ਹੋਏ ਸੰਯੁਕਤ ਕਿਸਾਨ ਮੋਰਚੇ ਵੱਲੋਂ ਹਰ ਜ਼ਿਲ੍ਹਾ ਅਤੇ ਤਹਿਸੀਲ ਸਦਰ ਮੁਕਾਮ ਉੱਪਰ ਪੁਰਜ਼ੋਰਬ ਮੁਜ਼ਾਹਰੇ ਕੀਤੇ ਗਏ ਅਤੇ ਸੈਂਕੜੇ ਥਾਵਾਂ ਉੱਪਰ ਮੋਦੀ ਦੇ ਪੁਤਲੇ ਸਾੜ ਕੇ ਆਪਣੀਆਂ ਬੇਹੱਲ ਮੰਗਾਂ ਲਈ ਆਵਾਜ਼ ਬੁਲੰਦ ਕੀਤੀ ਗਈ।

ਸਰਹੱਦੀ ਜ਼ਿਲ੍ਹੇ ਫ਼ਿਰੋਜ਼ਪੁਰ ਨੂੰ ਰੈਲੀ ਲਈ ਚੁਣਨਾ ਖ਼ੁਦ ਹੀ ਇਸ ਦਾ ਸਬੂਤ ਸੀ ਕਿ ਬੀ.ਜੇ.ਪੀ. ਆਗੂਆਂ ਨੂੰ ਪੰਜਾਬ ਦੇ ਜ਼ਿਆਦਾਤਰ ਹਿੱਸਿਆਂ ਵਿੱਚੋਂ ਰੈਲੀ ਨੂੰ ਹੁੰਗਾਰਾ ਮਿਲਣ ਦੀ ਬਹੁਤੀ ਉਮੀਦ ਨਹੀਂ ਸੀ। ਇਹ ਕਿਹਾ ਜਾ ਰਿਹਾ ਹੈ ਕਿ ਬਠਿੰਡੇ ਤੋਂ ਹੈਲੀਕਾਪਟਰ ਰਾਹੀਂ ਫ਼ਿਰੋਜ਼ਪੁਰ ਜਾਣ ਦਾ ਪ੍ਰੋਗਰਾਮ ਖ਼ਰਾਬ ਮੌਸਮ ਕਾਰਨ ਰੱਦ ਕਰਨਾ ਪਿਆ। ਮੋਦੀ ਨੂੰ ਸੜਕ ਮਾਰਗ ਰਾਹੀਂ ਲਿਜਾ ਰਿਹਾ ਵਿਸ਼ੇਸ਼ ਗੱਡੀਆਂ ਦਾ ਕਾਫ਼ਲਾ ਫ਼ਿਰੋਜ਼ਪੁਰ ਤੋਂ ਥੋੜ੍ਹਾ ਪਿੱਛੇ ਜਾਮ 'ਚ ਫਸ ਗਿਆ ਜਿੱਥੇ ਮੋਗਾ-ਫ਼ਿਰੋਜ਼ਪੁਰ ਰੋਡ ਉੱਪਰ ਪਿਆਰੇਆਣਾ ਨੇੜੇ ਬੀ.ਕੇ.ਯੂ. ਕ੍ਰਾਂਤੀਕਾਰੀ ਦੀ ਅਗਵਾਈ ਹੇਠ ਕਿਸਾਨ ਮੋਦੀ ਦੀ ਫੇਰੀ ਦਾ ਵਿਰੋਧ ਕਰ ਰਹੇ ਸਨ। ਉਹ ਮੋਦੀ ਦੇ ਇਸੇ ਰਸਤਿਓਂ ਲੰਘਣ ਦੀ ਨਵੀਂ ਯੋਜਨਾ ਤੋਂ ਬੇਖ਼ਬਰ ਸਨ।

ਲੰਮਾ ਸੜਕੀ ਰੂਟ ਇਸ ਕਰਕੇ ਵੀ ਚੁਣਿਆ ਹੋ ਸਕਦਾ ਹੈ ਕਿ ਸ਼ਾਇਦ ਉਦੋਂ ਤੱਕ ਕੁਰਸੀਆਂ ਭਰ ਜਾਣਗੀਆਂ, ਕਿਉਂਕਿ ਰੈਲੀ ਦੀ ਪਲ-ਪਲ ਦੀ ਖ਼ਬਰ ਤਾਂ ਮੋਦੀ ਦੀ ਗੱਡੀ 'ਚ ਲੱਗੇ ਸਕਰੀਨ ਉੱਪਰ ਵਿਸ਼ੇਸ਼ ਵਿਵਸਥਾ ਰਾਹੀਂ ਲਗਾਤਾਰ ਚੱਲ ਰਹੀ ਹੋਵੇਗੀ। ਕੁਰਸੀਆਂ ਲਗਾਤਾਰ ਖਾਲੀ ਨਜ਼ਰ ਆ ਰਹੀਆਂ ਸਨ। ਉਨ੍ਹਾਂ ਦਲ-ਬਦਲੂਆਂ ਵੱਲੋਂ ਢੋਏ ਲੋਕਾਂ ਦੇ ਹਜੂਮ ਵੀ ਕਿਤੇ ਨਜ਼ਰ ਨਹੀਂ ਆ ਰਹੇ ਸਨ ਜੋ ਪਿਛਲੇ ਦਿਨੀਂ ਬੀ.ਜੇ.ਪੀ. 'ਚ ਸ਼ਾਮਲ ਹੁੰਦੇ ਰਹੇ ਹਨ। ਸ਼ਾਤਰ ਮੋਦੀ ਅਤੇ ਉਸ ਦੇ ਥਿੰਕ-ਟੈਂਕ ਨੇ ਖਾਲੀ ਪੰਡਾਲ ਨਾਲ ਹੋਣ ਵਾਲੀ ਨਮੋਸ਼ੀ ਉੱਪਰ ਪਰਦਾ ਪਾਉਣ ਲਈ ਸੁਰੱਖਿਆ ਇੰਤਜ਼ਾਮਾਂ 'ਚ ਕੋਤਾਹੀ ਦਾ ਬਹਾਨਾ ਘੜ ਲਿਆ ਅਤੇ ਉਹ ਉੱਥੋਂ ਹੀ ਵਾਪਸ ਮੁੜ ਗਿਆ। ਫਲਾਈਓਵਰ ਉੱਪਰ ਲੱਗੇ ਜਾਮ 'ਚ 15-20 ਮਿੰਟ ਰੁਕਣ ਨੂੰ ਬਹੁਤ ਵੱਡਾ 'ਰਾਸ਼ਟਰੀ' ਮੁੱਦਾ ਬਣਾ ਦਿੱਤਾ ਗਿਆ। ਗੋਦੀ ਮੀਡੀਆ, ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਬੁਲਾਰਿਆਂ ਅਤੇ ਬਹੁਤ ਸਾਰੇ 'ਮੁੱਖਧਾਰਾ' ਦੇ ਤਰਜ਼ਮਾਨਾਂ ਨੇ ਚੀਕ-ਚਿਹਾੜਾ ਪਾਉਣਾ ਸ਼ੁਰੂ ਕਰ ਦਿੱਤਾ ਕਿ ਪੰਜਾਬ ਸਰਕਾਰ ਨੇ ਸੁਰੱਖਿਆ ਦੇ ਪੁਖ਼ਤਾ ਸੁਰੱਖਿਆ ਇੰਤਜ਼ਾਮ ਨਹੀਂ ਕੀਤੇ ਜਿਸ ਕਾਰਨ ਪ੍ਰਧਾਨ ਮੰਤਰੀ ਨੂੰ ਆਪਣੀ ਸੁਰੱਖਿਆ ਦੇ ਮੱਦੇਨਜ਼ਰ ਵਾਪਸ ਪਰਤਣਾ ਪਿਆ ਜੋ ਰਾਸ਼ਟਰ ਦਾ ਅਪਮਾਨ ਹੈ। ਇਹ ਵੀ ਕਿ ਕੁਝ ਲੋਕਾਂ ਦੀ ਬੇਵਕੂਫ਼ੀ ਨੇ ਪੰਜਾਬ ਨੂੰ ਵਿਕਾਸ ਪੈਕੇਜ ਦੀਆਂ ਬਖ਼ਸ਼ਿਸ਼ਾਂ ਤੋਂ ਵਾਂਝਾ ਕਰ ਦਿੱਤਾ। ਪੂਰੀ ਤਰ੍ਹਾਂ ਗਿਣ-ਮਿਥ ਕੇ ਪ੍ਰਚਾਰਿਆ ਜਾ ਰਿਹਾ ਇਹ ਬਿਰਤਾਂਤ ਮੋਦੀ ਅਤੇ ਉਸ ਦੇ ਸੰਘ ਬਰਗੇਡ ਨੂੰ ਪੰਜਾਬ ਦੇ ਲੋਕਾਂ ਵੱਲੋਂ ਮੂੰਹ ਨਾ ਲਾਉਣ ਦੀ ਹਕੀਕਤ ਤੋਂ ਧਿਆਨ ਹਟਾਉਣ ਲਈ ਹੈ। ਜੇ ਸੁਰੱਖਿਆ ਨੂੰ ਐਨਾ ਖ਼ਤਰਾ ਸੀ ਤਾਂ ਉਹ ਵਰਚੂਅਲ ਮਾਧਿਅਮ ਰਾਹੀਂ ਵੀ ਰੈਲੀ ਨੂੰ ਸੰਬੋਧਨ ਕਰ ਸਕਦਾ ਸੀ ਜਿਵੇਂ ਉਹ ਕਈ ਵਾਰ ਕਰਦਾ ਰਹਿੰਦਾ ਹੈ। ਨਾਲੇ ਉਹ 'ਵਿਕਾਸ' ਦਾ ਪੈਕੇਜ ਐਲਾਨ ਕਰ ਦਿੰਦਾ! ਸੁਰੱਖਿਆ 'ਚ ਕੋਤਾਹੀ ਦਾ ਚੀਕ-ਚਿਹਾੜਾ ਪਾਉਣ ਵਾਲਿਆਂ 'ਚ ਇਹ ਦੱਸਣ ਦੀ ਹਿੰਮਤ ਨਹੀਂ ਹੈ ਕਿ ਮੋਦੀ ਦੇ ਫਾਸ਼ੀਵਾਦੀ ਰਾਜ ਦੇ ਡੰਗੇ ਸਾਢੇ ਸੱਤ ਦੇ ਕਰੀਬ ਕਿਸਾਨ-ਮਜ਼ਦੂਰ ਤਾਂ ਇਸ ਦੁਸ਼ਟ ਰਾਜ ਤੋਂ ਆਪਣੀ ਜਾਨ ਵੀ ਨਹੀਂ ਬਚਾ ਸਕੇ ਸਗੋਂ ਆਰ.ਐੱਸ.ਐੱਸ.-ਬੀ.ਜੇ.ਪੀ ਦੀ ਮੁਲਕ ਦੇ ਲੋਕਾਂ ਨਾਲ ਦੁਸ਼ਮਣੀ ਨੂੰ ਬੇਨਕਾਬ ਕਰਦੇ ਹੋਏ ਹਮੇਸ਼ਾ ਲਈ ਇਸ ਦੁਨੀਆ ਤੋਂ ਤੁਰ ਗਏ।

ਡੇਢ ਸਾਲ ਚੱਲੇ ਮਹਾਂਅੰਦੋਲਨ 'ਚ ਅੰਦੋਲਨਕਾਰੀ ਕਿਸਾਨਾਂ ਵੱਲੋਂ ਬੀ.ਜੇ.ਪੀ. ਆਗੂਆਂ ਉੱਪਰ ਕਦੇ ਵੀ ਜਾਨਲੇਵਾ ਹਮਲਾ ਨਹੀਂ ਕੀਤਾ ਗਿਆ। ਕੁਝ ਕੁ ਆਪਮੁਹਾਰੀਆਂ ਝੜਪਾਂ ਨੂੰ ਛੱਡ ਕੇ, ਜੋ ਬੀ.ਜੇ.ਪੀ. ਦੇ ਹੰਕਾਰੇ ਹੋਏ ਆਗੂਆਂ ਦੀ ਭੜਕਾਊ ਬਦਕਲਾਮੀਂ ਦਾ ਸਿੱਟਾ ਸਨ, ਅੰਦੋਲਨ ਪੂਰੀ ਤਰ੍ਹਾਂ ਅਨੁਸ਼ਾਸਨ ਹੇਠ ਸ਼ਾਂਤਮਈ ਤਰੀਕੇ ਨਾਲ ਲੜਿਆ ਗਿਆ। ਦਿੱਲੀ ਦੀਆਂ ਸਰਹੱਦਾਂ ਉੱਪਰ ਅਤੇ ਹਰਿਆਣਾ ਅਤੇ ਲਖੀਮਪੁਰ ਖ਼ੀਰੀ 'ਚ ਬੀ.ਜੇ.ਪੀ. ਦੇ ਗੁੰਡਿਆਂ ਵੱਲੋਂ ਪੁਲਿਸ ਨਾਲ ਮਿਲ਼ ਕੇ ਕੀਤੇ ਗਏ ਕਾਤਲਾਨਾ ਹਮਲਿਆਂ ਦੇ ਬਾਵਜੂਦ ਅੰਦੋਲਨਕਾਰੀਆਂ ਵੱਲੋਂ ਕੋਈ ਐਸੀ ਘਟਨਾ ਨਹੀਂ ਵਾਪਰੀ ਜੋ ਬੀ.ਜੇ.ਪੀ. ਵਾਲਿਆਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਖ਼ਤਰਾ ਬਣੀ ਹੋਵੇ। ਜੇ ਮੋਦੀ ਅਤੇ ਆਰ.ਐੱਸ.ਐੱਸ.-ਬੀ.ਜੇ.ਪੀ. ਨੂੰ ਪੰਜਾਬ ਵਿਚ ਆਪਣੀ ਸੁਰੱਖਿਆ ਦੀ ਐਨੀ ਹੀ ਬੇਭਰੋਸਗੀ ਸੀ ਤਾਂ ਸੁਰੱਖਿਆ ਲਈ ਆਰ.ਐੱਸ.ਐੱਸ. ਦੇ ਲਾਠੀਆਂ ਵਾਲੇ ਨਿੱਜੀ ਲਸ਼ਕਰ ਤਾਇਨਾਤ ਕਰਨੇ ਚਾਹੀਦੇ ਸਨ। ਆਰ.ਐੱਸ.ਐੱਸ. ਦਾ ਮੁਖੀ ਅਕਸਰ ਦਾਅਵਾ ਕਰਦਾ ਹੈ ਕਿ ਉਨ੍ਹਾਂ ਦੇ ਸੋਇਮ ਸੇਵਕ ਭਾਰਤੀ ਫ਼ੌਜ ਤੋਂ ਕਈ ਗੁਣਾਂ ਕਾਰਜਕੁਸ਼ਲ ਹਨ!

ਅਗਲੀ ਗੱਲ, ਪ੍ਰਧਾਨ ਮੰਤਰੀ ਦੀ ਸੁਰੱਖਿਆ ਦਾ ਜ਼ਿੰਮਾ ਸਪੈਸ਼ਲ ਪ੍ਰੋਕਟੈਕਸ਼ਨ ਗਰੁੱਪ ਦਾ ਹੈ ਜੋ ਆਪਣੀ 'ਬਲੂ ਬੁੱਕ' ਅਨੁਸਾਰ ਕੇਂਦਰੀ ਖ਼ੁਫ਼ੀਆ ਏਜੰਸੀਆਂ ਦੀ ਮੱਦਦ ਨਾਲ ਲੰਮੀ-ਚੌੜੀ ਪੇਸ਼ਗੀ ਯੋਜਨਾ ਬਣਾ ਕੇ ਸੁਰੱਖਿਆ ਇੰਤਜ਼ਾਮ ਕਰਦਾ ਹੈ। ਮੋਦੀ ਦੇ ਮਾਮਲੇ 'ਚ ਤਾਂ ਇਹ ਖ਼ਾਸ ਉਚੇਚ ਨਾਲ ਕੀਤਾ ਜਾਂਦਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਦੇ ਮਤਹਿਤ ਇਸ ਵਿਸ਼ੇਸ਼ ਵਿਵਸਥਾ ਵੱਲੋਂ ਹੀ ਪੰਜਾਬ ਪੁਲਿਸ ਨਾਲ ਮਿਲ ਕੇ ਐਨ ਮੌਕੇ 'ਤੇ ਹਵਾਈ ਰੂਟ ਬਦਲ ਕੇ ਸੜਕ ਰਾਹੀਂ

(ਬਾਕੀ ਸਫ਼ਾ 29 'ਤੇ)





Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS,
Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)



ਹਰਚਰਨ ਸਿੰਘ ਪਰਹਾਰ
403-681-8689
hp8689@gmail.com

# ਮਨੁੱਖੀ ਸਭਿਅਤਾ ਨੂੰ 21ਵੀਂ ਸਦੀ ਦੀਆਂ ਚੁਣੌਤੀਆਂ ਤੇ ਸਾਡਾ ਭਾਈਚਾਰਾ !



"ਪੇਤਲੀ ਤੇ ਅਪ੍ਰਸੰਗਿਕ ਜਾਣਕਾਰੀ ਨਾਲ਼ ਭਰੇ ਇਸ ਜਗਤ ਵਿੱਚ ਸਮੱਸਿਆਵਾਂ ਪ੍ਰਤੀ 'ਸਪੱਸ਼ਟਤਾ' ਇੱਕ ਸ਼ਕਤੀ ਹੈ। ਸਿਧਾਂਤਕ ਤੌਰ ਤੇ ਕੋਈ ਵੀ ਮਨੁੱਖਤਾ ਦੇ ਭਵਿੱਖ ਬਾਰੇ ਬਹਿਸ ਵਿੱਚ ਸ਼ਾਮਿਲ ਹੋ ਸਕਦਾ ਹੈ, ਪਰ '**ਸਪੱਸ਼ਟ ਦ੍ਰਿਸ਼ਟੀਕੋਣ**' ਨੂੰ ਬਣਾਈ ਰੱਖਣਾ ਸਭ ਲਈ ਬੜਾ ਮੁਸ਼ਕਿਲ ਕਾਰਜ ਹੈ। ਮਨੁੱਖਤਾ ਦੇ ਵੱਡੇ ਹਿੱਸੇ ਨੂੰ ਸ਼ਾਇਦ ਪਤਾ ਵੀ ਨਾ ਹੋਵੇ ਕਿ ਅਜਿਹੀ ਕੋਈ ਬਹਿਸ ਚੱਲ ਰਹੀ ਹੈ ਅਤੇ ਇਸਦੇ ਮੁੱਖ ਸਵਾਲ ਕੀ ਹਨ? ਸਾਡੇ ਵਿੱਚੋਂ ਬਹੁਤ ਸਾਰੇ ਅਜਿਹੇ ਵਿਸ਼ਿਆਂ ਬਾਰੇ ਜਾਣਕਾਰੀ ਲੈਣ ਜਾਂ ਬਹਿਸ ਕਰਨ ਲਈ ਸਮਾਂ ਵੀ ਨਹੀਂ ਕੱਢ ਸਕਦੇ ਕਿਉਂਕਿ ਉਨ੍ਹਾਂ ਕੋਲ਼ ਰੋਜ਼ਾਨਾ ਜੀਵਨ ਲਈ ਹੋਰ ਬਹੁਤ ਜਰੂਰੀ ਕੰਮ ਜਾਂ ਮਸਲੇ ਹਨ। ਸਾਨੂੰ ਪਰਿਵਾਰ ਚਲਾਉਣ ਲਈ ਰੋਜ਼ਾਨਾ ਕੰਮ ਤੇ ਵੀ ਜਾਣਾ ਪੈਂਦਾ ਹੈ, ਬੱਚਿਆਂ ਦੀ ਦੇਖ-ਭਾਲ਼ ਕਰਨੀ ਪੈਂਦੀ ਹੈ, ਬਜ਼ੁਰਗ ਮਾਪਿਆਂ ਦੀ ਸੇਵਾ-ਸੰਭਾਲ਼ ਵੀ ਕਰਨੀ ਪੈਂਦੀ ਹੈ, ਆਦਿ। ਬਦਕਿਸਮਤੀ ਨਾਲ਼ ਇਤਿਹਾਸ ਸਾਨੂੰ ਅਜਿਹੀ ਛੋਟ ਨਹੀਂ ਦਿੰਦਾ। ਜੇ ਮਨੁੱਖਤਾ ਦਾ ਭਵਿੱਖ ਤੁਹਾਡੀ ਗੈਰ-ਹਾਜ਼ਰੀ ਵਿੱਚ ਤਹਿ ਹੋ ਰਿਹਾ ਹੈ ਕਿ ਤੁਸੀਂ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਆਪਣੇ ਪਰਿਵਾਰ ਦੇ ਪਾਲਣ-ਪੋਸ਼ਣ ਵਿੱਚ ਰੁੱਝੇ ਹੋਏ ਸੀ ਤਾਂ ਭਵਿੱਖ ਵਿੱਚ ਨਿਕਲਣ ਵਾਲੇ ਨਤੀਜਿਆਂ ਲਈ ਤੁਸੀਂ ਆਪਣੇ ਆਪ ਨੂੰ ਮੁਕਤ ਨਹੀਂ ਕਰ ਸਕਦੇ, ਚਾਹੇ ਉਹ ਨਤੀਜੇ ਤੁਹਾਡੇ ਜੀਵਨ ਵਿੱਚ ਨਿਕਲਣ ਜਾਂ ਤੁਹਾਡੀਆਂ ਅਗਲੀਆਂ ਨਸਲਾਂ ਦੇ ਜੀਵਨ ਵਿੱਚ ਨਿਕਲਣ? ਬੇਸ਼ਕ ਤੁਹਾਨੂੰ ਇਹ ਇਤਿਹਾਸ ਦੀ ਬੇਇਨਸਾਫੀ ਲੱਗ ਸਕਦੀ ਹੈ, ਪਰ ਕੌਣ ਕਹਿੰਦਾ ਹੈ ਕਿ ਇਤਿਹਾਸ 'ਨਿਰਪੱਖ' ਹੁੰਦਾ ਹੈ?"

"ਇਸ ਵਿੱਚ ਕੋਈ ਸ਼ੱਕ ਨਹੀਂ ਕਿ 8 ਅਰਬ ਦੀ ਅਬਾਦੀ ਦੇ ਨੇੜੇ ਪਹੁੰਚ ਚੁੱਕੇ ਇਸ ਧਰਤੀ ਰੂਪੀ ਗ੍ਰਹਿ ਤੇ ਹਰੇਕ ਦਾ ਆਪਣਾ ਏਜੰਡਾ ਹੈ। ਕਿਸੇ ਨੂੰ ਫਿਕਰ ਹੈ ਕਿ ਕੱਲ੍ਹ ਨੂੰ ਆਪਣੇ ਪਰਿਵਾਰ ਲਈ ਰੋਟੀ ਦਾ ਪ੍ਰਬੰਧ ਕਿੱਥੋਂ ਕਰਨਾ ਹੈ, ਕਿਸੇ ਰਿਫਿਊਜ਼ੀ ਕੈਂਪ ਵਿੱਚ ਬੈਠੇ ਪਰਿਵਾਰ ਨੂੰ ਆਪਣੇ ਘਰ ਵਾਪਸੀ ਦੀ ਚਿੰਤਾ ਹੈ, ਕਿਸੇ ਹਸਪਤਾਲ ਪਏ ਮਰੀਜ ਨੂੰ ਹਸਪਤਾਲੋਂ ਛੁੱਟੀ ਮਿਲਣ ਤੇ ਘਰ ਜਾਣ ਦਾ ਚਾਅ ਹੈ, ਕਿਸੇ ਨੂੰ ਆਪਣੇ ਦੇਸ਼ ਵਿੱਚ ਚੱਲ ਰਹੇ ਅੱਤਵਾਦ ਤੋਂ ਬਚਾਉਣ ਦਾ ਫਿਕਰ ਹੈ। ਇਸ ਤਰ੍ਹਾਂ ਹਰ ਇੱਕ ਕੋਲ਼ ਕੁਝ ਨਾ ਕੁਝ ਜਰੂਰੀ ਕਾਰਜ ਹੈ, ਜੋ ਕਿ ਉਨ੍ਹਾਂ ਲਈ ਗਲੋਬਲ ਵਾਰਮਿੰਗ ਨਾਲ਼ ਮਨੁੱਖਤਾ ਦੀ ਹੋਣ ਵਾਲ਼ੀ ਤਬਾਹੀ ਜਾਂ 'ਉਦਾਰ ਲੋਕਤੰਤਰੀ ਸੰਕਟ' (Crisis of Liberal Democracy) ਨਾਲ਼ੋਂ ਕਿਤੇ ਵੱਡਾ ਹੈ? ਪਰ ਮੇਰਾ ਏਜੰਡਾ ਗਲੋਬਲ ਹੈ, ਮੈਂ ਉਨ੍ਹਾਂ ਪ੍ਰਮੁੱਖ ਸ਼ਕਤੀਆਂ ਨੂੰ ਧਿਆਨ ਨਾਲ਼ ਦੇਖਦਾ ਹਾਂ, ਜੋ ਪੂਰੀ ਦੁਨੀਆਂ ਦੇ ਸਮਾਜਾਂ ਨੂੰ ਬਦਲਣ ਦੀ ਸਮਰੱਥਾ ਰੱਖਦੀਆਂ ਹਨ ਅਤੇ ਜੋ ਸਾਡੇ ਪੂਰੇ ਗ੍ਰਹਿ ਦੇ ਸਮੁੱਚੇ ਭਵਿੱਖ ਨੂੰ ਪ੍ਰਭਾਵਿਤ ਕਰ ਰਹੀਆਂ ਹਨ।ਜੀਵਨ ਤੇ ਮੌਤ ਦੀ ਇਸ ਦੌੜ ਵਿੱਚ ਗਲੋਬਲ ਵਾਰਮਿੰਗ ਲੋਕਾਂ ਦੀਆਂ ਰੋਜ਼ਾਨਾ ਚਿੰਤਾਵਾਂ ਤੋਂ ਕਿਤੇ ਪਰ੍ਹੇ ਹੋ ਸਕਦਾ ਹੈ, ਪਰ ਇਹ ਕਰੋੜਾਂ ਲੋਕਾਂ ਲਈ ਇਸ ਧਰਤੀ ਨੂੰ ਰਹਿਣਯੋਗ ਨਹੀਂ ਛੱਡੇਗਾ, ਇਹ ਦੁਨੀਆਂ ਦੇ ਇੱਕ ਖਿੱਤੇ ਤੋਂ ਦੂਜੇ ਖਿੱਤੇ ਤੱਕ ਕਰੋੜਾਂ ਸ਼ਰਨਾਰਥੀ ਭੇਜ ਸਕਦਾ ਹੈ, ਇਹ ਵਿਸ਼ਵ ਵਿਆਪੀ 'ਹੈਲਥ ਕੇਅਰ' ਲਈ ਸੰਕਟ ਖੜਾ ਕਰ ਸਕਦਾ ਹੈ?"

ਇਹ ਉਹ ਸਵਾਲ ਹਨ, ਜੋ 2019 ਵਿੱਚ ਵਿਸ਼ਵ ਪ੍ਰਸਿੱਧ ਇਤਿਹਾਸਕਾਰ ਤੇ ਫਿਲਾਸਫਰ ਜੁਵਾਲ ਹਰਾਰੀ ਨੇ 'ਕੋਵਿਡ' ਸੰਕਟ ਤੋਂ ਕੁਝ ਸਮਾਂ ਪਹਿਲਾਂ ਆਪਣੀ ਨਵੀਂ ਕਿਤਾਬ '21**ਵੀਂ ਸਦੀ ਲਈ 21 ਸਬਕ**' **(21 Lessons for 21st Century)** ਖੜੇ ਕੀਤੇ ਸਨ ਅਤੇ ਅਸੀਂ ਦੇਖ ਰਹੇ ਹਾਂ ਕਿ ਪਿਛਲੇ ਦੋ ਸਾਲਾਂ ਤੋਂ ਇੱਕ ਛੋਟੇ ਜਿਹੇ ਵਾਇਰਸ ਨਾਲ਼ ਸਾਰੀ ਦੁਨੀਆਂ ਜੂਝ ਰਹੀ ਹੈ, ਪਰ ਇਸਦੇ ਕਿਸੇ ਤਣ-ਪੱਤਣ ਦਾ ਨਾ ਸਿਰਫ ਕੋਈ ਸਿਰਾ ਨਹੀਂ ਲੱਭ ਰਿਹਾ, ਸਗੋਂ 21ਵੀਂ ਸਦੀ ਦੇ ਵਿਗਿਆਨੀ ਵੀ ਇਸ ਤੋਂ ਮਨੁੱਖਤਾ ਨੂੰ ਛੁਟਕਾਰਾ ਦਿਵਾਉਣ ਵਿੱਚ ਅਸਫਲ ਹੋ ਰਹੇ ਹਨ? ਬੇਸ਼ਕ ਸਾਡੇ ਛੋਟੇ ਪਰਿਵਾਰ ਦੀ ਛੋਟੀ ਜਿਹੀ ਦੁਨੀਆਂ ਲਈ ਅਜਿਹੀਆਂ ਵੱਡੀਆਂ ਗੱਲਾਂ ਦੇ ਬਹੁਤੇ ਮਾਅਨੇ ਨਾ ਹੋਣ, ਪਰ ਅੱਜ ਦੇ 'ਗਲੋਬਲ ਵਿਲੇਜ਼' ਰੂਪੀ ਸੰਸਾਰ ਵਿੱਚ ਅਸੀਂ ਸਭ ਇੱਕ ਦੂਜੇ ਦੇ ਚੰਗੇ ਜਾਂ ਮਾੜੇ ਤੋਂ ਪ੍ਰਭਾਵਤ ਹੋਏ ਬਿਨਾਂ ਨਹੀਂ ਰਹਿ ਸਕਦੇ? ਜਿਸ ਤਰ੍ਹਾਂ ਕਿਹਾ ਜਾਂਦਾ ਹੈ ਕਿ ਕਬੂਤਰ ਦੇ ਅੱਖਾਂ ਮੀਟਣ ਨਾਲ਼ ਮੁਸੀਬਤ ਟਲ਼ ਨਹੀਂ ਜਾਂਦੀ, ਇਸੇ ਤਰ੍ਹਾਂ ਸਾਡੇ ਵਲੋਂ ਅਜਿਹੇ ਵਿਸ਼ਿਆਂ ਵਿੱਚ ਦਿਲਚਸਪੀ ਨਾ ਲੈਣ ਨਾਲ਼, ਅਸੀਂ ਗਲੋਬਲ ਸਮੱਸਿਆਵਾਂ ਪ੍ਰਤੀ ਸੁਚੇਤ ਹੋਣ ਜਾਂ ਉਨ੍ਹਾਂ ਨੂੰ ਸਹੀ ਸੰਦਰਭ ਵਿੱਚ ਇੱਕ ਸਪੱਸ਼ਟ ਦ੍ਰਿਸ਼ਟੀਕੋਣ ਤੋਂ ਜਾਣੇ ਬਿਨਾਂ, ਉਨ੍ਹਾਂ ਦੇ ਪ੍ਰਭਾਵਾਂ ਤੋਂ ਬਚ ਨਹੀਂ ਸਕਦੇ ਤੇ ਨਾ ਹੀ ਸਾਡੀਆਂ ਆਉਣ ਵਾਲ਼ੀਆਂ ਨਸਲਾਂ ਸਾਡੀਆਂ ਗਲਤੀਆਂ ਤੋਂ ਬਚ ਸਕਣਗੀਆਂ?

ਕੁਝ ਇਸੇ ਤਰ੍ਹਾਂ ਦੇ ਖਤਰੇ ਦੀ ਚਿਤਾਵਨੀ ਵਿਸ਼ਵ ਪ੍ਰਸਿੱਧ ਲੇਖਕ ਤੇ ਵਾਤਾਵਰਣ ਕਾਰਜਕਰਤਾ ਨੋਇਮੀ ਕਲਾਇਨ ਨੇ ਆਪਣੀ ਕਿਤਾਬ '**ਦਿਸ ਚੇਂਜ਼ਸ ਐਵਰੀਥਿੰਗ: ਕੈਪਟਲਿਜ਼ਮ ਬਨਾਮ ਵਾਤਾਵਰਣ**' **(This Changes Everything: Capitalism vs Environment)** ਵਿੱਚ ਇਵੇਂ ਦਿੱਤੀ ਹੈ: "ਜੇ ਅਸੀਂ ਕਾਰਬਨ ਗੈਸਾਂ ਦੇ ਨਿਕਾਸ ਨੂੰ ਸਾਲ-ਦਰ-ਸਾਲ ਵਧਦੇ ਜਾਣ ਦੀ ਇਜਾਜ਼ਤ ਦੇਣ ਦੇ ਆਪਣੇ ਮੌਜੂਦਾ ਮਾਰਗ ਤੇ ਚੱਲਦੇ ਰਹਾਂਗੇ ਤਾਂ ਵਾਤਾਵਰਣ ਤਬਦੀਲੀ (ਗਲੋਬਲ ਵਾਰਮਿੰਗ) ਸਾਡੇ ਸੰਸਾਰ ਦਾ ਸਭ ਕੁਝ ਬਦਲ ਦੇਵੇਗੀ।ਇਸ ਨਾਲ਼ ਦੁਨੀਆਂ ਦੇ ਵੱਡੇ ਸ਼ਹਿਰਾਂ ਦੇ ਡੁੱਬਣ ਦੀ ਪੂਰੀ ਸੰਭਾਵਨਾ ਹੈ, ਪ੍ਰਾਚੀਨ ਸਭਿਆਚਾਰ ਸਮੁੰਦਰਾਂ ਦੁਆਰਾ ਨਿਗਲ਼ ਲਏ ਜਾਣਗੇ। ਇਸ ਗੱਲ ਦੀ ਜ਼ਿਆਦਾ ਸੰਭਾਵਨਾ ਹੈ ਕਿ ਸਾਡੀਆਂ ਅਗਲੀਆਂ ਨਸਲਾਂ ਭਿਆਨਕ ਤੂਫਾਨਾਂ ਅਤੇ ਬਹੁਤ ਜ਼ਿਆਦਾ ਸੋਕੇ ਤੋਂ ਭੱਜਣ ਅਤੇ ਉਭਰਨ ਵਿੱਚ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਬਿਤਾਉਣਗੇ? ਸਾਨੂੰ ਸਮੁੱਚੀ ਮਨੁੱਖ ਜਾਤੀ ਲਈ ਇਸ ਵਿਕਰਾਲ਼ ਵਿਨਾਸ਼ ਦੇ ਖਤਰੇ ਤੋਂ ਸਾਵਧਾਨ ਹੋਣ ਦੀ ਲੋੜ ਹੈ।ਅਜਿਹਾ ਕਰਨ ਦੀ ਹੋੜ ਵਿੱਚ ਖਚਤ ਮੌਜੂਦਾ ਨਵ ਉਦਾਰਵਾਦੀ ਨਿਜ਼ਾਮ ਨੂੰ ਸਮੁੱਚੀ ਮਾਨਵ ਸਭਿਅਤਾ ਵਲੋਂ ਕੌਮ, ਦੇਸ਼, ਰੰਗ, ਨਸਲ, ਧਰਮ ਆਦਿ ਦੇ ਸਭ ਸੌੜੇ ਵਖਰੇਵਿਆਂ ਤੋਂ ਉਪਰ ਉਠ ਕੇ ਸਾਂਝੀ ਕੋਸ਼ਿਸ਼ ਸਦਕਾ ਹੀ ਰੋਕਣਾ ਸੰਭਵ ਹੋ ਸਕਦਾ ਹੈ। ਨਹੀਂ ਤਾਂ ਦੇਖਣ ਨੂੰ ਤਾਂ ਭਾਵੇਂ ਇਹ ਲਗਦਾ ਰਹੇਗਾ ਕਿ ਅਸੀਂ ਇਸ ਨਾਲ਼ ਨਜਿੱਠਣ ਵਿੱਚ ਰੁੱਝੇ ਹੋਏ ਹਾਂ, ਪਰ ਕੁਝ ਕਰਨ ਤੋਂ ਬੇਵੱਸ ਹੋਵਾਂਗੇ?" ਜਾਤਾਂ, ਕੌਮਾਂ, ਧਰਮਾਂ, ਇਲਾਕਿਆਂ, ਵਰਗਾਂ ਦੀ ਵੰਡ ਤੋਂ ਉਪਰ ਉਠ ਕੇ ਲੜੇ ਸਾਂਝੇ ਕਿਸਾਨੀ ਸੰਘਰਸ਼ ਦੇ ਸ਼ਾਨਾਮੱਤੇ ਨਜ਼ਾਰੇ ਅਸੀਂ ਪਿਛਲੇ ਸਾਲ ਦਿੱਲੀ ਦੇ ਬਾਰਡਰਾਂ ਦੇਖੇ ਹਨ। ਕੁਝ ਅਜਿਹੇ ਸਾਂਝੇ ਯਤਨਾਂ ਦੀ ਲੋੜ ਸਾਂਝੀਆਂ ਗਲੋਬਲ ਚੁਣੌਤੀਆਂ ਨੂੰ ਸੰਬੋਧਨ ਹੋਣ ਲਈ ਜ਼ਰੂਰੀ ਹਨ।

ਜੁਵਾਲ ਹਰਾਰੀ ਨੇ ਇਸ ਕਿਤਾਬ ਨੂੰ 5 ਭਾਗਾਂ ਵਿੱਚ ਵੰਡ ਕੇ 21 ਨੁਕਤੇ ਉਭਾਰੇ ਹਨ। ਜਿਨ੍ਹਾਂ ਵਿੱਚ 'ਨਵੀਂ ਟੈਕਨੌਲੋਜੀ ਚੁਣੌਤੀ', 'ਨਵੀਂ ਰਾਜਨੀਤਕ ਚੁਣੌਤੀ', 'ਨਿਰਾਸ਼ਾ ਤੇ ਉਮੀਦ', 'ਅੱਜ ਦੇ ਸਮੇਂ ਦਾ ਸੱਚ' ਅਤੇ 'ਸਮੇਂ ਅਨੁਸਾਰ ਲਚਕੀਲਾਪਨ' ਆਦਿ ਪ੍ਰਮੁੱਖ ਹਨ। ਲੇਖਕ ਇਸ ਕਿਤਾਬ ਦੇ ਪੰਨਾ xv ਤੇ ਲਿਖਦਾ ਹੈ: 'ਟਰੰਪ ਰੂਪੀ ਰਾਜਨੀਤਕ ਸੋਚ ਦਾ ਅਮਰੀਕਨ ਸਮਾਜ ਵਿੱਚ ਉਭਾਰ ਕੀ ਸੰਕੇਤ ਕਰ ਰਿਹਾ ਹੈ? ਕਾਰਪੋਰੇਟ ਮੀਡੀਏ ਦੀਆਂ ਝੂਠੀਆਂ ਖ਼ਬਰਾਂ ਦੀ ਮਹਾਂਮਾਰੀ ਬਾਰੇ ਅਸੀਂ ਕੀ ਕਰ ਸਕਦੇ ਹਾਂ? ਪੱਛਮ ਦੀ ਲਿਬਰਲ ਡੈਮੋਕਰੇਸੀ ਸੰਕਟ ਵਿੱਚ ਕਿਉਂ ਹੈ? ਕੀ ਰੱਬ ਹੁਣ ਇਸ ਦੁਨੀਆਂ ਤੋਂ ਵਾਪਿਸ ਚਲਾ ਗਿਆ ਹੈ? ਕੀ ਅਸੀਂ ਕਿਸੇ ਹੋਰ ਨਵੀਂ ਸੰਸਾਰ ਜੰਗ ਵੱਲ ਵਧ ਰਹੇ ਹਾਂ? ਭਵਿੱਖ ਵਿੱਚ ਪੱਛਮੀ, ਚੀਨੀ ਜਾਂ ਇਸਲਾਮ ਵਿੱਚੋਂ ਕਿਹੜੀ ਸਭਿਅਤਾ ਸੰਸਾਰ ਤੇ ਭਾਰੂ ਹੋਵੇਗੀ? ਕੀ ਪੱਛਮੀ ਦੇਸ਼ ਅਣ-ਵਿਕਸਤ ਦੇਸ਼ਾਂ ਤੋਂ ਇਸੇ ਤਰ੍ਹਾਂ ਇਮੀਗਰੈਂਟਸ ਮੰਗਵਾਉਂਦੇ ਰਹਿਣਗੇ? ਕੀ ਰਾਜਨੀਤਕ ਜਾਂ ਧਾਰਮਿਕ ਰਾਸ਼ਟਰਵਾਦ, ਮਨੁੱਖੀ ਅਣ-ਬਰਾਬਰੀ ਜਾਂ ਗਲੋਬਲ ਵਾਰਮਿੰਗ ਵਰਗੇ ਵੱਡੇ ਸੰਕਟਾਂ ਨੂੰ ਹੱਲ ਕਰ ਸਕਦਾ ਹੈ? ਰਾਜਸੀ ਤੇ ਧਾਰਮਿਕ ਅੱਤਵਾਦ ਬਾਰੇ ਸਾਨੂੰ ਕੀ ਕਰਨਾ ਚਾਹੀਦਾ ਹੈ?"

"ਇਹ ਬਹੁਤ ਜ਼ਿਆਦਾ ਅਭਿਲਾਸ਼ੀ ਲੱਗ ਸਕਦਾ ਹੈ, ਪਰ ਮਨੁੱਖੀ ਸਭਿਅਤਾ ਹੁਣ ਹੋਰ ਇੰਤਜ਼ਾਰ ਨਹੀਂ ਕਰ ਸਕਦੀ। ਰਵਾਇਤੀ ਫਿਲਾਸਫੀ, ਧਰਮ ਤੇ ਵਿਗਿਆਨ ਦਾ ਸਮਾਂ ਪੁੱਗ ਚੁੱਕਾ ਹੈ। ਮਨੁੱਖ ਜਾਤੀ ਹਜ਼ਾਰਾਂ ਸਾਲਾਂ ਤੋਂ 'ਜੀਵਨ ਦੇ ਅਰਥ ਕੀ ਹਨ' ਵਿਸ਼ੇ ਤੇ ਬਹਿਸ ਕਰਦੀ ਆ ਰਹੀ ਹੈ। ਅਸੀਂ ਹੁਣ ਇਸ ਬਹਿਸ ਨੂੰ ਨਿਸ਼ਚਿਤ ਤੌਰ 'ਤੇ ਅਣਮਿਥੇ ਸਮੇਂ ਲਈ ਜਾਰੀ ਨਹੀਂ ਰੱਖ ਸਕਦੇ।ਵਧ ਰਿਹਾ ਵਾਤਾਵਰਣ ਸੰਕਟ, ਵਿਆਪਕ ਮਨੁੱਖੀ ਤਬਾਹੀ ਦੇ ਹਥਿਆਰਾਂ ਦੇ ਭੰਡਾਰ ਅਤੇ ਨਵੀਂਆਂ ਵਿਨਾਸ਼ਕਾਰੀ ਤਕਨੀਕਾਂ ਦੇ ਵਿਗਿਆਨ ਦਾ ਉਭਾਰ, ਇਸਦੀ ਇਜਾਜ਼ਤ ਨਹੀਂ ਦੇਵੇਗਾ। ਸ਼ਾਇਦ ਸਭ ਤੋਂ ਮਹੱਤਵਪੂਰਨ ਨਕਲੀ ਬੁੱਧੀ (Artificial Intelligence) ਅਤੇ ਬਾਇਓਟੈਕਨੌਲੋਜੀ (Biotechnology) ਮਨੁੱਖੀ ਜੀਵਨ ਨੂੰ ਬਦਲਣ ਅਤੇ ਮੁੜ ਡੀਜ਼ਾਈਨ (Reengineer) ਕਰਨ ਦੀ ਇੱਕ ਨਵੀਂ ਸ਼ਕਤੀ ਪ੍ਰਦਾਨ ਕਰ ਰਹੀ ਹੈ।ਜੀਵਨ ਦੇ ਅਰਥਾਂ ਬਾਰੇ ਕੁਝ ਸਪੱਸ਼ਟ ਕਹਾਣੀ ਦੇ ਅਧਾਰ ਤੇ ਬਹੁਤ ਜਲਦੀ ਹੀ ਕਿਸੇ ਨੂੰ ਇਹ ਫੈਸਲਾ ਕਰਨਾ ਹੋਵੇਗਾ ਕਿ ਇਸ ਸ਼ਕਤੀ ਦੀ ਵਰਤੋਂ ਕਿਵੇਂ ਕਰਨੀ ਹੈ? ਦਾਰਸ਼ਨਿਕ ਬਹੁਤ ਸਬਰ ਵਾਲ਼ੇ ਲੋਕ ਹੁੰਦੇ ਹਨ, ਪਰ ਇੰਜੀਨੀਅਰ ਬਹੁਤ ਘੱਟ ਤੇ ਨਿਵੇਸ਼ਕਾਂ ਵਿੱਚ ਬਿਲਕੁਲ ਸਬਰ ਨਹੀਂ ਹੁੰਦਾ। ਜੇ ਤੁਸੀਂ ਨਹੀਂ ਜਾਣਦੇ ਕਿ ਜੀਵਨ ਦੀ ਇੰਜੀਨੀਅਰਿੰਗ ਦੀ ਸ਼ਕਤੀ ਕੀ ਹੈ ਤਾਂ ਨਿਵੇਸ਼ਕ ਸ਼ਕਤੀਆਂ ਹਜ਼ਾਰਾਂ ਸਾਲ ਇੰਤਜ਼ਾਰ ਨਹੀਂ ਕਰਨਗੀਆਂ।ਤੁਹਾਡੇ ਕੋਲ਼ ਜੀਵਨ ਬਾਰੇ ਇੱਕ ਸਪੱਸ਼ਟ ਦ੍ਰਿਸ਼ਟੀਕੋਣ ਹੋਣਾ ਚਾਹੀਦਾ ਹੈ, ਨਹੀਂ ਤਾਂ ਅਦਿੱਖ ਨਿਵੇਸ਼ਕ ਸ਼ਕਤੀਆਂ ਆਪਣਾ ਕਹਿਰੀ ਪ੍ਰਵਚਨ ਥੋਪਣਗੀਆਂ।" (ਉਸੇ ਕਿਤਾਬ '21ਵੀਂ ਸਦੀ ਲਈ 21 ਸਬਕ' ਦੇ ਪੰਨਾ xviii ਤੋਂ)।

ਜਿਸ ਤਰ੍ਹਾਂ ਅਸੀਂ ਦੇਖਿਆ ਹੈ ਕਿ ਕੰਪਿਊਟਰ, ਇੰਟਰਨੈਟ, ਆਟੋਮੇਸ਼ਨ, ਸੋਸ਼ਲ ਮੀਡੀਆ ਆਉਣ ਨਾਲ਼ ਪਿਛਲੇ 15-20 ਸਾਲਾਂ ਵਿੱਚ ਦੁਨੀਆਂ ਇਤਨੀ ਤੇਜੀ ਨਾਲ਼ ਬਦਲੀ ਹੈ, ਜਿਤਨੀ ਬਦਲਣ ਲਈ ਕਈ ਸਦੀਆਂ ਲਗਦੀਆਂ ਸਨ। ਸਾਇੰਸਦਾਨਾਂ ਦੇ ਅਨੁਮਾਨ ਅਨੁਸਾਰ ਅਗਲੇ 20-25 ਸਾਲਾਂ ਵਿੱਚ ਦੁਨੀਆਂ ਪੂਰੀ ਤਰ੍ਹਾਂ ਬਦਲ ਜਾਵੇਗੀ। ਇਸ ਤੇਜੀ ਨਾਲ਼ ਬਦਲਦੀ ਦੁਨੀਆਂ ਵਿੱਚ ਉਹ ਕੌਮਾਂ ਜਾਂ ਲੋਕ ਹੀ ਕਾਮਯਾਬ ਹੋਣਗੇ, ਜੋ ਆਪਣੇ ਆਪ ਨੂੰ ਸਮੇਂ ਦੇ ਨਾਲ਼ ਅੱਪਡੇਟ ਕਰਦੇ ਰਹਿਣਗੇ।ਪਰ ਜੋ ਬੀਤੇ ਦੇ ਹੀ ਸੋਹਲੇ ਗਾਉਂਦੇ ਰਹਿਣਗੇ, ਉਹ ਅਤੀਤ ਵਿੱਚ ਹੀ ਰਹਿ ਜਾਣਗੇ ਤੇ ਦੁਨੀਆਂ ਬਹੁਤ ਅੱਗੇ ਲੰਘ ਜਾਵੇਗੀ। ਜੁਵਾਲ ਹਰਾਰੀ ਇਸੇ ਕਿਤਾਬ ਦੇ ਚੈਪਟਰ 'ਕੰਮ' ਵਿੱਚ ਲਿਖਦੇ ਹਨ ਕਿ 2050 ਆਉਂਦਿਆਂ ਮਾਰਕੀਟ ਵਿੱਚ ਅੱਜ ਦੀਆਂ ਤਕਰੀਬਨ ਬਹੁਤੀਆਂ ਜੌਬਾਂ ਖਤਮ ਹੋ ਜਾਣਗੀਆਂ। ਆਟੋਮੇਸ਼ਨ, ਰੋਬੋਟ, ਆਰਟੀਫੀਸ਼ੀਅਲ ਇਨਟੈਲੀਜੈਂਸ ਸਭ ਨੂੰ ਆਪਣੀ ਲਪੇਟ ਵਿੱਚ ਲੈ ਲਵੇਗੀ, ਜਿਸ ਬਾਰੇ ਸਾਨੂੰ ਅਜੇ ਬਹੁਤਾ ਅੰਦਾਜ਼ਾ ਨਹੀਂ ਹੈ।ਕੋਵਿਡ ਦੇ ਪਿਛਲੇ ਤਕਰੀਬਨ ਦੋ ਸਾਲਾਂ ਵਿੱਚ ਹੀ ਦੁਨੀਆਂ ਵੱਡੇ ਪੱਧਰ ਤੇ ਬਦਲ ਚੁੱਕੀ ਹੈ। ਕੰਮਾਂ, ਮੀਟਿੰਗਾਂ, ਸੋਸ਼ਲ ਗੈਦਰਿੰਗਜ਼, ਐਜੂਕੇਸ਼ਨ, ਕਾਨਫਰੰਸਾਂ, ਵਿਆਹ, ਪਾਰਟੀਆਂ, ਟਰੈਵਲ, ਹੋਟਲ ਇੰਡਸਟਰੀ ਆਦਿ ਸਾਡੇ ਦੇਖਦਿਆਂ-ਦੇਖਦਿਆਂ ਦੋ ਕੁ ਸਾਲਾਂ ਵਿੱਚ ਕਿਤਨਾ ਬਦਲ ਚੁੱਕਾ ਹੈ ਤੇ ਰੋਜ਼ਾਨਾ ਬਦਲ ਰਿਹਾ ਹੈ। ਸਾਨੂੰ ਅਜੇ ਅੰਦਾਜ਼ਾ ਨਹੀਂ ਕਿ ਅਗਲੇ ਕੁਝ ਸਾਲਾਂ ਵਿੱਚ ਕਰੋੜਾਂ ਲੋਕ ਬਹੁਤੇ ਕੰਮਾਂ ਲਈ ਬੇਲੋੜੇ ਹੋ ਜਾਣਗੇ? ਅਮਰੀਕਾ ਦੀ ਇੱਕ ਸੰਸਥਾ ਦੇ ਸਰਵੇਖਣ ਅਨੁਸਾਰ ਦੁਨੀਆਂ ਵਿੱਚ 80% ਤੋਂ ਵੱਧ ਮੋਟਰ ਵਹੀਕਲ ਐਕਸੀਡੈਂਟ ਨਸ਼ੇ, ਨੀਂਦ, ਤੇਜ ਸਪੀਡ, ਡਰਾਈਵਿੰਗ ਦੌਰਾਨ ਨਿਗ੍ਹਾ ਦੇ ਭਟਕਣ ਆਦਿ ਕਾਰਨ ਹੁੰਦੇ ਹਨ। ਪਰ 'ਸੈਲਫ ਡਰਾਈਵ' ਵਹੀਕਲਾਂ ਦੇ ਆਉਣ ਨਾਲ਼ ਸਿਰਫ ਨਾਰਥ ਅਮਰੀਕਾ ਦੀ ਟਰੱਕਿੰਗ ਇੰਡਸਟਰੀ ਵਿੱਚ 5 ਮਿਲੀਅਨ ਤੋਂ ਵੱਧ ਲੋਕ ਅਗਲੇ ਇੱਕ ਦਹਾਕੇ ਵਿੱਚ ਬੇਰੁਜ਼ਗਾਰ ਹੋ ਜਾਣਗੇ।ਇਸੇ ਤਰ੍ਹਾਂ ਵੇਅਰ ਹਾਊਸਾਂ, ਫਾਰਮਾਂ ਤੇ ਫੈਕਟਰੀਆਂ ਵਿੱਚ ਆਟੋਮੇਸ਼ਨ ਤੇ ਆਰਟੀਫਿਸ਼ੀਅਲ ਇਨਟੈਲੀਜੈਂਸ ਦੇ ਆਉਣ ਨਾਲ਼ ਕਰੋੜਾਂ ਲੋਕਾਂ ਦਾ ਭਵਿੱਖ ਖਤਰੇ ਵਿੱਚ ਪੈ ਚੁੱਕਾ ਹੈ। ਇੱਥੋਂ ਤੱਕ ਕਿ ਸਰਵਿਸ ਇੰਡਸਟਰੀ ਦਾ ਭਵਿੱਖ ਵੀ ਡਾਵਾਂਡੋਲ ਹੋ ਰਿਹਾ ਹੈ। ਸੋਚਣ ਦਾ ਵਿਸ਼ਾ ਇਹ ਹੈ ਕਿ ਅਸੀਂ ਅਜਿਹੀ ਤੇਜੀ ਨਾਲ਼ ਹੋ ਰਹੀ ਤਬਦੀਲੀ ਲਈ ਕਿਤਨੇ ਕੁ ਤਿਆਰ ਹਾਂ? ਜੇ ਇਸ ਤਬਦੀਲੀ ਦਾ ਕੰਟਰੋਲ ਸਿਰਫ ਸਰਮਾਏਦਾਰੀ ਨਿਜ਼ਾਮ ਦੇ ਕਾਰਪੋਰੇਟ ਵਰਲਡ ਕੋਲ਼ ਹੀ ਰਹਿੰਦਾ ਹੈ ਤਾਂ ਇਸ ਵਿੱਚੋਂ ਨਿਕਲਣ ਵਾਲ਼ੇ ਨਤੀਜਿਆਂ ਲਈ ਕੀ ਅਸੀਂ ਤਿਆਰ ਹਾਂ? ਇਸੇ ਕਰਕੇ ਲਿਬਰਲ ਡੈਮੋਕਰੇਸੀ ਇੱਕ ਵੱਡੇ ਰਾਜਨੀਤਕ ਸੰਕਟ ਵੱਲ ਵਧ ਰਹੀ ਹੈ? ਕੀ ਇਸਦਾ ਹੱਲ ਸਟੇਟ ਕੰਟਰੋਲਡ ਸੋਸ਼ਲਿਸਟ ਨਿਜ਼ਾਮ ਕੋਲ਼ ਹੈ? ਇਹ ਸਭ ਸਵਾਲ ਸਾਰੀ ਮਨੁੱਖਤਾ ਅੱਗੇ ਵਿਰਾਟ ਰੂਪ ਧਾਰੀ ਖੜੇ ਹਨ? ਜਿਨ੍ਹਾਂ ਨੂੰ ਅਸੀਂ ਤਾਂ ਹੀ ਸੰਬੋਧਨ ਹੋ ਸਕਾਂਗੇ, ਜੇ ਸਾਡਾ ਵਿਜ਼ਨ ਗਲੋਬਲ ਤੇ ਮਨੁੱਖਤਾਵਾਦੀ ਹੋਵੇਗਾ?

ਇਸੇ ਕਰਕੇ ਜੁਵਾਲ ਹਰਾਰੀ ਚੈਪਟਰ 'ਰਾਸ਼ਟਰਵਾਦ' ਦੀ ਸ਼ੁਰੂਆਤ ਇਸ ਲਾਈਨ ਨਾਲ਼ ਕਰਦੇ ਹਨ: "**ਗਲੋਬਲ ਸਮੱਸਿਆਵਾਂ ਦੇ ਜਵਾਬ ਵੀ ਗਲੋਬਲ ਹੀ ਲੱਭਣੇ ਪੈਣਗੇ**"। ਉਹ ਅੱਗੇ ਲਿਖਦੇ ਹਨ: "ਸਮੁੱਚੀ ਮਨੁੱਖ ਜਾਤੀ ਹੁਣ ਇੱਕੋ ਸਭਿਅਤਾ 'ਮਨੁੱਖੀ ਸਭਿਅਤਾ' ਵੱਲ ਵਧ ਰਹੀ ਹੈ। ਜਿਸ ਵਿੱਚ ਸਾਡੀਆਂ ਸਭ ਦੀਆਂ ਸਾਂਝੀਆਂ ਚੁਣੌਤੀਆਂ ਹਨ ਅਤੇ ਸਭ ਲਈ ਸਾਂਝੇ ਮੌਕੇ ਹਨ। ਇਸਦੇ ਜਵਾਬ ਲੱਭਣ ਲਈ ਸਭ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਪਵੇਗਾ ਕਿ ਅੱਜ ਦੇ ਰਾਸ਼ਟਰ (ਨੇਸ਼ਨ ਸਟੇਟਸ) ਮਨੁੱਖੀ ਜੀਵਨ ਵਿਗਿਆਨ ਦੇ ਸਦੀਵੀ ਹਿੱਸਾ ਜਾਂ ਮਨੁੱਖੀ ਮਨੋ-ਵਿਗਿਆਨ ਦਾ ਇੱਕੋ ਅਟੱਲ ਨਤੀਜਾ ਨਹੀਂ ਸਨ।ਅੱਜ ਤੋਂ 10 ਹਜ਼ਾਰ ਸਾਲ ਪਹਿਲਾਂ ਇਥੇ ਕੋਈ ਇਟਾਲੀਅਨ, ਰਸ਼ੀਅਨ, ਟਰਕ, ਅਫਗਾਨੀ, ਅਮਰੀਕਨ, ਕਨੇਡੀਅਨ, ਯੂਰਪੀਅਨ, ਏਸ਼ੀਅਨ ਆਦਿ ਨਹੀਂ ਸੀ। ਤਕਰੀਬਨ 5 ਹਜ਼ਾਰ ਸਾਲ ਪਹਿਲਾਂ ਕੋਈ ਯਹੂਦੀ, ਇਸਾਈ, ਮੁਸਲਮਾਨ, ਹਿੰਦੂ, ਸਿੱਖ, ਬੋਧੀ, ਜੈਨੀ ਆਦਿ ਨਹੀਂ ਸੀ। ਭਵਿੱਖ ਉਧਰ ਨੂੰ ਜਾ ਰਿਹਾ ਹੈ ਕਿ ਇੱਕ ਵਾਰ ਇਹ ਵੰਡਾਂ ਖਤਮ ਹੋ ਜਾਣਗੀਆਂ ਤੇ ਮਨੁੱਖ ਜਾਤੀ ਹੀ ਰਹਿ ਜਾਵੇਗੀ। ਮਨੁੱਖ ਇੱਕ ਸੋਸ਼ਲ ਐਨੀਮਲ ਹੋਣ ਕਾਰਨ, ਜਿੱਥੇ-ਜਿੱਥੇ, ਆਪਣੇ ਹਿੱਤਾਂ ਅਨੁਸਾਰ ਗਰੁੱਪਾਂ ਵਿੱਚ ਰਹਿਣ ਲੱਗੇ, ਉਹ ਕੌਮਾਂ ਬਣ ਗਏ ਅਤੇ ਫਿਰ ਕੌਮਾਂ ਅਧਾਰਿਤ ਦੇਸ਼ ਬਣਾ ਲਏ। ਪਰ ਲੱਖਾਂ ਸਾਲ ਤੋਂ ਮਨੁੱਖ ਛੋਟੇ-ਛੋਟੇ ਗਰੁੱਪਾਂ ਵਿੱਚ ਇੱਕ ਮਨੁੱਖ ਜਾਤੀ ਵਾਂਗ ਹੀ ਰਹਿ ਰਿਹਾ ਸੀ, ਨਾ ਕਿ ਵੱਡੀਆਂ ਕੌਮਾਂ ਜਾਂ ਦੇਸ਼ਾਂ ਦੇ ਰੂਪ ਵਿੱਚ। ਹੌਲ਼ੀ-ਹੌਲ਼ੀ ਮਨੁੱਖ ਜਾਤੀ ਨੇ ਭਾਸ਼ਾ ਤੇ ਰਹਿਣ-ਸਹਿਣ ਨੂੰ ਇੱਕ ਦੂਜੇ ਨਾਲ਼ ਰਲ਼ ਕੇ ਰਹਿਣ ਦਾ ਅਧਾਰ ਬਣਾ ਲਿਆ। ਨੇਸ਼ਨ ਜਾਂ ਨੇਸ਼ਨ ਸਟੇਟ ਉਸ ਸਮੇਂ ਦੀ ਲੋੜ ਵਿੱਚੋਂ ਨਿਕਲਿਆ, ਜੋ ਕਿ ਸਾਂਝ ਤੇ ਤਰੱਕੀ ਦਾ ਇੱਕ ਵਿਕਲਪ ਸੀ। ਇਸ ਤੋਂ ਇਲਾਵਾ ਪਿੰਡ, ਸ਼ਹਿਰ, ਰਾਜ, ਚਰਚ ਆਦਿ ਵੀ ਨਾਲ਼-ਨਾਲ਼ ਵੱਖਰੇ ਵਿਕਲਪ ਸਨ।ਹੋ ਸਕਦਾ ਭਵਿੱਖ ਵਿੱਚ ਗਲੋਬਲ ਸਮੱਸਿਆਵਾਂ ਨੂੰ ਗਲੋਬਲ ਦ੍ਰਿਸ਼ਟੀਕੋਣ ਤੋਂ ਹੱਲ ਕਰਨ ਲਈ ਵੱਖ-ਵੱਖ ਦੇਸ਼ਾਂ ਦੀਆਂ ਸਰਕਾਰਾਂ ਵਾਂਗ ਇੱਕ ਸਾਂਝੀ ਵਿਸ਼ਵ-ਵਿਆਪੀ 'ਗਲੋਬਲ ਯੂਨੀਅਨ' ਦੀ ਲੋੜ ਪਵੇ? ਇਸ ਸਮੇਂ ਜਿਤਨੇ ਕਿਸੇ ਇੱਕ ਨੇਸ਼ਨ ਵਿੱਚ ਲੋਕ ਆਉਂਦੇ ਹਨ, ਉਤਨੇ ਇਸ ਸਾਰੀ ਧਰਤੀ ਤੇ ਲੋਕ ਨਾ ਵਸਦੇ ਹੋਣ।"

ਜੁਵਾਲ ਹਰਾਰੀ ਇਸੇ ਕਿਤਾਬ ਦੇ ਪੰਨਾ 113 ਤੇ 'ਰਾਸ਼ਟਰਵਾਦ' ਬਾਰੇ ਅੱਗੇ ਲਿਖਦੇ ਹਨ: "ਸਮੱਸਿਆ ਉਦੋਂ ਗੰਭੀਰ ਬਣੀ, ਜਦੋਂ 'ਰਾਸ਼ਟਰਾਂ' ਵਲੋਂ 'ਰਾਸ਼ਟਰ ਭਗਤੀ' ਦੀ ਸੋਚ ਅਧੀਨ ਇੱਕ ਦੂਜੇ ਤੇ ਆਪਣੀ ਧੌਂਸ ਜਮਾਉਣੀ ਸ਼ੁਰੂ ਹੋ ਗਈ। ਇਸ ਨਾਲ਼ ਇਹ ਸਮਝਣ ਦੀ ਥਾਂ ਕਿ ਜਿਸ ਤਰ੍ਹਾਂ ਅਸੀਂ 'ਮਨੁੱਖ' ਦੇ ਤੌਰ ਤੇ ਸਭ ਵਿਲੱਖਣ ਹਾਂ, ਉਸੇ ਤਰ੍ਹਾਂ ਸਾਡੀ 'ਕੌਮ' ਵੀ ਵਿਲੱਖਣ ਹੈ। ਪਰ ਅਸੀਂ ਇਸਦੀ ਥਾਂ ਇਹ ਮੰਨਣਾ ਸ਼ੁਰੂ ਕਰ ਦਿੱਤਾ ਕਿ ਸਾਡੀ ਕੌਮ ਹੀ ਸਭ ਤੋਂ 'ਵਿਲੱਖਣ' ਤੇ 'ਸੁਪੀਰੀਅਰ' ਹੈ। ਇਸ ਵਿੱਚੋਂ ਹੀ ਕੌਮਾਂ ਦੀ ਦੁਸ਼ਮਣੀ ਨਿਕਲੀ। ਇਸਨੇ ਹੀ ਵੱਖ-ਵੱਖ ਕੌਮਾਂ ਵਿੱਚ ਹਿੰਸਕ ਟਕਰਾ ਕਰਾਏ ਤੇ ਇਹ ਹੀ ਮਨੁੱਖ ਜਾਤੀ ਨੂੰ ਯੁੱਧਾਂ ਵਿੱਚ ਲੈ ਕੇ ਗਈ। ਹੁਣ 21ਵੀਂ ਸਦੀ ਦੇ ਮਨੁੱਖ ਨੇ ਸੋਚਣਾ ਹੈ ਕਿ ਇਸ ਗਲੋਬਲ ਵਿਲੇਜ਼ ਵਿੱਚ ਸਭ ਨੇ ਰਲ਼-ਮਿਲ਼ ਕੇ ਰਹਿਣਾ ਹੈ ਜਾਂ ਵਾਪਿਸ ਫਿਰ 'ਡਾਰਕ ਏਜ਼' ਵਿੱਚ ਜਾਣਾ ਹੈ।"

"ਧਰਮਾਂ ਦਾ ਰੱਬ ਹੁਣ ਸਿਰਫ ਉਨ੍ਹਾਂ ਦੇ ਰਾਸ਼ਟਰਾਂ ਦੀ ਹੀ ਸੇਵਾ ਕਰਦਾ ਹੈ।ਹੁਣ ਤੱਕ ਮੌਡਰਨ ਵਿਚਾਰਧਾਰਾਵਾਂ,

ਵਿਗਿਆਨੀ, ਰਾਸ਼ਟਰਵਾਦੀ ਸਰਕਾਰਾਂ ਆਦਿ ਸਭ 21ਵੀਂ ਸਦੀ ਵਿੱਚ ਮਨੁੱਖੀ ਸਭਿਅਤਾ ਨੂੰ ਦਰਪੇਸ਼ ਚੁਣੌਤੀਆਂ ਦੇ ਸੰਦਰਭ ਵਿੱਚ ਕੋਈ ਗਲੋਬਲ ਦ੍ਰਿਸ਼ਟੀਕੋਣ ਪੇਸ਼ ਕਰਨ ਤੋਂ ਅਸਮਰਥ ਰਹੀਆਂ ਹਨ। ਕੀ ਅਜਿਹਾ ਕੋਈ 'ਵਿਜ਼ਨ' ਧਾਰਮਿਕ ਵਿਚਾਰਧਾਰਾਵਾਂ ਮਨੁੱਖਤਾ ਨੂੰ ਪੇਸ਼ ਕਰ ਸਕਦੀਆਂ ਹਨ? ਕੀ ਅਜਿਹਾ ਕੋਈ ਵਿਜ਼ਨ ਬਾਈਬਲ, ਕੁਰਾਨ, ਵੇਦ ਆਦਿ ਧਾਰਮਿਕ ਗ੍ਰੰਥਾਂ ਵਿੱਚ ਹੈ? ਬੇਸ਼ਕ ਵੱਡੀ ਗਿਣਤੀ ਵਿੱਚ ਲੋਕ ਕਹਿ ਰਹੇ ਹਨ ਕਿ ਧਰਮ ਦੀ ਸਾਰਥਿਕਤਾ ਮੱਧ ਯੁੱਗ ਵਿੱਚ ਤਾਂ ਸੀ, ਪਰ ਮਾਡਰਨ ਵਰਲਡ ਦੀਆਂ ਆਰਟੀਫਿਸ਼ੀਅਲ ਇਨਟੈਲੀਜੈਂਸ, ਨੁਕਲੀਅਰ ਹਥਿਆਰ, ਬਾਇਉਕੈਮੀਕਲ ਹਥਿਆਰ, ਜਨੈਟਿਕ ਇੰਜੀਨੀਅਰਿੰਗ, ਗਲੋਬਲ ਵਾਰਮਿੰਗ, ਸਾਈਬਰ ਵਾਰ ਫੇਅਰ ਆਦਿ ਵਰਗੀਆਂ ਸਮੱਸਿਆਵਾਂ ਦਾ ਧਰਮਾਂ ਕੋਲ਼ ਕੋਈ ਹੱਲ ਨਹੀਂ।ਪਰ ਇਸ ਸਭ ਦੇ ਬਾਵਜੂਦ ਅਰਬਾਂ ਲੋਕਾਂ ਦੀ ਇਨ੍ਹਾਂ ਧਰਮਾਂ ਤੇ ਉਨ੍ਹਾਂ ਦੇ ਧਰਮ ਗ੍ਰੰਥਾਂ ਵਿੱਚ ਪੂਰੀ ਆਸਥਾ ਹੈ। ਉਹ ਡਾਰਵਿਨ ਦੀ 'ਥਿਊਰੀ ਆਫ ਐਵੋਲੂਸ਼ਨ' ਦੀ ਥਾਂ ਅਜੇ ਵੀ 'ਐਡਮ ਈਵ' ਵਰਗੀਆਂ ਕਥਾ ਕਹਾਣੀਆਂ ਤੇ ਵਿਸ਼ਵਾਸ਼ ਕਰਦੇ ਹਨ। ਭਾਰਤ ਵਰਗੇ ਡੇਢ ਅਰਬ ਦੀ ਅਬਾਦੀ ਵਾਲ਼ੇ ਦੇਸ਼ ਦੀ ਰਾਜਨੀਤੀ ਧਰਮ ਤੇ ਜਾਤੀ ਅਨੁਸਾਰ ਤਹਿ ਹੁੰਦੀ ਹੈ। ਅਜਿਹੇ ਵਿੱਚ ਕਰਿਸਚੈਨਿਟੀ, ਇਸਲਾਮ, ਹਿੰਦੂਇਜ਼ਮ, ਬੁੱਧਇਜ਼ਮ ਆਦਿ ਵੱਡੇ ਧਰਮ ਆਪਣੇ ਆਪ ਨੂੰ ਕਿੱਥੇ ਖੜਾ ਦੇਖਦੇ ਹਨ? ਕੀ ਉਹ ਮਨੁੱਖਤਾ ਨੂੰ ਮੌਜੂਦਾ ਦਰਪੇਸ਼ ਜਾਂ ਅਗਲੇ ਦੋ ਦਹਾਕਿਆਂ ਵਿੱਚ ਦਰਪੇਸ਼ ਹੋਣ ਵਾਲ਼ੀਆਂ ਚੁਣੌਤੀਆਂ ਲਈ ਹੱਲ ਪੇਸ਼ ਕਰ ਸਕਦੇ ਹਨ? ਕੀ ਧਰਮ ਕੋਲ਼ ਕੋਵਿਡ ਵਰਗੀਆਂ ਮਹਾਂਮਾਰੀਆਂ ਤੋਂ ਮਨੁੱਖਤਾ ਨੂੰ ਬਚਾਉਣ ਲਈ ਕੋਈ ਸਾਧਨ ਹੈ? ਕੀ ਧਰਮ ਕੋਲ਼ ਗਲੋਬਲ ਵਾਰਮਿੰਗ ਤੋਂ ਉਤਪੰਨ ਹੋਣ ਵਾਲ਼ੀਆਂ ਕੁਦਰਤੀ ਆਫਤਾਂ, ਸੁਨਾਮੀਆਂ, ਸੋਕੇ, ਹੀਟ ਵੇਵਜ਼ ਤੋਂ ਮਨੁੱਖਤਾ ਨੂੰ ਬਚਾਉਣ ਲਈ ਕੋਈ ਉਪਾਅ ਹੈ?" ਇਸੇ ਕਿਤਾਬ ਦੇ ਚੈਪਟਰ 'ਧਰਮ' ਵਿੱਚੋਂ ਕੁਝ ਲਾਈਨਾਂ।


ਸਾਰੀ ਦੁਨੀਆਂ ਦੇ ਲੋਕ ਪਿਛਲੇ 4-5 ਦਹਾਕਿਆਂ ਤੋਂ ਵੱਡੀ ਪੱਧਰ ਤੇ ਕੁਝ ਦੂਜੇ ਦੇਸ਼ਾਂ ਵਿੱਚ ਵਸ ਰਹੇ ਹਨ। ਗਲੋਬਲਾਈਜ਼ੇਸ਼ਨ ਨੇ ਵੱਖ-ਵੱਖ ਸਭਿਅਤਾਵਾਂ ਦੇ ਲੋਕਾਂ ਨੂੰ ਇੱਕ-ਦੂਜੇ ਦੇ ਨੇੜੇ ਲਿਆਂਦਾ ਹੈ। ਹੁਣ ਗੋਰਿਆਂ ਦੇ ਮਾਡਰਨ ਪੱਛਮੀ ਦੇਸ਼ਾਂ ਜਾਂ ਮਾਡਰਨ ਇੰਡੀਆ ਦੇ ਸ਼ਹਿਰੀ ਖੇਤਰ ਵਿੱਚ ਰਹਿਣ ਵਾਲ਼ੇ ਲੋਕਾਂ ਦੇ ਜਨ-ਜੀਵਨ ਵਿੱਚ ਕੋਈ ਬਹੁਤਾ ਅੰਤਰ ਨਹੀਂ ਰਿਹਾ। ਅੱਜ ਸੀਰੀਆ ਦੇ ਰਿਫਿਊਜੀ, ਸਾਊਦੀ ਅਰਬ, ਇਰਾਨ ਜਾਂ ਕਿਸੇ ਇਸਲਾਮਿਕ ਦੇਸ਼ ਜਾਣ ਦੀ ਥਾਂ ਜਰਮਨ ਜਾਂ ਕਨੇਡਾ ਜਾਣ ਨੂੰ ਤਰਜੀਹ ਦਿੰਦੇ ਹਨ, ਭਾਵੇਂ ਉਥੇ ਉਨ੍ਹਾਂ ਦੇ ਕਲਚਰ ਵਿੱਚ ਜਮੀਨ ਅਸਮਾਨ ਦਾ ਫਰਕ ਹੈ? ਉਹ ਆਪਣੇ ਧਰਮ ਭਾਈਆਂ ਦੇ ਦੇਸ਼ ਜਾਣਾ ਪਸੰਦ ਕਿਉਂ ਨਹੀਂ ਕਰ ਰਹੇ? ਜਿਸਦਾ ਅਰਥ ਹੈ ਕਿ ਧਰਮ ਅਧਾਰਿਤ ਸਰਕਾਰਾਂ ਮਨੁੱਖ ਨੂੰ ਉਹ ਕੁਝ ਮੁਹੱਈਆ ਨਹੀਂ ਕਰ ਪਾਈਆਂ, ਜੋ ਅੱਜ ਦੇ ਮਾਡਰਨ ਮਨੁੱਖ ਦੀ ਲੋੜ ਹੈ? ਜੁਵਾਲ ਹਰਾਰੀ ਇਸ ਕਿਤਾਬ ਦੇ 'ਇਮੀਗਰੇਸ਼ਨ' ਚੈਪਟਰ ਵਿੱਚ ਸਵਾਲ ਉਠਾਉਂਦੇ ਹਨ ਕਿ ਅਗਲੇ ਕੁਝ ਦਹਾਕਿਆਂ ਵਿੱਚ ਜਦੋਂ ਆਰਟੀਫਿਸ਼ੀਅਲ ਇਨਟੈਲੀਜੈਂਸ, ਰੋਬੋਟ ਟੈਕਨੌਲੋਜੀ ਆਦਿ ਨਾਲ਼ ਕਰੋੜਾਂ ਲੋਕ ਬੇਰੁਜ਼ਗਾਰ ਹੋ ਜਾਣਗੇ ਤਾਂ ਬਿਨਾਂ ਕਿਸੇ ਗਲੋਬਲ ਦ੍ਰਿਸ਼ਟੀਕੋਣ ਦੇ ਪੱਛਮੀ ਸਰਕਾਰਾਂ ਕਿਤਨਾ ਕੁ ਚਿਰ ਬਾਹਰੋਂ ਇਮੀਗਰੈਂਟਸ ਲੈਣਗੀਆਂ? ਜਦੋਂ ਐਂਟੀ ਇਮੀਗ੍ਰੇਸ਼ਨ ਲਾਬੀ ਪਹਿਲਾਂ ਹੀ ਆਪਣੇ ਤਰਕਾਂ ਨਾਲ਼ ਸਰਗਰਮ ਹੈ।

"ਟੈਰਰ (Terror) ਦਾ ਸ਼ਾਬਦਿਕ ਅਰਥ 'ਦਹਿਸ਼ਤ ਜਾਂ ਡਰ' ਪਾਉਣਾ ਹੈ। ਟੈਰੋਰਜ਼ਿਮ (ਦਹਿਸ਼ਤਗਰਦੀ) ਇੱਕ ਫੌਜੀ ਰਣਨੀਤੀ ਹੈ, ਜਿਸ ਰਾਹੀਂ ਜ਼ਿਆਦਾ ਜਾਨੀ ਜਾਂ ਮਾਲੀ ਨੁਕਸਾਨ ਕੀਤੇ ਤੋਂ ਬਿਨਾਂ ਰਾਜਨੀਤਕ ਸਥਿਤੀ ਬਦਲਣ ਦੀ ਉਮੀਦ ਰੱਖਣਾ ਹੈ। ਇਸਦਾ ਪ੍ਰਯੋਗ ਜ਼ਿਆਦਾਤਰ ਸਟੇਟ ਕਰਦੀ ਹੈ, ਪਰ ਲਗਦਾ ਇਵੇਂ ਹੁੰਦਾ, ਜਿਵੇਂ ਦਹਿਸ਼ਤਗਰਦ ਟੋਲੇ ਕਰ ਰਹੇ ਹੋਣ। ਇਹ ਰਣਨੀਤੀ ਅਕਸਰ ਕਮਜ਼ੋਰ ਪਾਰਟੀਆਂ ਵਲੋਂ ਅਪਣਾਈ ਜਾਂਦੀ ਹੈ, ਜੋ ਆਪਣੇ ਦੁਸ਼ਮਣਾਂ ਨੂੰ ਜ਼ਿਆਦਾ ਜਾਨੀ-ਮਾਲੀ ਨੁਕਸਾਨ ਨਹੀਂ ਪਹੁੰਚਾ ਸਕਦੇ। ਬੇਸ਼ੱਕ ਹਰ ਫੌਜੀ ਕਾਰਵਾਈ ਡਰ ਫੈਲਾਉਂਦੀ ਹੈ। ਪਰ ਰਵਾਇਤੀ ਯੁੱਧਾਂ ਵਿੱਚ ਡਰ ਜਾਨੀ-ਮਾਲੀ ਨੁਕਸਾਨ ਦੇ ਅਨੁਸਾਰ ਹੁੰਦਾ ਹੈ। ਪਰ ਅੱਤਵਾਦ ਵਿੱਚ ਡਰ ਹੀ ਮੁੱਖ ਹੁੰਦਾ ਹੈ, ਜਿਤਨਾ ਕੋਈ ਵੱਧ ਦਹਿਸ਼ਤ ਜਾਂ ਡਰ ਪਾਵੇ, ਉਤਨਾ ਆਪਣੇ ਮਕਸਦ ਵਿੱਚ ਕਾਮਯਾਬ ਹੈ। ਸਤੰਬਰ, 2001 ਦੇ ਅਮਰੀਕਾ ਤੇ ਦਹਿਸ਼ਤਗਰਦੀ ਹਮਲਿਆਂ ਤੋਂ ਬਾਅਦ ਅੱਤਵਾਦੀ ਸੰਗਠਨਾਂ ਨੇ ਬੇਸ਼ਕ ਬੰਦੇ ਤਾਂ ਕੁਝ ਹਜ਼ਾਰ ਹੀ ਮਾਰੇ ਹੋਣਗੇ, ਪਰ ਪੱਛਮੀ ਦੇਸ਼ਾਂ ਵਿੱਚ ਵਸਦੇ ਅਰਬਾਂ ਲੋਕਾਂ ਨੂੰ ਡਰਾਉਣ ਵਿੱਚ ਸਫਲ ਜ਼ਰੂਰ ਹੋਏ ਹਨ। ਸਰਕਾਰਾਂ ਨੂੰ ਅੱਤਵਾਦੀ ਨੈਟਵਰਕਾਂ ਖਿਲਾਫ ਗੁਪਤ ਕਾਰਵਾਈਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਮੀਡੀਆ ਵੀ ਆਪਣੀ ਟੀ ਆਰ ਪੀ ਲਈ ਡਰ ਵੇਚਣ ਦਾ ਕੰਮ ਕਰਦਾ ਹੈ। ਅੱਤਵਾਦ ਉਸ ਮੱਖੀ ਦੀ ਨਿਆਈਂ ਹੈ, ਜੋ ਕਿਸੇ ਹਿੰਸਕ ਬਲਦ ਦੇ ਕੰਨਾਂ ਵਿੱਚ ਗੂੰਜਣ ਲੱਗੇ ਤੇ ਉਹ ਤੜਪ ਕੇ ਤਬਾਹੀ ਮਚਾ ਦੇਵੇ।ਅਜਿਹਾ ਹੀ ਇਸਲਾਮਿਕ ਅੱਤਵਾਦ ਨੇ ਅਮਰੀਕਨ ਬਲਦ ਦੇ ਕੰਨਾਂ ਵਿੱਚ ਵੜ ਕੇ ਕੀਤਾ ਸੀ, ਪਰ ਇਸ ਨਾਲ਼ ਜੋ ਤਬਾਹੀ ਹੋਈ, ਉਸ ਸਭ ਦੇ ਸਾਹਮਣੇ ਹੈ।ਹਰਾਰੀ ਅਨੁਸਾਰ ਦੁਨੀਆਂ ਵਿੱਚ ਜਜ਼ਬਾਤੀ ਤੇ ਹਿੰਸਕ ਲੋਕਾਂ ਦੀ ਕਮੀ ਨਹੀਂ ਹੈ, ਜਿਨ੍ਹਾਂ ਨੂੰ ਕਦੇ ਵੀ ਅੱਤਵਾਦ ਲਈ ਵਰਤਿਆ ਜਾ ਸਕਦਾ ਹੈ।"

ਜਿਸ ਤਰ੍ਹਾਂ ਅਸੀਂ ਆਪਣੇ ਪਿਛਲੇ ਲੇਖ '**ਖਾਲਿਸਤਾਨ ਦੀ ਸਾਜ਼ਿਸ਼ ਤੇ ਸਿੱਖ ਲੀਡਰਸ਼ਿਪ**' ਵਿੱਚ ਜ਼ਿਕਰ ਕੀਤਾ ਸੀ ਕਿ ਕਿਵੇਂ ਰਾਜਸੀ ਲੀਡਰਾਂ ਨੇ 80 ਵਿਆਂ ਵਿੱਚ ਆਪਣੇ ਸੌੜੇ ਰਾਜਸੀ ਮਨੋਰਥਾਂ ਲਈ ਪੰਜਾਬ ਵਿੱਚ ਸਿੱਖ ਭਾਈਚਾਰੇ ਦੇ ਜਜ਼ਬਾਤੀ ਲੋਕਾਂ ਨੂੰ ਧਰਮ ਖਤਰੇ ਦੇ ਨਾਮ ਤੇ ਵਰਤ ਕੇ ਅਜਿਹਾ ਅੱਤਵਾਦ ਤੇ ਵੱਖਵਾਦ ਖੜਾ ਕੀਤਾ, ਜਿਸਨੇ ਸਾਰੇ ਪੰਜਾਬ ਨੂੰ ਦੋ ਦਹਾਕੇ ਆਪਣੀ ਲਪੇਟ ਵਿੱਚ ਲਈ ਰੱਖਿਆ। ਜਿਸ ਨਾਲ਼ ਪੰਜਾਬ ਤੇ ਪੰਜਾਬੀਆਂ ਦਾ ਬੇਤਹਾਸ਼ਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਪਰ ਅਜਿਹਾ ਸਭ ਕੁਝ ਵਾਪਰਨ ਦੇ ਦੋ ਦਹਾਕਿਆਂ ਬਾਅਦ ਕੀ ਸਾਨੂੰ ਉਸ ਸਾਜ਼ਿਸ਼ ਦੀ ਸਮਝ ਆ ਗਈ ਹੈ? ਇਸੇ ਤਰ੍ਹਾਂ ਦੀ ਹਿੰਦੂ-ਮੁਸਲਿਮ ਖੇਡ ਕਾਂਗਰਸ ਤੇ ਭਾਜਪਾ ਨੇ 90ਵਿਆਂ ਵਿੱਚ ਬਾਬਰੀ ਮਸਜਿਦ ਦਾ ਭੂਤ ਖੜਾ ਕਰਕੇ ਸ਼ੁਰੂ ਕੀਤੀ ਸੀ, ਜੋ ਅੱਜ ਤੱਕ ਜਾਰੀ ਹੈ। ਪਿਛਲੇ ਦਿਨੀਂ ਕੱਟੜਪੰਥੀ ਹਿੰਦੂ ਜਥੇਬੰਦੀਆਂ ਵਲੋਂ ਹਰਿਦੁਆਰ ਵਿੱਚ ਕਰਵਾਈ 'ਧਰਮ ਸੰਸਦ' ਵਿੱਚ ਮੁਸਲਮਾਨਾਂ ਦਾ ਕਤਲੇਆਮ ਕਰਨ ਦੀਆਂ ਸਪੱਸ਼ਟ ਧਮਕੀਆਂ ਦਿੱਤੀਆਂ ਗਈਆਂ। ਜੇ ਪਿਛਲੇ ਤੋਂ ਸਬਕ ਸਿੱਖ ਕੇ ਸਾਨੂੰ ਅਜਿਹੀਆਂ ਫਿਰਕੂ ਸਾਜ਼ਿਸ਼ਾਂ ਦੀ ਸਮਝ ਆਈ ਹੁੰਦੀ ਤਾਂ ਪਿਛਲੇ ਤਕਰੀਬਨ ਇੱਕ ਦਹਾਕੇ ਤੋਂ ਪੰਜਾਬ ਵਿੱਚ ਚੱਲ ਰਹੀਆਂ ਬੇਅਦਬੀਆਂ ਦੀ ਸਾਜ਼ਿਸ਼ ਦਾ ਵੀ ਪਤਾ ਲੱਗ ਚੁੱਕਾ ਹੁੰਦਾ? ਜੇ ਅਸੀਂ ਅਜਿਹੀਆਂ ਸਾਜ਼ਿਸ਼ਾਂ ਨੂੰ ਸਮਝ ਚੁੱਕੇ ਹੁੰਦੇ ਤਾਂ ਉਨ੍ਹਾਂ ਨੂੰ ਨਾਕਾਮ ਕਰਨ ਲਈ ਕੋਈ ਦੂਰ-ਦ੍ਰਿਸ਼ਟ ਰਾਹ ਲੱਭਦੇ, ਪਰ ਜੋ ਰਾਹ ਪਿਛਲੇ ਕੁਝ ਮਹੀਨਿਆਂ ਤੋਂ ਅਸੀਂ ਫੜਿਆ ਹੈ, ਉਸ ਤੋਂ ਸਪੱਸ਼ਟ ਹੈ ਕਿ ਅਸੀਂ ਨਾ ਬੀਤੇ ਤੋਂ ਕੁਝ ਸਿੱਖਿਆ ਹੈ ਤੇ ਨਾ ਹੀ ਹਰਾਰੀ ਦੇ ਕਹਿਣ ਅਨੁਸਾਰ ਸਾਡੇ ਕੋਲ਼ ਅਜਿਹਾ ਕੋਈ ਭਵਿੱਖੀ 'ਸਪੱਸ਼ਟ ਦ੍ਰਿਸ਼ਟੀਕੋਣ' ਹੀ ਹੈ? ਇਤਿਹਾਸ ਦੁਹਰਾਉਣ ਲਈ ਨਹੀਂ ਹੁੰਦੇ, ਉਸ ਵਿੱਚੋਂ ਸਬਕ ਸਿੱਖ ਕੇ ਭਵਿੱਖ ਬਣਾਉਣ ਲਈ ਹੁੰਦੇ ਹਨ? ਜਿਹੜੇ ਲੋਕ ਇਤਿਹਾਸ ਦੁਹਰਾਉਣ ਦੀਆਂ ਗੱਲਾਂ ਕਰਦੇ ਹਨ, ਉਹ ਇਤਿਹਾਸ ਦੇ ਵਰਕਿਆਂ ਤੇ ਮੂਰਖਾਂ ਵਿੱਚ ਗਿਣੇ ਜਾਂਦੇ ਹਨ ਕਿਉਂਕਿ ਹਰ ਇਤਿਹਾਸ ਸਮੇਂ ਤੇ ਸਥਾਨ ਦੀਆਂ ਪ੍ਰਸਥਿਤੀਆਂ ਅਨੁਸਾਰ ਹੁੰਦਾ ਹੈ। ਸਮੇਂ ਤੇ ਸਥਾਨ ਨਾਲ਼ ਅਕਸਰ ਸਭ ਕੁਝ ਬਦਲ ਜਾਂਦਾ ਹੈ। ਪਰ ਸਾਡੇ ਭਾਈਚਾਰੇ ਦੀ ਭਾਰੀ ਗਿਣਤੀ ਅਤੀਤ ਵਿੱਚ ਜਿਉਂਦੀ ਹੈ। ਉਨ੍ਹਾਂ ਕੋਲ਼ ਅਤੀਤ ਦੀਆਂ ਸਾਖੀਆਂ ਤੋਂ ਇਲਾਵਾ ਭਵਿੱਖ ਲਈ ਕੋਈ ਪਲੈਨ ਨਹੀਂ ਹੈ। ਇਸੇ ਕਰਕੇ ਸਾਡੇ ਸਮਾਜ ਦੇ ਇੱਕ ਵਰਗ ਨੂੰ 2-3 ਸਦੀਆਂ ਪਿਛੇ ਇਤਿਹਾਸ ਵਿੱਚ ਵਾਪਰੀਆਂ ਘਟਨਾਵਾਂ ਨੂੰ ਅੱਜ 21ਵੀਂ ਸਦੀ ਵਿੱਚ ਦੁਹਰਾਉਣ ਨਾਲ਼ ਹੀ ਸਕੂਨ ਮਿਲਦਾ ਹੈ? ਉਹ ਭੁੱਲ ਜਾਂਦੇ ਹਨ ਕਿ ਅੱਜ ਦੁਨੀਆਂ ਦੇ ਹਾਲਾਤ 2-3 ਸਦੀਆਂ ਪਹਿਲਾਂ ਵਾਲ਼ੇ ਨਹੀਂ, ਇਥੇ ਸਭ ਕੁਝ ਬਦਲ ਚੁੱਕਾ ਹੈ? ਜਾਲਮ ਤੇ ਮਜਲੂਮ ਹੀ ਨਹੀਂ ਬਦਲ ਚੁੱਕੇ, ਸਗੋਂ ਉਨ੍ਹਾਂ ਦੀ ਪ੍ਰੀਭਾਸ਼ਾ ਵੀ ਬਦਲ ਚੁੱਕੀ ਹੈ?

ਇਸ ਕਿਤਾਬ ਵਿੱਚ ਜੁਵਾਲ ਹਰਾਰੀ ਅਨੇਕਾਂ ਉਹ ਵਿਸ਼ੇ ਢੂੰਹਦਾ ਹੈ, ਜੋ ਗਲੋਬਲੀ ਸਾਨੂੰ ਸਭ ਨੂੰ ਦਰਪੇਸ਼ ਹਨ।ਕੀ ਇਹ ਮਸਲੇ ਅਜਿਹੇ ਨਹੀਂ ਹਨ, ਜੋ ਨਾ ਸਿਰਫ ਸਾਰੀ ਮਨੁੱਖਤਾ ਨੂੰ ਪ੍ਰਭਾਵਤ ਕਰ ਰਹੇ ਹਨ, ਸਗੋਂ ਇਸ ਧਰਤੀ ਤੇ ਵਸਦੇ ਹਰ ਮਨੁੱਖ ਦੇ ਰੋਜ਼ਾਨਾ ਜੀਵਨ ਨੂੰ ਵੀ ਪ੍ਰਭਾਵਿਤ ਕਰਨ ਵਾਲ਼ੇ ਹਨ? ਦੁਨੀਆਂ ਵਿੱਚ ਸੈਂਕੜੇ ਅਜਿਹੇ ਵਿਦਵਾਨ ਹਨ, ਜੋ ਅਜਿਹੇ ਵਿਸ਼ਿਆਂ ਤੇ ਲਗਾਤਾਰ ਲਿਖ ਤੇ ਬੋਲ ਰਹੇ ਹਨ। ਸੈਂਕੜੇ ਕਿਤਾਬਾਂ ਗਲੋਬਲ ਮਸਲ਼ਿਆਂ ਸਬੰਧੀ ਛਪ ਚੁੱਕੀਆਂ ਹਨ।ਸੋਚਵਾਨ ਲੋਕ ਗਲੋਬਲ ਵਾਰਮਿੰਗ, ਆਟੋਮੇਸ਼ਨ, ਜਨੈਟਿਕ ਇੰਜਨੀਅਰਿੰਗ, ਆਰਟੀਫਿਸ਼ੀਅਲ ਇਨਟੈਲੀਜੈਂਸ, ਰੋਬੋਟ ਟੈਕਨੌਲੋਜੀ, ਗਲੋਬਲ ਟੈਰੋਰਿਜ਼ਮ, ਪੀਣ ਯੋਗ ਪਾਣੀ ਦੀ ਕਮੀ, ਵਾਤਾਵਰਣ ਦਾ ਪ੍ਰਦੂਸ਼ਣ, ਵਧਦੀ ਅਬਾਦੀ, ਕੁਦਰਤੀ ਸਾਧਨਾਂ ਦੀ ਹੋ ਰਹੀ ਕਮੀ, ਗਲੋਬਲਾਈਜ਼ੇਸ਼ਨ ਅਧਾਰਿਤ ਲਿਬਰਲ ਡੈਮੋਕਰੇਸੀ ਦਾ ਸੰਕਟ ਬਾਰੇ ਨਾ ਸਿਰਫ ਵਿਚਾਰ ਕਰ ਰਹੇ ਹਨ, ਸਗੋਂ ਇਸ ਵਿੱਚੋਂ ਨਿਕਲਣ ਵਾਲ਼ੇ ਨਤੀਜਿਆਂ ਪ੍ਰਤੀ ਵੀ ਚਿੰਤਤ ਹਨ ਅਤੇ ਇਨ੍ਹਾਂ ਚੁਣੌਤੀਆਂ ਨਾਲ਼ ਨਜਿੱਠਣ ਲਈ ਸੁਝਾਅ ਵੀ ਦੇ ਰਹੇ ਹਨ। ਪਰ ਕੀ ਕਦੇ ਇਨ੍ਹਾਂ ਸਾਰੇ ਮਸਲਿਆਂ ਬਾਰੇ ਆਪਣੇ ਭਾਈਚਾਰੇ ਦੇ ਵਿਦਵਾਨਾਂ ਜਾਂ ਲੀਡਰਾਂ ਵਲੋਂ ਕਦੇ ਕੋਈ ਗੱਲ ਕੀਤੀ ਗਈ ਹੈ? ਸਾਡੇ ਭਾਈਚਾਰੇ ਦੇ ਕਿਸੇ ਵੀ ਧਾਰਮਿਕ, ਰਾਜਨੀਤਕ, ਸਮਾਜਿਕ ਪਲੈਟਫਾਰਮ ਤੇ ਤੁਹਾਨੂੰ ਅਜਿਹੇ ਕਿਸੇ ਵਿਸ਼ੇ ਬਾਰੇ ਗੱਲਬਾਤ ਪੜ੍ਹਨ-ਸੁਣਨ ਨੂੰ ਨਹੀਂ ਮਿਲੇਗੀ? ਜਿਸ ਤਰ੍ਹਾਂ ਮਿ. ਹਰਾਰੀ ਨੇ ਕਿਹਾ ਹੈ ਕਿ ਆਮ ਲੋਕਾਂ ਕੋਲ਼ ਅਜਿਹੇ ਮਸਲਿਆਂ ਬਾਰੇ ਗੱਲ ਕਰਨ ਲਈ ਕੋਈ ਸਮਾਂ ਨਹੀਂ। ਸ਼ਾਇਦ ਸਾਡੇ ਵਿਦਵਾਨਾਂ-ਲੀਡਰਾਂ ਕੋਲ਼ ਵੀ ਮਨੁੱਖਤਾ ਨਾਲ਼ੋਂ ਪੰਥ ਲਈ ਦਰਪੇਸ਼ ਹੋਰ ਵੱਡੇ-ਵੱਡੇ ਮਸਲੇ ਹਨ? ਅੱਜ ਪੰਜਾਬੀ ਭਾਈਚਾਰਾ ਦੁਨੀਆਂ ਭਰ ਵਿੱਚ ਫੈਲ ਚੁੱਕਾ ਹੈ, ਪਰ ਅਸੀਂ ਵਿਦੇਸ਼ਾਂ ਵਿੱਚ ਬੈਠ ਕੇ ਵੀ ਅਜਿਹੇ ਅੰਤਰ ਰਾਸ਼ਟਰੀ ਮਸਲਿਆਂ ਬਾਰੇ ਗੱਲ ਕਰਨੀ ਤਾਂ ਦੂਰ, ਕਦੇ ਰੁਚੀ ਵੀ ਨਹੀਂ ਦਿਖਾਉਂਦੇ? ਵਿਦੇਸ਼ਾਂ ਵਿੱਚ ਬੈਠ ਕੇ ਵੀ ਸਾਡੀ ਰਾਜਨੀਤੀ ਪੰਜਾਬ ਦੇ ਪਿੰਡਾਂ ਵਿੱਚੋਂ ਨਹੀਂ ਨਿਕਲ ਰਹੀ? ਕੀ ਗਲੋਬਲੀ ਵਿਚਰ ਰਹੇ ਭਾਈਚਾਰੇ ਨੂੰ ਗਲੋਬਲੀ ਸੋਚਣ ਵੱਲ ਨਹੀਂ ਤੁਰਨਾ ਚਾਹੀਦਾ? ਕੀ ਕਦੇ ਅਜਿਹੇ ਮਸਲਿਆਂ ਬਾਰੇ ਆਪਣੇ ਵੱਡੇ ਨਹੀਂ ਤਾਂ ਛੋਟੇ ਪਲੈਟਫਾਰਮਾਂ ਤੇ ਗੱਲ ਨਹੀਂ ਕਰਨੀ ਚਾਹੀਦੀ? ਜਿਸ ਤਰ੍ਹਾਂ ਦੀ ਰਾਜਨੀਤੀ ਸਾਡੀਆਂ ਪੰਥਕ ਜਥੇਬੰਦੀਆਂ ਕਰ ਰਹੀਆਂ ਹਨ, ਉਸਦੇ ਨਤੀਜਿਆਂ ਨੂੰ ਜਾਨਣ ਲਈ ਆਪਣੇ ਗੁਆਂਢੀ ਦੇਸ਼ ਪਾਕਿਸਤਾਨ ਵੱਲ ਝਾਤ ਮਾਰ ਲੈਣੀ ਚਾਹੀਦੀ ਹੈ? ਉਥੇ ਅਜਿਹੀਆਂ ਕੱਟੜ ਇਸਲਾਮਿਕ ਜਥੇਬੰਧੀਆਂ ਜੋ ਕੌੜ ਕਬੱਡੀ ਖੇਡ ਰਹੀਆਂ ਹਨ, ਉਸਦੇ ਨਤੀਜੇ ਸਭ ਦੇ ਸਾਹਮਣੇ ਹਨ। ਭਾਰਤੀ ਹਾਕਮ ਵੀ ਪਿਛਲੇ ਕੁਝ ਸਾਲਾਂ ਤੋਂ ਉਸੇ ਰਾਹ ਤੁਰੇ ਹੋਏ ਹਨ? ਧਰਮ ਅਧਾਰਿਤ ਸਟੇਟਾਂ ਦਾ ਜੋ ਹਸ਼ਰ ਪਿਛਲੇ 100 ਸਾਲਾਂ ਵਿੱਚ ਹੋਇਆ ਹੈ, ਉਸ ਤੋਂ ਸਬਕ ਲੈਣ ਦੀ ਥਾਂ ਭਾਰਤ ਦੇ ਮੌਜੂਦਾ ਹਾਕਮ ਭਾਰਤ ਨੂੰ ਉਸੇ ਤਰ੍ਹਾਂ ਦੀ ਧਰਮ ਅਧਾਰਿਤ ਸਟੇਟ ਬਣਾਉਣਾ ਚਾਹੁੰਦੇ ਹਨ? ਹੈਰਾਨੀ ਹੁੰਦੀ ਹੈ ਕਿ ਸਾਡੀਆਂ ਪੰਥਕ ਸੰਸਥਾਵਾਂ ਇੱਕ ਪਾਸੇ 'ਹਿੰਦੂ ਰਾਸ਼ਟਰ' ਦਾ ਵਿਰੋਧ ਕਰਦੀਆਂ ਹਨ, ਦੂਜੇ ਪਾਸੇ ਉਸੇ ਤਰਜ ਦੇ ਸਿੱਖ ਰਾਸ਼ਟਰ 'ਖਾਲਿਸਤਾਨ' ਬਣਾਉਣ ਦੀ ਸਿਆਸਤ ਕਰਦੀਆਂ ਹਨ? ਇਹ ਕਿਹੋ ਜਿਹੀ ਰਾਜਨੀਤੀ ਹੈ, ਸਮਝ ਤੋਂ ਬਾਹਰ ਹੈ? ਹੁਣ ਦੁਨੀਆਂ ਦੇ ਮਸਲੇ ਹੋਰ ਵੰਡਾਂ ਪਾ ਕੇ ਨਹੀਂ, ਸਗੋਂ ਇਕੱਠੇ ਹੋ ਕੇ ਹੱਲ ਹੋਣੇ ਹਨ? ਹੁਣ ਮਨੁੱਖਤਾ ਦਾ ਭਲਾ ਕੌਮਾਂ, ਦੇਸ਼ਾਂ, ਧਰਮਾਂ, ਰਾਸ਼ਟਰਾਂ ਦੀ ਸੋਚ ਵਿੱਚੋਂ ਨਿਕਲ਼ ਕੇ ਗਲੋਬਲ ਵਿਜ਼ਨ ਅਪਨਾਉਣ ਵਿੱਚ ਹੀ ਹੈ?

# ਗੁਲਾਮ ਮਾਨਸਿਕਤਾ ਦੀ ਨਿਸ਼ਾਨਦੇਹੀ...


ਅਬੇਲ ਤਾਸਮਨ ਦੇ ਬਹਾਨੇ ਗੁਲਾਮ ਮਾਨਸਿਕਤਾ ਦੀ ਨਿਸ਼ਾਨਦੇਹੀ

**ਸਰਬਜੀਤ ਸੋਹੀ, ਆਸਟਰੇਲੀਆ**

ਸੋਲਵੀਂ ਸਦੀ ਵਿਚ ਆਈ ਉਦਯੋਗਿਕ ਕ੍ਰਾਂਤੀ ਤੋਂ ਬਾਅਦ ਯੂਰਪੀਅਨ ਦੇਸ਼ਾਂ ਵਿਚ ਦੁਨੀਆਂ ਦੇ ਗਰੀਬ ਅਤੇ ਪਹੁੰਚ ਰਹਿਤ ਦੇਸ਼ਾਂ ਵਿਚ ਵਪਾਰ ਅਤੇ ਇਸਾਈਅਤ ਦੇ ਬਹਾਨੇ ਬਸਤੀਆਂ ਵਸਾਉਣ ਦੀ ਇਕ ਹੋੜ ਸ਼ੁਰੂ ਹੋ ਗਈ। ਇਹਨਾਂ ਸਮੁੰਦਰੀ ਮੁਹਿੰਮਾਂ ਤਹਿਤ 19 ਵੀਂ ਸਦੀ ਦੇ ਅੰਤ ਤੱਕ ਗਲੋਬ ਦਾ ਚੱਪਾ ਚੱਪਾ ਗਾਹਿਆ ਗਿਆ ਅਤੇ ਆਪਣੀਆਂ ਧਰਤੀਆਂ ਤੇ ਸਦੀਆਂ ਤੋਂ ਆਜ਼ਾਦ ਵੱਸਦੇ ਬਾਸ਼ਿੰਦਿਆਂ ਨੂੰ ਗੁਲਾਮ ਬਣਾ ਲਿਆ ਗਿਆ। ਫਿਰ ਇਸੇ ਹੀ ਬਾਂਦਰ ਵੰਡ ਦੇ ਚੱਲਦਿਆਂ ਆਪਣੇ ਅਤੇ ਗੁਲਾਮ ਦੇਸ਼ਾਂ ਦੇ ਮਜਬੂਰ ਲੋਕਾਂ ਨੂੰ ਪਹਿਲੀ ਅਤੇ ਦੂਸਰੀ ਵਿਸ਼ਵ ਜੰਗ ਵਿਚ ਧਕੇਲਿਆ ਗਿਆ। ਖਾਣ ਪੀਣ ਦੀਆਂ ਵਸਤਾਂ ਤੋਂ ਲੈ ਕੇ ਜਿਊਂਦੇ ਜਾਗਦੇ ਬੰਦਿਆਂ ਤੱਕ ਨੂੰ ਮੰਡੀ ਦਾ ਮਾਲ ਬਣਾ ਕੇ ਵੇਚਿਆ-ਖ਼ਰੀਦਿਆ ਗਿਆ। ਆਸਟਰੇਲੀਆ ਅਤੇ ਨਿਊਜੀਲੈਂਡ ਵਿਚ ਵੀ ਇਹਨਾਂ ਸਾਮਰਾਜੀ ਧਾੜਾਂ ਦੀ ਪਹਿਲੀ ਆਹਟ ਸਤਾਰਵੀਂ ਸਦੀ ਦੇ ਪਹਿਲੇ ਅੱਧ ਵਿਚ ਸੁਣਾਈ ਦਿੱਤੀ। ਅੰਗਰੇਜ਼ ਕੈਪਟਨ ਕੁੱਕ ਅਤੇ ਡੱਚ ਕੈਪਟਨ ਅਬੇਲ ਤਾਸਮਨ ਨੇ ਇਹਨਾਂ ਖੇਤਰਾਂ ਵਿਚ ਆਪੋ ਆਪਣੇ ਦੇਸ਼ਾਂ ਏਦਾਂ ਝੰਡੇ ਲਹਿਰਾਏ। ਯੂਰਪੀ ਹਮਲਾਵਰਾਂ ਨੇ ਬਹੁਤ ਜਲਦ ਹੀ ਰਵਾਇਤੀ ਹਥਿਆਰਾਂ ਨਾਲ ਲੜਣ ਵਾਲੇ ਕਬੀਲਿਆਂ ਨੂੰ ਪਿਛਾੜਦੇ ਹੋਏ ਆਸਟਰੇਲੀਆ/ਨਿਊਜੀਲੈਂਡ ਵਿਚ ਬਸਤੀਵਾਦ ਦੇ ਅਮਾਨਵੀ ਅਤੇ ਸ਼ੋਸਨ ਭਰੇ ਦੌਰ ਦੀ ਬੁਨਿਆਦ ਰੱਖ ਦਿੱਤੀ।

ਇਹਨਾਂ ਵਿੱਚੋਂ ਡੱਚ ਜਹਾਜ਼ਰਾਨ ਅਬੇਲ ਜ਼ੈਨਜ਼ੂਨ ਤਾਸਮਨ ਡੱਚ ਈਸਟ ਇੰਡੀਆ ਕੰਪਨੀ ਦੇ ਤਹਿਤ ਵਪਾਰਿਕ ਟੋਹੀ ਦੇ ਰੂਪ ਵਿਚ ਕੀਵੀਆਂ ਦੀ ਧਰਤੀ ਤੇ ਪਹੁੰਚਣ ਵਾਲਾ ਪਹਿਲਾ ਵਿਦੇਸ਼ੀ ਵਿਅਕਤੀ ਸੀ। ਨਵੰਬਰ 1642 ਵਿਚ ਆਸਟਰੇਲੀਆ ਦੇ ਸਭ ਤੋਂ ਵੱਡੇ ਟਾਪੂ Palawa kani ਵਿਖੇ ਪਹੁੰਚਿਆ, ਇੱਥੇ ਡੱਚ ਝੰਡਾ ਲਹਿਰਾਉਣ ਤੋਂ ਬਾਅਦ ਉਸ ਨੇ ਇਸ ਦਾ ਨਾਮ ਉਸ ਵੇਲੇ ਕੰਪਨੀ ਡੱਚ ਗਵਰਨਰ ਜਨਰਲ ਦੇ ਨਾਮ ਤੇ Van Diemen's Land ਰੱਖਿਆ। ਜੋ ਬਾਅਦ ਵਿਚ ਉਸ ਬਸਤੀਵਾਦੀ ਟੋਹੀ ਨੂੰ ਚਮਕਾਉਣ ਲਈ ਉਸ ਦੇ ਨਾਮ ਤੇ ਤਸਮਾਨੀਆ ਕਰ ਦਿੱਤਾ ਗਿਆ ਹੈ, Palawa Kani ਦਾ ਨਾਮ ਮੂਲ ਨਿਵਾਸੀਆਂ ਦੇ ਬੁੱਲਾਂ ਤੋਂ ਲਹਿੰਦਾ ਲਹਿੰਦਾ ਹੁਣ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਨੋਟ ਕੀਤਾ ਜਾਵੇ ਕਿ ਨਾਵਾਂ ਨੂੰ ਬਦਲਾਉਣ, ਮਿਟਾਉਣ ਅਤੇ ਉਚਿਆਉਣ ਮਗਰ ਇਕ ਵਿਸ਼ੇਸ ਪਹੁੰਚ ਕੰਮ ਕਰਦੀ ਹੈ।

ਮੌਜੂਦਾ ਤਸਮਾਨੀਆ ਵਿਚ ਡੱਚ ਦਾਅਵੇ ਦੀ ਸਥਾਪਤੀ ਤੋਂ ਬਾਅਦ ਅਬੇਲ ਤਾਸਮਨ ਦੀ ਅਗਵਾਈ ਵਿਚ ਬਸਤੀਵਾਦੀ ਟੋਹੀਆਂ ਨੇ ਨਿਊਜੀਲੈਂਡ ਦੇ ਦੱਖਣੀ ਟਾਪੂ ਤੇ ਆਪਣੇ ਕਦਮ ਰੱਖੇ। ਸਦੀਆਂ ਤੋਂ ਆਜ਼ਾਦ ਵੱਸਦੇ ਮਿਓਰੀ ਲੋਕਾਂ ਦੇ ਗੁਲਾਮ ਹੋਣ ਦੀ ਨੀਂਹ ਅਬੇਲ ਤਾਸਮਨ ਦੀ ਇਸ ਫੇਰੀ ਨਾਲ ਰੱਖੀ ਗਈ। ਛੇਤੀ ਹੀ ਉਹ ਟਾਪੂ ਦੇ ਨਾਲ ਨਾਲ ਚੱਲਦੇ ਹੋਏ Golden Bay ਖੇਤਰ ਵਿਚ ਪਹੁੰਚ ਗਏ। ਤਾਸਮਨ ਨੇ ਤੱਟ ਦੇ ਕੋਲ ਪਹੁੰਚ ਕੇ ਆਪਣੇ ਕੁੱਝ ਬੰਦੇ ਇਕ ਕਿਸ਼ਤੀ ਰਾਹੀਂ ਟਾਪੂ ਤੋਂ ਪਾਣੀ ਵਾਸਤੇ ਭੇਜੇ। ਏਥੇ ਮਿਓਰੀਆਂ ਦੇ ਇਕ ਸਥਾਨਿਕ ਕਬੀਲੇ ਨਾਲ ਉਹਦੇ ਬੰਦਿਆਂ ਦੀ ਹਿੰਸਕ ਝੜਪ ਹੋਈ। ਜਿਸ ਵਿਚ ਕਈ ਲੋਕ ਮਾਰੇ ਗਏ। ਇਸ ਤੋਂ ਬਾਅਦ ਤਾਸਮਨ ਅਤੇ ਉਸ ਦੇ ਸਾਥੀ ਪਿੱਛੇ ਹੱਟ ਗਏ ਅਤੇ ਨਿਊਜੀਲੈਂਡ ਦੇ ਉੱਤਰੀ ਟਾਪੂ ਦੇ ਕੋਲ਼ੋਂ ਲੰਘਦਿਆਂ ਫਿਜੀ ਥਾਈਂ ਜੂਨ 1643 ਵਿਚ ਵਾਪਸ ਆ Batavia (ਮੌਜੂਦਾ ਜਕਾਰਤਾ) ਪਰਤ ਆਇਆ।

ਆਪਣੀ ਦੂਸਰੀ ਸਮੁੰਦਰੀ ਯਾਤਰਾ ਦੌਰਾਨ ਉਸ ਨੇ 1644 ਵਿਚ ਆਸਟਰੇਲੀਆ ਦੀ ਧਰਤੀ ਬਾਰੇ ਪਹਿਲੀ ਵਾਰ ਜਾਣਕਾਰੀ ਦਿੱਤੀ ਅਤੇ ਇਸਦਾ ਨਾਮ ਨਿਊ ਹਾਲੈਂਡ ਰੱਖਿਆ। ਉਸ ਦੀ ਨਿਸ਼ਾਨਦੇਹੀ ਨੂੰ ਆਧਾਰ ਬਣਾਉਂਦਿਆਂ ਹੀ ਅੰਗਰੇਜ਼ ਕੈਪਟਨ ਜਾਰਜ ਕੁੱਕ ਨੇ 125 ਸਾਲ ਬਾਅਦ ਆਸਟਰੇਲੀਆ ਤੇ ਬ੍ਰਿਟਿਸ਼ ਕਬਜ਼ੇ ਨੂੰ ਅਮਲੀ ਰੂਪ ਦਿੰਦਿਆਂ ਆਸਟਰੇਲੀਆ/ਨਿਊਜੀਲੈਂਡ ਨੂੰ ਇੰਗਲੈਂਡ ਦੀਆਂ ਕਾਲੋਨੀਆਂ ਵਜੋਂ ਕਬਜ਼ੇ ਵਿਚ ਲੈਣ ਦੀ ਨੀਂਹ ਰੱਖੀ। ਇਸ ਤੋਂ ਬਾਅਦ ਮੂਲ ਨਿਵਾਸੀਆਂ ਦੇ ਵੱਡੇ ਪੱਧਰ ਤੇ ਨਰਸੰਹਾਰ, ਸਟੋਲਨ ਜਨਰੇਸ਼ਨ ਅਤੇ ਵਸੀਲਿਆਂ ਦੀ ਲੁੱਟ ਖਸੁੱਟ ਦਾ ਇਕ ਕਾਲਾ ਦੌਰ ਸ਼ੁਰੂ ਹੋਇਆ, ਜਿਸ ਤਹਿਤ ਇਸ ਧਰਤੀ ਦੇ ਮੂਲ ਵਸਨੀਕਾਂ ਨੂੰ ਆਪਣੀ ਹੀ ਧਰਤੀ ਤੇ ਗੁਲਾਮ ਬਣਾ ਦਿੱਤਾ ਗਿਆ।

ਅਬੇਲ ਤਾਸਮਨ ਦਾ ਅੰਤਲਾ ਸਮਾਂ ਜ਼ਲੀਲਤਾ ਭਰਿਆ ਸੀ। ਉਹ ਪਹਿਲਾਂ ਸੁਮਾਟਰਾ ਅਤੇ ਫਿਰ ਸ਼ਿਆਮ ਵਿਚ ਤਾਇਨਾਤ ਰਿਹਾ। ਇੱਥੋਂ ਹੀ ਇਕ ਵਾਰ ਉਸ ਨੇ ਅਮਰੀਕਾ ਤੋਂ ਆਉਂਦੇ ਚਾਂਦੀ ਨਾਲ ਭਰੇ ਸਪੈਨਿਸ਼ ਜਹਾਜ਼ ਲੁੱਟਣ ਦੀ ਮੁਹਿੰਮ ਦੀ ਅਗਵਾਈ ਕੀਤੀ, ਪਰ ਉਸ ਦੇ ਹੱਥ ਅਸਫਲਤਾ ਲੱਗੀ। ਸੰਨ੍ਹ 1649 ਵਿਚ ਉਸ ਨੇ ਸ਼ਰਾਬ ਦੇ ਨਸ਼ੇ ਵਿਚ ਆਪਣੇ ਹੀ ਦੋ ਸਾਥੀਆਂ ਨੂੰ ਬਿਨਾ ਕਿਸੇ ਕਾਰਨ ਦੇ ਫਾਂਸੀ ਲਾ ਕੇ ਮਾਰਨ ਦੀ ਕੋਸ਼ਿਸ਼ ਕੀਤੀ। ਉਹਨਾਂ ਵਿੱਚੋਂ ਇਕ ਮਰ ਗਿਆ ਅਤੇ ਦੂਸਰਾ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਇਸ ਕਤਲ ਦੇ ਦੋਸ਼ ਵਿਚ ਉਸ ਤੇ ਮੁਕੱਦਮਾ ਚੱਲਿਆ। ਉਸ ਤੋਂ ਕਮਾਂਡਰ ਦਾ ਅਹੁਦਾ ਖੋਹ ਲਿਆ ਗਿਆ। ਉਸ ਨੂੰ ਇਸ ਕਤਲ ਦੇ ਦੋਸ਼ ਵਿਚ ਜੁਰਮਾਨਾ ਕੀਤਾ ਗਿਆ ਅਤੇ ਮਾਰੇ ਗਏ ਵਿਅਕਤੀ ਦੇ ਪਰਿਵਾਰ ਨੂੰ ਹਰਜਾਨਾ ਦੇਣ ਲਈ ਮਜਬੂਰ ਕੀਤਾ ਗਿਆ। ਇਸ ਤੋਂ ਬਾਅਦ ਉਹ 1659 ਵਿਚ ਮਰਨ ਤੱਕ Batavia ਵਿਚ ਹੀ ਰਿਹਾ।

ਉਸ ਦੇ ਸਨਮਾਨ ਵਿਚ ਆਸਟਰੇਲੀਆ ਵਿਚ Tasmania State, Tasman Peninsula, Tasman Bridge, Tasman Highway ਆਦਿ ਦੇ ਨਾਮ ਉਸ ਦੀ ਯਾਦ ਵਿਚ ਰੱਖੇ ਹੋਏ ਹਨ। ਨਿਊਜੀਲੈਂਡ ਵਿਚ Tasman Glacier, Tasman National Park, Tasman lake, Tasman River, Tasman Mountain, Tasman bay ਆਦਿ ਨਾਮ ਰੱਖੇ ਹਨ। ਨਿਊਜੀਲੈਂਡ ਅਤੇ ਆਸਟਰੇਲੀਆ ਦੇ ਵਿਚਲਾ ਸਮੁੰਦਰੀ ਖੇਤਰ ਦਾ ਨਾਮ Tasman Sea ਰੱਖਿਆ ਗਿਆ ਹੈ।

**(ਬਾਕੀ ਸਫ਼ਾ 12 'ਤੇ)**

# ਏਕਾ ਤੇ ਸਬਰ ਜਿਤਾਉਂਦਾ ਹੈ ਜੰਗਾਂ ਨੂੰ

-ਹਰਕੇਸ਼ ਚੌਧਰੀ
98146-60155

ਸ਼ਾਨਾਂਮੱਤਾ ਇਤਿਹਾਸ ਰਚਣ ਵਾਲੇ ਸੰਸਾਰ ਪ੍ਰਸਿੱਧ ਸੰਘਰਸ਼ ਦੀਆਂ ਕੁਝ ਅਜਿਹੀਆਂ ਗੱਲਾਂ ਹਨ, ਜਿਨ੍ਹਾਂ ਗੱਲਾਂ ਨੂੰ ਜਾਣੇ ਬਿੰਨਾਂ ਇਸ ਸੰਘਰਸ਼ ਦੇ ਦੁਨੀਆਂ ਭਰ ਦੇ ਲੋਕਾਂ ਦੇ ਦਿਲਾਂ ਵਿੱਚ ਆਪਣੀ ਨਿਵੇਕਲੀ ਥਾਂ ਬਣਾਉਣ ਦੇ ਕਾਰਨ ਸਮਝ ਨਹੀਂ ਪੈਣੇ ਹਨ। ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਵਿੱਚ ਲੜਿਆ ਜਾਣ ਵਾਲਾ ਇਹ ਸੰਘਰਸ ਇਕੱਲਾ ਦਿੱਲੀ ਦੀ ਹਕੂਮਤ ਦੇ ਖਿਲਾਫ ਹੀ ਨਹੀਂ ਲੜਿਆ ਜਾ ਰਿਹਾ ਸੀ। ਸਗੋਂ ਕਾਰਪੋਰੇਟ ਜਗਤ ਨਾਲ ਵੀ ਲੜਿਆ ਜਾ ਰਿਹਾ ਸੀ, ਸੰਸਾਰ ਵਪਾਰ ਸੰਸਥਾ ਦੇ ਖਿਲਾਫ ਵੀ ਲੜਿਆ ਜਾ ਰਿਹਾ ਸੀ। ਇਸ ਕਰਕੇ ਸਾਫ ਸਾਫ ਦੋ ਵਰਗਾਂ ਦੇ ਭੇੜ ਨਜਰ ਆ ਰਿਹਾ ਸੀ।ਹਕੂਮਤ ਦੇ ਹਰ ਹੱਲੇ ਦਾ ਜੁਆਬ ਬੜੀ ਹਲੀਮੀ ਨਾਲ ਬਿਨਾਂ ਕਿਸੇ ਉਕਸਾਹਟ ਦੇ ਦਿੱਤਾ ਜਾ ਰਿਹਾ ਸੀ। ਉਹਨਾਂ ਨੇ ਕੰਡੇਦਾਰ ਤਾਰਾਂ ਲਾਈਆਂ ਤੇ ਸੜਕਾਂ ਤੇ ਨੁਕੀਲੀਆਂ ਕਿੱਲਾਂ ਲਾਈਆਂ ਤੇ ਅਸੀਂ ਧਰਤੀ ਨੂੰ ਸੁਨੱਖੀ ਬਣਾਉਣ ਲਈ ਫੁੱਲ ਬੀਜੇ,ਉਹਨਾਂ ਡਾਂਗਾਂ ਮਾਰ ਮੱਥੇ ਪਾੜ ਦਿੱਤੇ ਪਰ ਕਿਸਾਨਾਂ ਨੇ ਉਹਨਾਂ ਨੂੰ ਲੰਗਰ ਛਕਾਏ। ਦਿੱਲੀ ਦੀ ਇੱਕ ਬਜੁਰਗ ਔਰਤ ਜਦੋਂ ਸਿੰਘੂ ਬਾਡਰ ਤੇ ਗਈ ਤਾਂ ਉੱਥੋ ਮੁੜ੍ਹਕੇ ਵਾਪਸ ਘਰ ਨਹੀਂ ਗਈ ਉਸਨੂੰ ਉੱਥੇ ਦੇ ਲੋਕਾਂ ਵਿਵਹਾਰ ਨੇ ਮੋਹ ਲਿਆ ਸੀ।ਫੇਰ ਉਹ ਸੰਘਰਸ ਜਿੱਤਣ ਤੱਕ ਉੱਥੇ ਹੀ ਸਿਲਾਈ ਮਸੀਨ ਤੇ ਲੋਕਾਂ ਦੇ ਫਰੀ ਕੱਪਣੇ ਸਿਉਣ ਲੱਗੀ ਸੀ। ਇੱਕ ਦਿੱਲੀ ਦੀ ਪ੍ਰੀਤੀ ਆਰਿਆ ਨਾਂ ਦੀ ਕੁੜੀ ਸਿੰਘੂ ਬਾਡਰ ਤੇ ਇੱਕ ਦਿਨ ਆਪਣੇ ਇੱਕ ਸਿੱਖ ਵਿਦਿਆਰਥੀ ਮਿੱਤਰ ਕਰਕੇ ਸੰਘਰਸਸੀਲ ਲੋਕਾਂ ਨੂੰ ਵੇਖਣ ਆਈ ਤਾਂ ਉਹ ਉੱਥੋ ਦੀ ਲਾਡੋ ਰਾਣੀ ਬਣ ਗਈ। ਹਰ ਦਿਨ ਆਉਣ ਲੱਗੀ, ਆਪਣੇ ਆਪ ਨੂੰ ਇਸ ਸੰਘਰਸ ਦਾ ਹਿੱਸਾ ਹੀ ਸਮਝਣ ਲੱਗ ਪਈ ਸੀ। ਕਿਉਂਕਿ ਇੱਥੋਂ ਦੇ ਬਾਬਿਆਂ ਦੀ "ਲਾਡੋ" ਬਣ ਗਈ, ਬੀਬੀਆਂ ਇਸ ਨੂੰ "ਧੀਏ" ਕਹਿ ਕੇ ਬੁਲਾਉਣ ਲੱਗੀਆਂ ਸਨ। ਪ੍ਰੀਤੀ ਨੂੰ ਧੀਏ ਤੇ ਲਾਡੋ ਸਬਦ ਬਹੁਤ ਵਧੀਆ ਤੇ ਮੋਹ ਭਰਿਆ ਲੱਗਦਾ ਸੀ। ਸੰਘਰਸ ਜਿੱਤਣ ਤੋਂ ਬਾਆਦ ਇਹ ਮੋਹ ਉਸ ਦੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਣ ਗਿਆ ਹੈ। ਉਹ ਪੰਜਾਬ ਆਉਣਾ ਚਾਹੁੰਦੀ ਹੈ। ਉਹ ਗਾਉਣਾ ਚਾਹੁੰਦੀ "ਤੇਰੇ ਬੋਤੇ ਨੂੰ ਗੁਆਰੇ ਦੀਆਂ ਫਲੀਆਂ ਵੇ ਤੈਨੂੰ ਵੀਰਾ ਦੁੱਧ ਦਾ ਛੰਨਾਂ" ਉਹ ਨਿੱਰਛੱਲ ਮੋਹ ਦੀਆਂ ਤੰਦਾਂ ਤੋਂ ਮੁਕਤ ਨਹੀਂ ਹੋ ਸਕਦੀ ਹੈ। ਉਹਦੀ ਅੱਖ ਵਿੱਚ ਛਲਕਦਾ ਮੋਹ ਦਾ ਸਾਗਰ, ਉਸਦੇ ਭਰੇ ਗਲੇ ਨਾਲ ਕਹੇ ਸਬਦ ਇਤਿਹਾਸ ਰਚ ਰਹੇ ਸਨ। ਹਾਕਮਾਂ ਜਿਨ੍ਹਾਂ ਆਪਣੇ ਪੁੱਤ ਦੇ ਦਿੱਤੇ ਇਸ ਸੰਘਰਸ਼ ਲਈ ਉਹਨਾਂ ਨੂੰ ਪੁੱਛ ਕਿ ਸਿਵਿਆਂ ਦਾ ਸੇਕ ਕਿੰਨਾਂ ਤੱਤਾ ਹੁੰਦਾ ਹੈ। ਪਰ ਲੋਕਾਂ ਵਿੱਚ ਨਿਰਾਸਾ ਕੋਈ ਨਹੀ ਸੀ ਉਹ ਤਾਂ ਚੜ੍ਹਦੀ ਕਲਾ ਵਿੱਚ ਇਹ ਕਹਿੰਦੇ ਸਨ। "ਇਹਨਾਂ ਦਾ ਜੋਰ ਪਰਖਣਾ ਜੋ ਪਰਖਣ ਤੇਰੇ ਸਬਰਾਂ, ਛੇਤੀ ਹੀ ਨੱਥ ਪਾ ਲੈਣੀ ਹੈ, ਲੋਕਾਂ ਉੱਠਕੇ ਜਬਰਾਂ ਨੂੰ" ਸੰਘਰਸ਼ ਦੀ ਗੂੰਜ ਗਦਰ ਵਾਲੀ ਸੀ, ਸਹਿਜਤਾ ਸਾਹੀਨ ਬਾਗ ਵਾਲੀ ਸੀ। ਅਡੋਲਤਾ ਸ੍ਰੀ ਗੁਰੂ ਤੇਗ ਬਹਾਦਰ ਵਾਲੀ ਸੀ। ਇਸੇ ਕਰਕੇ ਦੇਸ ਵਿਦੇਸ ਦੇ ਲੋਕਾਂ ਦਾ ਮਨ ਮੋਹ ਲਿਆ ਸੀ। ਗਰੇਟਾ ਥੇਨਵਰਗ ਸਵੀਡਨ ਦੀ ਵਾਤਾਵਰਣ ਕਾਰਕੁੰਨ ਨੇ ਕਿਹਾ ਕਿ ਮੈਂ ਭਾਰਤ ਦੇ ਕਿਸਾਨਾਂ ਨਾਲ ਖੜੀ ਹਾਂ। ਰੀਆਨਾ ਜਿਹੜੀ ਕਿ ਇੰਟਰਨੈਸਨਲ ਪੋਪ ਸਿੰਗਰ ਹੈ ਨੇ ਕਿਹਾ ਕਿ ਅਸਾਂ ਨੂੰ ਕਿਸਾਨਾਂ ਦੀ ਗੱਲ ਕਰਨੀ ਚਾਹੀਦੀ ਹੈ। ਸੰਘਰਸ਼ ਦੀ ਖੂਬਸੂਰਤੀ ਇਹ ਵੀ ਸੀ। ਹੁੱਕੇ ਵਾਲੇ ਹੁੱਕੇ ਪੀ ਰਹੇ ਸਨ। ਇੱਕ ਪਾਸੇ ਗੁਰਬਾਣੀ ਦਾ ਪਾਠ ਹੋ ਰਿਹਾ ਸੀ। ਇੱਕ ਪਾਸੇ ਡੇਰਿਆਂ ਦੇ ਬਾਬੇ ਲੰਗਰ ਲਗਾ ਰਹੇ ਸਨ। ਹਸਪਤਾਲ ਖੁੱਲ ਗਏ ਸਨ। ਦੁਨੀਆਂ ਦੇ ਨਕਸੇ ਤੇ ਇਹ ਟੁਕੜੀ ਜੱਗ ਤੋਂ ਨਿਆਰੀ ਸੀ। ਜਿੱਥੇ ਪਿਆਰਾਂ ਦੀ ਵਾਦੀ ਮਹਿਕੀ ਸੀ। ਨਾ ਈਰਖਾ ਸੀ ਨਾ ਸਾੜਾ ਸੀ। ਕਾਮਰੇਡ ਤੇ ਸਾਧ ਗੋਸਟਿ ਕਰ ਰਹੇਂ ਸਨ। ਡਾ. ਸਵੈਮਾਣ ਸਿੰਘ ਅਮਰੀਕਾ ਤੋਂ ਆ ਕੇ ਸੰਘਰਸ਼ ਦਾ ਪੱਕਾ ਸੰਗੀ ਸਾਥੀ ਬਣ ਗਿਆ ਸੀ। ਪੀ.ਸਾਈਨਾਥ ਨਾਂ ਦੇ ਉੱਘੇ ਪੱਤਰਕਾਰ ਨੇ ਸੰਘਰਸ ਦੀ ਵਾਰਤਾ ਲਈ "ਰੂਰਲ ਇੰਡੀਆ ਆਨ ਲਾਇਨ ਡੋਟ ਆਰਗ" ਬਣਾ ਕੇ 60ਦੇ ਕਰੀਬ ਲੇਖ ਤੇ ਸੰਘਰਸ ਦੀਆਂ ਫੋਟੋਆਂ ਪਾ ਦਿੱਤੀਆਂ ਤਾਂ ਇਤਿਹਾਸ ਸਿਰਜਣ ਹਾਰਿਆਂ ਦਾ ਇਤਿਹਾਸ ਸਾਂਭਿਆ ਜਾਵੇ। "ਭੁੱਲਣੇ ਨਹੀਂ ਜੇਠ ਹਾੜ, ਭੁੱਲਣੇ ਸਿਆਲ ਨਹੀਂ ਵੋਟਾਂ ਜਿਹਨੂੰ ਪਾਈਆਂ ਉਹ ਖੜੇ ਥੋਡੇ ਨਾਲ ਨਹੀਂ ਲਾਲਚਾ ਤੋਂ ਸੋਚਾਂ ਨੂੰ ਆਜਾਦ ਰੱਖਿਓ, ਜਦੋਂ ਮੁੜਾਂਗੇ ਪੰਜਾਬ ਨੂੰ ਕੱਲੀ ਕੱਲੀ ਗੱਲ ਤੁਸੀਂ ਯਾਦ ਰੱਖਿਓ" ਜਦੋਂ ਲੋਕ ਮੋਰਚਾ ਫਤਿਹ ਹੋਣ ਤੋਂ ਬਾਆਦ ਮੁੜਨ ਲੱਗੇ ਤਾਂ ਇੱਕ ਯੂ.ਪੀ.ਦਾ ਇੱਕ ਬਜੁਰਗ ਇੱਕ ਘੜਾ ਘਰ ਨੂੰ ਲਿਜਾ ਰਿਹਾ ਸੀ। ਇੱਕ ਪੱਤਰਕਾਰ ਨੇ ਸਵਾਲ ਕੀਤਾ ਬਾਬਾ ਇਹ ਘੜਾ ਕਿਉਂ ਚੱਕਿਆ ਹੈ, ਇਹ ਤਾਂ ਕੋਈ ਖਾਸ ਕੀਮਤੀ ਚੀਜ ਨਹੀਂ ਹੈ, ਤਾਂ ਉਸ ਬਾਬੇ ਨੇ ਜੁਆਬ ਦਿੱਤਾ ਕਿ ਜਦੋਂ ਇੱਥੇ ਗਰਮੀਂ ਵਿੱਚ ਲੋਆਂ ਵਗਦੀਆਂ ਸਨ।ਉਸ ਵੇਲੇ ਅਸੀਂ ਇਸ ਘੜੇ ਵਿੱਚੋਂ ਠੰਡਾ ਪਾਣੀ ਪੀਂਦੇ ਸਾਂ। ਇਸ ਵਿੱਚੋਂ ਹਿੰਦੂ ਵੀ ਪਾਣੀ ਪੀਦੇ ਸਨ, ਸਿੱਖ ਵੀ ਪਾਣੀ ਪੀਦੇਂ ਸਨ ਅਤੇ ਮੁਸਲਮਾਨ ਵੀ ਇਸ ਘੜੇ ਵਿੱਚੋਂ ਪਾਣੀ ਪੀਦੇ ਸਨ। ਮੈਂ ਇਹ ਘੜਾ ਆਪਣੇ ਪਿੰਡ ਸਥਾਪਿਤ ਕਰਨਾ ਹੈ ਤਾਂ ਆਉਣ ਵਾਲੀਆਂ ਪੀੜੀਆਂ ਨੂੰ ਪਤਾ ਲੱਗ ਸਕੇ ਕਿ ਸਾਂਝਾ ਦਾ ਪਾਣੀ ਪੀ ਹਕੂਮਤਾਂ ਨੂੰ ਹਰਾਇਆ ਜਾ ਸਕਦਾ। ਬ੍ਰਖੈਤ ਨੇ ਕਿਹਾ ਸੀ "ਜਿਹੜਾ ਮਨੁੱਖ ਲੜਦਾ ਹੈ ਉਹ ਹਾਰ ਸਕਦਾ ਹੈ, ਪਰ ਜਿਹੜਾ ਲੜਦਾ ਹੀ ਨਹੀਂ ਉਹ ਤਾਂ ਪਹਿਲਾਂ ਹੀ ਹਾਰ ਚੁੱਕਾ ਹੁੰਦਾ ਹੈ"। ਅਸੀਂ ਲੜੇ ਹਾਂ ਤੇ ਅਸੀਂ ਜਿੱਤੇ ਹਾਂ।

"ਇਸ ਮਿੱਟੀ ਚੋਂ ਯੋਧੇ ਨਹੀਂ ਕਦੇ ਮੁੱਕ ਸਕਦੇ" ਜਿਉਂ ਹੀਂ ਦਿੱਲੀ ਦੀ ਹਕੂਮਤ ਨੇ ਤਿੰਨ ਕਾਲੇ ਕਾਨੂੰਨ ਬਣਾ ਕੇ ਲੋਕਾਂ ਦੇ ਸਿਰ ਮੜ੍ਹਨ ਦਾ ਫੈਸਲਾ ਕਰ ਲਿਆ ਤਾਂ ਕਿਸਾਨ ਜੱਥੇਵੰਦੀਆਂ ਨੇ ਵੀ ਇੱਕਠੇ ਹੋ ਕੇ ਇਸ ਵਿਰੁੱਧ ਡੱਟਣ ਦਾ ਫੈਸਲਾ ਕਰ ਲਿਆ ਸੀ। ਪਹਿਲਾਂ ਸੰਘਰਸ ਪੰਜਾਬ ਤੋਂ ਸੂਰੂ ਹੋਇਆ ਤੇ ਦਿੱਲੀ ਜਾਣ ਦਾ ਫੈਸਲਾ ਹੋਇਆ ਤਾਂ ਮਿੱਟੀ ਦੇ ਜਾਏ ਨੇ ਆਪਣੇ ਦੁੱਖਾਂ ਸੁੱਖਾਂ ਦੇ ਸਾਂਝੀ ਮਿੱਟੀ ਦੇ ਪੁੱਤ ਨੂੰ ਹਾਕ ਮਾਰ ਲਈ ਕਿ ਆਜਾ ਮੇਰੇ ਮਜਦੂਰ ਭਰਾਵਾ ਤੇਰੇ ਬਿਨ੍ਹਾਂ ਇਹ ਮੋਰਚਾ ਜਿੱਤਿਆ ਨਹੀਂ ਜਾਣਾ,....ਤਖਤ ਨਾਲ ਟੱਕਰ ਹੈ। ਮਜਦੂਰ ਕਿਸਾਨ ਦੀ ਜੋਟੀ ਬਿੰਨਾਂ ਹੇਠਲੀ ਉੱਤੇ ਲਿਆਂਦੀ ਨਹੀਂ ਜਾਣੀ। ਬੱਸ ਫੇਰ ਕੀ ਸੀ ਤੁਰ ਪਏ ਲੋਕ ਟਰਾਲੀਆਂ ਤੇ ਰਾਸਣ ਬੰਨ੍ਹ ਕੇ,ਹਰ ਜਾਗਦੀ ਜਮੀਰ ਤੁਰ ਪਈ, ਜ਼ਮੀਨਾਂ ਵਾਲੇ, ਬੇਜ਼ਮੀਨੇ, ਦੁਕਾਨਦਾਰ, ਮੁਲਾਜ਼ਮ, ਔਰਤਾਂ, ਬੱਸ ਪੰਜਾਬ ਦੀ ਫਿਜਾ ਅੰਦਰ ਹਰ ਟਰੈਕਟਰ ਤੇ, ਹਰ ਬੱਸ, ਟਰੱਕ, ਕਾਰ ਵਿੱਚ ਗੂੰਜਣ ਲੱਗੇ ਗੀਤ ਖਿੱਚ ਲੈ ਜੱਟਾ ਖਿੱਚ ਤਿਆਰੀ ਪੇਚਾ ਪੈ ਗਿਆ ਸੈਂਟਰ ਨਾਲ.........ਲੋਕ ਇਸ ਤਰ੍ਹਾਂ ਨਾਲ ਤਿਆਰੀ ਕਰ ਰਹੇ ਸਨ ਜਿਵੇਂ ਉਹਨਾਂ ਨੇ ਜੰਞ ਜਾਣਾ ਹੋਵੇ, ਇਸ ਤਰ੍ਹਾਂ ਦਾ ਜਜਬਾ ਜੋਸ ਜਵਾਨੀ ਦਾ ਠਾਠਾਂ ਮਾਰ ਰਿਹਾ ਸੀ ਤੇ "ਹੋਸ" ਉਹਨਾਂ ਦੀ ਅਗਵਾਈ ਕਰ ਰਿਹਾ ਸੀ। ਸੰਘਰਸ਼ਾਂ ਦੇ ਪਿੜਾਂ ਦੇ ਰੜ੍ਹੇ ਹੋਏ ਜਰਨੈਲ ਅਗਵਾਈ ਕਰ ਰਹੇ ਸੀ। ਜਿਉਂ ਹੀ ਕਾਫਲੇ ਹਰਿਆਣੇ ਵਿੱਚ ਵੜੇ ਤਾਂ ਹਰਿਆਣੇ ਨੇ ਫੁੱਲਾਂ ਨਾਲ ਸਵਾਗਤ ਕੀਤਾ ਤੇ ਪੰਜਾਬ ਨੂੰ ਵੱਡਾ ਭਾਈ ਮੰਨ ਕੇ ਅਗਵਾਈ ਕਬੂਲ ਕਰ ਕਰਕੇ ਨਾਲ ਤੁਰ ਪਏ ਬੱਸ ਫੇਰ ਕੀ ਸੀ "ਛੱਲਾ ਇਬ ਨਾ ਮੁੜ ਗਿਆ ਗੈਲ ਹਰਿਆਣਾ ਜੁੜ ਗਿਆ" ਲੋਕ ਅੱਗੇ ਵੱਧ ਰਹੇ ਸਨ। "ਬੱਸ ਦੋ ਚਾਰ ਘੰਟਿਆਂ ਦੀ ਵਾਟ ਦਿੱਲੀਏ ਤੈਨੂੰ ਯਾਦ ਕਰਵਾ ਦਿਆਂਗੇ ਔਕਾਤ ਦਿੱਲੀਏ" ਉੱਤਰ ਪ੍ਰਦੇਸ ਤੋਂ ਹੁੰਦਾ ਹੋਇਆ ਸੰਘਰਸ਼ ਪੂਰੇ ਦੇਸ ਵਿੱਚ ਫੈਲ ਗਿਆ ਸੀ। ਤਖਤ ਨੂੰ ਤਰੇਲੀਆਂ ਆਉਣੀਆਂ ਸ਼ੁਰੂ ਹੋ ਗਈਆਂ ਸਨ। ਕਿਸੇ ਵੀ ਲੋਕ ਸੰਘਰਸ ਨੂੰ ਲੋਕਾਂ ਦੇ ਦਿਲਾਂ ਵਿੱਚ ਵਸਾਉਣ ਵਾਲੇ ਉਸ ਦੇ ਲੋਕ ਹਿੱਤਾਂ ਨੂੰ ਪ੍ਰਨਾਏ ਲੋਕ ਕਲਾਕਾਰ ਹੁੰਦੇ ਹਨ। ਇਸ ਸੰਘਰਸ਼ ਵਿੱਚ ਲੋਕ ਕਲਾਕਾਰਾਂ ਦੇ ਨਾਲ ਨਾਲ ਮੰਡੀ ਦੇ ਕਲਾਕਾਰ ਵੀ ਕੁੱਦ ਪਏ ਸਨ। ਸਾਰਿਆਂ ਵਿੱਚੋਂ ਲੋਕ ਕਲਾਕਾਰਾਂ ਦਾ ਝਲਕਾਰਾ ਪੈ ਰਿਹਾ ਸੀ। ਇਹ ਇੱਕ ਇਸ ਮੋਰਚੇ ਦੀ ਅਹਿਮ ਪ੍ਰਾਪਤੀ ਸੀ। ਹਰ ਗੀਤਕਾਰ, ਗਾਇਕ, ਪੱਤਰਕਾਰ, ਨਾਟਕਕਾਰ ਲੇਖਕ, ਕਵੀ, ਕਲਾਕਾਰ ਆਪਣੇ ਆਪ ਨੂੰ ਇਸ ਮੋਰਚੇ ਦਾ ਹਿੱਸਾ ਬਣਾ ਲੈਣਾ ਚਾਹੁੰਦਾ ਸੀ। ਜਦੋਂ ਹਕੂਮਤ ਦੇ ਗੋਦੀ ਮੀਡੀਆ ਨੇ ਸੰਘਰਸਸ਼ੀਲ ਲੋਕਾਂ ਨੂੰ ਖਾਲਿਸਤਾਨੀ, ਅੱਤਵਾਦੀ, ਪਰਜੀਵੀ, ਅੰਦੋਲਨ ਜੀਵੀ, ਕਹਿ ਕੇ ਬਦਨਾਮ ਕਰਨ ਦੀ ਕੋਸਿਸ ਕੀਤੀ ਤਾਂ ਕਲਮਕਾਰਾਂ, ਪੱਤਰਕਾਰਾ ਨੇ ਮੋਰਚੇ ਨੂੰ ਸੰਭਾਲਿਆ। ਕਾਹਲੀ ਕਰਨ ਵਾਲੇ ਤੱਤੇ ਚਲਣ ਵਾਲੇ ਲੋਕਾਂ ਨੂੰ ਵੀ ਬੀਰ ਸਿੰਘ ਵਰਗੇ ਗੀਤਕਾਰਾਂ ਨੇ ਕਿਹਾ "ਹੱਕਾਂ ਦੀ ਜੰਗ ਹੈ ਵੀਰੋ ਸਬਰਾਂ ਨਾਲ ਲੜਨੀ ਪੈਣੀ" ਸੰਘਰਸ ਦੇ ਅੰਗ ਸੰਗ ਸੀ ਪੰਜਾਬੀ ਗੀਤ ਸੰਗੀਤ, ਹਰ ਮੋੜ ਤੇ ਹਰ ਪੜਾਅ ਤੇ ਆਪਣੇ ਲੋਕਾਂ ਦੇ ਦਿਲਾਂ ਦੀ ਗੱਲ ਬੁੱਝ ਕੇ ਉਹਨਾਂ ਨੂੰ ਹੌਸਲਾ ਦਿੰਦਾ, ਉਹਨਾਂ ਅੰਦਰ ਜੋਸ ਭਰਦਾ ਸੀ। ਜਦੋਂ ਸੰਘਰਸ ਲੰਬਾ ਹੋਣ ਲੱਗਾ ਤਾਂ ਲੋਕਾਂ ਦੇ ਦਿਲਾਂ ਵਿੱਚ ਇੱਕ ਖਦਸਾ ਜਿਹਾ ਪੈਦਾ ਹੋਣ ਲੱਗਾ ਕਿ ਕੀ ਸੰਘਰਸ ਜਿੱਤੂਗਾ ਉਸ ਸਮੇਂ ਕਨਵਰ ਗਰੇਵਾਲ ਹਰਫ ਚੀਮਾਂ, ਗਲਫ ਵੜੈਚ, ਬਲੀਰਾਏ, ਵਰਗਿਆਂ ਨੇ ਲੋਕਾਂ ਦਾ ਹੌਸਲਾਂ ਟੁੱਟਣ ਨਾ ਦਿੱਤਾ।ਜਦੋਂ ਜੰਗ ਰੋਟੀ ਦੀ ਹੋਵੇ ਉਸ ਵਕਤ ਮਨੁੱਖ ਹਾਰਦਾ ਨਹੀਂ ਹੁੰਦਾ। "ਮਖਾਂ ਜਿੱਤੂਗਾ ਪੰਜਾਬ ਮੈਚ ਚੋਟੀ ਦਾ ਕਿੱਥੋਂ ਹਾਰਦਾ ਹੈ ਮਸਲਾ ਹੈ ਰੋਟੀ ਦਾ" ਲੋਕ ਸੰਗੀਤ ਮੰਡਲੀ ਜੀਦਾ ਜਗਸੀਰ ਜੀਦਾ, ਲੋਕ ਸੰਗੀਤ ਮੰਡਲੀ ਭਦੌੜ, ਮਾ ਰਾਮ ਕੁਮਾਰ, ਜਗਦੀਸ, ਪਾਪੜਾ, ਇਸ ਸੰਘਰਸ਼ ਦੇ ਅੰਗ ਸੰਗ ਵਿਚਰ ਰਹੇ ਸਨ। ਧਰਮਿੰਦਰ ਮਸਾਣੀ ਦੇ ਗੀਤ ਲੋਕਾਂ ਨੂੰ ਜੂਝਣ ਲਈ ਪ੍ਰੇਰਿਤ ਕਰ ਰਹੇ ਸਨ। ਰਸੂਲਪੁਰ ਦਾ ਕਵਿਸਰੀ ਜੱਥਾ ਵੀ ਲੋਕਾਂ ਦਾ ਸੰਗੀ ਸਾਥੀ ਸੀ। ਸੰਘਰਸ਼ ਦੇ ਉਤਰਾਅ ਚੜ੍ਹਾਅ ਦੇ ਦੌਰ ਵੀ ਬਹੁਤ ਰਹੇ ਹਨ। ਜਦੋਂ ਕੁਝ ਅੰਦਰੋਂ ਹੀ ਦਾਅ ਮਾਰਨ ਵਿੱਚ ਲੱਗੇ ਹੋਏ ਸਨ। ਵੱਧ ਅਧਿਕਾਰਾਂ ਦਾ ਰੌਲਾ ਪਾ ਕੇ ਮੋਰਚੇ ਨੂੰ ਤਾਰਪੀਡੋ ਕਰਨ ਵਿੱਚ ਲੱਗੇ ਹੋਏ ਸਨ। 26 ਜਨਵਰੀ ਨੂੰ ਉਹਨਾਂ ਇੱਕ ਵਾਰ ਤਾਂ ਸਰਕਾਰ ਦੀ ਸਾਜਿਸ ਨੂੰ ਕਾਮਯਾਬ ਕਰਨ ਵਿੱਚ ਕੋਈ ਕਸਰ ਛੱਡੀ ਨਹੀਂ ਸੀ। ਇੱਕ ਵਾਰ ਤਾਂ ਲੱਗਿਆ ਕਿ ਸੰਘਰਸ ਹਾਰ ਜਾਵੇਗਾ।ਗੋਦੀ ਮੀਡੀਆ ਪੂਰੀ ਤਰ੍ਹਾਂ ਨਾਲ ਸਰਗਰਮ ਹੋ ਗਿਆ ਸੀ। ਆਪਣੀਆਂ ਨਿਰਾਸਾਵਾਂ ਨਾਲ ਲੜਨਾਂ ਮਨੁੱਖ ਲਈ ਸਭ ਤੋਂ ਔਖਾ ਹੁੰਦਾ ਹੈ। ਹਰ ਸੰਘਰਸ਼ ਨਾਲ ਜੁੜਿਆ ਮਨੁੱਖ ਉਸ ਵਕਤ ਉਸੇ ਨਿਰਾਸਾ ਦੇ ਦੌਰ ਵਿੱਚੋਂ ਗੁਜਰਿਆ ਸੀ। ਇੰਟਰਨੈਟ ਤੇ ਕਿਸਾਨਾਂ ਖਿਲਾਫ ਧੂੰਆਂਧਾਰ ਪਰਚਾਰ ਹੋ ਰਿਹਾ ਸੀ। ਉਸ ਵਕਤ ਇਹ ਲੱਗਣ ਲੱਗ ਪਿਆ ਸੀ ਕਿ ਇਹ ਧੂੰਆਂਧਾਰ ਪ੍ਰਚਾਰ ਦੇਸ ਦੇ ਆਮ ਸਹਿਰੀਆਂ ਦੀ ਰਾਇ ਕਿਸਾਨਾਂ ਖਿਲਾਫ ਬਣਾ ਦੇਵੇਗਾ। ਪਰ ਕਿਆ ਬਾਤਾਂ ਕਿਸਾਨ ਸੰਘਰਸ ਦੀਆਂ ਜਿਸਨੇ ਸਮਝ ਲਿਆ ਕਿ ਜੇ ਮੀਡੀਆ ਵਿਕਾਊ ਹੈ ਇਸ ਦੇਸ ਦਾ ਤਾਂ ਫੇਰ ਕੀ ਹੋਇਆ ਉਹਨਾਂ ਨੇ ਆਪਣੇ ਇੱਕਲੇ ਇੱਕਲੇ ਕਿਸਾਨ ਨੂੰ ਹੀ ਮੀਡੀਆ ਹਾਊਸ ਬਣਾ ਲਿਆ। ਗੋਦੀ ਮੀਡੀਆ ਨੂੰ ਕਿਸਾਨ ਸੰਘਰਸ਼ ਦੇ ਮੋਰਚੇ ਅੰਦਰ ਆਉਣ ਦੀ ਮਨਾਹੀ ਹੈ। ਕਿਸਾਨਾਂ ਦਾ ਯੂ ਟਿਊਬ ਚੈਨਲ ਖੁੱਲ ਗਿਆ, ਇੰਸਟਾਗ੍ਰਾਮ, ਸਨੈਪਚੈਟ ਤੇ ਕਿਸਾਨਾਂ ਦਾ ਅਕਾਉਂਟ ਬਣ ਗਿਆ। ਟਰਾਲੀ ਟਾਇਮਜ ਅਖਬਾਰ ਨਿਕਲਣਾ ਸ਼ੁਰੂ ਹੋ ਗਿਆ ।ਸੰਘਰਸ ਨੇ ਗੋਦੀ ਮੀਡੀਏ ਦਾ ਜੁਆਬ ਲੋਕ ਮੀਡੀਏ ਰਾਹੀਂ ਦਿੱਤਾ। ਲੋਕ ਪੱਖੀ ਰੰਗਮੰਚ ਵੀ ਸਮੇਂ ਤੇ ਹਲਾਤਾਂ ਵਿੱਚ ਢਲਿਆ ਹੋਇਆ ਬਾਰਡਰਾਂ ਤੇ ਵਿੱਚਰ ਰਿਹਾ ਸੀ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ (ਹਰਕੇਸ ਚੌਧਰੀ)ਵੱਲੋਂ "ਉੱਠਣ ਦਾ ਵੇਲਾ" ਰਾਹੀਂ ਲੋਕਾਂ ਨੂੰ ਸੰਘਰਸ ਦਾ ਹਿੱਸਾ ਬਣਨ ਦਾ ਸੱਦਾ ਦਿੱਤਾ। ਜ਼ਮੀਨ ਹੈ ਜਾਂ ਨਹੀਂ ਪਰ ਬੰਦੇ ਦੀ ਜਮੀਰ ਜਰੂਰ ਜਾਗਦੀ ਹੋਣੀ ਚਾਹੀਦੀ ਹੈ। ਸ਼ਹੀਦ ਭਗਤ ਸਿੰਘ ਕਲਾ ਮੰਚ ਚੜਿਕ (ਤੀਰਥ ਚੜਿਕ)ਬਾਡਰ ਤੇ ਨਾਟਕ ਖੇਡ ਰਿਹਾ ਸੀ "ਮੈਂ ਦਿੱਲੀ ਤੋਂ ਦੁੱਲਾ ਬੋਲਦਾ ਹਾਂ" ਰੰਗਮੰਚ ਸੰਘਰਸ਼ ਦੇ ਨਾਲ ਨਾਲ ਵਿਚਰ ਰਿਹਾ ਸੀ। ਪੰਜਾਬੀ ਰੰਗਮੰਚ ਨੇ ਇਹ ਇਤਿਹਾਸ ਸਿਰਜਿਆ ਹੈ ਕਿ ਰੇਲਵੇ ਟਰੈਕਾਂ ਤੇ ਨਾਟਕ ਹੋ ਰਿਹਾ ਸੀ। ਸੋਮਪਾਲ ਹੀਰਾ ਸਿਰਜਣਾ ਆਰਟ ਗਰੁੱਪ ਰਾਹੀਂ "ਹਾਂ ਮੈਂ ਅੰਦੋਲਨ ਜੀਵੀ ਹਾਂ" ਖੇਡ ਰਿਹਾ ਸੀ। ਚਿੱਤਰਕਾਰਾਂ ਨੇ ਆਪਣੀ ਜਿੰਮੇਵਾਰੀ ਸਮਝਦਿਆਂ ਅਨੇਕਾ ਚਿੱਤਰ ਬਣਾਏ ਹਨ। ਲੁਧਿਆਣੇ ਦੇ ਅੰਗਹੀਣ ਅਧਿਆਪਕ ਪ੍ਰਵੀਨ ਕੁਮਾਰ ਨੇ 18 ਫੱਟ ਲੰਬੀ ਪੇਟਿੰਗ ਟਿਕਰੀ ਬਾਡਰ ਤੇ ਬਣਾਈ। ਉਸ ਨੂੰ ਲੱਗ ਰਿਹਾ ਸੀ ਮੈਂ ਇਸ ਸੰਘਰਸ ਦਾ ਹਿੱਸਾ ਕਿਵੇਂ ਬਣਾ? ਇੱਕ 66 ਸਾਲਾਂ ਦੀ ਔਰਤ ਪ੍ਰੈਸ ਫੋਟੋਗ੍ਰਾਫਰ ਸਰਵੇਸ ਨੇ ਇਸ ਸੰਘਰਸ ਦੀਆਂ ਇੱਕ ਲੱਖ ਫੋਟੋਆਂ ਖਿਚੀਆਂ ਹਨ। ਸੰਘਰਸ਼ ਕਦੇ ਵੀ ਕੁਰਬਾਨੀਆਂ ਤੋਂ ਬਿੰਨਾਂ ਨਹੀਂ ਜਿੱਤੇ ਜਾਂਦੇ ਇਸ ਲਈ ਸਿਰ ਦੇਣੇ ਪੈਂਦੇ ਹਨ। ਸੱਤ ਸੌ ਸਿਰਾਂ ਦਾ ਮੁੱਲ ਤਾਰਨਾ ਪਿਆ ਹੈ। ਇਤਿਹਾਸ ਸੰਘਰਸ ਦਾ ਪ੍ਰੇਰਨਾ ਸਰੋਤ ਸੀ। ਮੰਚ ਰੰਗਮੰਚ (ਕੇਵਲ ਧਾਲੀਵਾਲ) ਨੇ ਹਾੜੀਆਂ ਸਉਣੀਆਂ ਓਪੇਰੇ ਨਾਲ ਇਸ ਸੰਘਰਸ ਵਿੱਚ ਹਾਜਰੀ ਲਵਾਈ ਹੈ, ਸਾਹਿਬ ਸਿੰਘ,ਲੱਖਾ ਲਹਿਰੀ, ਹਰਵਿੰਦਰ ਦੀਵਾਨਾ, ਸੱਤਪਾਲ ਬੰਗਾ, ਰਣਜੀਤ ਚੋਹਾਨ, ਇੱਕਤਰ ਸਿੰਘ ਆਦਿ ਨਾਟਕਕਾਰਾਂ ਨੇ ਸੰਘਰਸ ਵਿੱਚ ਆਪਣੀਆਂ ਕਲਾਕ੍ਰਿਤਾਂ ਨਾਲ ਸੰਘਰਸ ਨੂੰ ਤੇਜ ਕੀਤਾ।ਲੋਕ ਕਲਾਮੰਚ ਮਾਨਸਾ" ਐਇੰ ਕਿਵੇਂ ਖੋਹ ਲਵੋ ਗੇ ਜਮੀਨਾਂ" ਨਾਲ ਰੋਹ ਵਿਦਰੋਹ ਭਰਦਾ ਰਿਹਾ ਹੈ। ਕਲਾ ਤੇ ਸੰਗਰਾਮ ਦੀ ਨਿਆਰੀ ਇਸ ਸਾਂਝ ਨੇ ਇਸ ਸੰਘਰਸ ਨੂੰ ਕੁਲ ਦੁਨੀਆਂ ਵਿੱਚ ਹਰਮਨ ਪਿਆਰਾ ਬਣਾ ਦਿੱਤਾ ਹੈ। ਤਾਂ ਹੀ ਤਾਂ ਨਿਉਮ ਚੌਮਸਕੀ ਲਿਖਦਾ ਹੈ ਕਿ ਜੇ ਕਾਰਪੋਰੇਟ ਦੇ ਪੰਜੇ ਤੋਂ ਸੰਸਾਰ ਨੂੰ ਬਚਾਉਣਾ ਹੈ।ਤਾਂ ਪੰਜਾਬ ਤੋਂ ਉੱਠੇ ਸੰਘਰਸ ਤੋਂ ਸੇਧ ਲੈਣੀ ਪੈਣੀ ਹੈ।





# ਕੈਨੇਡਾ ਪੜ੍ਹਨ ਗਏ ਸੈਂਕੜੇ ਵਿਦਿਆਰਥੀਆਂ ਦਾ ਭਵਿੱਖ ਖਤਰੇ 'ਚ



ਮੌਂਟਰੀਅਲ : ਕੈਨੇਡਾ ਦੇ ਸ਼ਹਿਰ ਮੌਂਟਰੀਅਲ ਦੇ ਤਿੰਨ ਕਾਲਜਾਂ ਨੇ ਦੀਵਾਲੀਆਪਣ (bankruptcy) ਦਿਖਾਕੇ ਕੈਨੇਡਾ ਅਤੇ ਭਾਰਤ ਬੈਠੇ ਸੈਂਕੜੇ ਵਿਦਿਆਰਥੀਆਂ ਦੇ ਕਰੋੜਾਂ ਰੁਪਏ ਅਤੇ ਭਵਿੱਖ ਖਤਰੇ ਵਿੱਚ ਪਾ ਦਿੱਤਾ ਹੈ। ਮੌਂਟਰੀਅਲ ਦੇ ਤਿੰਨ ਕਾਲਜ ਐਮ-ਕਾਲਜ, ਸੀਡੀਈ ਅਤੇ ਸੀਸੀਐਸਕਿਊ ਦੇ ਮਾਲਕ ਨਵੀਨ ਅਤੇ ਕੈਰਲ ਨੇ ਪੰਜਾਬ-ਭਾਰਤ ਦੇ ਸੈਂਕੜੇ ਵਿਦਿਆਰਥੀਆਂ ਤੋਂ ਹਜ਼ਾਰਾਂ ਡਾਲਰ ਦੀ ਵਸੂਲੀ ਕੀਤੀ ਅਤੇ ਅਗਾਊਂ ਵਿਊਂਤਬੰਦੀ ਨਾਲ ਆਪਣੇ ਤਿੰਨੇ ਕਾਲਜਾਂ ਨੂੰ ਦੀਵਾਲੀਆ ਦਿਖਾਕੇ ਇਕ ਵੱਡੀ ਧੋਖਾਧੜੀ ਨੂੰ ਅੰਜ਼ਾਮ ਦਿੱਤਾ। ਕੈਰਲ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ ਅਤੇ ਨਵੀਨ ਧੋਖਾਧੜੀ ਕਰਕੇ ਫਰਾਰ ਹੈ। ਨੌਜਵਾਨ ਆਗੂ ਵਰੁਣ ਖੰਨਾ, ਅਮੀਤੋਜ਼ ਸ਼ਾਹ, ਪਰਮ ਢਿੱਲੋਂ, ਜੋਤ ਘੁੰਮਣ, ਹਰਜਿੰਦਰ ਸਿੱਧੂ, ਪਰਮਿੰਦਰ ਪਾਂਗਲੀ ਨੇ ਇਸ ਧੋਖਾਧੜੀ ਦਾ ਸ਼ਿਕਾਰ ਹੋਏ ਵਿਦਿਆਰਥੀਆਂ ਨਾਲ ਅੱਜ ਲਸਾਲ ਦੇ ਮੈਕਸੀ ਪਲਾਜ਼ਾ ਵਿੱਚ ਵੱਧਵੀਂ ਮੀਟਿੰਗ ਕੀਤੀ। ਭਾਰੀ ਬਰਫਵਾਰੀ ਤੇ ਕੜਾਕੇ ਦੀ ਠੰਡ ਦੇ ਬਾਵਜੂਦ ਇਕ ਦਿਨ ਦੇ ਸੱਦੇ ਤੇ ਬੁਲਾਈ ਗਈ ਇਸ ਮੀਟਿੰਗ ਵਿੱਚ ਸੌ ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ। ਵਰੁਣ ਖੰਨਾ ਨੇ ਦੱਸਿਆ ਕਿ ਵਿਦਿਆਰਥੀਆਂ ਤੋਂ ਮਿਲੀ ਜਾਣਕਾਰੀ ਮੁਤਾਬਕ ਧੋਖਾਧੜੀ ਕਰਕੇ ਤਿੰਨ ਕਾਲਜਾਂ ਦੇ ਬੰਦ ਹੋਣ ਨਾਲ ਕੈਨੇਡਾ ਅੰਦਰ ਰਹਿੰਦੇ 1500 ਦੇ ਕਰੀਬ ਵਿਦਿਆਰਥੀਆਂ ਦਾ ਭਵਿੱਖ ਦਾਅ ਉੱਤੇ ਲੱਗਾ ਹੋਇਆ ਹੈ। ਇਹਨਾਂ ਵਿੱਚੋਂ 30% ਵਿਦਿਆਰਥੀਆਂ ਦੀ ਹਾਲ ਹੀ ਵਿੱਚ ਪਹਿਲੇ ਸਮੈਸਟਰ ਦੀ ਪੜ੍ਹਾਈ ਸ਼ੁਰੂ ਹੋਈ ਸੀ ਅਤੇ 70% ਵਿਦਿਆਰਥੀਆਂ ਦੀ ਪੜ੍ਹਾਈ ਲੱਗਭੱਗ ਖਤਮ ਹੋਣ ਵਾਲੀ ਸੀ। ਇਸਤੋਂ ਇਲਾਵਾ ਪੰਜਾਬ-ਭਾਰਤ ਵਿੱਚ ਬੈਠੇ ਵਿਦਿਆਰਥੀਆਂ ਕੋਲੋਂ ਲੱਗਭੱਗ 60 ਲੱਖ ਕੈਨੇਡੀਅਨ ਡਾਲਰ ਫੀਸਾਂ ਦੇ ਰੂਪ ਵਿੱਚ ਵਸੂਲਿਆ ਜਾ ਚੁੱਕਾ ਹੈ। ਕੈਨੇਡਾ ਤੋਂ ਬਾਹਰ ਇਹਨਾਂ ਵਿਦਿਆਰਥੀਆਂ ਦੀ ਗਿਣਤੀ ਲੱਗਭੱਗ 400 ਦੇ ਕਰੀਬ ਬਣਦੀ ਹੈ। ਕਾਲਜ ਬੰਦ ਹੋਣ ਨਾਲ ਇਹਨਾਂ ਵਿਦਿਆਰਥੀਆਂ ਦੇ ਵੀਜ਼ੇ ਰੱਦ ਹੋ ਰਹੇ ਹਨ ਅਤੇ ਉਹਨਾਂ ਦੇ ਵਿਦੇਸ਼ ਜਾ ਕੇ ਪੜ੍ਹਾਈ ਕਰਨ ਦੇ ਸੁਪਨੇ ਟੁੱਟ ਰਹੇ ਹਨ। ਇਸਤੋਂ ਇਲਾਵਾ ਇਹਨਾਂ ਵਿਦਿਆਰਥੀਆਂ ਦੀਆਂ ਲੱਖਾਂ ਡਾਲਰ ਫੀਸਾਂ ਫਿਲਹਾਲ ਡੁੱਬ ਚੁੱਕੀਆਂ ਹਨ। ਵਿਦਿਆਰਥੀਆਂ ਮੁਤਾਬਕ ਉਹਨਾਂ ਨੇ ਪੰਜਾਬ ਵਿੱਚ ਰਹਿਲ ਸਰਵਿਸ ਕੈਨੇਡਾ, ਕੈਨਮ ਸਰਵਿਸ ਸਮੇਤ ਕਈ ਹੋਰ ਏਜੰਟਾਂ ਰਾਹੀਂ ਵਿਦਿਆਰਥੀ ਵੀਜ਼ਾ ਲਈ ਅਪਲਾਈ ਕੀਤਾ ਸੀ।

ਇਸ ਵੱਡੀ ਧੋਖਾਧੜੀ ਕਾਰਨ ਵਿਦਿਆਰਥੀ ਪ੍ਰੇਸ਼ਾਨ ਹਨ। ਕਰੋਨਾ ਮਾਹਾਂਮਾਰੀ ਦੇ ਦੌਰ ਵਿੱਚ ਸੀਮਿਤ ਕੰਮ ਘੰਟੇ, ਘੱਟ ਉਜ਼ਰਤਾਂ, ਮਹਿੰਗੇ ਰਿਹਾਇਸ਼ੀ ਕਮਰੇ, ਮਹਿੰਗੀਆਂ ਫੀਸਾਂ ਅਤੇ ਅਨਿਸ਼ਚਿਤ ਭਵਿੱਖ ਕਾਰਨ ਹਾਲਤ ਹੋਰ ਵੀ ਵੱਧ ਮੁਸ਼ਕਲਾਂ ਭਰੀ ਹੈ। ਪੰਜਾਬ ਵਿੱਚ ਪਹਿਲਾਂ ਹੀ ਮਹਿੰਗਾਈ ਅਤੇ ਬੇਰੁਜਗਾਰੀ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੇ ਮੁਸ਼ਕਲ ਨਾਲ ਹਜ਼ਾਰਾਂ ਡਾਲਰ ਫੀਸਾਂ ਲਈ ਇਕੱਠੇ ਕੀਤੇ ਸਨ। ਅਜਿਹੀ ਹਾਲਤ ਵਿੱਚ ਇਸ ਧੋਖਾਧੜੀ ਨੇ ਉਹਨਾਂ ਉੱਪਰ ਮੁਸੀਬਤਾਂ ਦਾ ਪਹਾੜ ਸੁੱਟ ਦਿੱਤਾ।

ਅੱਜ ਦੀ ਮੀਟਿੰਗ ਵਿੱਚ ਧੋਖਾਧੜੀ ਦੇ ਸ਼ਿਕਾਰ ਤਿੰਨਾਂ ਕਾਲਜਾਂ ਦੇ ਵਿਦਿਆਰਥੀਆਂ ਦੇ ਹੱਕਾਂ ਲਈ 13 ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ। ਇਹ ਕਮੇਟੀ ਆਉਣ ਵਾਲੇ ਦਿਨਾਂ ਵਿੱਚ ਵੱਖ-ਵੱਖ ਸ਼ੋਸ਼ਲ ਮੀਡੀਆਂ ਪਲੇਟਫਾਰਮਾਂ ਉੱਤੇ 'ਮੌਂਟਰੀਅਲ ਯੂਥ-ਸਟੂਡੈਂਟ ਆਰਗੇਨਾਈਜੇਸ਼ਨ' ਨਾਮ ਹੇਠ ਆਪਣਾ ਪ੍ਰੋਗਰਾਮ ਦੇਵੇਗੀ। ਇਸ ਮੀਟਿੰਗ ਵਿੱਚ ਆਖਰੀ ਸਮੈਸਟਰ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਦੀ ਪੜ੍ਹਾਈ ਪੂਰੀ ਕਰਵਾਉਣ, ਪਹਿਲੇ ਸਮੈਸਟਰ ਵਾਲੇ ਵਿਦਿਆਰਥੀਆਂ ਨੂੰ ਅਗਾਂਊ ਉਗਰਾਹੀ ਫੀਸ ਉੱਤੇ ਕਿਸੇ ਹੋਰ ਕਾਲਜਾਂ ਵਿੱਚ ਐਡਜਸਟ ਕਰਨ, ਕੈਨੇਡਾ ਤੋਂ ਬਾਹਰ ਬੈਠੇ ਵਿਦਿਆਰਥੀਆਂ ਦੀ ਫੀਸ ਵਾਪਸ ਕਰਨ, ਭਾਰਤੀ ਰਾਜਦੂਤ ਨੂੰ ਇਸ ਮਾਮਲੇ ਵਿੱਚ ਦਖਲ ਦੇ ਕੇ ਪਹਿਲ ਦੇ ਅਧਾਰ ਤੇ ਹੱਲ ਕਰਨ, ਧੋਖਾਧੜੀ ਕਰਨ ਵਾਲਿਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਨ ਆਦਿ ਮੰਗਾਂ ਉੱਤੇ ਸੰਘਰਸ਼ ਕਰਨ ਦੀ ਵਿਊਂਤਬੰਦੀ ਬਣਾਈ ਗਈ। ਇਸ ਮੀਟਿੰਗ ਵਿੱਚ ਕੈਨੇਡਾ ਅਤੇ ਪੰਜਾਬ-ਭਾਰਤ ਦੇ ਵਿਦਿਆਰਥੀਆਂ ਤੇ ਇਨਸਾਫਪਸੰਦ ਲੋਕਾਂ ਨੂੰ ਧੋਖਾਧੜੀ ਦਾ ਸ਼ਿਕਾਰ ਵਿਦਿਆਰਥੀਆਂ ਦਾ ਸਾਥ ਦੇਣ ਦੀ ਅਪੀਲ ਕੀਤੀ ਗਈ। ਵਿਦਿਆਰਥੀ ਆਗੂਆਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਮੌਂਟਰੀਅਲ ਅਤੇ ਬਰੈਂਪਟਨ ਸ਼ਹਿਰ ਵਿੱਚ ਵਿਸ਼ਾਲ ਵਿਦਿਆਰਥੀ ਲਾਮਬੰਦੀ ਕੀਤੀ ਜਾਵੇਗੀ।

**ਵਰੁਣ ਖੰਨਾ** (514-984-1786)
**ਮਨਦੀਪ** +5493813389246)


SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
* LIFE INSURANCE * CRITICAL ILLNESS INSURANCE * TFSA
* RRSP * RESP * DISABILITY INSURANCE
For More Information Call:
HARCHARAN PARHAR
Cell: 403.681.8689 Email: parharinsurance@gmail.com www.parharinsurance.com





Harpreet Parmar CPA, CGA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
New Location
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca






Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom





ਵਰਕਰ ਦੀ ਤੁਰੰਤ ਲੋੜ
ਪੁਰਾਣੇ ਜਾਂ ਨਵੇਂ ਘਰਾਂ ਵਿਚ ਟਾਇਲਾਂ ਅਤੇ ਮਾਰਬਲ ਲਗਵਾਉਣ ਅਤੇ ਤਸੱਲੀਬਖਸ਼ ਕੰਮ ਕਰਵਾਉਣ ਲਈ ਸੰਪਰਕ ਕਰੋ
Sharmanjot22@gmail.com




Harmanjot Dhudike
403-975-0006
Dalveer Purba
587-435-5600

**ਕਾਲੇ ਕਾਨੂੰਨਾਂ ਖਿਲਾਫ ਸਮਾਗਮ**

# ਬੁੱਧੀਜੀਵੀਆਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਨ ਦਾ ਸੱਦਾ



ਜਲੰਧਰ, (ਬਲਜਿੰਦਰ ਸਿੰਘ) : ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਮਨੁੱਖੀ ਅਧਿਕਾਰਾਂ ਉਪਰ ਬੋਲੇ ਕਾਲੇ ਕਾਨੂੰਨਾਂ ਦੇ ਹੱਲੇ ਖਿਲਾਫ ਅਤੇ ਬੁੱਧੀਜੀਵੀਆਂ ਦੀ ਰਿਹਾਈ ਲਈ ਅੱਜ ਦੇਸ ਭਗਤ ਯਾਦਗਾਰ ਹਾਲ ਵਿਖੇ ਸਮਾਗਮ ਕੀਤਾ ਗਿਆ।

ਸਮਾਗਮ 'ਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਕਮੇਟੀ ਮੈਂਬਰ ਸਭਿਆਚਾਰਕ ਵਿੰਗ ਦੇ ਕਨਵੀਨਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਡੈਮੋਕ੍ਰੈਟਿਕ ਲਾਅਰਜ ਐਸੋਸੀਏਸਨ ਦੇ ਬੁਲਾਰੇ ਐਡਵੋਕੇਟ ਦਲਜੀਤ ਸਿੰਘ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰੈਸ ਸਕੱਤਰ ਬੂਟਾ ਸਿੰਘ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਗਣਤੰਤਰ ਦਿਵਸ ਦੇ ਪੂਰਵ ਸੰਧਿਆ 'ਤੇ ਹੋਏ ਇਸ ਸਮਾਗਮ ਵਿੱਚ ਬੋਲਦਿਆਂ ਲੋਕਾਂ ਲਈ ਹਕੀਕੀ ਆਜਾਦੀ, ਜਮਹੂਰੀਅਤ, ਬਰਾਬਰੀ, ਨਿਆਂ ਅਤੇ ਭਾਈਚਾਰਕ ਸਾਂਝ ਦੇ ਅਹਿਮ ਸੁਆਲ ਛੋਹੇ। ਬੁਲਾਰਿਆਂ ਨੇ ਕਿਹਾ ਕਿ ਲੋਕਾਂ ਨੂੰ ਆਪਣੀ ਮੁਕਤੀ ਲਈ ਗਦਰੀ ਬਾਬਿਆਂ ਦੇ ਦਰਸਾਏ ਲੋਕ ਸੰਘਰਸ ਦੇ ਰਾਹ 'ਤੇ ਟੇਕ ਰੱਖ ਕੇ ਚੱਲਣ ਦੀ ਲੋੜ ਹੈ।

ਸਮਾਗਮ 'ਚ ਲੋਕਾਂ ਨੇ ਹੱਥ ਖੜ੍ਹੇ ਕਰਕੇ ਪਾਸ ਕੀਤੇ ਮਤਿਆਂ ਰਾਹੀਂ ਮੰਗ ਕੀਤੀ ਕਿ ਕਾਲੇ ਕਾਨੂੰਨ ਵਾਪਸ ਲਏ ਜਾਣ, ਬੁੱਧੀਜੀਵੀਆਂ ਨੂੰ ਬਿਨਾਂ ਸਰਤ ਰਿਹਾਅ ਕੀਤਾ ਜਾਏ, ਯੂ.ਏ.ਪੀ.ਏ. ਅਸਫਸਪਾ ਵਰਗੇ ਕਾਲੇ ਕਾਨੂੰਨ ਰੱਦ ਕੀਤੇ ਜਾਣ, ਜੱਲ੍ਹਿਆਂਵਾਲਾ ਬਾਗ ਦਾ ਮੂਲ ਸਰੂਪ ਬਹਾਲ ਕੀਤਾ ਜਾਏ ਅਤੇ ਹਰਦੁਆਰ ਵਿਖੇ ਕੀਤੇ ਧਰਮ ਸੰਸਦ ਸੰਮੇਲਨ ਵਰਗੇ ਫ਼ਿ?ਰਕੂ ਪ੍ਰਚਾਰ ਦੇ ਮੁਜਰਮਾਂ 'ਤੇ ਕਾਰਵਾਈ ਕੀਤੀ ਜਾਏ।

ਇਸ ਸਮਾਗਮ ਵਿੱਚ ਵਿਚਾਰ-ਚਰਚਾ ਉਪਰੰਤ ਪੀਪਲਜ ਵਾਇਸ ਵੱਲੋਂ ਆਨੰਦ ਪਟਵਰਧਨ ਦੀ ਫਿਲਮ 'ਹਮਾਰਾ ਸਹਿਰ:ਬੰਬੇ ਆਵਰ ਸਿਟੀ' ਤੋਂ ਇਲਾਵਾ ਗੌਹਰ ਰਜਾ ਦੀ ਕਵਿਤਾ 'ਗਵਾਹੀ ਦੋ' ਅਤੇ ਪਾਸ ਦੀ ਕਵਿਤਾ 'ਕੰਡੇ ਦਾ ਜਖਮ' 'ਤੇ ਬਣੀਆਂ ਫਿਲਮਾਂ ਦਿਖਾਈਆਂ ਗਈਆਂ। ਇਨ੍ਹਾਂ ਗੀਤਾਂ ਤੇ ਫਿਲਮਾਂ ਨੇ ਦਰਸਕਾਂ ਉਪਰ ਅਮਿੱਟ ਛਾਪ ਛੱਡੀ ਅਤੇ ਉਨ੍ਹਾਂ ਨੂੰ ਆਪਣੇ ਚੌਗਿਰਦੇ ਵਿੱਚ ਵਾਪਰਦੇ ਨਿੱਤ ਭਿਆਨਕ ਹਾਦਸਿਆਂ ਅਤੇ ਜਬਰ-ਜੁਲਮ ਬਾਰੇ ਸੋਚਣ ਲਈ ਝੰਜੋੜ ਕੇ ਰੱਖ ਦਿੱਤਾ।

ਡਾ. ਸੁਰਜੀਤ ਜੱਜ, ਸਰਗਮ, ਮਾਨਵਤਾ ਕਲਾ ਮੰਚ ਨਗਰ ਦੀ ਕਲਾਕਾਰ ਨਰਗਿਸ, ਧਰਮਿੰਦਰ ਮਸਾਣੀ ਨੇ ਕਵਿਤਾਵਾਂ ਪੇਸ ਕੀਤੀਆਂ।

ਇਸ ਸਮਾਗਮ ਦੀ ਸਫਲਤਾ 'ਚ ਪੀਪਲਜ ਵਾਇਸ, ਪਾਸ ਯਾਦਗਾਰੀ ਕੌਮਾਂਤਰੀ ਟ੍ਰਸਟ, ਫੁਲਵਾੜੀ ਕਲਾ ਕੇਂਦਰ ਲੋਹੀਆਂ, ਪ੍ਰਗਤੀਸੀਲ ਲੇਖਕ ਸੰਘ ਇਕਾਈ ਪੰਜਾਬ, ਸਾਹਿਤ ਕਲਾ ਕੇਂਦਰ ਜਲੰਧਰ, ਪੰਜਾਬੀ ਲੇਖਕ ਸਭਾ ਰਜਿ ਜਲੰਧਰ, ਸਾਹਿਤਕ/ਸਭਿਆਚਾਰਕ ਮੰਚ ਫੁਲਕਾਰੀ, ਮਾਨਵਵਾਦੀ ਰਚਨਾ ਮੰਚ ਤਰਕਸੀਲ ਸੁਸਾਇਟੀ ਪੰਜਾਬ ਜਲੰਧਰ, ਜਮਹੂਰੀ ਅਧਿਕਾਰ ਸਭਾ ਪੰਜਾਬ ਜਲੰਧਰ, ਡੈਮੋਕ੍ਰੇਟਿਕ ਲਾਇਰਜ ਐਸੋਸੀਏਸਨ ਨੇ ਸਹਿਯੋਗ ਲਈ ਮੋਢਾ ਲਾਇਆ।

ਇਸ ਮੌਕੇ 'ਤੇ ਕਮੇਟੀ ਦੇ ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਹਰਮੇਸ ਮਾਲੜੀ ਤੋਂ ਇਲਾਵਾ ਪਲਸ ਮੰਚ ਸੂਬਾ ਕਮੇਟੀ ਮੈਂਬਰ ਜਸਵਿੰਦਰ ਪੱਪੀ, ਤਰਕਸੀਲ ਆਗੂ ਸੁਖਦੇਵ ਫਗਵਾੜਾ, ਸੁਖਵਿੰਦਰ ਬਾਗਪੁਰ, ਕਿਸਾਨ ਆਗੂ ਸ਼ਿ?ਗਾਰਾ ਸਿੰਘ, ਗਿਆਨ ਸੈਦਪੁਰੀ, ਕਸਮੀਰ ਘੁੱਗਸੋਰ ਹਾਜਰ ਸਨ।


DM TRANSPORT

ace ACI US&Canada Bonded

Hiring AZ drivers and owner operator







Bob Dhaliwal
President
Phone# 1-844-820-3434 EXT 112
Cell # 416-318-5032
Fax # 1-416-981-3515
365 healey Rd, Bolton, ON
Unit 19
Email : bob@dmtransport.ca
Web : www.dmtransport.ca


Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

Westwinds PHARMACY

ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

Open 7 Days A Week

New Hours Mon To Fri 9am to 9 pm and 10 am to 6 pm Weekends



Apinder Aujla
BSc.Pharm

10% Discount on OTC Products with this coupon
EXP : Dec 31, 2022 | LIMIT : 1 Coupon per Visit

Free Delivery In NE

• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!



Satvachan Lal
B.Sc.Pharm

#1150, 4818 Westwindus Drive NE. Calgary
403-293-9360

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals
Customer satisfaction is our pride!

VIDEO
Video film with single, double & multiple camera system (Broadcast Quality)

PHOTOGRAPHY
Digital Photography (Coloured, black and white) digital enhancement

MUSIC
DJ, Lighting, screen Projector live sound etc.

403-835-2762
or
29 DREAM
(37326)

Special Packages Available For All Occasions

urban
Real Estate Services Ltd.

Harcharan Parhar
REALTOR®
For all your Real Estate needs
Please Call for Buy or Sell
Residential, Commercial, Condos & Rental Property.
Cell : 403.681.8689
Email : hp8689@gmail.com
www.harcharanparhar.com



### ਯੂਰਪ ਵਿੱਚ ਇਕਜੁੱਟ ਹੋ ਰਹੀਆਂ ਸੱਜ-ਪਿਛਾਖੜੀ ਤਾਕਤਾਂ

# ਕਿਰਤੀ ਲੋਕਾਂ ਨੂੰ ਆਪਣੀ ਇਕਜੁੱਟਤਾ ਕਾਇਮ ਕਰਨੀ ਹੋਵੇਗੀ

**ਅਮਨਦੀਪ ਸੰਤਨਗਰ**

ਸਤੰਬਰ ਦੀ ਸ਼ੁਰੂਆਤ ਵਿੱਚ ਹੀ ਸਪੇਨ ਦੀ ਧੁਰ-ਸੱਜੀ ਵੋਕਸ ਪਾਰਟੀ ਦੇ ਪ੍ਰਧਾਨ ਸੈਂਟੀਆਗੋ ਅਬਾਸਕਲ ਨੇ "ਦੇਸ਼ਭਗਤ ਨੇਤਾਵਾਂ ਅਤੇ ਯੂਰਪੀਅਨ ਕੰਜ਼ਰਵੇਟਿਵਾਂ" ਦੇ ਸਿਖਰ ਸੰਮੇਲਨ ਲਈ ਸਪੇਨ ਵੱਲੋਂ ਮੇਜਬਾਨੀ ਕਰਨ ਦਾ ਐਲਾਨ ਕਰ ਦਿੱਤਾ ਸੀ। ਸੰਭਾਵਿਤ ਤੌਰ 'ਤੇ ਮੈਡਰਿਡ ਵਿੱਚ ਹੋਣ ਜਾ ਰਹੀ ਇਹ ਮੀਟਿੰਗ ਯੂਰਪੀਅਨ ਸਿਆਸਤ ਵਿੱਚ ਸੱਜ ਪਿਛਾਖੜੀ ਤਾਕਤਾਂ ਵੱਲੋਂ ਇੱਕ "ਕੰਜ਼ਰਵੇਟਿਵ" ਸਮੂਹ ਦੇ ਰੂਪ ਵਿੱਚ ਆਪਣੇ ਆਪ ਨੂੰ ਮੁੱਖ ਧਾਰਾ ਵਿੱਚ ਲਿਆਉਣ ਦਾ ਅਗਲਾ ਯਤਨ ਹੈ। ਅਜਿਹੀ ਹੀ ਇੱਕ ਮੀਟਿੰਗ 4 ਦਸੰਬਰ ਨੂੰ ਵਾਰਸਾ ਵਿਖੇ ਪੋਲੈਂਡ ਦੀ ਹਾਕਮ ਪਾਰਟੀ ਦੇ ਪ੍ਰਧਾਨ ਜਰੋਸਲਾ ਕਜ਼ੀਨਸਕੀ ਦੀ ਸਰਪ੍ਰਸਤੀ ਹੇਠ ਹੋਈ ਸੀ ਜਿਸ ਵਿੱਚ ਪੋਲੈਂਡ ਅਤੇ ਹੰਗਰੀ ਦੇ ਪ੍ਰਧਾਨ ਮੰਤਰੀਆਂ, ਫਰਾਂਸ ਦੀ ਮੈਰੀ ਲੀ ਪੇਨ, ਸਪੇਨ ਦੇ ਅਬੈਸਕਲ, ਫਲੈਂਡਰ ਤੇ ਇਸਤੋਨੀਆ ਵਰਗੇ ਮੁਲਖਾਂ ਤੋਂ ਵੀ ਅਜਿਹੇ ਹੀ ਧੁਰ ਸੱਜੇਪੱਖੀ ਨੇਤਾਵਾਂ ਨੇ ਹਿੱਸਾ ਲਿਆ ਸੀ।

ਮੀਟਿੰਗ 'ਯੂਰਪੀਅਨ ਕੰਜ਼ਰਵੇਟਿਵ ਅਤੇ ਸੁਧਾਰਵਾਦੀ' ਅਤੇ 'ਪਛਾਣ ਅਤੇ ਜਮਹੂਰੀਅਤ'(ਆਈ.ਡੀ.) ਨਾਮੀ ਨੰਗੇ ਚਿੱਟੇ ਧੁਰ ਸੱਜੇ ਗਰੁੱਪ ਵਿਚਕਾਰ ਸਬੰਧ ਮਜਬੂਤ ਕਰਨ ਵੱਲ ਸੇਧਤ ਸੀ। ਯੂਰਪੀਅਨ ਪੀਪਲਜ਼ ਪਾਰਟੀ ਤੋਂ ਵੱਖ ਹੋਈ ਓਰਬਨ ਦੀ ਫਿਡੇਜ਼ ਪਾਰਟੀ ਵੀ ਇਸ ਵਿੱਚ ਸ਼ਾਮਲ ਹੈ। ਇਸ ਗੱਠਜੋੜ ਵਿੱਚ ਸ਼ਾਮਲ ਪਾਰਟੀਆਂ ਵਿੱਚੋਂ ਕੁੱਝ ਤਾਂ ਆਪਣੇ ਮੁਲਖਾਂ ਵਿੱਚ ਕੌਮੀ ਪੱਧਰ 'ਤੇ ਚੋਣਾਂ ਲੜਦੀਆਂ ਹਨ, ਅਤੇ ਯੂਰਪੀਅਨ ਯੂਨੀਅਨ ਦੇ ਸਿਆਸੀ ਦ੍ਰਿਸ਼ ਵਿੱਚ ਹਾਸ਼ੀਏ 'ਤੇ ਰਹਿ ਰਹੇ ਸੱਜ ਪਿਛਾਖੜੀ ਗਰੁੱਪ ਹੁਣ ਇਸ ਦਾ ਧੁਰਾ ਬਣਨ ਦੇ ਸੁਫਨੇ ਵੇਖਣ ਲੱਗੇ ਹਨ। ਕੁੱਲ ਮਿਲ਼ਾ ਕੇ ਯੂਰਪੀਅਨ ਸਿਆਸਤ ਵਿੱਚ ਸੱਜ ਪਿਛਾਖੜੀ ਤਾਕਤਾਂ ਨੂੰ ਇਕੱਠਿਆਂ ਕਰਕੇ ਇਹਨਾਂ ਦਾ ਇੱਕ 'ਸੂਪਰ ਗਰੁੱਪ' ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਇਹ ਗੱਠਜੋੜ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਵਿੱਚ ਚੱਲ ਰਹੀ ਸਿਆਸਤ ਵਿੱਚ ਸੱਜੇ-ਪੱਖ ਨੂੰ ਜਥੇਬੰਦ ਕਰਨ ਲਈ ਅਹਿਮ ਭੂਮਿਕਾ ਨਿਭਾਏਗਾ। ਦਸੰਬਰ ਦੀ ਵਾਰਸਾ ਮੀਟਿੰਗ ਦੌਰਾਨ ਇਹਨਾਂ ਪਿਛਾਖੜੀ ਤਾਕਤਾਂ ਨੇ "ਯੂਰਪੀਅਨ ਸੰਸਦ" ਵਿੱਚ ਇੱਕ ਦੂਸਰੇ ਦੇ ਸਹਿਯੋਗ ਦਾ ਅਹਿਦ ਕੀਤਾ ਜਿਸ ਵਿੱਚ ਸਾਂਝੀਆਂ ਮੀਟਿੰਗਾਂ ਅਤੇ ਵੋਟਾਂ ਦੌਰਾਨ ਤਾਲਮੇਲ ਬਣਾ ਕੇ ਚੱਲਣ ਬਾਰੇ ਫੈਸਲੇ ਲਏ ਗਏ। ਮੀਟਿੰਗ ਦੌਰਾਨ ਫਰਾਂਸ ਦੀ ਮੈਰੀ ਲੀ ਪੇਨ ਨੇ ਕਿਹਾ ਇਹ ਸਾਂਝ ਆਉਣ ਵਾਲ਼ੇ ਦਿਨਾਂ ਵਿੱਚ ਇੱਕ ਵੱਡੀ ਸਿਆਸੀ ਤਾਕਤ ਵਜੋਂ ਉੱਭਰ ਕੇ ਸਾਹਮਣੇ ਆਉਣ ਦੀ ਸਾਨੂੰ ਪੂਰੀ ਉਮੀਦ ਹੈ। ਹੰਗਰੀ ਦੇ ਵਿਕਟਰ ਓਰਬਨ ਨੇ ਵੀ ਕਿਹਾ ਕੇ ਉਹ ਅਜਿਹੀਆਂ ਪਾਰਟੀਆਂ ਦਾ ਇੱਕ ਮਜਬੂਤ ਏਕਾ ਬਣਾਉਣ ਲਈ ਲੰਮੇ ਸਮੇਂ ਤੋਂ ਯਤਨਸ਼ੀਲ ਸੀ ਅਤੇ ਇਹ ਮੀਟਿੰਗ ਉਸ ਵੱਲ ਨੂੰ ਇੱਕ ਵਧੀਆ ਕਦਮ ਸਾਬਤ ਹੋਵੇਗੀ।

'ਯੂਰਪੀਅਨ ਕੰਜ਼ਰਵੇਟਿਵ ਅਤੇ ਰਿਫੋਰਮਿਸਟ' ਨਾਮੀ ਗਰੁੱਪ ਯੂਰਪੀ ਸੰਸਦ ਵਿੱਚ 'ਪਛਾਣ ਅਤੇ ਜਮਹੂਰੀਅਤ' ਨਾਮੀ ਧੁਰ ਸੱਜ ਪਿਛਾਖੜੀ ਗਰੁੱਪ ਦੇ ਬਰਕਸ ਮਜਬੂਤ ਹੋਇਆ ਸੀ ਅਤੇ ਹੁਣ ਇਹ ਦੋਵੇਂ ਇਕੱਠੇ ਹੋ ਰਹੇ ਹਨ। ਸੱਜੇਪੱਖੀ ਤਾਕਤਾਂ ਦੇ ਇਸ ਸੂਪਰ ਗਰੁੱਪ ਦਾ ਫਾਇਦਾ ਲੈਣ ਵਾਲ਼ਿਆਂ ਵਿੱਚ ਮੈਰੀ ਲੀ ਪੇਨ ਸਭ ਤੋਂ ਮੂਹਰਲਿਆਂ ਵਿੱਚ ਆਪਣੇ ਆਪ ਨੂੰ ਗਿਣ ਰਹੀ ਹੈ। ਦੂਜੇ ਪਾਸੇ ਸਪੇਨ ਵਿਚਲੀ ਵੋਕਸ ਪਾਰਟੀ, ਪੀਪਲਜ਼ ਪਾਰਟੀ ਦੀ ਲੱਤ ਬਾਂਹ ਫੜ ਕੇ ਸਰਕਾਰ ਬਣਾਉਣ ਦੀਆਂ ਸੰਭਾਵਨਾਵਾਂ ਤਲਾਸ਼ ਰਹੀ ਹੈ ਅਤੇ ਮੈਡ੍ਰਿਡ ਅਤੇ ਐਂਡਲੂਸੀਆ ਵਿੱਚ ਤਾਂ ਇਹ ਪੀਪਲਜ਼ ਪਾਰਟੀ ਦੀ ਅਗਵਾਈ ਵਾਲ਼ੀ ਸਰਕਾਰ ਦੀ ਹਮਾਇਤ ਵੀ ਕਰ ਚੁੱਕੀ ਹੈ, ਜੋ ਕਿ ਇੱਕ ਤਰ੍ਹਾਂ ਨਾਲ਼ ਸਪੇਨ ਵਿੱਚ 2023 ਦੀਆਂ ਚੋਣਾਂ ਵਿੱਚ ਇਹਨਾਂ ਦੀ ਸੰਭਾਵਨਾ ਵੱਲ ਵੀ ਇੱਕ ਸੰਕੇਤ ਹੈ। ਵੋਕਸ ਪਾਰਟੀ ਦੇ ਨੇਤਾ ਅਬੈਸਕਲ ਨੇ ਤਾਂ ਲਾਤੀਨੀ ਅਮਰੀਕਾ ਵਿੱਚ ਬ੍ਰਾਜ਼ੀਲ ਦੇ ਰਾਸ਼ਟਰਪਤੀ ਬੋਲਸੋਨੇਰੋ ਸਣੇ, ਲਾਤੀਨੀ ਅਮਰੀਕਾ ਦੇ ਸਪੇਨੀ ਅਤੇ ਪੁਰਤਗਾਲੀ ਬੋਲਣ ਵਾਲ਼ੇ ਇਲਾਕਿਆਂ ਵਿਚਲੀਆਂ ਸੱਜੇਪੱਖੀ ਪਾਰਟੀਆਂ ਨਾਲ਼ ਵੀ ਨੇੜਤਾ ਵਧਾਉਣੀ ਸ਼ੁਰੂ ਕਰ ਦਿੱਤੀ ਹੈ।

ਇਹ ਤੱਥ ਕਿਸੇ ਤੋਂ ਲੁਕਿਆ ਨਹੀਂ ਕਿ ਹਰ ਤਰ੍ਹਾਂ ਦੀਆਂ ਸੱਜ ਪਿਛਾਖੜੀ, ਫਾਸੀਵਾਦੀ ਤਾਕਤਾਂ ਸੱਭਿਆਚਾਰ ਨੂੰ ਬਚਾਉਣ ਦੀ ਦੁਹਾਈ ਦੇ ਕੇ ਲੋਕਾਂ ਵਿੱਚ ਆਪਣੀ ਪੈਠ ਬਣਾਉਂਦੀਆਂ ਹਨ। ਇਸ ਮੀਟਿੰਗ ਵਿੱਚ ਵੀ ਇਹਨਾਂ ਸੱਜੇ ਪੱਖੀ ਗਰੁੱਪਾਂ ਵੱਲੋਂ ਯੂਰਪੀਅਨ ਮਹਾਂਦੀਪ ਦੇ ਲੋਕਾਂ ਕੋਲ਼ੋਂ ਉਹਨਾਂ ਦੇ ਸੱਭਿਆਚਾਰ ਅਤੇ ਵਿਰਸੇ ਨੂੰ ਖੋਹਣ ਦਾ ਮਸਲਾ ਚੁੱਕਿਆ ਗਿਆ। ਜਿਵੇਂ ਭਾਰਤ ਵਿਚਲੀਆਂ ਫਾਸੀਵਾਦੀ ਤਾਕਤਾਂ ਮੁਸਲਮਾਨਾਂ, ਇਸਾਈਆਂ ਤੇ ਕਮਿਊਨਿਸਟਾਂ ਨੂੰ ਹਿੰਦੂਆਂ ਦੀਆਂ ਸਮੱਸਿਆਵਾਂ ਲਈ ਜ਼ਿੰਮੇਵਾਰ ਦੱਸਦੀਆਂ ਹਨ ਉਸੇ ਤਰ੍ਹਾਂ ਪੱਛਮੀ ਮੁਲਕਾਂ ਵਿੱਚ ਇਹ ਕੰਮ ਨਸਲਵਾਦ ਦੇ ਨਾਮ ਹੇਠ ਹੋ ਰਿਹਾ ਹੈ। ਇਹ ਕਿਹਾ ਜਾ ਰਿਹਾ ਹੈ ਕਿ ਪਰਵਾਸੀ ਆ ਕੇ ਪੱਛਮੀ ਗੋਰਿਆਂ ਦਾ ਰੁਜ਼ਗਾਰ ਤੇ ਹੋਰ ਸਹੂਲਤਾਂ ਖੋਹ ਰਹੇ ਹਨ ਤੇ ਇਹਨਾਂ ਪਰਵਾਸੀਆਂ ਵਿੱਚ ਵੀ ਸਭ ਤੋਂ ਵੱਧ ਮੁਸਲਮਾਨ ਹਨ। ਇਸ ਕਰਕੇ ਬਹੁਤ ਸਾਰੇ ਪੱਛਮੀ ਦੇਸ਼ਾਂ ਵਿੱਚ ਪਰਵਾਸੀਆਂ ਤੇ ਮੁਸਲਮਾਨਾਂ ਖਿਲਾਫ ਨ.ਫਰਤ ਦਾ ਰੁਝਾਨ ਤੇਜੀ ਨਾਲ਼ ਵਧ ਰਿਹਾ ਹੈ। ਅੰਤਰ ਸਾਮਰਾਜੀ ਖਹਿਭੇੜ ਸਦਕਾ ਲੱਗਦੀਆਂ ਜੰਗਾਂ ਦੇ ਸ਼ਿਕਾਰ ਲੋਕਾਂ ਕਾਰਣ ਪਰਵਾਸ ਪਿਛਲੇ ਦਹਾਕੇ ਵਿੱਚ ਕਾਫੀ ਵਧਿਆ ਹੈ। ਫਰਾਂਸ 'ਚ ਮੈਰੀ ਲੀ ਪੈਨ ਦੀ 'ਨੈਸ਼ਨਲ ਫਰੰਟ', ਯੂਨਾਨ 'ਚ 'ਗੋਲਡਨ ਡਾਅਨ', ਹੰਗਰੀ ਦੀ 'ਫਿਡੇਜ ਪਾਰਟੀ', ਆਸਟਰੀਆ 'ਚ 'ਫਰੀਡਮ ਪਾਰਟੀ', ਇੰਗਲੈਂਡ ਦੀ 'ਇੰਡੀਪੈਂਡੈਂਸ ਪਾਰਟੀ', ਸਵੀਡਨ 'ਚ 'ਸਵੀਡਨ ਡੈਮੋਕ੍ਰੈਟ', ਹਾਲੈਂਡ 'ਚ 'ਪਾਰਟੀ ਫਾਰ ਫਰੀਡਮ', ਫਿਨਲੈਂਡ 'ਚ 'ਦ ਫਿਨਸ', ਜਰਮਨੀ 'ਚ 'ਅਲਟਰਨੇਟ ਫਾਰ ਜਰਮਨ', ਸਵਿਜ਼ਰਲੈਂਡ 'ਚ 'ਸਵਿਸ ਪੀਪਲਜ ਪਾਰਟੀ', ਇਟਲੀ 'ਚ 'ਨਾਰਥਨ ਲੀਗ' ਤੇ ਸਾਈਪ੍ਰਸ 'ਚ 'ਏਲਮ' ਅਤੇ ਡੈਨਮਾਰਕ 'ਚ 'ਡੈਨਿਸ਼ ਪੀਪਲਜ ਪਾਰਟੀ' ਅਤੇ ਅਮਰੀਕਾ ਵਿੱਚ ਟਰੰਪ ਆਦਿ ਜਿਹੀਆਂ ਤਾਕਤਾਂ ਇਸੇ ਸੋਚ ਦੀ ਨੁਮਾਇੰਦਗੀ ਕਰਦੀਆਂ ਹਨ ਤੇ ਇਹਨਾਂ ਦੀ ਲੋਕਾਂ ਵਿੱਚ ਮਾਨਤਾ ਲਗਾਤਾਰ ਵਧ ਰਹੀ ਹੈ। ਅਤੇ ਹੁਣ ਤਾਂ ਯੂਰਪ ਵਿੱਚ ਇਹਨਾਂ ਦਾ "ਸੂਪਰ ਗਰੁੱਪ" ਬਣਾਉਣ ਦੀਆਂ ਤਿਆਰੀਆਂ ਹੋ ਰਹੀਆਂ ਹਨ। ਗੋਲਡਨ ਡਾਅਨ ਵੱਲੋਂ ਯੂਨਾਨ 'ਚ ਕੰਮ ਕਰਨ ਵਾਲ਼ੇ ਪ੍ਰਵਾਸੀਆਂ ਅਤੇ ਇਹਨਾਂ 'ਚੋਂ ਖਾਸ ਤੌਰ 'ਤੇ ਮੁਸਲਿਮ ਪ੍ਰਵਾਸੀਆਂ ਨੂੰ ਯੂਨਾਨ ਦੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਕਾਰਨ ਬਣਾ ਕੇ ਪੇਸ਼ ਕੀਤਾ ਗਿਆ। ਟਰੰਪ ਦੇ ਕਾਰਜਕਾਲ ਵਿੱਚ ਇਹਨਾਂ ਤਾਕਤਾਂ ਨੇ ਅਮਰੀਕਾ ਵਿੱਚ ਪੈਰ ਪਸਾਰੇ। ਇਸਦੇ ਨਾਲ਼ ਹੀ ਪੱਛਮੀ ਮੁਲਕਾਂ ਵਿੱਚ ਮੁਸਲਮਾਨਾਂ ਖਿਲਾਫ ਨਸਲੀ ਹਿੰਸਾਂ ਦੀਆਂ ਵਾਰਦਾਤਾਂ ਵਿੱਚ ਵੀ ਕਾਫੀ ਵਾਧਾ ਹੋਇਆ ਹੈ। ਇਹ ਪਾਰਟੀਆਂ ਪਰਵਾਸੀਆਂ ਉੱਪਰ ਰੋਕ ਲਾਉਣ, ਸਖਤਾਈ ਕਰਨ ਉੱਪਰ ਜੋਰ ਦਿੰਦੀਆਂ ਹਨ।



ਸਵਾਲ ਜੋ ਅੱਜ ਸਾਡੇ ਸਾਹਮਣੇ ਹੈ, ਉਹ ਇਹ ਹੈ ਕਿ ਅਜਿਹੀਆਂ ਪਿਛਾਖੜੀ ਤਾਕਤਾਂ ਦੇ ਉਭਾਰ ਪਿੱਛੇ ਕੀ ਕਾਰਨ ਹੈ? ਕੀ ਮੌਜੂਦਾ ਸਰਮਾਏਦਾਰਾ ਢਾਂਚੇ ਦੀਆਂ ਆਪਣੀਆਂ ਆਰਥਿਕ ਸਿਆਸੀ ਨੀਤੀਆਂ ਕਰਕੇ ਹੀ ਅਜਿਹੀਆਂ ਫਾਸੀਵਾਦੀ ਪਾਰਟੀਆਂ ਲਈ ਰਾਹ ਪੱਧਰਾ ਨਹੀਂ ਹੋ ਰਿਹਾ? ਯੂਰਪੀਅਨ ਯੂਨੀਅਨ ਵਿੱਚ ਅਜਿਹੀਆਂ ਸੱਜ ਪਿਛਾਖੜੀ ਜਥੇਬੰਦੀਆਂ ਦਾ ਬਣਨਾ ਕੀ ਸੰਕਟਗ੍ਰਸਤ ਸਰਮਾਏਦਾਰੀ ਢਾਂਚੇ ਵਿੱਚ ਫਾਸੀਵਾਦੀ ਬਦਲ ਤੋਂ ਬਿਨਾਂ ਸਰਮਾਏਦਾਰਾਂ ਕੋਲ਼ ਕੋਈ ਹੋਰ ਹੱਲ ਬਚਿਆ ਹੈ?

ਸਰਮਾਏਦਾਰਾ ਆਰਥਕ ਸੰਕਟ ਦੀ ਘੜੀ ਵਿੱਚ ਵਧਦੀ ਗੈਰ-ਬਰਾਬਰੀ, ਬੇਰੁਜ਼ਗਾਰੀ, ਗਰੀਬੀ-ਭੁੱਖਮਰੀ ਕਾਰਨ ਲੋਕਾਂ ਵਿੱਚ ਵੱਡੇ ਪੱਧਰ 'ਤੇ ਸਰਕਾਰਾਂ ਖ਼ਿਲਾਫ਼ ਗੁੱਸਾਂ ਸੁਲਗ ਰਿਹਾ ਹੁੰਦਾ ਹੈ ਜੋ ਸਰਕਾਰਾਂ ਖ਼ਿਲਾਫ਼ ਬ਼ਗਾਵਤ ਦੇ ਰੂਪ 'ਚ ਫੁੱਟਣਾ ਲਾਜ਼ਮੀ ਹੁੰਦਾ ਹੈ। ਸਰਮਾਏਦਾਰੀ ਦੇ ਅਜਿਹੇ ਸੰਕਟ ਦੇ ਦੌਰਾਂ, ਜਿਹਨਾਂ ਵਿੱਚੋਂ ਨਿੱਕਲਣ ਦਾ ਉਸਨੂੰ ਕੋਈ ਰਾਹ ਨਾ ਦਿਸਦਾ ਹੋਵੇ, ਨਾਲ਼ ਨਜਿੱਠਣ ਲਈ ਫਾਸੀਵਾਦੀ ਤਾਕਤਾਂ ਸਰਮਾਏਦਾਰਾਂ ਦੇ ਥਾਪੜੇ ਨਾਲ਼ ਰੰਗਮਚ 'ਤੇ ਆਉਂਦੀਆਂ ਹਨ। ਸਰਮਾਏਦਾਰੀ ਦੇ ਮੌਜੂਦਾ ਦੌਰ ਵਿੱਚ ਅਮੀਰੀ ਗਰੀਬੀ ਵਿੱਚ ਤੇਜੀ ਨਾਲ਼ ਵਧ ਰਿਹਾ ਪਾੜਾ, ਵਿਆਪਕ ਪੱਧਰ 'ਤੇ ਲੋਕਾਂ ਦਾ ਉਜਾੜਾ ਵੀ ਪਿਛਾਖੜੀ ਤਾਕਤਾਂ ਲਈ ਅਧਾਰ ਤਿਆਰ ਕਰਦਾ ਹੈ ਖਾਸਕਰ ਉਦੋਂ ਜਦੋਂ ਸੰਸਾਰ ਪੱਧਰ 'ਤੇ ਕੋਈ ਇਨਕਲਾਬੀ ਬਦਲ ਗੈਰਹਾਜ਼ਰ ਹੋਵੇ। ਮੌਜੂਦਾ ਹਲਾਤਾਂ ਦੀ ਗੱਲ ਕਰੀਏ ਤਾਂ ਸੰਸਾਰ ਅਰਥਚਾਰਾ ਡੂੰਘੇ ਸੰਕਟ ਵਿੱਚ ਹੈ ਅਤੇ ਇਸਦਾ ਇਹੋ ਸੰਕਟ ਸਰਮਾਏਦਾਰਾ ਸਿਆਸਤ ਵਿੱਚ ਵੀ ਪੂਰੀ ਤਰ੍ਹਾਂ ਅਸਰਅੰਦਾਜ ਹੋ ਰਿਹਾ ਹੈ। ਕਿਸੇ ਕਾਰਗਰ ਇਨਕਲਾਬੀ ਬਦਲ ਦੀ ਗੈਰਮੌਜੂਦਗੀ ਵਿੱਚ ਸੰਸਾਰ ਭਰ ਵਿੱਚ ਹੀ ਕੌਮਪ੍ਰਸਤ, ਫਾਸੀਵਾਦੀ ਹਕੂਮਤਾਂ ਉੱਭਰ ਰਹੀਆਂ ਹਨ। ਭਵਿੱਖ ਦੇ ਗਰਭ ਵਿੱਚ ਪਲ ਰਹੀ ਕਿਰਤੀ ਲੋਕਾਂ ਦੀ ਇਨਕਲਾਬੀ ਲਹਿਰ ਹੀ ਇਸ ਵਰਤਾਰੇ ਨੂੰ ਠੱਲ੍ਹ ਪਾ ਸਕਦੀ ਹੈ। ਦੁਨੀਆਂ ਭਰ ਵਿੱਚ ਉੱਠ ਰਹੇ ਲੋਕ ਰੋਹ ਇੱਕ ਸ਼ੁਭ ਸੰਕੇਤ ਦੇ ਰਹੇ ਹਨ।

**ਲਲਕਾਰ 'ਚੋਂ ਧੰਨਵਾਦ ਸਹਿਤ**

PHYSIO DOME

Feel the difference at Physiodome, a multidisciplinary clinic conveniently located in downtown right across from the Erlton Stampede station.

We specialize in motor vehicle accidents, workplace injuries, chronic pain, neck pain & headaches, disc-related pain, sciatica, sports injuries & more!

Call or go on the website to book your appointment today!

- Chiropractor
- Physiotherapy
- Shockwave
- Acupuncture
- Massage Therapy
- Laser Therapy

Phone: (587) 351-3340
Website: https://www.physiodome.com
Email: mission@physiodome.com
@physiodome_mission

#110 2505 Macleod Trail SW
Calgary, AB Canada
Monday - Fridays 9AM - 8PM
Saturdays 9AM - 5PM

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work




Bay 11 2316 27 Ave. NE, Calgary Ph. : 403-701-4947

# ਆਲੀਵਾਲ ਸਿੱਖਾਂ ਅਤੇ ਅੰਗਰੇਜ਼ਾਂ ਦੀ ਲੜਾਈ



ਗੁਰਮੇਲ ਸਿੰਘ ਭਰੋਵਾਲ
94172-48211

ਆਲੀਵਾਲ ਜ਼ਿਲ੍ਹਾ ਲੁਧਿਆਣਾ ਦਾ ਪਿੰਡ ਅੱਜ ਕਿਸੇ ਜਾਣ ਪਹਿਚਾਣ ਦਾ ਮੁਥਾਜ ਨਹੀਂ। ਪੰਜਾਬ ਦੇ ਮਹਾਂਨਗਰ ਲੁਧਿਆਣਾ ਦੇ ਪੱਛਮ ਵਿਚ ਲਗਭਗ ਵੀਹ ਕਿਲੋਮੀਟਰ ਦੂਰੀ ’ਤੇ ਇਹ ਪਿੰਡ ਅੱਜ ਘੁੱਗ ਵਸਦਾ ਹੈ, ਇਸ ਬਾਰੇ ਸ਼ਾਹ ਮੁਹੰਮਦ ਆਪਣੇ ਜੰਗਨਾਮੇ ਵਿਚ ਲਿਖਦਾ ਹੈ– ਹੈ ਸੀ ਖ਼ੂਨ ਦੀ ਇਹ ਜ਼ਮੀਨ ਪਿਆਸੀ ਹੋਈ ਸੁਰਖ ਸ਼ਰਾਬ ਦੇ ਰੰਗ ਮੀਆਂ ਧਰਤੀ ਉੱਡ ਕੇ ਧੂੜ ਦੇ ਬਣੇ ਬੱਦਲ ਜੈਸੇ ਚੜ੍ਹੇ ਅਸਮਾਨ ਪਤੰਗ ਮੀਆਂ। ਹੋਰ ਅੱਗੇ ਕਹਿੰਦਾ ਹੈ : “ਸ਼ਾਹ ਮੁਹੰਮਦਾ ਪੈਣਗੇ ਵੈਣ ਡੂੰਘੇ ਜਦੋਂ ਹੋਣ ਪੰਜਾਬਣਾਂ ਰੰਡੀਆਂ ਨੀ” ਹਾਂ ਇਹ ਸੱਚ ਹੈ, ਹਕੀਕਤ ਹੈ ਜੋ ਸੱਚੀਂ ਵਾਪਰਿਆ ਸੀ। ਬਾਰੇ ਦੋ ਮਹਾਨ ਵਿਦਵਾਨ ਸੱਜਣਾਂ ਡਾ. ਦਰਸ਼ਨ ਸਿੰਘ ਤਤਲਾ ਭਰੋਵਾਲ ਵਾਲੇ ਅਤੇ ਸ੍ਰ. ਅਮਰਪਾਲ ਸਿੰਘ ਨੇ ਵੱਡੇ ਯਤਨ ਕਰਕੇ ਬਹੁਤ ਕੁਝ ਜੋ ਸਾਡੇ ਸਾਹਮਣੇ ਲਿਆਂਦਾ ਜੋ ਇਥੇ ਸਾਡੇ ਮੁਲਕ ਵਿਚ ਉਪਲਬਧ ਹੀ ਨਹੀਂ ਸੀ। ਸਾਰੀ ਖੋਜ ਲੰਡਨ ਤੋਂ ਜਾ ਕੇ ਕੀਤੀ।

ਆਲੀਵਾਲ ਦੀ ਲੜਾਈ ਲਈ ਅਟੈਲੀਅਨ ਕਮਾਂਡਰ ਐਬੀਟੇਬਲ ਦੇ ਟਰੇਨਿੰਗਸ਼ੁਦਾ 5000 ਪੰਜਾਬੀ ਫੌਜੀ ਦਰਿਆ ਪਾਰ ਕਰਕੇ ਆਲੀਵਾਲ ਦੀ ਲੜਾਈ ਵਿਚ ਸ਼ਾਮਲ ਹੋਏ ਭਾਵੇਂ ਇਨ੍ਹਾਂ ਨੇ ਉਸ ਸਮੇਂ ਦੇ ਕਮਾਂਡਰ ਰਣਜੋਧ ਸਿੰਘ ਮਜੀਠੀਆ ਦੀ ਕਮਾਂਡ ਨੂੰ ਪੂਰੀ ਤਰ੍ਹਾਂ ਪ੍ਰਵਾਨ ਨਹੀਂ ਕੀਤਾ ਸੀ ਪਰ ਇਨ੍ਹਾਂ ਸੂਰਮਿਆਂ ਵਿਚ ਪੰਜਾਬ ਲਈ ਅਤੇ ਖਾਲਸਾ ਸਰਕਾਰ ਦੀ ਸਰਦਾਰੀ ਲਈ ਲੜਨ ਅਤੇ ਮਰ ਮਿਟਣ ਦਾ ਉਤਸ਼ਾਹ ਉਸੇ ਤਰ੍ਹਾਂ ਸੀ। ਪਰ ਮਿਸਰ ਲਾਲ ਸਿੰਘ ਅਤੇ ਮਿਸਰ ਤੇਜਾ ਸਿੰਘ ਨੇ ਲੜਾਈ ਹਰਾਉਣ ਵਿਚ ਪੂਰੀ ਗੱਦਾਰੀ ਕੀਤੀ। ਇਸ ਦੀ ਗਵਾਹੀ ਫੈਦਰ ਸਟੋਨ (1968, ਸਫ਼ਾ 25–26–27) ਜੋ ਸਾਰੇ ਮਾਮਲੇ ਦਾ ਖੋਜੀ ਹੈ ਬਿਆਨ ਕਰਦਾ ਹੈ “ਇਹ ਯਕੀਨ ਵਾਲੀ ਗੱਲ ਹੈ ਕਿ ਗੱਦਾਰ ਲਾਲ ਸਿੰਘ ਗੋਰਿਆਂ ਨਾਲ ਸੰਪਰਕ ਰੱਖ ਰਿਹਾ ਸੀ ਅਤੇ ਆਪਣੇ ਵਲੋਂ ਪੂਰੀ ਮਦਦ ਦੀ ਗੱਲ ਮੁਕਾ ਚੁੱਕਾ ਸੀ ਕਿ ਜਦੋਂ ਮੌਕਾ ਮਿਲਿਆ ਮੈਂ ਗੋਰਿਆਂ ਦੀ ਸੇਵਾ ਵਿਚ ਆਪਣਾ ਦੀਨ ਇਮਾਨ ਵੇਚ ਦਿਆਂਗਾ।” ਇਥੇ ਇਕ ਗੋਰਾ ਕਹਿੰਦਾ ਕਿ ਕਿਸਮਤ ਨੇ ਹੀ ਹਿੰਦੋਸਤਾਨ ਨੂੰ ਸਾਡੇ ਹੱਥੋਂ ਜਾਣ ਤੋਂ ਬਚਾ ਲਿਆ। ਬਲਕਿ ਸੱਚ ਇਹ ਹੈ ਕਿ ਗੱਦਾਰਾਂ ਨੇ ਹੀ ਸਭ ਕੁਝ ਕੀਤਾ। ਵਾਹ ਸ਼ਾਮ ਮੁਹੰਮਦ ਤੁਸੀਂ ਕਿੱਡਾ ਵੱਡਾ ਸੱਚ ਬਿਆਨ ਕੀਤਾ– ਫੌਜਾਂ ਜਿੱਤ ਚੁੱਕੀਆਂ ਸਨ ਪਰ ਇਕ ਸਰਦਾਰ ਬਾਝੋਂ ਹਾਰ ਗਈਆਂ।

ਜਦੋਂ ਅੰਗਰੇਜ਼ੀ ਫੌਜ ਲੁਧਿਆਣਾ ਇਕੱਠੀ ਹੋਣ ਲੱਗ ਪਈ ਅਤੇ ਇਸ ਦੇ ਜਰਨੈਲ ਦਿੱਲੀ ਆਦਿ ਥਾਵਾਂ ’ਤੇ ਹੋਰ ਬਟਾਲੀਅਨਾਂ ਅਤੇ ਅਸਲੇ ਵਾਲੀਆਂ ਗੱਡੀਆਂ ਨੂੰ ਉਡੀਕ ਰਹੇ ਸਨ। ਪੰਜਾਬੀ (ਸਿੱਖਾਂ) ਦਾ ਨਿਸ਼ਾਨਾ ਅੰਗਰੇਜ਼ੀ ਫੌਜਾਂ ਨੂੰ ਲੁਧਿਆਣਾ ਘੇਰ ਕੇ ਉਨ੍ਹਾਂ ਦਾ ਅਸਲਾ ਲੁੱਟ ਕੇ ਇਥੇ ਹੀ ਉਨ੍ਹਾਂ ਦਾ ਲੱਕ ਤੋੜ ਦੇਣ ਦਾ ਸੀ। ਫੇਰੂ ਸ਼ਹਿਰ ਦੀ ਲੜਾਈ ਵਿਚ ਕੋਈ ਫੈਸਲਾਕੁੰਨ ਨਤੀਜਾ ਨਹੀਂ ਸੀ ਹੋਇਆ ਸਿਰਫ ਦਸ ਦਿਨਾਂ ਬਾਅਦ ਹੀ ਸਿੱਖ ਫੌਜਾਂ ਗੋਰਿਆਂ ਦੇ ਡੱਕਰੇ ਕਰਨ ਲਈ ਕਚੀਚੀਆਂ ਵੱਟ ਰਹੇ ਸਨ ਅਤੇ ਲਾਹੌਰ ਤੋਂ ਵੀ ਫੌਜੀ ਸਾਜੋ ਸਮਾਨ ਆ ਰਿਹਾ ਸੀ, ਜਿਸ ਵਿਚ ਸਿਖਲਾਈ ਯਾਫਤਾ ਸਿਪਾਹੀ ਸਨ।

ਅੰਗਰੇਜ਼ ਫੌਜੀਆਂ ਦਾ ਕਮਾਂਡਰ ਗੱਫ ਆਪਣੀਆਂ ਹੋਰ ਫੌਜੀ ਪਲਟਨਾਂ ਨੂੰ ਤੀਬਰਤਾ ਨਾਲ ਉਡੀਕ ਰਿਹਾ ਸੀ। 5 ਜਨਵਰੀ 1846 ਨੂੰ ਸਿੱਖ ਸਤਲੁਜ ਨੂੰ ਦੁਬਾਰਾ ਪਾਰ ਕਰ ਚੁੱਕੇ ਸਨ। 6 ਜਨਵਰੀ ਨੂੰ ਸਰ ‘ਜੌਹਨ ਗਰੇ’



ਸਿੱਖ ਫੌਜਾਂ ਦਾ ਕਮਾਂਡਰ : ਰਣਜੋਧ ਸਿੰਘ ਮਜੀਠੀਆ



ਹੈਰੀ ਸਮਿਥ ਉਹ ਯੋਧਾ ਸੀ ਜਿਸ ਨੇ ਦੁਨੀਆ ਦੇ ਮਹਾਨਤਮ ਜਰਨੈਲ ਨੈਪੋਲੀਅਨ ਬੋਨਾਪਾਟ ਨਾਲ ਲੜਾਈ ਲੜੀ ਸੀ।


















ਲੁਧਿਆਣੇ ਦੇ ਫੌਜੀ ਅੱਡੇ 'ਤੇ 10,000 ਸਿਪਾਹੀਆਂ ਨਾਲ ਪਹੁੰਚ ਚੁੱਕਾ ਸੀ ਜਿਸ ਵਿਚ ਨੌਵੀਂ ਅਤੇ ਸੋਲਵੀਂ ਰੈਜਮੈਂਟ ਸ਼ਾਮਲ ਸੀ ਇਨ੍ਹਾਂ ਦੀ ਗਿਣਤੀ 500-500 ਸੀ। ਇਨ੍ਹਾਂ ਨਾਲ ਬੰਗਾਲ ਲਾਈਟ ਘੋੜ ਸਵਾਰ, ਗੈਰ ਰੈਗੂਲਰ ਘੋੜ-ਚੜ੍ਹੇ, ਚੌਥੀ ਪਿਆਦਾ ਫੌਜ ਦੀਆਂ ਦੋ ਬੈਟਰੀਆਂ ਜਾਣੀ 12 ਗੰਨਾਂ, ਦਸਵੀਂ ਰੈਜਮੈਂਟ ਜੋ ਫੁੱਟ ਦੇ ਨਾਂ ਵਜੋਂ ਜਾਣੀ ਜਾਂਦੀ ਸੀ ਅਤੇ ਤਿੰਨ ਦੇਸੀ ਸਿਪਾਹੀਆਂ ਦੀਆਂ ਰੈਜਮੈਂਟ ਜੋ ਸਾਰੀਆਂ ਮੇਰਠ ਤੋਂ ਆਈਆਂ ਸਨ। ਇਨ੍ਹਾਂ ਦੇ ਨਾਲ ਹੀ ਗੋਰਖਾ ਬਟਾਲੀਅਨ, ਸਿਰਮੂਰ ਤੋਂ ਆ ਗਈਆਂ ਸਨ ਜੋ ਤੀਹਵੀਂ ਰੈਜਮੈਂਟ ਵਜੋਂ ਜਾਣੀਆਂ ਜਾਂਦੀਆਂ ਸਨ। 'ਬਰਗੇਡੀਅਰ ਗੋਲਬੀ' ਵੀ ਆਪਣੀਆਂ ਫੌਜਾਂ ਲੈ ਕੇ ਪਹੁੰਚਣ ਵਾਲਾ ਸੀ। ਉਧਰ ਸਿੱਖ ਫੌਜੀਆਂ ਨੇ ਲੁਧਿਆਣਾ ਦੇ ਨੇੜੇ ਸਤਲੁਜ ਪਾਰ ਕਰਕੇ ਜਗਰਾਉਂ ਨੂੰ ਚਾਲੇ ਪਾ ਦਿੱਤੇ ਸਨ। ਇਨ੍ਹਾਂ ਦੀ ਕਮਾਂਡ ਰਣਜੋਧ ਸਿੰਘ ਮਜੀਠੀਆ ਕਰ ਰਿਹਾ ਸੀ। ਅੰਗਰੇਜ਼ਾਂ ਨੂੰ ਡਰ ਸੀ ਕਿ ਇਹ ਲੁਧਿਆਣੇ ਅੰਗਰੇਜ਼ਾਂ ਦੇ ਹੈਡਕੁਆਰਟਰ 'ਤੇ ਹਮਲਾ ਕਰਨ ਵਾਲੇ ਹਨ ਜਿਸ ਨਾਲ ਇਕ ਤਾਂ ਉਹ ਗੰਨਾਂ ਲੁੱਟ ਸਕਣਗੇ ਤੇ ਦੂਜੇ ਪਾਸੇ ਅੰਗਰੇਜ਼ਾਂ ਦੇ ਆਪਸ ਵਿਚ ਸੰਚਾਰ ਨੂੰ ਤੋੜ ਦੇਣਗੇ। ਕਿਉਂਕਿ ਗੱਫ ਅਜੇ ਵੀ ਜਗਰਾਓਂ ਦੇ ਪੱਛਮ ਵੱਲ ਪੰਜਾਬੀ ਫੌਜਾਂ 'ਤੇ ਨਿਗਾਹ ਰੱਖ ਰਿਹਾ ਸੀ ਜਦਕਿ ਬਾਕੀ ਫੌਜ ਅਤੇ ਇਸਦੇ ਕਮਾਂਡਰ ਲੁਧਿਆਣੇ ਵਿਚ ਇਕੱਠੇ ਹੋ ਰਹੇ ਸਨ। ਲੁਧਿਆਣੇ ਅਤੇ ਫਿਰੋਜ਼ਸ਼ਾਹ ਦੇ ਵਿਚਾਲੇ ਕਰਕੇ ਧਰਮਕੋਟ ਸਿੱਖਾਂ ਦੀ ਛੋਟੀ ਜਿਹੀ ਗੜ੍ਹੀ ਸੀ ਜਿਸ ਤੋਂ ਅੰਗਰੇਜ਼ਾਂ ਨੂੰ ਖਤਰਾ ਜਾਪਦਾ ਸੀ, ਸੋ ਗੱਫ ਨੇ ਹੈਰੀ ਸਮਿਥ ਦੀ ਕਮਾਂਡ ਥੱਲੇ ਫੌਜੀਆਂ ਨੂੰ ਸੋਲਵੀਂ, ਤੀਜੀ ਅਤੇ 53ਵੀਂ ਰੈਜਮੈਂਟ ਨੂੰ ਲੈ ਕੇ ਧਰਮਕੋਟ ਉਤੇ ਕਬਜ਼ਾ ਕਰਨ ਲਈ ਕਿਹਾ। 17 ਜਨਵਰੀ ਨੂੰ ਹੈਰੀ ਸਮਿਥ ਦੀ ਕਮਾਂਡ ਕਰਨ ਲਈ ਕਿਹਾ। 17 ਜਨਵਰੀ ਨੂੰ ਹੈਰੀ ਸਮਿਥ ਦੀ ਕਮਾਂਡ ਥੱਲੇ ਧਰਮਕੋਟ ਦੀ ਗੜ੍ਹੀ 'ਤੇ ਕਬਜ਼ਾ ਕੀਤਾ ਪਰ ਸਿੱਖਾਂ ਨੇ ਇਹ ਗੜ੍ਹੀ ਪਹਿਲਾਂ ਹੀ ਖਾਲੀ ਕੀਤੀ ਹੋਈ ਸੀ। 20 ਜਨਵਰੀ ਨੂੰ ਹੈਰੀ ਸਮਿਥ ਆਪਣੀਆਂ ਫੌਜਾਂ ਨੂੰ ਨਾਲ ਲੈ ਕੇ ਰਣਜੋਧ ਸਿੰਘ ਥੱਲੇ ਸਿੱਖ ਫੌਜਾਂ ਤੋਂ ਬਚਦੇ ਬਚਾਉਂਦੇ ਲੁਧਿਆਣੇ ਵੱਲ ਵਾਪਸ ਚੱਲਿਆ ਪਰ ਰਣਜੋਧ ਸਿੰਘ ਦੀਆਂ ਸਿੱਖ ਫੌਜਾਂ ਨੇ 21 ਜਨਵਰੀ ਨੂੰ ਬੱਦੋਵਾਲ ਵਿਖੇ ਕੈਂਪ ਮੂਹਰੇ ਲਾਇਆ ਹੋਇਆ ਸੀ। ਸਵੇਰੇ 11 ਵਜੇ ਜਿਉਂ ਹੀ ਅੰਗਰੇਜ਼ ਫੌਜਾਂ ਹੈਰੀ ਸਮਿਥ ਦੀ ਕਮਾਂਡ ਥੱਲੇ ਬੱਦੋਵਾਲ ਪਹੁੰਚੀਆਂ ਤਾਂ ਸਿੱਖ ਫੌਜੀਆਂ ਨੇ ਅੰਗਰੇਜ਼ਾਂ ਕੋਲੋਂ ਗੰਨਾਂ ਅਤੇ ਹੋਰ ਸਿੱਕਾ ਕੁੱਟਕੇ ਖੋਹ ਲਿਆ। ਇਥੇ ਛੋਟੀ ਜਿਹੀ ਲੜਾਈ ਹੋਈ ਜਿਸ ਵਿਚ ਅੰਗਰੇਜ਼ ਲਗਭਗ ਭੱਜ ਹੀ ਗਏ ਸਨ, ਇਨ੍ਹਾਂ 'ਚੋਂ ਕੁਝ ਕੁ ਸਿੱਖਾਂ ਨੇ ਕੈਦ ਵੀ ਕੀਤੇ। ਇਤਿਹਾਸਕ ਰਿਕਾਰਡ ਅਨੁਸਾਰ ਸਿੱਖਾਂ ਨੇ ਇਨ੍ਹਾਂ ਕੈਦੀਆਂ ਨਾਲ ਚੰਗਾ ਵਿਵਹਾਰ ਕੀਤਾ ਤੇ ਸ਼ੌਭਰਾਵਾਂ ਦੀ ਲੜਾਈ ਪਿਛੋਂ ਬਰੀ ਕਰ ਦਿੱਤਾ ਸੀ। ਫਿਰ ਵੀ ਬੱਦੋਵਾਲ ਦੀ ਲੜਾਈ ਵਿਚ ਅੰਗਰੇਜ਼ਾਂ ਦਾ ਬਹੁਤ ਨੁਕਸਾਨ ਹੋਇਆ। ਸੋਲਵੀਂ ਰੈਜਮੈਂਟ ਦੇ ਦੋ ਸਿਪਾਹੀ ਮਾਰੇ ਗਏ ਅਤੇ 12 ਸਿਪਾਹੀ ਫੱਟੜ ਹੋਏ। ਇਸ ਲੜਾਈ 'ਚੋਂ ਪੰਜਾਬੀਆਂ ਦੀ ਜਿੱਤ ਦਾ ਵਾਹਵਾ ਚਰਚਾ ਚੱਲਿਆ।

ਜਿਨ੍ਹਾਂ ਪੰਜਾਬੀ ਫੌਜੀਆਂ ਨੇ 21 ਜਨਵਰੀ ਤੱਕ ਮਾਮੂਲੀ ਲੜਾਈ ਨਾਲ ਹੀ ਬੱਦੋਵਾਲ 'ਤੇ ਕਬਜ਼ਾ ਜਮਾ ਲਿਆ ਸੀ ਉਨ੍ਹਾਂ ਵਿਚ ਬਹੁਤ ਸਾਰੇ ਪਹਾੜੀ ਰਾਜਿਆਂ ਵਲੋਂ ਆਏ ਗੈਰ ਰੈਗੂਲਰ ਸਿਪਾਹੀ ਸਨ। ਇਨ੍ਹਾਂ ਫੌਜਾਂ ਦੀ ਅਗਵਾਈ ਰਣਜੋਧ ਸਿੰਘ ਮਜੀਠੀਆ ਕਰ ਰਿਹਾ ਸੀ। ਬੱਦੋਵਾਲ ਵਿਖੇ ਅੰਗਰੇਜ਼ ਕਮਾਂਡਰ ਹੋਈ ਨਾਮੋਸ਼ੀ ਨੂੰ ਸਰ ਹੈਰੀ ਸਮਿਥ ਦੀ ਕਮਾਂਡ ਥੱਲੇ ਆ ਰਹੀ ਤਕੜੀ ਫੌਜ ਨਾਲ ਜਿੱਤ ਵਿਚ ਬਦਲਣ ਲਈ ਉਡੀਕ ਕਰਨ ਲਈ ਮਜਬੂਰ ਸਨ। ਉਧਰ ਕਮਾਂਡਰ ਗੱਫ ਨੇ 22 ਜਨਵਰੀ ਨੂੰ ਸਰ ਹੈਰੀ ਸਮਿਥ ਦੀ ਡਿਵੀਜ਼ਨ ਨੇ ਸਿੱਖਾਂ ਨੂੰ ਲੁਧਿਆਣੇ ਦੇ ਆਲੇ ਦੁਆਲੇ 'ਚੋਂ ਕੱਢਣ ਲਈ ਹੋਰ ਫੌਜਾਂ ਭੇਜੀਆਂ। ਬ੍ਰਗੇਡੀਅਰ ਵੀਲਰ ਜੋ ਮੁੱਦਕੀ ਦੀ ਲੜਾਈ ਵਿਚ ਫੱਟੜ ਹੋ ਗਿਆ ਸੀ ਹੁਣ ਤੰਦਰੁਸਤ ਸੀ। ਉਹ ਧਰਮਕੋਟ ਹੁੰਦਾ ਹੋਇਆ ਸਿੱਧਾ 23 ਜਨਵਰੀ ਨੂੰ ਲੁਧਿਆਣੇ ਪਹੁੰਚ ਗਿਆ। ਪਰ ਜਦ ਉਹ ਸਿਧਵਾਂ ਪਹੁੰਚਿਆ ਤਾਂ ਉਸ ਨੂੰ ਪਤਾ ਲੱਗਾ ਕਿ ਬਹੁਤ ਸਾਰੇ ਸਿੱਖ ਫੌਜੀ ਇਸੇ ਰਸਤੇ 'ਤੇ ਸਨ। ਸੋ ਉਹ ਧਰਮਕੋਟ ਵਾਪਸ ਆ ਗਿਆ ਤੇ ਉਥੋਂ ਜਗਰਾਓਂ ਜਾਣ ਦਾ ਵਿੰਗਾ ਟੇਢਾ ਰਾਹ ਅਪਣਾਇਆ। ਦੂਜੇ ਪਾਸੇ ਰਣਜੋਧ ਸਿੰਘ ਨੇ ਵੀਲਰ ਦੀਆਂ ਫੌਜਾਂ ਦੀ ਖਬਰ ਸੁਣ ਕੇ ਬੱਦੋਵਾਲ ਨੂੰ ਛੱਡ ਕੇ ਆਲੀਵਾਲ ਦੇ ਨੇੜੇ ਸਤਲੁਜ ਦੇ ਕੰਢੇ ਆ ਕੈਂਪ ਲਾਇਆ। 24 ਜਨਵਰੀ ਨੂੰ ਵੀਲਰ ਜਗਰਾਓਂ ਹੁੰਦਾ ਹੋਇਆ ਤੇ 25 ਨੂੰ ਹੈਰੀ ਸਮਿਥ ਲੁਧਿਆਣੇ ਤੋਂ ਬੱਦੋਵਾਲ ਜਿਥੇ ਵੀਲਰ ਉਸਨੂੰ ਆ ਮਿਲਿਆ।

ਇਨੇ ਨੂੰ ਰਣਜੋਧ ਸਿੰਘ ਮਜੀਠੀਆ ਦੀ ਫੌਜ 'ਚ ਵੀ ਹੋਰ ਪੰਜਾਬੀ ਫੌਜੀ ਆ ਰਲੇ ਸਨ, ਪਰ ਕਮਜ਼ੋਰੀ ਇਹ ਸੀ ਕਿ ਸਿੱਖ ਕਮਾਂਡਰ ਰਣਜੋਧ ਸਿੰਘ ਦਾ ਨਾਂ ਤਾਂ ਸਾਰੀ ਫੌਜ ਤੇ ਹੁਕਮ ਚਲਦਾ ਸੀ ਤੇ ਨਾ ਹੀ ਉਹਦਾ ਰੋਹਬ ਸੀ। ਪੰਜਾਬ ਦੀਆਂ ਫੌਜਾਂ ਵਿਚ ਬਹੁਗਿਣਤੀ ਗੈਰ-ਰੈਗੂਲਰ ਫੌਜੀਆਂ ਦੀ ਸੀ ਜੋ ਜਾਬਤੇ ਵਿਚ ਨਹੀਂ ਸਨ। ਇਨ੍ਹਾਂ 'ਚ ਅਸਲ ਲੜਨ ਸ਼ਕਤੀ ਖਾਲਸਾ ਪਿਆਦਾ ਫੌਜ ਦੀ ਹੀ ਸੀ। ਜਿਸ ਨੂੰ ਮਹਾਰਾਜੇ ਦੇ ਇਤਾਲੀਅਨ ਅਫਿਸਰ ਐਵੀਟੇਬਲ ਵਲੋਂ ਟਰੇਨਿੰਗ ਮਿਲੀ ਹੋਣ ਕਾਰਨ ਇਨ੍ਹਾਂ ਨੂੰ ਏਵਟੇਲ ਦੀਆਂ ਪਲਟਨਾਂ ਕਹਿੰਦੇ ਸਨ। ਇਨ੍ਹਾਂ ਪਲਟਨਾਂ ਦੇ ਕੋਈ ਚਾਰ ਹਜ਼ਾਰ ਜਵਾਨ ਆ ਰਲੇ ਸਨ। ਕੁਲ ਮਿਲਾ ਕੇ ਸਿੱਖਾਂ ਦੀ ਗਿਣਤੀ ਵੀਹ ਪੱਚੀ ਹਜ਼ਾਰ ਫੌਜੀ ਤੇ ਨੀਮ ਫੌਜੀ ਹੋ ਗਏ ਸਨ ਜਿਨ੍ਹਾਂ ਕੋਲ 65 ਤੋਪਾਂ ਸਨ ਇਹ ਬਹੁਤੇ ਫਿਲੌਰ ਤੋਂ ਹੁੰਦੇ ਹੋਏ ਤਲਵਣ ਢਗਾਰੇ ਦੇ ਪੱਤਣ 'ਚ ਪੈਂਦੀਆਂ ਬੇੜੀਆਂ ਰਾਹੀਂ ਸਤਲੁਜ ਨੂੰ ਪਾਰ ਕਰਕੇ ਆਲੀਵਾਲ ਦੇ ਸਾਹਮਣੇ ਆ ਪਹੁੰਚੇ ਸਨ। ਉਧਰ ਗੋਰੇ ਅਫ਼ਸਰ ਆਪਣੀਆਂ ਨਵੀਆਂ ਪਲਟਨਾਂ ਨੂੰ ਬੜੀ ਬੇਸਬਰੀ ਨਾਲ ਲੁਧਿਆਣੇ ਵਿਚ ਉਡੀਕ ਰਹੇ ਸਨ। ਇਸ ਤਰ੍ਹਾਂ ਅੰਗਰੇਜ਼ ਕਮਾਂਡਰ ਹੈਰੀ ਸਮਿਥ ਦੀ ਕਮਾਂਡ ਥੱਲੇ ਕੁਲ ਮਿਲਾ ਕੇ ਗਿਆਰਾਂ ਹਜ਼ਾਰ ਫੌਜੀ ਹੋ ਗਏ। ਇਨ੍ਹਾਂ ਵਿਚ ਤਿੰਨ ਗੋਰੀਆਂ ਪਿਆਦਾ ਫੌਜਾਂ ਵਿਚ ਘੋੜ ਸਵਾਰ ਰੈਜਮੈਂਟ ਤੇ ਬ੍ਰਗੇਡੀਅਰ ਵੀਲਰ ਦਾ ਬ੍ਰਿਗੇਡ ਵੀ ਸ਼ਾਮਲ ਸੀ। ਦਿੱਲੀ ਤੋਂ ਆਈਆਂ ਪਲਟਨਾਂ ਨਾਲ 22 ਗੰਨਾਂ ਤੇ ਦੋ ਵੱਡੀਆਂ ਤੋਪ ਗੰਨਾਂ ਵੀ ਸਨ। 26 ਜਨਵਰੀ ਨੂੰ ਹੈਰੀ ਦੀ ਕਮਾਂਡ ਥੱਲੇ ਸਾਰੀਆਂ ਫੌਜਾਂ ਦੀ ਗਿਣਤੀ ਇਸ ਤਰ੍ਹਾਂ ਸੀ : ਆਰਟਿਲਰੀ 22 ਗੰਨਾਂ, ਘੋੜਿਆਂ ਦੀ ਆਰਟਿਲਰੀ, 6 ਗੰਨਾਂ ਥੱਲੇ ਆਰਟਿਲਰੀ ਜੋ ਮੇਜਰ ਲਾਰੈਂਸ ਥੱਲੇ ਸਨ, ਬ੍ਰਿਗੇਡੀਅਰ ਮਿਕਡੋਲ ਥੱਲੇ ਸੋਲਵੀਂ ਲਾਂਸਰ (ਨੇਜੇ ਵਾਲੇ ਸਿਪਾਹੀ) ਜੋ 530 ਸੀ; ਤੀਜੀ ਲਾਈਟ ਕਵੈਲਰੀ 272, ਚੌਥੀ ਗੈਰ ਰੈਗੂਲਰ 398 ਜੋ 1300 ਸਿਪਾਹੀ ਸਨ। ਬ੍ਰਗੇਡੀਅਰ ਸਟਿਡਮੈਨ ਥੱਲੇ ਬ੍ਰਗੇਡ ਜਿਸ ਵਿਚ 351, 422, 402 ਜਾਣੀ ਕਿ ਰਲਾ ਕੇ ਕੁੱਲ 1100 ਦੇ ਕਰੀਬ ਸਿਪਾਹੀ ਸਨ। ਇਸ ਤਰ੍ਹਾਂ ਕੁੱਲ ਰਲਾ ਕੇ ਹੈਰੀ ਸਮਿਥ ਦੀਆਂ ਫੌਜਾਂ ਦੀ ਗਿਣਤੀ 11,000 ਸਿਪਾਹੀਆਂ ਤਾਂ ਉਤੇ ਸਨ ਜਿਨ੍ਹਾਂ ਕੋਲ 28 ਫੀਲਡ ਗੰਨਾਂ ਅਤੇ ਦੋ ਅੱਠ ਇੰਚ ਦੀਆਂ ਵੱਡੀਆਂ ਤੋਪਾਂ ਸਨ। ਅੰਗਰੇਜ਼ ਕਮਾਂਡਰ ਲੈਫਟੀਨੈਂਟ ਜਨਰਲ ਹੈਰੀ ਸਮਿਥ ਦੀ ਮਦਦ ਲਈ ਲੈਫਟੀਨੈਂਟ ਕਰਨਲ ਲੇਨ ਜੋ ਘੋੜ ਸਵਾਰਾਂ ਦੀ ਕਮਾਂਡ ਕਰ ਰਿਹਾ ਸੀ। ਇਨ੍ਹਾਂ ਤੋਂ ਇਲਾਵਾ ਬ੍ਰਗੇਡੀਅਰ ਗੋਦਬੀ ਤੇ ਸ਼ੇਕਾਵਤੀ ਦੀ ਪਿਆਦਾ ਫੌਜ, ਕੈਪਨਨ ਵਾਥ ਥਲੇ 16ਵੀਂ ਲਾਂਸਰਜ, ਮੇਜਰ ਬਰੈਡਵਰਥ ਥਲੇ ਪਹਿਲੀ ਘੋੜ-ਚੜ੍ਹੇਤੇ ਲੈਫਟੀਨੈਂਟ ਸਤਰੇਸੀ ਥਲੇ ਇੰਜੀਨੀਅਰਾਂ ਦੀ ਬਟਾਲੀਅਨ ਸੀ। ਬਾਕੀ ਸਿਪਾਹੀਆਂ 'ਚ ਬਹੁਗਿਣਤੀ ਹਿਦੁਸਤਾਨੀ ਫੌਜੀਆਂ ਦੀ ਸੀ ਜੋ ਕੰਪਨੀ ਦੇ ਮੁਲਾਜ਼ਮ ਸਨ ਜਿਨ੍ਹਾਂ ਨੂੰ ਪੰਜਾਬ ਦੇ ਲੋਕੀਂ (ਪੂਰਬੀਏ) ਕਹਿੰਦੇ ਸਨ। ਅੰਗਰੇਜ਼ਾਂ ਥਲੇ ਪਹਿਲੀ ਵਾਰ ਗੋਰਖੇ ਵੀ ਲੜ ਰਹੇ ਸਨ। 27 ਜਨਵਰੀ ਨੂੰ ਇਨ੍ਹਾਂ ਫੌਜੀਆਂ ਨੂੰ ਆਰਾਮ ਦੁਆਕੇ ਅੰਗਰੇਜ਼ ਕਮਾਂਡਰ ਨੇ 28 ਜਨਵਰੀ ਨੂੰ ਸਵੇਰੇ ਹੀ ਲੁਧਿਆਣੇ ਤੋਂ ਕੂਚ ਕਰਵਾਇਆ। ਇਹ ਫੌਜ ਪੁਰੈਣ ਪਹੁੰਚ ਗਈ ਸੀ ਜੋ ਉਥੇ ਥੇਹ 'ਤੇ ਬੱਝਿਆ ਪਿੰਡ ਹੈ। ਇਸ ਤੋਂ ਬੇਟ ਦਾ ਸਾਰਾ ਇਲਾਕਾ ਪੂਰਾ ਦਿੱਸਦਾ ਸੀ, ਉਥੇ ਪਹੁੰਚ ਹੈਰੀ ਸਮਿਥ ਨੇ ਫੌਜ ਨੂੰ ਮੋਰਚੇ ਪੁੱਟਣ ਦਾ ਹੁਕਮ ਦਿੱਤਾ। ਉਧਰ ਪੰਜਾਬੀ ਫੌਜੀਆਂ ਨੇ ਦਰਿਆ ਪਾਰ ਕਰਕੇ ਇਸ ਦੇ ਕੰਢੇ ਉਤੇ ਕੁਝ ਗੰਨਾਂ ਨੂੰ ਬੀੜਿਆ ਤੇ ਕੁਝ ਦਰਿਆ ਦੇ ਪਰਲੇ ਕੰਢੇ 'ਤੇ ਹੀ ਰੱਖੀਆਂ, ਪੰਜਾਬੀ ਫੌਜੀਆਂ ਨੇ ਦਰਿਆ ਤੋਂ ਅੱਗੇ ਹੋ ਪੁਜੀਸ਼ਨਾਂ ਲਈਆਂ, ਵਿਚਾਲੇ ਮੈਦਾਨ ਸੀ ਨਾਲ ਹੀ ਦੱਭ, ਬੂਝੇ ਤੇ ਕਿਕਰਾਂ ਦੇ ਜੰਗਲੀ ਰੁੱਖਾਂ ਨਾਲ ਜੰਗਲ ਬਣਿਆ ਹੋਇਆ ਸੀ, ਭੂੰਦੜੀ ਤੋਂ ਆਲੀਵਾਲ ਤੱਕ ਇਹ ਪੰਜਾਬੀ ਫੌਜਾਂ ਡਟ ਗਈਆਂ ਤੇ ਉਨ੍ਹਾਂ ਦੀਆਂ ਤੋਪਾਂ ਕੁਝ ਤਾਂ ਸਤਲੁਜ ਦੇ ਕੰਢੇ 'ਤੇ ਕੁਝ ਭੂੰਦੜੀ ਦੇ ਪਿਛਲੇ ਪਾਸੇ ਬੁੱਢਾ ਨਾਲਾ ਤੇ ਪੂਰਬੀ ਕੰਢੇ ਸਨ ਜੋ ਬਲਦਾਂ ਤੇ ਊਠਾਂ ਨੇ ਖਿੱਚਕੇ ਲਿਆਂਦੀਆਂ ਹੋਈਆਂ ਸਨ। ਰਣਜੋਧ ਸਿੰਘ ਦੀਆਂ ਪੰਜਾਬੀ ਫੌਜਾਂ ਜੋ ਬਹੁਤੀਆਂ ਕਰਕੇ ਗੈਰ ਰੈਗੂਲਰ ਜਾਣੀ ਬਕਾਇਦਾ ਫੌਜੀ ਦਸਤੇ ਸਨ, 26 ਜਨਵਰੀ ਨੂੰ ਇਨ੍ਹਾਂ ਵਿਚ 4,000 ਰੈਗੂਲਰ ਫੌਜੀ ਅਤੇ 12 ਗੰਨਾਂ ਆ ਗਈਆਂ ਸਨ ਤੇ ਪੰਜਾਬੀ ਫੌਜੀ ਆਲੀਵਾਲ ਸਤਲੁਜ ਦੇ ਖੱਬੇ ਕੰਢੇ ਆਪਣੇ ਕੈਂਪ ਲਾਈ ਬੈਠੇ ਸਨ ਜੋ ਲੁਧਿਆਣੇ ਤੋਂ 20 ਕਿ. ਮੀ. ਦੂਰ ਉਤਰ ਪੱਛਮ ਵਿਚ ਹੈ। ਇਨ੍ਹਾਂ ਕੋਲ ਕੁੱਲ 50 ਤੋਪ-ਗੰਨਾਂ ਸਨ। ਉਦੋਂ ਦਾ ਆਲੀਵਾਲ ਵੀ ਹੁਣ ਵਾਲੇ ਪਿੰਡ ਤੋਂ ਬਹੁਤਾ ਵੱਖਰਾ ਨਹੀਂ ਸੀ, ਇਹ ਛੋਟਾ ਜਿਹਾ ਪਿੰਡ ਤਲਵਨ ਦੀ ਪੱਤਣ 'ਤੇ ਸਾਹਮਣੇ ਪੈਂਦਾ ਸੀ, ਇਸ ਵਿਚ ਸਿੱਖਾਂ ਦਾ ਛੋਟਾ ਕੈਂਪ ਸੀ। ਵੱਡਾ ਕੈਂਪ ਭੂੰਦੜੀ ਵਿਖੇ ਸੀ, ਜਿਥੇ ਬਹੁਤ ਸਾਰਾ ਸਮਾਨ ਇਕੱਠਾ ਕੀਤਾ ਹੋਇਆ ਸੀ। ਪੰਜਾਬੀ ਫੌਜੀਆਂ ਦੇ ਖੱਬੇ ਪਾਸੇ ਪਿੰਡ ਆਲੀਵਾਲ, ਸੱਜੇ ਪਾਸੇ ਭੂੰਦੜੀ ਅਤੇ ਇਨ੍ਹਾਂ ਦੇ ਵਿਚਕਾਰ ਮੋਹਰੇ ਕਰਕੇ ਗੰਨਾਂ ਲਾਈਆਂ ਹੋਈਆਂ ਸਨ ਜੋ ਦੱਖਣ ਪੂਰਬ ਵੱਲ ਨੂੰ ਮਾਰ ਕਰ ਸਕਦੀਆਂ ਸਨ। ਇਸ ਪਿੰਡ ਦੇ ਸਾਹਮਣੇ ਸਾਰਾ ਮੈਦਾਨ ਦਾ ਧਰਾਤਲ ਇਕੋ ਜਿਹਾ ਸੀ ਦੂਜੇ ਪਾਸੇ ਹੇਬੜਾਂ, ਭੱਠਾ ਬੂਹਾ, ਪੜੈਣ ਤੋਂ ਹੁੰਦੇ ਹੋਏ ਛੋਟੇ ਭਰੋਆਲ, ਲੀਹਾਂ ਤੇ ਉਧਰ ਭੂੰਦੜੀ ਦੇ ਨੇੜੇ ਤੱਕ ਸਤਲੁਜ ਦਰਿਆ ਦੇ ਪਹਿਲੇ ਵਹਾਅ ਨਾਲ ਰੇਤੇ ਦੇ ਉਠੇ ਟਿੱਬੇ ਬਣੇ ਹੋਏ ਸਨ ਜੋ 15-20 ਫੁੱਟ ਦੀ ਤਹਿ ਵਾਂਗੂੰ ਸਨ। ਇਹ ਸਥਾਨਕ ਲੋਕਾਂ ਦੀ ਭਾਸ਼ਾ ਵਿਚ ਢਾਹਾ ਸੀ ਜੋ ਬੇਟ ਨਾਲ ਲੱਗਦਾ ਸੀ ਜਿਥੋਂ ਨੀਵਾਂ ਇਲਾਕਾ ਜੋ ਜੰਗਲ ਵਰਗਾ, ਜਿਸ ਵਿਚ ਸਲਵਾੜ, ਦੱਭ ਆਦਿ ਖੜ੍ਹੇ ਸਨ।

ਅੰਗਰੇਜ਼ਾਂ ਦੀਆਂ ਫੌਜਾਂ ਪੁੜੈਣ ਤੋਂ ਲੀਹਾਂ ਗੋਰਾਹੂਰ ਤੇ ਕੁਝ ਅੱਗੇ ਵੱਲ ਨੂੰ ਵਿਛੀਆਂ ਹੋਈਆਂ ਸਨ ਅਤੇ ਇਨ੍ਹਾਂ ਅੰਗਰੇਜ਼ੀ ਫੌਜਾਂ ਦੇ ਕਮਾਂਡਰ ਇਸ ਤਰ੍ਹਾਂ ਸਨ : ਬ੍ਰਿਗੇਡੀਅਰ ਸਟੈਡਮੈਨ ਸੱਜੇ ਹੱਥ ਘੋੜ ਸਵਾਰਾਂ ਦੀ ਕਮਾਨ ਕਰ ਰਿਹਾ ਸੀ, ਇਨ੍ਹਾਂ ਘੋੜ ਸਵਾਰਾਂ ਵਿਚ ਪਹਿਲੀ ਰੈਜਮੈਂਟ ਗਵਰਨਰ ਜਨਰਲ ਦੇ ਬਾਡੀਗਾਰਡ ਸ਼ੇਖਾਵਤੀ ਤੇ ਚੌਥੇ ਦੇ ਰੈਗੂਲਰ ਸਨ। ਉਸ ਤੋਂ ਪਿਛੋਂ ਗੋਡਬੀ ਦਾ ਬ੍ਰਿਗੇਡ ਜਿਸ ਵਿਚ ਨਸੀਰੀ ਬਟਾਲੀਅਨ ਦੇ ਗੋਰਖੇ, ਛੱਤੀਵੀਂ ਪਿਆਦਾ ਫੌਜ, ਇਸ ਤੋਂ ਪਿੱਛੇ ਹਿਕਸ ਦਾ ਬ੍ਰਿਗੇਡ ਜਿਸ ਵਿਚ ਇਕੱਤਵੀਂ, ਚੌਵੀਵੀਂ ਤੇ ਬਿਆਲਵੀਂ ਰੈਜਮੈਂਟ, ਇਨ੍ਹਾਂ ਦੇ ਸੱਜੇ ਅਤੇ ਖੱਬੇ ਦੋ ਅੱਠ ਇੰਚ ਤੋਪਾਂ ਅਤੇ 18 ਗੰਨਾਂ ਲਾਈਆ ਸਨ। ਉਸ ਤੋਂ ਅੱਗੇ ਵੀਲਰ ਦਾ ਬ੍ਰਿਗੇਡ ਜਿਸ ਵਿਚ 50ਵੀਂ, 48ਵੀਂ ਅਤੇ ਸਿਰਮੌਰ ਗੋਰਖੇ ਸਨ। ਉਸ ਤੋਂ ਅੱਗੇ 12 ਗੰਨਾਂ ਦੀਆਂ ਬੈਟਰੀਆਂ, ਫਿਰ ਵਿਲਸਨ ਦਾ ਬ੍ਰਿਗੇਡ ਜੋ 53ਵੀਂ ਫੁੱਟ ਤੇ 30ਵੀਂ ਪਿਆਦਾ ਫੌਜ ਤੇ ਇਸ ਨਾਲ ਸ਼ੇਖਾਵਤੀ ਪਿਆਦਾ ਫੌਜ ਜਿਸ 'ਤੇ ਧੁਰ ਖੱਬੇ ਸੋਲਵੀਂ ਲਾਂਸਰ ਤੇ ਤੀਜੀ ਲਾਈਟ ਪਿਆਦਾ ਫੌਜੀ ਸਨ, ਇਉਂ ਫੌਜਾਂ ਦੀ ਤਰਤੀਬ ਸੀ।

ਲੜਾਈ ਇਸ ਤਰ੍ਹਾਂ ਸ਼ੁਰੂ ਹੋਈ। ਜਿਉਂ ਹੀ ਅੰਗਰੇਜ਼ ਫੌਜਾਂ ਅੱਗੇ ਵਧਣ ਲੱਗੀਆਂ ਤਾਂ ਪੰਜਾਬੀਆਂ ਨੇ ਆਪਣੀਆਂ ਤੋਪਾਂ ਦਾ ਮੂੰਹ ਖੋਲ੍ਹਿਆ ਅਤੇ ਸਿੱਖ ਘੋੜ ਸਵਾਰਾਂ ਨੇ ਵੀਲਰ ਦੇ ਬ੍ਰਿਗੇਡ ਤੇ ਪਹਿਲਾਂ ਹਮਲਾ ਕੀਤਾ। ਇਥੇ ਇਕ ਸਿੱਖ ਫੌਜੀ ਜੋ ਸਿੱਧਾ ਹੀ ਅੰਗਰੇਜ਼ ਫੌਜਾਂ ਵਿਚ ਆਪਣਾ ਘੋੜਾ ਭਜਾ ਕੇ ਹਮਲਾ ਕਰਨ ਆਇਆ ਉਸਦੀ ਕੁਰਬਾਨੀ ਦਾ ਅੰਗਰੇਜ਼ ਕਮਾਂਡਰ ਨੇ ਆਪਣੀ ਡਾਇਰੀ ਵਿਚ ਵਡਿਆਈ ਵਾਲਾ ਬਿਆਨ ਲਿਖਿਆ ਹੈ। ਵੀਲਰ ਦੀ ਮਦਦ ਲਈ ਵਿਲਸਨ ਦਾ ਬ੍ਰਿਗੇਡ ਆਇਆ ਅਤੇ ਬ੍ਰਿਗੇਡੀਅਰ ਕੁਰੇਟਨ ਨੇ ਵੀ ਵਿਲਸਨ ਦੇ ਬ੍ਰਿਗੇਡ ਦੀ ਮਦਦ ਕੀਤੀ। ਗੋਰਖਾ ਅਤੇ ਤੀਹਵੀਂ ਦੇਸੀ ਪੈਦਲ ਫੌਜ ਤੇ ਇਸ ਨਾਲ ਸੋਲਵੀਂ ਲਾਂਸਰ ਤੇ ਬੰਗਾਲ ਲਾਈਟ ਘੋੜ ਸਵਾਰਾਂ ਨੇ ਪੰਜਾਬੀਆਂ 'ਤੇ ਜ਼ੋਰਦਾਰ ਹਮਲਾ ਕੀਤਾ।

ਹੁਣ ਲੜਾਈ ਭੂੰਦੜੀ ਵੱਲ ਨੂੰ ਹੋ ਤੁਰੀ ਸੀ। ਸਿੱਖ ਪਿਆਦਾ ਫੌਜ ਨੇ ਝੱਟ ਹੀ ਗੋਲਾਈ ਤੋੜ ਕੇ ਵਰਗ ਬਣਾ ਲਿਆ ਤੇ ਇਸ ਨਾਲ ਬੜੀ ਖਚਾਖਚ ਲੜਾਈ ਹੋਈ ਜਿਸ ਵਿਚ ਜਨਰਲ ਐਵੀਟੇਬਲ ਦੇ ਸਿਖਾਏ ਸਿੱਖ ਫੌਜੀ ਬੜੀ ਬਹਾਦਰੀ ਨਾਲ ਲੜੇ। ਇਥੇ ਲੜਾਈ ਸ਼ੁਰੂ ਹੁੰਦੇ ਸਾਰ ਹੀ ਰਣਜੋਧ ਸਿੰਘ ਮਜੀਠੀਆ ਖ਼ੁਦ ਆਪਣੀ ਕਮਾਂਡ ਛੱਡਕੇ ਪਿਛੇ ਸਤਲੁਜ ਨੂੰ ਘੋੜਾ ਭਜਾ ਕੇ ਲੈ ਗਿਆ, ਜੋ ਹਾਰ ਦਾ ਇਕ ਕਾਰਨ ਇਹ ਵੀ ਬਣਿਆ। ਹੁਣ ਸਿੱਖਾਂ ਦੀ ਕਮਾਂਡ ਕਿਸ ਕੋਲੇ ਸੀ ਇਹ ਪਤਾ ਨਹੀਂ ਲੱਗਦਾ ਪਰ ਇਨ੍ਹਾਂ ਬਿਨ ਕਮਾਂਡਰ ਲੜਦਿਆਂ ਸਿੱਖਾਂ ਨੇ ਮੇਜਰ ਸਮਿਥ ਅਤੇ ਕੈਪਟਨ ਪੀਅਰਸਨ ਦੇ ਕਈ ਹਮਲੇ ਪਛਾੜੇ। ਲੜਾਈ ਧੁਰ ਭੂੰਦੜੀ ਤੱਕ ਚਲੀ ਗਈ ਜਿਥੇ ਬੁੱਢਾ ਨਾਲਾ ਵਗਦਾ ਸੀ। ਭੂੰਦੜੀ ਸਿੱਖਾਂ ਦੇ ਕੈਂਪ ਨੂੰ ਪਛਾੜਕੇ ਜਿਉਂ ਅੰਗਰੇਜ਼ ਫੌਜਾਂ ਅੱਗੇ ਵਧੀਆਂ ਜਦ ਨੂੰ ਸਿੱਖ ਫੌਜਾਂ ਬਚਾਅ ਕਰਦੀਆਂ ਪਿਛੇ ਦਰਿਆ ਤੱਕ ਪਹੁੰਚ ਗਈਆਂ ਸਨ। ਵਿਲਸਨ ਦਾ ਬ੍ਰਿਗੇਡ ਪੰਜਾਬੀ ਫੌਜਾਂ ਵਿਚੀਂ ਲੰਘ ਗਿਆ ਪਰ ਪੰਜਾਬੀ ਗੰਨਾਂ ਵਾਲਿਆਂ ਨੇ ਆਪਣੀ ਥਾਂ ਨਾ ਛੱਡੀ ਅਤੇ ਮਰਦੇ ਦਮ ਤੱਕ ਤੋਪਾਂ ਚਲਾਉਂਦੇ ਰਹੇ। ਆਖਰ ਲੜਾਈ ਤਲਵਾਰਾਂ ਨਾਲ ਹੋਣ ਲੱਗੀ, ਪਰ ਸਭ ਕੁਝ ਦੇ ਬਾਵਜੂਦ ਆਲੀਵਾਲ ਦੀ ਲੜਾਈ ਵਿਚ ਪੰਜਾਬੀ ਫੌਜੀ ਅੰਗਰੇਜ਼ਾਂ ਦੀ ਪਿੱਠ ਨਾ ਲੁਆ ਸਕੇ ਅਤੇ ਖ਼ੁਦ ਪਿਛੇ ਹਟਦੇ ਗਏ। ਆਖਰ ਬਹੁਤ ਸਾਰੇ ਲਗਾਤਾਰ ਹਮਲੇ ਅਤੇ ਪੰਜਾਬੀਆਂ ਵਲੋਂ ਜਬਰਦਸਤ ਜਵਾਬ ਦੇਣ ਦੇ ਉਪਰੰਤ ਵੀ ਅੰਗਰੇਜ਼ੀ ਫੌਜਾਂ ਪੰਜਾਬੀਆਂ ਨੂੰ ਦਰਿਆ ਤੋਂ ਪਿਛੇ ਧੱਕਣ ਵਿਚ ਕਾਮਯਾਬ ਹੋ ਗਈਆਂ। ਸੋ ਬਹੁਤ ਸਾਰੇ ਪੰਜਾਬੀ ਅੰਗਰੇਜ਼ੀ ਫੌਜਾਂ ਦੇ ਨਵੇਂ ਹਮਲੇ ਪਛਾੜਨ ਦੇ ਕਾਬਲ ਨਾ ਹੋਣ ਕਰਕੇ ਦਰਿਆ ਪਾਰ ਕਰਕੇ ਪਿਛੇ ਹਟ ਗਏ।

ਆਲੀਵਾਲ ਦੀ ਲੜਾਈ ਵਿਚ ਹਜ਼ਾਰਾਂ ਸਿੱਖ ਫੌਜੀਆਂ ਨੇ ਹੱਥੋ ਹੱਥੀ ਲੜਾਈ 'ਚ ਅਹੂਤੀ ਦਿੱਤੀ। ਅੰਗਰੇਜ਼ਾਂ ਦੇ ਦੋ ਵੱਡੇ ਅਫ਼ਸਰ ਮਾਰੇ ਗਏ ਪਰ ਇਹ ਪਹਿਲੀ ਲੜਾਈ ਸੀ ਜਦੋਂ ਅੰਗਰੇਜ਼ਾਂ ਨੇ ਸਿੱਖਾਂ ਉਪਰ ਆਪਣੀ ਜਿੱਤ ਸਮਝੀ। ਉਨ੍ਹਾਂ ਨੇ ਪੰਜਾਬੀਆਂ ਦੀਆਂ ਪਿਛੇ ਛੱਡੀਆਂ ਤੋਪਾਂ ਨੂੰ ਵੀ ਕਬਜ਼ੇ 'ਚ ਕੀਤਾ। ਕੁਝ ਗੰਨਾਂ ਜੋ ਸਤਲੁਜ ਦੇ ਕੰਢੇ 'ਤੇ ਖੜ੍ਹੀਆਂ ਸਨ, ਨੂੰ ਪੋਲੀ ਧਰਤੀ ਵਿਚ ਗਰਕਾ ਦਿੱਤਾ। ਇਸਤੋਂ ਪਿਛੋਂ ਫੱਟੜਾਂ ਨੂੰ ਸਾਂਭਿਆ ਗਿਆ ਅਤੇ ਮਰਨ ਵਾਲਿਆਂ ਦੀ ਗਿਣਤੀ ਕੀਤੀ ਗਈ। ਲੜਾਈ ਵਿਚ ਅੰਗਰੇਜ਼ਾਂ ਦੇ ਦੋ ਵੱਡੇ ਅਫ਼ਸਰ ਤੇ 56 ਸਿਪਾਹੀ ਮਾਰੇ ਗਏ। 6 ਅਫ਼ਸਰ ਤੇ 77 ਸਿਪਾਹੀ ਜ਼ਖ਼ਮੀ ਹੋਏ। 66 ਘੋੜੇ ਮਰੇ ਤੇ 35 ਫੱਟੜ ਹੋਏ। ਸਾਰੀ ਫੌਜ 'ਚ ਗਿਣਤੀ ਇਸ ਤਰ੍ਹਾਂ ਸੀ : ਕੁੱਲ 580 ਫੌਜੀ ਗ੍ਰਸਤ ਹੋਏ ਜਿਨ੍ਹਾਂ 'ਚੋਂ 151 ਮਾਰੇ ਗਏ, 413 ਜ਼ਖ਼ਮੀ ਤੇ 25 ਲਾਪਤਾ ਸਨ। ਅੰਗਰੇਜ਼ ਅਫ਼ਸਰਾਂ 'ਚੋਂ ਲੈਫਟੀਨੈਂਟ ਸਵਓਤਨਬਮ, ਸਮਾਲਪੇਜ ਤੇ ਵਿਲੀਅਮ ਮਾਰੇ ਗਏ।

ਅੰਗਰੇਜ਼ਾਂ ਦੀਆਂ ਲਿਖਤਾਂ ਪੰਜਾਬੀਆਂ ਦੇ ਜਾਨੀ ਨੁਕਸਾਨ ਦਾ ਵੇਰਵਾ ਨਹੀਂ ਦਿੰਦੀਆਂ ਸਿਰਫ ਇਹ ਦੱਸਦੀਆਂ ਹਨ ਕਿ ਬਹੁਤ ਨੁਕਸਾਨ ਹੋਇਆ। ਪੰਜਾਬੀ ਦੀਆਂ ਫੌਜਾਂ ਅਤੇ ਗੰਨਾਂ ਦੇ ਨੁਕਸਾਨ ਦਾ ਕੋਈ ਪੱਕਾ ਅੰਦਾਜ਼ਾ ਨਹੀਂ। ਇਸ ਸਬੰਧ ਵਿਚ ਅੰਗਰੇਜ਼ਾਂ ਦੇ ਜੋ ਅੰਦਾਜ਼ੇ ਲਿਖੇ ਹਨ ਉਹੋ ਹੀ ਮਿਲਦੇ ਹਨ। ਇਨ੍ਹਾਂ ਅਨੁਸਾਰ ਕੁਲ ਸਿੱਖ 3000 ਮਾਰੇ ਗਏ ਸਨ। ਪੰਜਾਬੀਆਂ ਦੇ ਨੁਕਸਾਨ ਦੇ ਸਹੀ ਵੇਰਵੇ ਕਿਸੇ ਨੇ ਇਕੱਠੇ ਨਹੀਂ ਕੀਤੇ। ਦੋ ਸਿੱਖ ਕਮਾਂਡਰ ਲਾਲ ਸਿੰਘ ਤੇ ਤੇਜਾ ਸਿੰਘ ਤਾਂ ਇਸ ਤੋਂ ਪਹਿਲਾਂ ਹੀ ਮੁੱਦਕੀ ਤੇ ਫਿਰੋਜ਼ਸ਼ਾਹ ਦੀ ਲੜਾਈ ਤੋਂ ਪਿਛੋਂ ਅੰਗਰੇਜ਼ਾਂ ਨਾਲ ਗੁਪਤ ਸੰਧੀ ਕਰਨ ਲਈ ਅੰਗਰੇਜ਼ਾਂ ਪਾਸ ਦੂਤ ਭੇਜ ਚੁੱਕੇ ਸਨ।

ਅਖੀਰ ਵਿਚ ਅੰਗਰੇਜ਼ਾਂ ਵਲੋਂ ਗਵਰਨਰ ਜਨਰਲ ਦੇ ਹੁਕਮ ਨਾਲ ਅੰਗਰੇਜ਼ਾਂ ਦਾ ਕੌਮੀ ਤਰਾਨਾ 'ਗੋਡ ਸੇਵ ਦਾ ਕੁਈਨ' ਬੈਂਡ ਰਾਹੀਂ ਗਾਇਆ। ਲੰਡਨ ਵਿਚ ਲੜਾਈ ਦੇ ਮੈਡਲ ਘੜੇ ਗਏ ਜੋ ਸਿਪਾਹੀਆਂ ਨੂੰ ਦਿੱਤੇ ਜਿਨ੍ਹਾਂ ਬਹਾਦਰੀ ਦਿਖਾਈ ਜਾਂ ਮਾਰੇ ਗਏ। ਆਲੀਵਾਲ 'ਚ ਪੰਜਾਬੀਆਂ ਦੀ ਹਾਰ ਜਾਣ ਦੀ ਮੁੜ ਮੁੜ ਚਰਚਾ ਕਰਕੇ ਉਹ ਆਪਣੀ ਅੱਧੀ ਕੁ ਜਿੱਤ ਨੂੰ ਪੂਰਨ ਜਿੱਤ ਸਮਝ ਰਹੇ ਸਨ। ਸਿੱਖ ਫੌਜੀ ਜੋ ਇਥੋਂ ਬਚੇ ਹੁਣ ਦਰਿਆ ਦੇ ਨਾਲ ਨਾਲ ਸਭਰਾਵਾਂ ਨੂੰ ਕੂਚ ਕਰ ਗਏ ਜਿਥੇ ਵੱਡੀ ਲੜਾਈ ਦੀ ਤਿਆਰੀ ਪਹਿਲਾਂ ਹੀ ਹੋ ਰਹੀ ਸੀ। ਉਹੀ ਸਭਰਾਵਾਂ ਜਿਸ ਬਾਰੇ ਸ਼ਾਹ ਮੁਹੰਮਦ ਕਹਿੰਦਾ :

"ਜਿਥੇ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਛੁੱਟੇ।"

## ਜਸਵਿੰਦਰ ਬਰਾੜ ਦੀ ਮਹੱਤਵਪੂਰਨ ਜਾਣਕਾਰੀ

# ਇਕ ਪਿੰਡ ਸਰਕਾਰ ਨੂੰ ਕੀ ਦਿੰਦਾ ਹੈ ?

ਪਿੰਡ ਦੀ ਅਬਾਦੀ ਤਕਰੀਬਨ 3500 ਹੈ, ਵੋਟਰ 2300 ਦੇ ਲੱਗਭਗ ਹਨ। 2000 ਏਕੜ ਵਾਹੀਯੋਗ ਰਕਬਾ ਹੈ।

ਹੁਣ ਮੁੱਦੇ ਤੇ ਆਉਂਦੇ ਹਾਂ ਕੱਲ ਰਾਤੀਂ ਸੌਣ ਵੇਲੇ ਮੇਰਾ ਦਿਮਾਗ ਪਿੰਡ ਨਾਲ ਸਬੰਧਤ ਕੁੱਝ ਹੈਰਾਨੀਜਨਕ ਅੰਕੜਿਆਂ ਵਿੱਚ ਫਸ ਗਿਆ ਕਿ ਸਾਡਾ ਪਿੰਡ ਸਰਕਾਰ ਨੂੰ ਕੀ ਦਿੰਦਾ ਹੈ ਤੇ ਸਰਕਾਰ ਸਾਡੇ ਪਿੰਡ ਨੂੰ ਕੀ ਦਿੰਦੀ ਹੈ ਜੋ ਤੁਹਾਡੇ ਨਾਲ ਸਾਂਝੇ ਕਰਨ ਜਾ ਰਿਹਾ ਹਾਂ।

ਇੱਕ ਏਕੜ ਜਮੀਨ ਵਿੱਚ ਇੱਕ ਫਸਲ ਅੰਦਾਜਨ 50000 ਰੁਪਏ ਦੀ ਹੁੰਦੀ ਹੈ । ਸਾਲ ਦੀਆਂ ਦੋ ਫਸਲਾਂ ਇੱਕ ਲੱਖ ਰੁਪਏ ਦੀਆਂ ਹੁੰਦੀਆਂ ਹਨ ਜਿਸ ਉਪਰ ਮੰਡੀ ਬੋਰਡ ਦਾ ਟੈਕਸ 1 ਲੱਖ ਮਗਰ 5000 ਰੁਪਏ ਸਲਾਨਾ ਬਣਦਾ ਹੈ। ਪਿੰਡ ਦੀ ਕੁੱਲ ਵਾਹੀਯੋਗ 2000 ਏਕੜ ਜਮੀਨ ਸਰਕਾਰ ਦੀ ਝੋਲੀ ਸਲਾਨਾ ਇੱਕ ਕਰੋੜ ਰੁਪਏ ਟੈਕਸ ਦੇ ਰੂਪ ਵਿੱਚ ਪਾਉਂਦੀ ਹੈ।

ਦੂਸਰਾ ਪਿੰਡ ਵਿੱਚ ਮੰਨ ਲਵੋ 50 ਦੇ ਲਗਭਗ ਸਰਕਾਰੀ ਮੁਲਾਜ਼ਮ ਹਨ ਜੇਕਰ ਇੱਕ 10000 ਦਾ ਇਨਕਮ ਟੈਕਸ ਵੀ ਦਿੰਦਾ ਹੈ ਤਾਂ ਇਹ 5 ਲੱਖ ਰੁਪਏ ਸਲਾਨਾ ਬਣਦਾ ਹੈ।

ਤੀਸਰਾ ਇੱਕ ਆਦਮੀ ਔਸਤਨ 1 ਲੱਖ ਰੁਪਏ ਸਲਾਨਾ ਦਾ ਖਰਚ ਵੱਖ ਵੱਖ ਰੋਜ਼ਮਰਾ ਦੀਆਂ ਲੋੜੀਂਦੀਆਂ ਵਸਤੂਆਂ ਉਪਰ ਕਰਦਾ ਹੈ ਜਿਸ ਉਪਰ 18% GST ਦਾ ਟੈਕਸ 18000 ਰੁਪਏ ਪ੍ਰਤੀ ਵਿਅਕਤੀ ਸਲਾਨਾ ਅਤੇ ਪੂਰੇ ਪਿੰਡ ਦਾ 18000*3500= 63000000 (6 ਕਰੋੜ 30 ਲੱਖ ਰੁਪਏ) ਬਣਦਾ ਹੈ।

ਇਸ ਤਰ੍ਹਾਂ ਸਾਡਾ ਪਿੰਡ ਸਰਕਾਰ ਨੂੰ 1 ਕਰੋੜ +5ਲੱਖ + 6 ਕਰੋੜ 30 ਲੱਖ =7 ਕਰੋੜ 35 ਲੱਖ ਰੁਪਏ ਸਲਾਨਾ ਦਿੰਦਾ ਹੈ। ਪੰਜ ਸਾਲਾਂ ਦੀ ਇਹ ਰਕਮ 7.35 * 5= 36 ਕਰੋੜ 75 ਲੱਖ ਬਣਦੀ ਹੈ। ਜੇਕਰ ਇਸ ਦਾ ਚੌਥਾ ਹਿੱਸਾ ਵੀ ਪਿੰਡ ਤੇ ਲੱਗ ਜਾਵੇ ਤਾਂ

-ਹਰੇਕ ਪਿੰਡ ਪੈਰਿਸ ਵਰਗਾ ਬਣ ਸਕਦਾ ਹੈ।

– ਸਾਡੀਆਂ ਖੇਤਾਂ ਵਾਲੀਆਂ ਕੱਚੀਆਂ ਪਹੀਆਂ ਵੀ ਪੱਕੀਆਂ ਸੜਕਾਂ ਬਣ ਸਕਦੀਆਂ ਅਤੇ ਧੁਰ ਖੇਤਾਂ ਤੱਕ ਸਟਰੀਟ ਲਾਈਟਾਂ ਲੱਗ ਸਕਦੀਆਂ ਹਨ।

– ਕਿਸਾਨਾਂ ਨੂੰ ਖੇਤਾਂ ਵਿੱਚ ਸਾਂਝੀਆਂ ਥਾਵਾਂ ਉੱਪਰ ਵੱਡੇ ਸ਼ੈੱਡ ਪਾ ਕੇ ਦਿੱਤੇ ਜਾ ਸਕਦੇ ਹਨ ਜਿੱਥੇ ਉਹ ਆਪਣੇ ਟਰੈਕਟਰ ਜਾਂ ਵਾਹੀ ਦੇ ਹੋਰ ਸੰਦ ਖੜ੍ਹੇ ਕਰ ਸਕਦੇ ਹਨ।

ਪੰਜ ਸਾਲਾਂ ਵਿੱਚ ਸਰਕਾਰ ਗਲੀਆਂ ਨਾਲੀਆਂ ,ਧਰਮਸਾਲਾ ਨੂੰ ਰੰਗ, ਸਿਵਿਆਂ ਦੀ ਕੰਧ, ਛੱਪੜ ਦੀ ਕੰਧ ਤੋਂ ਅੱਗੇ ਨਹੀਂ ਟੱਪਦੀ। 25-30 ਲੱਖ ਦੇ ਕੇ ਸਟੇਜ ਤੇ ਖੜ੍ਹਾ ਕੇ ਚੈੱਕ ਦੇਕੇ ਅਹਿਸਾਨ ਕਰਨਗੇ।

ਸੋ ਜਾਗੋ ਪੰਜਾਬੀਓ ਹਰ ਨੇਤਾ ਨੂੰ ਇਹ ਆਪੋ ਆਪਣੇ ਪਿੰਡ ਦੇ ਅੰਕੜੇ ਕੱਢ ਕੇ ਮੂਹਰੇ ਧਰੋ। ਹੱਕਾਂ ਲਈ ਲੜੋ।

- ਜਸਵਿੰਦਰ ਬਰਾੜ

# ਗੋਰਖਨਾਥ ਦੇ ਟਿੱਲੇ ਵਾਲਾ ਦੇਵ ਥਰੀਕੇ ਵਾਲਾ ਨਹੀਂ ਰਿਹਾ : ਇੱਕ ਸਰਧਾਂਜ਼ਲੀ




ਸੁਖਵਿੰਦਰ ਲੀਲ੍ਹ
9888814227

ਦੇਵ ਥਰੀਕੇਵਾਲਾ ਦਾ ਨਾਮ ਪੰਜਾਬੀ ਗੀਤਕਾਰੀ ਦੇ ਖੇਤਰ ਵਿੱਚ ਅੰਬਰ ਉੱਤੇ ਉਹ ਚਮਕਦਾ ਸਿਤਾਰਾ ਬਣ ਗਿਆ ਹੈ, ਜਿਸ ਨੂੰ ਰਹਿੰਦੀ ਦੁਨੀਆਂ ਤੱਕ ਬੜੇ ਸਤਿਕਾਰ ਸਾਹਿਤ ਯਾਦ ਕੀਤਾ ਜਾਂਦਾ ਰਹੇਗਾ।ਦੇਵ ਥਰੀਕੇਵਾਲੇ ਦੇ ਲਿਖੇ ਅਤੇ ਪ੍ਰਸਿੱਧ ਗਾਇਕ ਸਵ.ਕੁਲਦੀਪ ਮਾਣਕ ਵੱਲੋਂ ਗਾਏ ਗੀਤ ਦੁਨੀਆਂ ਭਰ ਅੰਦਰ ਵਸਦੇ ਪੰਜਾਬੀਆਂ ਦੇ ਮੂੰਹੋਂ ਆਪ ਮੁਹਾਰੇ ਗੁਣਗਣਾਏ ਜਾਂਦੇ ਰਹਿਣਗੇ। ਬੇਸ਼ੱਕ ਉਸਦੇ ਲਿਖੇ ਹੋਰ ਬਹੁਤ ਸਾਰੇ ਗੀਤ ਪੰਜਾਬ ਦੇ ਹੋਰ ਮਸ਼ਹੂਰ ਨਾਮਵਰ ਗਾਇਕਾਂ ਵੱਲੋਂ ਵੀ ਗਾਏ ਜਾਂਦੇ ਰਹੇ ਹਨ, ਪਰ ਜੋ ਲੋਕ ਕਥਾਵਾਂ ਦੇ ਬਾਦਸਾਹ ਕੁਲਦੀਪ ਮਾਣਕ ਨੇ ਗੀਤਾਂ ਨੂੰ ਕਲੀਆਂ ਦੇ ਰੂਪ ਵਿੱਚ ਪੇਸ ਕੀਤਾ, ਉਹ ਅੱਜ ਵੀ ਬੱਚੇ ਬੱਚੇ ਦੀ ਜੁਬਾਨ ਉੱਪਰ ਹੈ।ਦੇਵ ਥਰੀਕੇ ਵਾਲੇ ਨੇ ਆਪਣੀ ਨਵੇਕਲੀ ਲੋਕ ਤੱਥਾਂ ਦੀ ਗੀਤਕਾਰੀ ਰਾਹੀਂ ਆਮ ਲੋਕਾਈ ਅੰਦਰ ਨਵੀਂ ਰੂਹ ਫੂਕ ਦਿੱਤੀ। ਉਸਨੇ ਹੀਰ ਰਾਂਜਾ, ਸੱਸੀ ਪੁੰਨੂ, ਸੋਹਣੀ ਮਹੀਵਾਲ, ਰਾਜਾ ਰਸਾਲੂ, ਕੌਲਾਂ ਸ਼ਾਹਣੀ, ਸੁੱਚਾ ਸੂਰਮਾ, ਰੂਪ ਬਸੰਤ, ਭਗਤ ਪੂਰਨ, ਦੁੱਲਾ ਭੱਟੀ, ਰੂਪ ਜਿਉਣਾ ਮੌੜ, ਜੱਗਾ ਡਾਕੂ, ਜੈਮਲ ਫੱਤਾ ਅਤੇ ਹੋਰ ਬਹੁਤ ਸਾਰੇ ਇਤਿਹਾਸਕ ਮਿਥਿਹਾਸਕ ਕਿੱਸਿਆਂ ਨੂੰ ਗੀਤਕਾਰੀ ਦੇ ਰੂਪ ਵਿੱਚ ਲੋਕਾਂ ਵਿੱਚ ਸਾਹਮਣੇ ਪੇਸ਼ ਕੀਤਾ।

ਦੇਵ ਥਰੀਕੇਵਾਲਾ ਦਾ ਜਨਮ ਰਾਮ ਸਿੰਘ ਦੇ ਘਰ ਮਾਤਾ ਅਮਰ ਕੌਰ ਦੀ ਕੁੱਖ ਤੋਂ 19 ਸਤੰਬਰ 1939 ਵਿੱਚ ਰਾਮਗੜ੍ਹੀਆ ਪਰਿਵਾਰ ਵਿੱਚ ਹੋਇਆ। ਪਿੰਡ ਦਾ ਨਾਮ ਹਰਦੇਵ ਸਿੰਘ ਬਾਅਦ ਵਿੱਚ ਹਰਦੇਵ ਦਿਲਗੀਰ ਨੇ ਥਰੀਕੇ ਪ੍ਰਾਇਮਰੀ ਦੇ ਤੱਪੜਾਂ ਵਾਲੇ ਸਕੂਲ ਤੋਂ ਸੁਰੂ ਕਰਕੇ ਅੱਗੇ ਲਲਤੋਂ ਕਲਾਂ ਵਿੱਚ ਆਪਣੀ ਮੁੱਢਲੀ ਪੜ੍ਹਾਈ ਦੀ ਸ਼ੁਰੂਆਤ ਕੀਤੀ।ਇੱਥੇ ਪੜ੍ਹਦਿਆਂ ਉਨ੍ਹਾਂ ਨੂੰ ਮਾਸਟਰ ਹਰੀ ਸਿੰਘ ਦਿਲਵਰ ਵਰਗੇ ਉੱਘੇ ਗੁਰੂ ਦੀ ਸਿੱਖਿਆ ਨੇ ਅਜਿਹੀ ਕਲਮ ਹੱਥਾਂ ਵਿੱਚ ਫੜਾਈ, ਜੋ ਸਾਰੀ ਜ਼ਿੰਦਗੀ ਹਮੇਸ਼ਾ ਅੰਤ ਤੱਕ ਨਾਲ ਹੀ ਰਹੀ। ਸਕੂਲ ਵਿੱਚ ਪੜ੍ਹਦਿਆ ਦੇਵ ਨੇ 'ਚੱਕ ਭੈਣੇ ਬਸਤਾ ਸਕੂਲ ਨੂੰ ਚੱਲੀਏ ਲਿਖਿਆ, ਜੋ ਸਕੂਲ ਦੀ ਸਵੇਰ ਦੀ ਸਭਾ ਦਾ ਸਿੰਗਾਰ ਬਣਿਆ। ਇਹ ਗੀਤ ਉੱਘੇ ਨਾਵਲਕਾਰ ਅਤੇ ਕਹਾਣੀਕਾਰ ਗਿਆਨੀ ਹਰੀ ਸਿੰਘ ਦਿਲਬਰ ਵੱਲੋਂ 'ਬਾਲ ਦਰਬਾਰ' ਮੈਗਜ਼ੀਨ ਵਿੱਚ ਛਪਵਾ ਕੇ ਦੇਵ ਨੂੰ ਲਿਖਣ ਦੇ ਰਸਤੇ ਉੱਪਰ ਲੈ ਆਂਦਾ। ਬਸ ਫਿਰ ਕੀ ਸੀ ਤੁਕਬੰਦੀ ਦੇ ਨਾਲ ਨਾਲ ਹਰਦੇਵ ਦਿਲਗੀਰ ਨੇ ਕਹਾਣੀ ਲਿਖਣ ਵੱਲ ਵੀ ਹੱਥ ਅਜਮਾਉਣਾ ਸੁਰੂ ਕਰ ਦਿੱਤਾ ਅਤੇ 'ਜੱਟੀ ਪੰਜਾਬ ਦੀ', 'ਰੋਹੀ ਦਾ ਫੁੱਲ' ਕਿਤਾਬ ਤੋਂ ਲਿਖਣ ਦਾ ਸਫਰ ਸੁਰੂ ਹੁੰਦਾ ਹੈ।

ਦੇਵ ਥਰੀਕੇਵਾਲਾ ਨੇ 32 ਪੁਸਤਕਾਂ ਪੰਜਾਬੀ ਸੱਭਿਆਚਾਰ ਦੀਝੋਲੀ ਪਾਈਆਂ। ਇਨ੍ਹਾਂ ਵਿੱਚ 3 ਪੁਸਤਕਾਂ ਕਹਾਣੀਆ ਦੀਆਂ ਅਤੇਬਾਲ ਗੀਤਦੇਸ਼ ਭਗਤੀ ਦੇ ਗੀਤ ਦੀਆ ਪੁਸਤਕਾਂ ਵੀ ਲਿਖੀਆਂ। ਪਿੱਛਲੇ ਸਮੇਂ ਦੇਸ਼ ਅੰਦਰ ਕਿਸਾਨੀ ਘੋਲ ਨਾਲ ਸਬੰਧਤ ਨਵੇਂ ਗੀਤ ਨਵੇਂ ਕਲਾਕਾਰਾਂ ਦੀਆਂ ਅਵਾਜਾਂ ਰਾਹੀਂ ਬੱਚੇ ਬੱਚੇ ਦੀ ਜੁਬਾਨ ਤੱਕ ਪਹੁੰਚਾ ਦਿੱਤੇ। ਦੋ ਪੁਸਤਕਾਂ ਦੇਸ਼ ਭਗਤੀ ਦੇ ਗੀਤਾਂ ਦੀਆਂ ਲੋਕਾਂ ਦੀ ਝੋਲੀ ਪਾਈਆਂ। ਦੇਸ਼ ਭਗਤੀ ਦਾ ਲਿਖਿਆ 1965 ਦੀ ਜੰਗ ਵੇਲੇ ਇਕ ਗੀਤ 'ਹੋਸ ਕਰ ਹਿੰਦੀਆ ਤੂੰ ਉੱਠ ਹੋਸ ਕਰ ਵੇ ਲੁੱਟਣ ਲੁਟੇਰੇ ਆਏ ਤੇਰਾ ਘਰ ਵੇ' ਬਹੁਤ ਪ੍ਰਚਲਤ ਹੋਇਆ ਸੀ। ਵੈਸੇ ਤਾਂ ਦੇਵ ਦਾ ਪਿੱਛਲਾ ਜੱਦੀ ਪਿੰਡ ਰੋਹੀੜਾ ਸੰਗਰੂਰ ਹੈ, ਜਿੱਥੋਂ ਉਨ੍ਹਾਂ ਦਾ ਬਾਪ ਛੋਟੇ ਹੁੰਦਿਆਂ ਆਪਣੀ ਭੂਆ ਜੀ ਕੋਲ ਰਹਿਣ ਆ ਗਿਆ ਸੀ। ਬੀਬੀ ਪ੍ਰੀਤਮ ਕੌਰ ਨਾਲ ਵਿਆਹ ਹੋਇਆ ਅਤੇ ਘਰ ਵਿੱਚ ਦੋ ਲੜਕੇ ਅਤੇ ਲੜਕੀ ਪੈਦਾ ਹੋਏ।

ਦਸਵੀਂ ਤੱਕ ਦੀ ਪੜ੍ਹਾਈ ਮਾਲਵਾ ਖਾਲਸਾ ਹਾਈ ਸਕੂਲ਼ ਲੁਧਿਆਣਾ ਵਿੱਚ ਪੂਰੀ ਕੀਤੀ ਅਤੇ ਫਿਰ ਜਗਰਾਓ ਜਿਲਾ ਸਿੱਖਿਆ ਤੇ ਸਿਖਲਾਈ ਸੰਸਥਾਂ ਤੋਂ ਜੇ ਬੀ ਟੀ ਕਰਕੇ ਮਾਸਟਰ ਦੀ ਨੌਕਰੀ ਪ੍ਰਾਪਤ ਕਰ ਲਈ। ਨੌਲੱਖਾ ਹਾਇਰ ਸੰਕੈਡਰੀ ਵਿਖੇ ਪੜਾਉਣਾ ਸੁਰੂ ਕਰ ਦਿੱਤਾ। ਇੱਥੇ ਦੇਵ ਦੀ ਮੁਲਾਕਾਤ ਇੰਦਰਜੀਤ ਹਸਨਪੁਰੀ ਨਾਲ ਹੋਈ। ਇੰਦਰਜੀਤ ਹਸਨਪੁਰੀ ਉਸ ਸਮੇਂ ਨਾਮਵਰ ਗੀਤਕਾਰਾਂ ਵਿੱਚ ਗਿਣਿਆ ਜਾਂਦਾ ਸੀ।

ਦੇਵ ਥਰੀਕੇ ਵਾਲੇ ਨੇ ਲੰਮਾ ਸਮਾ ਲੱਗਭੱਗ ਚਾਰ ਦੁਹਾਕੇ ਤੋਂ ਵਧੇਰੇ ਸਮਾਂ ਗੀਤਕਾਰੀ ਦੇ ਖੇਤਰ ਵਿੱਚ ਆਪਣਾ ਪੈਰ ਜਮਾਈ ਰੱਖਿਆ। ਉਸਦੇ ਗੀਤਾਂ ਵਿੱਚ ਗੋਰਨਾਥ ਟਿੱਲੇ ਵਾਲਾ ਤੋਂ ਲੈ ਕੇ ਪੰਜਾਬ ਦੀ ਹਰੇਕ ਗਾਥਾ ਨੂੰ ਆਪਣੀ ਕਲਮ ਦਾ ਸਿੰਗਾਰ ਬਣਾਇਆ। ਇਸੇ ਲਈ ਉਸਦੀ ਲਿਖੀ ਹਰੇਕ ਗੱਲ ਲੋਕਾਂ ਦੇ ਧੁਰ ਅੰਦਰ ਪਹੁੰਚਦੀ ਗਈ। ਬੇਸੱਕ ਉਸਦੇ ਗੀਤਾਂ ਵਿੱਚ ਲੋਕ ਕਥਾਵਾਂ ਦਾ ਜਿਕਰ ਆਉਦਾ ਹੈ, ਪਰ ਉਸ ਨੇ ਆਪਣੀ ਗੀਤਕਾਰੀ ਰਾਹੀਂ ਮੌਜੂਦਾ ਦੌਰ ਦਾ ਦਰਦ ਵੀ ਝਲਕਦਾ ਸੀ। ਦੇਵ ਦੀ ਗੀਤਕਾਰੀ ਸਿਰਫ ਹੀਰ ਰਾਂਜਾ, ਮਿਰਜਾ ਸਾਹਿਬ, ਸੱਸੀ ਪੁੰਨੂ, ਸੀਰੀ ਫਰਿਆਦ ਤੱਕ ਹੀ ਸੀਮਤ ਨਹੀ ਸੀ, ਉਸਨੇ ਮਾਂ ਲੱਧੀ ਦੇ ਦੁੱਧ ਦੀ ਲਾਜ ਰੱਖਦਾ ਦੁੱਲਾ ਭੱਟੀ ਦੀ ਗਾਥਾ ਵੀ ਲਿਖੀ। ਜਿਹੜੀ ਉਸ ਸਮੇਂ ਰਜਵਾੜਿਆਂ ਨੂੰ ਲਲਕਾਰਦੀ ਸੀ। 'ਮੇਰਾ ਨਾਮ ਨਾ ਦੁੱਲਾ ਰੱਖ ਦੀ ਰੱਖ ਦਿੰਦੀ ਕੁਝ ਹੋਰ' ਗੀਤ ਬੜਾ ਮਸ਼ਹੂਰ ਹੋਇਆ।

ਇਸੇ ਤਰਾਂ ਸਿੱਖ ਵਿਰਾਸਤ ਨਾਲ ਜੁੜੇ ਅਨੇਕਾ ਗੀਤ ਲਿਖੇ ਹਨ ਜਿਵੇਂ ਬੰਦਾ ਸਿੰਘ ਬਹਾਦਰ ਦੀ ਵਾਰ ਲਿਖਕੇ ਜੁਲਮ ਖਿਲਾਫ ਲੜਨ ਦੀ ਪ੍ਰੇਰਨਾ ਵੀ ਦਿੱਤੀ। ਪੰਜਾਬ ਦੀ ਮਿੱਟੀ ਦੇ ਜਾਇਆਂ ਜੱਗੇ, ਸੁੱਚੇ ਅਤੇ ਜਿਉਣਾ ਮੌੜ ਵਰਗੇ ਲੋਕ ਨਾਇਕਾਂ ਵੱਲੋਂ ਅਮੀਰਾਂ ਸਾਹੂਕਾਰਾਂ ਦੀ ਲੁੱਟ ਖਿਲਾਫ ਆਪਣੀ ਕਲਮ ਰਾਹੀ ਗਰੀਬਾਂ ਦੀ ਮਦਦ ਲਈ ਅੱਗੇ ਆ ਕੇ ਹਰ ਤਰਾਂ ਦੇ ਜੁਲਮ ਖਿਲਾਫ ਲੜਨ ਦੀ ਸੋਚ ਨੂੰ ਸਮਾਜ ਸਾਹਮਣੇ ਬਾਖੂਬੀ ਲਿਆਂਦਾ ਗਿਆ। ਕੁਲ ਮਿਲਾਕੇ ਉਸਦੇ ਗੀਤਾਂ ਵਿੱਚ ਸਾਹੂਕਾਰਾਂ ਦੇ ਖਿਲਾਫ ਅਤੇ ਆਮ ਗਰੀਬ ਲੋਕਾਂ ਦੀ ਗੱਲ ਬੜੇ ਅਰਾਮ ਨਾਲ ਸੁਧਾਰਨ ਤੋਂ ਸੁਧਾਰਨ ਬੰਦੇ ਨੂੰ ਸਮਝ ਪੈਂਦੀ ਸੀ।

ਦੇਵ ਦੇ ਲਿਖੇ ਗੀਤ ਪੰਜਾਬ ਦੇ ਵੱਡੀ ਗਿਣਤੀ ਕਲਾਕਾਰਾਂ ਨੇ ਗਾਏ ਹਨ, ਪਰ ਸਭ ਤੋਂ ਵੱਧ ਕੁਲਦੀਪ ਮਾਣਕ ਨੇ ਗਾਏ ਹਨ। ਜਿਨ੍ਹਾਂ ਵਿੱਚ ਛੇਤੀ ਕਰ ਸਰਵਣ ਬੱਚਾ ਪਾਣੀ ਪਿਲਾਦੇ ਤੋਂ ਲੈ ਕੇ ਤੇਰੇ ਟਿੱਲੇ ਤੋਂ ਉਹ ਸੂਰਤ ਦੀਂਹਦੀ ਆ ਹੀਰ ਦੀ, ਔਂ ਲੈ ਵੇਖ ਗੋਰਖਾ ਉੱਡਦੀ ਆ ਫੁਲਕਾਰੀ, ਮਾਂ ਹੁੰਦੀ ਆ ਮਾਂ ਓ ਦੁਨੀਆਂ ਵਾਲਿਓ,। ਨਰਿੰਦਰ ਬੀਬਾ ਦਾ 'ਰਣ ਗਗਨ ਦਮਾਮਾ ਵਾਜਿਓ ਸਿੰਘੋ ਸਰਦਾਰੋ, ਅੱਜ ਵੈਰੀ ਚੜ੍ਹਕੇ ਆ ਗਿਆ ਤੁਸੀਂ ਜਾ ਲਲਕਾਰੋ' ਸੁਨਣ ਵਾਲਿਆਂ ਅੰਦਰ ਜੋਸ਼ ਭਰਦਾ ਹੈ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਦੀ ਅਵਾਜ ਵਿੱਚ 'ਕੌਣ ਪ੍ਰਾਹੁਣਾ ਆਇਆ' ਜਲੰਧਰ ਦੂਰਦਰਸ਼ਨ ਉੱਪਰ ਰੇਡੀਓ ਤੇ ਹਰ ਰੋਜ ਵੱਜਦਾ ਸੀ। ਇਹ ਗੀਤ ਸੁਰਿੰਦਰ ਕੌਰ ਨੇ ਆਪ ਦੇਵ ਤੋਂ ਕਹਿ ਕੇ ਲਿਖਵਾਇਆ ਸੀ। ਇਸੇ ਤਰ੍ਹਾਂ ਸੁਰਿੰਦਰ ਕੌਰ ਨੇ ਦੇਵ ਦੇ ਲਿਖੇ ਹੋਰ ਬਹੁਤ ਗੀਤ ਗਾਏ ਅਤੇ ਰਿਕਾਰਡ ਕਰਵਾਏ। ਗੱਲ ਕੀ ਪੂਰੇ ਪੰਜਾਬ ਅੰਦਰ ਮੇਲਿਆਂ, ਖਾੜਿਆਂ, ਅਖਾੜਿਆਂ ਵਿੱਚ ਕੋਈ ਅਜਿਹੀ ਥਾਂ ਨਹੀਂ ਸੀ ਕਿ ਕੋਈ ਵੀ ਪੰਜਾਬੀ ਕਲਾਕਾਰ ਆਪਣਾ ਪਰੋਗਰਾਮ ਪੇਸ਼ ਕਰਦਾ, ਤਾਂ ਦੇਵ ਥਰੀਕੇ ਵਾਲੇ ਦੇ ਗੀਤ ਨਾ ਗਾਇਆ ਜਾਂਦਾ ਹੋਵੇ।

ਜਗਦੇਵ ਸਿੰਘ ਜੱਸੋਵਾਲ ਵੱਲੋਂ ਹਰ ਸਾਲ ਕਰਵਾਏ ਜਾਂਦੇ ਪ੍ਰੋਫੈਸਰ ਮੋਹਣ ਸਿੰਘ ਯਾਦਗਾਰੀ ਮੇਲੇ ਅੰਦਰ ਦੇਵ ਨਾ ਹਾਜ਼ਰ ਹੋਵੇ, ਇਹ ਕਦੇ ਹੋ ਹੀ ਨਹੀ ਸਕਦਾ ਸੀ। ਦੇਵ ਨੂੰ ਗੀਤਕਾਰੀ ਖੇਤਰ ਵਿੱਚ ਮਿਲਦੇ ਮਾਣ ਸਨਮਾਨਾਂ ਦੀ ਤਾਂ ਗਿਣਤੀ ਕਰਨੀ ਵੀ ਔਖਾ ਹੈ। ਸ਼ੁਰੂ ਵਿੱਚ ਦੇਵ ਨੇ ਕੁਝ ਤੱਤੇ ਕਿਸਮ ਦੇ ਗੀਤ ਵੀ ਲਿਖੇ ਜਿਵੇਂ 'ਭਾਬੀ ਤੇਰੀ ਦੌਣ ਦੇ ਉੱਤੇ ਗੁੱਤ ਮੇਲਦੀ ਨਾਗ ਬਣਕੇ' ਮਾਰ ਜੰਗੀਰੋ ਗੇੜਾ' ਆਦਿ ਉਸੇ ਸਮੇਂ ਮੁਹੰਮਦ ਸਦੀਕ ਤੇ ਰਣਜੀਤ ਕੌਰ ਦੀ ਅਵਾਜ ਵਿੱਚ ਬਾਬੂ ਸਿੰਘ ਮਾਨ ਮਰਾੜਾਂਵਾਲੇ ਦੀ ਵੀ ਠੇਠ ਪੰਜਾਬੀ ਦੇ ਗੀਤਾਂ ਦੀ ਚੜਤ ਸੀ। ਇਸੇ ਪ੍ਰਭਾਵ ਵਿੱਚੋਂ ਅਤੇ ਆਮ ਲੋਕਾਂ ਦੀ ਮੰਗ ਅਨੁਸਾਰ ਗੀਤਕਾਰ ਵੱਲੋਂ ਲਿਖਿਆ ਜਾਂਦਾ ਸੀ। ਉਸ ਸਮੇਂ ਦੋ ਧਾਰਾਵਾਂ ਵੇਖਣ ਸੁਣਨ ਵਿੱਚ ਜਿਆਦਾ ਆ ਰਹੀਆਂ ਸਨ।

ਬੇਸਕ ਪੰਜਾਬ ਅੰਦਰ ਗੀਤਕਾਰ ਅਤੇ ਗਾਇਕਾਵਾਂ ਦੀ ਕਾਫੀ ਭੀੜ ਸੀ, ਪਰ ਇਕ ਮਾਨ ਮਰਾੜਾਂਵਾਲਾ ਅਤੇ ਇਕ ਦੇਵ ਥਰੀਕੇ ਵਾਲਾ ਦੇ ਨਾਮ ਦੀ ਚਰਚਾ ਚੱਲਦੀ ਸੀ। ਕੁਲਦੀਪ ਮਾਣਕ ਨੇ ਸਭ ਤੋਂ ਪਹਿਲਾ ਦੇਵ ਦੇ ਲਿਖੇ ਕੁਲ ਚਾਰ ਗੀਤ 'ਤੇਰੀ ਖਾਤਰ ਹੀਰੇ ਛੱਡਿਆ ਤਖਤ ਹਜਾਰੇ ਨੂੰ' ਈ ਪੀ ਰਿਕਾਰਡ ਕਰਵਾਏ ਸਨ।ਜੋ ਪੰਜਾਬ ਦੇ ਹਰ ਘਰ ਦੀ ਛੱਤ ਉਪਰ ਵੱਜਣ ਲੱਗੇ। ਉਸ ਤੋਂ ਬਾਅਦ ਦੀ ਤਾਂ ਗਿਣਤੀ ਹੀ ਕੋਈ ਨਹੀ ਰਹੀ, ਇਸ ਮਾਣਕ ਅਤੇ ਦੇਵ ਦੀ ਜੋੜੀ ਨੇ ਲੋਕ ਮਨਾਂ ਦੇ ਧੁਰ ਅੰਦਰ ਤੱਕ ਅਜਿਹੀ ਥਾਂ ਬਣਾਈ ਕਿ ਅੱਜ ਵੀ ਲੋਕ ਉਨਾ ਗੀਤਾਂ ਨੂੰ ਨੀਜ ਲਾ ਕੇ ਸੁਣਦੇ ਵੇਖੇ ਜਾ ਸਕਦੇ ਹਨ।

ਕੁਲਦੀਪ ਮਾਣਕ ਦੀ ਹੋਈ ਬੇਵਕਤੀ ਮੌਤ ਨੇ ਦੇਵ ਥਰੀਕਿਆਂ ਵਾਲੇ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਸੀ। ਆਪਣੇ ਨੌਜਵਾਨ ਪੁੱਤਰ ਹਰਪ੍ਰੀਤ ਬਿੱਟੂ ਦੀ ਮੌਤ ਜਿਨਾ ਹੀ ਦਰਦ ਹੋਇਆ ਸੀ ਮਾਣਕ ਦੇ ਜਾਣ ਦਾ। ਦੇਵ ਥਰੀਕੇ ਵਾਲੇ ਨੂੰ ਗਿਆਨੀ ਹਰੀ ਸਿੰਘ ਦਿਲਬਰ ਦੀ ਬਰਸੀ ਮੌਕੇ ਕਈ ਵਾਰ ਮਿਲਣ ਦਾ ਮੌਕਾ ਮਿਲਿਆ ਸੀ ਉਹ ਆਮ ਹੀ ਕਹਿ ਦਿੰਦਾ ਸੀ ਕਿ ਮੇਰੀ ਕਲਮ ਅਤੇ ਸਬਦਾਂ ਨਾਲ ਇਨਸਾਫ ਕੁਲਦੀਪ ਮਾਣਕ ਨੇ ਹੀ ਕੀਤਾ, ਭਾਵੇਂ ਕਿ ਪੰਜਾਬ ਦੇ ਹਰ ਕਲਾਕਾਰ ਨੇ ਦੇਵ ਦੇ ਲਿਖੇ ਗੀਤ ਗਾਏ, ਪਰ ਜੋ ਮਾਣਕ ਗਾ ਗਿਆ, ਉਹ ਸ਼ਾਇਦ ਹਾਲੇ ਤੱਕ ਕੋਈ ਹੋਰ ਨਹੀ ਗਾ ਸਕਿਆ।

ਸੁਰਿੰਦਰ ਛਿੰਦਾ ਦੇਵ ਦਾ ਰਿਸਤੇ ਵਿੱਚ ਸਾਂਢੂ ਲੱਗਦਾ ਸੀ, ਅੱਸੀਵਿਆਂ ਦੇ ਦੌਰ ਵਿੱਚ ਉਸਨੇ ਜਿਉਣਾ ਮੌੜ ਲਿਖਿਆ, ਜਿਸਦੇ ਡਾਇਲਾਗ ਪੰਜਾਬ ਦੇ ਬੱਚੇ ਬੱਚੇ ਦੀ ਜੁਬਾਨ ਉੱਪਰ' ਨਿਕਲ ਬਾਹਰ ਡੋਗਰਾ' ਵਰਗੇ ਸ਼ਬਦ ਗਲੀਆਂ ਵਿੱਚ ਆਮ ਬੋਲੇ ਜਾਣ ਲੱਗੇ। ਟਰੈਕਟਰਾਂ ਟਰਾਲੀਆਂ, ਵਿਆਹ ਸਾਦੀਆਂ ਅਤੇ ਘਰਾਂ ਦੀਆਂ ਟੇਪ ਰਿਕਾਰਡਾਂ ਦੀ ਸਾਨ ਬਣ ਗਿਆ ਸੀ ਜਿਉਣਾ ਮੌੜ ਦਾ ਕਿੱਸਾ। ਇਸ ਤੋਂ ਬਾਅਦ ਕੁਲਦੀਪ ਮਾਣਕ' ਦੋ ਸਾਲ ਗੁੱਸੇ ਰਿਹਾ ਦੇਵ ਨਾਲ ਕਿ ਤੂੰ ਮੈਨੂੰ ਕਿਉਂ ਨਹੀ ਲਿਖ ਕੇ ਦਿੱਤਾ ਜਿਉਣਾ ਮੌੜ' ਵਾਲਾ ਕਿੱਸਾ। ਇਸ ਨਰਾਜਗੀ ਨੂੰ ਦੂਰ ਕਰਨ ਲਈ ਫਿਰ ਦੇਵ ਥਰੀਕੇ ਵਾਲੇ ਨੇ 'ਜੱਗਾ ਡਾਕੂ, ਮੱਸਾ ਰੰਗੜ' ਲਿਖਕੇ ਦਿੱਤੇ। ਦੇਵ ਥਰੀਕੇ ਵਾਲੇ ਨੇ ਪੰਦਰਾਂ ਸੋਲਾਂ ਪੰਜਾਬੀ ਫਿਲਮਾਂ ਲਈ ਵੀ ਗੀਤ ਲਿਖੇ ਹਨ, ਜਿਨ੍ਹਾਂ ਵਿੱਚ 'ਬਲਵੀਰੋ ਭਾਬੀ, ਲੰਬੜਦਾਰਨੀ, ਪੁੱਤ ਜੱਟਾਂ ਦੇ' ਆਦਿ।

ਦੇਵ ਦੇ ਪ੍ਰਸ਼ੰਸਕ ਉਸਨੂੰ ਰੱਬ ਵਾਂਗ ਪੂਜਦੇ ਹਨ। ਦੇਵ ਥਰੀਕੇਵਾਲਾ ਅਜਿਹਾ ਵਿਅਕਤੀ ਸੀ, ਜਿਸ ਨੂੰ ਜਿਉਂਦੇ ਜੀਅ ਇੰਗਲੈਂਡ ਸ਼ਹਿਰ ਡਰਬੀ ਦੇ ਉਸਦੇ ਚਾਹੁੰਣ ਵਾਲਿਆ ਵੱਲੋਂ 'ਐਪਰੀਸ਼ੇਸ਼ਨ ਸੁਸਾਇਟੀ' ਬਣਾ ਕੇ ਚੇਅਰਮੈਨ ਸੁਖਦੇਵ ਸਿੰਘ ਅਟਵਾਲ ਦੀ ਦੇਖ ਰੇਖ ਹੇਠ ਗਾਇਕਾਂ, ਰਾਗੀਆਂ, ਢਾਡੀਆਂ ਅਤੇ ਗੀਤਕਾਰਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਸਨਮਾਨਿਤ ਵਿਅਕਤੀ ਨੂੰ ਇਕ ਹਜ਼ਾਰ ਪੌਂਡ ਦੀ ਰਾਸ਼ੀ ਭੇਂਟ ਕੀਤੀ ਜਾਂਦੀ ਹੈ। ਦੇਵ ਥਰੀਕੇ ਵਾਲੇ ਨੂੰ ਜਿਨਾ ਵੀ ਹੁਣ ਤੱਕ ਮਾਣ ਸਨਮਾਨ ਮਿਲਿਆ ਹੈ, ਉਸਦਾ ਉਸਨੇ ਕਦੇ ਹੰਕਾਰ ਨਹੀਂ ਕੀਤਾ। ਪੈਸਾ ਸੋਹਰਤ ਬਹੁਤ ਹਾਸਲ ਕੀਤੀ, ਪਰ ਕਿਸੇ ਦਾ ਹੱਕ ਮਾਰਕੇ ਨਹੀ ਖਾਧਾ। ਮਿਲਣਸਾਰ ਬੇਪਰਵਾਹ ਜ਼ਿੰਦਗੀ ਬਤੀਤ ਕਰਨ ਵਾਲੇ ਦੇਵ ਥਰੀਕੇਵਾਲਾ ਅੱਜ ਸਾਡੇ ਦਰਮਿਆਨ ਨਹੀਂ ਰਹੇ, ਪਰ ਉਸਦੀ ਕਲਮ ਤੋਂ ਉਕਰੇ ਸ਼ਬਦ ਹਮੇਸਾਂ ਰਹਿੰਦੀ ਦੁਨੀਆਂ ਤੱਕ ਦੇਵ ਦੀਆਂ ਬਾਤ ਪਾਉਂਦੇ ਰਹਿਣਗੇ। 28 ਜਨਵਰੀ ਦੇਵ ਥ੍ਰੀਕੇਵਾਲਾ ਨੂੰ ਸਰਧਾ ਦੇ ਫੁੱਲ ਭੇਂਟ ਕੀਤੇ ਗਏ, ਜਿਸ ਵਿੱਚ ਵੱਖ ਵੱਖ ਰਾਜਨੀਤਕ ਸਮਾਜਿਕ ਆਂਗੂਆਂ ਸਮੂਹ ਕਲਾਕਾਰਾਂ ਅਤੇ ਬੁੱਧੀਜੀਵੀਆਂ ਨੇ ਸਮੂਲੀਆਤ ਕੀਤੀ।

# ਗੁਲਾਮ ਮਾਨਸਿਕਤਾ ਦੀ ਨਿਸ਼ਾਨਦੇਹੀ...

(ਸ.ਫ਼ਾ 5 ਦੀ ਬਾਕੀ)

ਸਾਮਰਾਜਵਾਦੀ ਦੇਸ਼ਾਂ ਵੱਲੋਂ ਬਸਤੀਵਾਦੀ ਦੌਰ ਵਿਚ ਆਪਣੀਆਂ ਕਾਲੋਨੀਆਂ ਵਿਚ ਤਸ਼ੱਦਦ ਕਰਨ ਵਾਲੇ, ਮਾਨਵੀ ਵਪਾਰ ਕਰਨ ਵਾਲੇ, ਕਤਲੇਆਮ ਕਰਨ ਵਾਲੇ ਅਤੇ ਆਰਥਿਕ ਲੁੱਟ ਖਸੁੱਟ ਕਰਨ ਵਾਲੇ ਹਰ ਬਾਹੂ-ਬਲੀ ਅਤੇ ਵਪਾਰੀ ਦੇ ਨਾਵਾਂ ਨੂੰ ਸਥਾਨਕ ਨਾਵਾਂ ਨੂੰ ਖਤਮ ਕਰਦਿਆਂ ਸਥਾਪਿਤ ਕੀਤਾ ਗਿਆ ਹੈ। ਇਹ ਕੋਈ ਦਾਨਿਸ਼ਮੰਦੀ ਵਾਲੀ ਗੱਲ ਨਹੀਂ, ਬਲਕਿ ਇਤਿਹਾਸਕ ਬੇਈਮਾਨੀ ਅਤੇ ਮੂਲ ਨਿਵਾਸੀਆਂ ਦੇ ਵਜੂਦ ਨੂੰ ਖਤਮ ਕਰਨ ਦੀ ਕੋਝੀ ਚਾਲ ਹੈ। ਜਿਉਂ ਜਿਉਂ ਸਾਮਰਾਜੀ ਬਸਤੀਆਂ ਕਨੇਡਾ, ਅਮਰੀਕਾ, ਨਿਊਜੀਲੈਂਡ, ਆਸਟਰੇਲੀਆ ਵਿਚ ਦਬਾਈਆਂ ਗਈਆਂ ਕੌਮਾਂ/ਕਬੀਲਿਆਂ ਵਿਚ ਜਾਗ੍ਰਿਤੀ ਆ ਰਹੀ ਹੈ, ਲੋਕ ਇਹਨਾਂ ਧੱਕੇ ਨਾਲ ਕੀਤੇ ਗਏ ਨਾਮਕਰਨਾਂ ਦੇ ਖਿਲਾਫ਼ ਹੋ ਰਹੇ ਹਨ। ਪਿੱਛੇ ਜਹੇ ਅਮਰੀਕਾ ਵਿਚ ਇਕ ਪੁਲਸ ਵਾਲੇ ਹੱਥੋਂ ਕੋਹ ਕੇ ਮਾਰੇ ਗਏ ਕਾਲੇ ਵਿਅਕਤੀ ਦੀ ਮੌਤ ਤੋਂ Black live Matter ਤਹਿਤ ਅਮਰੀਕਾ ਦੇ ਕਾਲੇ ਵਸਨੀਕਾਂ ਨੇ ਪ੍ਰਦਰਸ਼ਨਾਂ ਦੀ ਹਨੇਰੀ ਲਿਆ ਦਿੱਤੀ। ਇਹ ਗ਼ੁੱਸਾ ਕੋਈ ਇਕ ਘਟਨਾ ਦੇ ਵਿਰੋਧ ਵਿਚ ਨਹੀਂ, ਸਦੀਆਂ ਤੋਂ ਚੱਲਦੇ ਆ ਰਹੇ ਰੰਗ ਅਧਾਰਤ ਭੇਦ-ਭਾਵ, ਤਸ਼ੱਦਦ ਭਰੇ ਵਰਤਾਰਿਆਂ ਅਤੇ ਬਸਤੀਵਾਦ ਦੌਰ ਦੇ ਦਮਨਕਾਰੀ ਵਤੀਰਿਆਂ ਖਿਲਾਫ਼ ਉਪਜਿਆ ਹਿੰਸਕ ਰੋਹ ਸੀ। ਇਸਦਾ ਅਸਰ ਪੂਰੇ ਵਿਸ਼ਵ ਵਿਚ ਪਿਆ। ਇਸ ਦੇ ਤਹਿਤ ਬਸਤੀਵਾਦੀ ਦੌਰ ਦੀਆਂ ਨਿਸ਼ਾਨੀਆਂ, ਉਚਿਆਏ ਗਏ ਕਾਤਲਾਂ, ਲੁਟੇਰਿਆਂ ਦੇ ਬੁੱਤ ਲੋਕਾਂ ਚੌਕਾਂ ਵਿੱਚੋਂ ਲਾਹ ਲਾਹ ਕੇ ਪਰੇ ਮਾਰੇ। ਸੁਨਹਿਰੀ ਹਰਫ਼ਾਂ ਵਾਲੀਆਂ ਪਲੇਟਾਂ ਤੇ ਕਾਲ਼ਖ ਮਲ਼ ਦਿੱਤੀ ਗਈ। ਆਸਟਰੇਲੀਆ ਦੇ ਸ਼ਹਿਰ ਮੈਲਬੌਰਨ ਅਤੇ ਸਿਡਨੀ ਆਦਿ ਵਿਚ ਬਸਤੀਵਾਦੀ ਦੌਰ ਨੂੰ ਚੇਤੇ ਕਰਵਾਉਣ ਵਾਲੇ ਬੁੱਤਾਂ ਅੱਗੇ ਪੁਲਸ ਫੋਰਸ ਲਾ ਦਿੱਤੀ ਗਈ ਤਾਂ ਕਿ ਮੁਜ਼ਾਹਰੇ ਕਰਨ ਵਾਲੇ ਲੋਕ ਬੁੱਤ ਨਾ ਤੋੜ ਦੇਣ। ਇਹ ਕਾਲੇ ਲੋਕਾਂ ਦੀ ਜਗਮਗਾਉਂਦੀ ਸੋਚ ਦੀ ਇਕ ਝਲਕ ਹੈ, ਜੋ ਇਹਨਾਂ ਧਰਤੀਆਂ ਤੇ ਰਹਿ ਕੇ ਵੀ ਆਪਣੇ ਕਾਲੇ ਅਤੀਤ ਲਈ ਗੋਰਿਆਂ ਨੂੰ ਮਾਫ਼ ਨਹੀਂ ਕਰਨਾ ਚਾਹੁੰਦੀ।

ਸਾਡੇ ਪੰਜਾਬੀਆਂ ਵਿਚ ਖਾਸ ਕਰ ਸਿੱਖ ਭਾਈਚਾਰੇ ਜਿੰਨੀ ਦੁਬਿਧਾ ਕਿਸੇ ਵੀ ਕੌਮ ਵਿਚ ਨਹੀਂ ਹੈ, ਜੋ ਗੋਰਿਆਂ ਦੇ ਖਿਲਾਫ਼ ਲੜਣ ਵਾਲਿਆਂ ਨੂੰ ਵੀ ਪੂਜੀ ਜਾਂਦੇ ਹਨ ਅਤੇ ਗੋਰਿਆਂ ਵਾਸਤੇ ਲੜਣ ਵਾਲਿਆਂ ਨੂੰ ਵੀ ਪੂਜੀ ਜਾਂਦੇ ਹਨ। ਇਹ ਗੁਲਾਮ ਮਾਨਸਿਕਤਾ ਪਰਵਾਸ ਵਿਚ ਆਣ ਕੇ ਵੀ ਉਹਨਾਂ ਦਾ ਖਹਿੜਾ ਨਹੀਂ ਛੱਡ ਦੀ। ਇਸ ਨੂੰ ਉਹਨਾਂ ਦੀ ਅਲਪ ਬੁੱਧੀ ਕਹਿ ਲਵੋ ਜਾਂ ਖ਼ੂਨ ਵਿਚ ਰਚੀ ਹੋਈ ਗੁਲਾਮ ਮਾਨਸਿਕਤਾ, ਉਹ ਸਾਰਾਗੜ੍ਹੀ ਦੇ ਬਹਾਨੇ, ਗੈਲੀਪੋਲੀ ਦੇ ਬਹਾਨੇ, ਐਨਜ਼ੈਕ ਦਿਵਸ ਦੇ ਰੂਪ ਵਿਚ ਬਸਤੀਵਾਦੀ ਦੌਰ ਦੀ ਗੁਲਾਮੀ ਨੂੰ ਮਾਣ ਨਾਲ ਤਸਦੀਕ ਕਰਦੇ ਰਹਿੰਦੇ ਹਨ। ਇਕ ਪਾਸੇ ਆਸਟਰੇਲੀਆ ਡੇਅ ਦੀ ਤਰੀਕ ਬਦਲਣ ਲਈ ਮੂਲ ਨਿਵਾਸੀਆਂ ਨਾਲ ਖੜਦੇ ਹਨ, ਦੂਸਰੇ ਪਾਸੇ ਮੂਲ ਨਿਵਾਸੀਆਂ ਦੀ ਪਹਿਚਾਣ ਅਤੇ ਇਤਿਹਾਸ ਨੂੰ ਮਿਟਾ ਕੇ ਰੱਖੇ ਗਏ ਗਏ ਨਾਵਾਂ ਦੀ ਤਾਈਦ ਵੀ ਕਰਦੇ ਹਨ। ਅਣਪੜ੍ਹ ਲੋਕਾਂ ਨਾਲ਼ੋਂ ਅੱਧਪੜ੍ਹ ਲੋਕ ਜ਼ਿਆਦਾ ਖ਼ਤਰਨਾਕ ਹੁੰਦੇ ਹਨ, ਕਿਉਂਕਿ ਉਹ ਅਧੂਰੇ ਇਤਿਹਾਸ ਅਤੇ ਕੱਚ-ਘਰੜ ਹਵਾਲਿਆਂ ਨੂੰ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਕੱਲ ਨੂੰ ਕੋਈ ਪੰਜਾਬੀ ਸਰ ਥਾਮਸ ਰੋਇ, ਕ੍ਰਿਸਟੋਫ਼ਰ ਕੋਲੰਬਸ ਜਾਂ ਕੈਪਟਨ ਕੁੱਕ ਦੇ ਨਾਮ ਪੁਰਸਕਾਰ ਸ਼ੁਰੂ ਕਰ ਲਵੇ ਤਾਂ ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਹੋਵੇਗੀ, ਇਸ ਨੂੰ ਆਪਣੀ ਝੋਲੀ ਵਿਚ ਪਵਾਉਣ ਵਾਲੇ ਵੀ ਇਹਨਾਂ ਨਾਵਾਂ ਦਾ ਇਤਿਹਾਸ ਨਹੀਂ ਫੋਲਣਗੇ। ਕੱਲ ਨੂੰ ਕੋਈ ਪੰਜਾਬੀ ਤੈਮੂਰ, ਵਾਸਕੋ-ਡੀ-ਗਾਮਾ ਜਾ ਲਾਰਡ ਡਲਹੌਜ਼ੀ ਦੇ ਨਾਮ ਤੇ ਸਾਹਿਤਕ ਮੈਗਜ਼ੀਨ ਸ਼ੁਰੂ ਕਰ ਲਵੇ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ।

ਸਾਡੀ ਬੇਸਮਝੀ ਜਾਂ ਗੁਲਾਮ ਮਾਨਸਿਕਤਾ ਨਾਲ ਬਸਤੀਵਾਦੀ ਰਹਿੰਦ ਖੂੰਹਦ ਤੇ ਲਾਈ ਮੋਹਰ ਵੀ ਕਿਸੇ ਨਾਮ ਨੂੰ ਚਮਕਾ ਨਹੀਂ ਸਕੇਗੀ, ਅਜਿਹੀ ਕੋਸ਼ਿਸ਼ ਕਿਸੇ ਬਸਤੀਵਾਦੀ ਮੋਹਰੇ ਦੀ ਸਥਾਪਤੀ ਨੂੰ ਕਾਇਮ ਨਹੀਂ ਰੱਖ ਸਕੇਗੀ। ਸੰਸਾਰ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਆਸਟਰੇਲੀਆ ਵਿਚ ਸਟੋਸਨ ਜਨਰੇਸ਼ਨ ਲਈ ਪਾਰਲੀਮੈਂਟ ਵਿਚ ਮਾਫ਼ੀ ਮੰਗੀ ਗਈ ਹੈ। ਆਉਣ ਵਾਲੇ ਸਮਿਆਂ ਵਿਚ ਥੋਪੇ ਹੋਏ ਗੈਰ ਸਥਾਨਿਕ ਨਾਮ ਬਦਲੇ ਜਾਣਗੇ, ਆਪ ਹੀ ਘੜੇ ਹੋਏ ਇਤਿਹਾਸ ਨੂੰ ਰੱਦੀ ਬਣਨਾ ਪਵੇਗਾ, ਸਥਾਪਿਤ ਕੀਤੇ ਹੋਏ ਪੱਥਰ ਦੇ ਬੁੱਤ ਤੋੜ ਦਿੱਤੇ ਜਾਣਗੇ। ਜੋ ਜਾਣੇ-ਅਣਜਾਣੇ ਵਿਚ ਜਾਂ ਸਭ ਸਮਝਦੇ ਹੋਏ ਵੀ ਇਸ ਕੂੜੇ ਕਚਰੇ ਨੂੰ ਪਲੱਸਤਰ ਮਾਰ ਰਹੇ ਹਨ, ਉਹ ਬਸਤੀਵਾਦੀ ਰਹਿੰਦ ਖੂੰਹਦ ਨੂੰ ਅਮਰ ਨਹੀਂ ਬਣਾ ਸਕਦੇ। ਸਾਨੂੰ ਆਪਣੀ ਜਨਮ ਭੂਮੀ ਦੇ ਨਾਲ ਨਾਲ ਆਪਣੀ ਕਰਮ ਭੂਮੀ ਦੇ ਇਤਿਹਾਸ, ਵਿਰਾਸਤ ਅਤੇ ਹਵਾਲਿਆਂ ਨੂੰ ਗੁਲਾਮ ਮਾਨਸਿਕਤਾ ਦੀ ਐਨਕ ਲਾਹ ਕੇ ਪੜ੍ਹਣਾ ਚਾਹੀਦਾ ਹੈ। ਅਸੀਂ ਬਸਤੀਵਾਦੀ ਦੌਰ ਵਿਚ ਗੁਲਾਮ ਹੋਈਆਂ ਕੌਮਾਂ ਦੀ ਤ੍ਰਾਸਦੀ ਨੂੰ ਉਹਨਾਂ ਦੇ ਪੱਧਰ ਤੇ ਆਣ ਕੇ ਸਮਝੀਏ ਅਤੇ ਉਹਨਾਂ ਧਰਤੀਆਂ ਦੀ ਮੌਲਿਕ ਪਹਿਚਾਣ ਨੂੰ ਖਤਮ ਕਰਨ ਵਾਲੀ ਪਹੁੰਚ ਦਾ ਹਿੱਸਾ ਨਾ ਬਣੀਏ। ਜਿਨ੍ਹਾਂ ਧਰਤੀਆਂ ਤੇ ਅਸੀਂ ਬਿਹਤਰ ਜੀਵਨ ਜਿਊਣ ਦੀ ਤਾਂਘ ਲੈ ਆਏ ਹਾਂ, ਇਹਨਾਂ ਧਰਤੀਆਂ ਦੀਆਂ ਸੁੱਖ-ਸਹੂਲਤਾਂ ਅਤੇ ਵਧੀਆ ਜੀਵਨ-ਸ਼ੈਲੀ ਦੇ ਪਿੱਛੇ ਇਕ ਲਹੂ-ਭਿੱਜਿਆ ਇਤਿਹਾਸ ਹੈਸ਼ਸ਼. ਸਾਨੂੰ ਉਸ ਨੂੰ ਨਜ਼ਰ-ਅੰਦਾਜ਼ ਨਹੀਂ ਕਰਨਾ ਚਾਹੀਦਾ!

ਨਰਭਿੰਦਰ
93544-30211

# ਪ੍ਰਧਾਨ ਮੰਤਰੀ ਦੀ ਜਾਨ ਨੂੰ ਨਹੀਂ ਇੱਜ਼ਤ ਨੂੰ ਖਤਰਾ ਹੈ

## (ਖਤਰਨਾਕ ਮਨਸੂਬੇ ਨੇ ਆਰ.ਐਸ.ਐਸ. ਦੇ)

5 ਜਨਵਰੀ ਨੂੰ ਪ੍ਰਧਾਨ ਮੰਤਰੀ ਦੀ ਫਿਰੋਜ਼ਪੁਰ ਰੈਲੀ ਦੇ ਅਸਫ਼ਲ ਹੋਣ ਪਿਛੋਂ ਜਿਹੜਾ ਨਾਟਕ ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਹੈ ਇਸ ਪਿਛੇ ਇਕ ਗੰਭੀਰ ਸਾਜ਼ਿਸ਼ ਛੁਪੀ ਹੋਈ ਹੈ। ਪ੍ਰਧਾਨ ਮੰਤਰੀ ਦੇ ਕਾਫ਼ਲੇ ਨੂੰ ਕਿਸਾਨਾਂ ਦੇ ਵਿਰੋਧ ਵਜੋਂ ਪਿਛੇ ਮੁੜਨਾ ਪਿਆ ਪਰ ਉਨ੍ਹਾਂ ਜੋ ਸ਼ਬਦ ਏਅਰਪੋਰਟ ਉਤੇ ਅਧਿਕਾਰੀਆਂ ਨੂੰ ਕਹੇ ਕਿ "ਆਪਣੇ ਮੁੱਖ ਮੰਤਰੀ ਨੂੰ ਕਹਿਣਾ ਮੈਂ ਜਿਉਂਦਾ ਵਾਪਸ ਆ ਗਿਆ ਹਾਂ।" ਅਤੇ ਇਸ ਪਿਛੋਂ ਜਿਵੇਂ ਪੂਰਾ ਗੋਦੀ ਮੀਡੀਆ ਅਤੇ ਬੀਜੇਪੀ ਦੇ ਆਗੂ ਇਸ ਨੂੰ ਸੁਰੱਖਿਆ ਦਾ ਗੰਭੀਰ ਮੁੱਦਾ ਬਣਾ ਕੇ ਪ੍ਰਚਾਰ ਕਰ ਰਹੇ ਹਨ, ਵਿਸ਼ੇਸ਼ ਕਰਕੇ ਪੰਜਾਬ ਦੇ ਮਾਹੌਲ ਉਤੇ ਟਿੱਪਣੀਆਂ ਕਰ ਰਹੇ ਹਨ, ਇਹਨੇ ਸਿਆਸਤ ਦੇ ਬਹੁਤ ਨੀਵੇਂ ਧਰਾਤਲ ਨੂੰ ਛੂਹ ਲਿਆ ਹੈ। ਖ਼ੁਦ ਪ੍ਰਧਾਨ ਮੰਤਰੀ ਰਾਸ਼ਟਰਪਤੀ ਨੂੰ ਮਿਲਦੇ ਹਨ, ਗ੍ਰਹਿ ਵਿਭਾਗ ਪੰਜਾਬ ਤੋਂ ਜਵਾਬ ਮੰਗਦਾ ਹੈ। ਕੈਬਨਿਟ ਦੀ ਹੰਗਾਮੀ ਮੀਟਿੰਗ ਹੁੰਦੀ ਹੈ। ਭਾਜਪਾ ਦੇ ਲੁਕਵੇਂ ਅਤੇ ਹੁਣੇ ਹੋਏ ਜਾਹਰ ਹੋਏ ਨਵੇਂ ਯਾਰ ਕੈਪਟਨ ਅਮਰਿੰਦਰ ਸਿੰਘ, ਰਾਸ਼ਟਰਪਤੀ ਰਾਜ ਦੀ ਮੰਗ ਕਰਦੇ ਹਨ ਅਤੇ ਇਹ ਕਨਸੋਆਂ ਤੇ ਚਰਚਾ ਜ਼ੋਰ ਫੜ ਰਹੀ ਹੈ ਕਿ ਪੰਜਾਬ ਨੂੰ ਅਗਲੇ ਦਿਨਾਂ ਵਿਚ ਰਾਸ਼ਟਰਪਤੀ ਰਾਜ ਦੇ ਹਵਾਲੇ ਕਰ ਦਿੱਤਾ ਜਾਵੇਗਾ। ਸ਼ਾਇਦ ਅਜਿਹਾ ਤ੍ਰਾਸਦਿਕ ਦੌਰ ਹੈ ਜਿਸ 'ਚੋਂ ਅਸੀਂ ਲੰਘ ਰਹੇ ਹਾਂ।

ਪਹਿਲਾਂ ਅਸੀਂ ਘਟਨਾਕ੍ਰਮ ਨੂੰ ਵਾਚਦੇ ਹਾਂ। ਪ੍ਰਧਾਨ ਮੰਤਰੀ ਦੀ ਰੈਲੀ ਦੇ ਬਹੁਤ ਪਹਿਲਾਂ ਐਲਾਨ ਹੋ ਚੁੱਕੇ ਸਨ ਅਤੇ ਇਹਦੇ ਮੋੜਵੇਂ ਰੂਪ ਵਿਚ ਕਿਸਾਨ ਜਥੇਬੰਦੀਆਂ ਨੇ ਵੀ ਇਸ ਰੈਲੀ ਦੇ ਵਿਰੋਧ ਵਿਚ ਆਪਣੇ ਪ੍ਰਦਰਸ਼ਨ ਕਰਨ ਦੇ ਐਲਾਨ ਕਰ ਦਿੱਤੇ ਸਨ। ਇਹ ਸਥਿਤੀ ਪੰਜਾਬ ਸਰਕਾਰ ਨੂੰ ਹੀ ਨਹੀਂ ਕੇਂਦਰ ਦੀਆਂ ਸਾਰੀਆਂ ਸੁਰੱਖਿਆ ਏਜੰਸੀਆਂ ਨੂੰ ਹੀ ਸੀ। ਪ੍ਰਧਾਨ ਮੰਤਰੀ ਜਦੋਂ ਕਿਤੇ ਰੈਲੀ ਕਰਨਾ ਹੈ ਤਾਂ ਇਸ ਦੀ ਸਾਰੀ ਜ਼ਿੰਮੇਵਾਰੀ ਤੇ ਦੇਖਭਾਲ ਐਸ.ਪੀ.ਜੀ. (ਸਪੈਸ਼ਲ ਪ੍ਰੋਟੈਕਸ਼ਨ ਗਰੁੱਪ) ਦੀ ਨਿਗਰਾਨੀ ਹੇਠ ਹੁੰਦੀ ਹੈ ਹਰ ਕਿਸਮ ਦੀ ਜ਼ਿੰਮੇਵਾਰੀ ਵਿਚ ਨਾ ਸਿਰਫ਼ ਸੁਰੱਖਿਆ ਸਗੋਂ ਆਉਣ ਜਾਣ ਦੇ ਸਾਧਨ, ਰੂਟ, ਭਾਵ ਹਵਾਈ, ਰੇਲ ਜਾਂ ਸੜਕ ਮਾਰਗ ਦੀ ਰੂਪ ਰੇਖਾ ਇਥੋਂ ਤੱਕ ਸਮੁੰਦਰੀ ਤੱਟ ਤੇ ਪੈਦਲ ਚਲਣ ਵਾਲੇ ਰੂਟ ਦਾ ਵੇਰਵਾ ਭਾਵ ਟਰਾਂਸਪੋਰਟ ਤੋਂ ਇਲਾਵਾ ਖਾਣ ਪੀਣ, ਸਥਾਨ ਦੇ ਪ੍ਰਬੰਧਨ ਦੀ ਸਮੁੱਚੀ ਜ਼ਿੰਮੇਵਾਰੀ, ਵਹੀਕਲਾਂ ਦੀ ਨਿਗਰਾਨੀ ਦੀ ਜ਼ਿੰਮੇਵਾਰੀ ਉਹ ਇਹ ਸਮੁੱਚੀ ਵਿਉਂਤਬੰਦੀ ਇੰਟੈਲੀਜੈਂਸੀ ਬਿਊਰੋ ਅਤੇ ਸੀ.ਬੀ.ਆਈ. ਤੇ ਹੋਰ ਖੁਫ਼ੀਆ ਏਜੰਸੀਆਂ ਦੇ ਆਪਸੀ ਤਾਲਮੇਲ ਨਾਲ ਬਣਾਉਂਦੀ ਹੈ। ਇਸ ਐਸ.ਪੀ.ਜੀ. ਦੀ ਸਮੁੱਚੀ ਰੂਪ ਰੇਖਾ ਲਈ ਰਾਜ ਸਰਕਾਰ ਨੇ ਆਪਣੀ ਫੋਰਸ (ਪੁਲਿਸ) ਉਹਦੀ ਮਦਦ ਲਈ ਦੇਣੀ ਹੁੰਦੀ ਹੈ। ਐਸ.ਪੀ.ਜੀ. ਦੇ ਅਜਿਹੇ ਨਿਯਮਾਂ ਦੀ ਕਿਤਾਬ ਨੂੰ ਬਲਿਊ ਬੁੱਕ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ। ਐਸ.ਪੀ.ਜੀ. ਦੇਸ਼ ਵਿਚ ਅਤੇ ਵਿਦੇਸ਼ ਵਿਚ ਵੀ ਇਹ ਪ੍ਰਬੰਧ ਕਰਦਾ ਹੈ ਅਤੇ ਇਹ ਸਿਰਫ਼ ਪ੍ਰਧਾਨ ਮੰਤਰੀ ਦੀ ਹੀ ਸੁਰੱਖਿਆ ਕਰਦੀ ਹੈ। ਇਸ ਦਾ ਗਠਨ 1988 'ਚ ਕੀਤਾ ਗਿਆ ਸੀ ਪਰ 2019 ਵਿਚ ਇਸ ਦੀਆਂ ਤਾਕਤਾਂ ਦਾ ਹੋਰ ਵਿਸਥਾਰ ਕੀਤਾ ਗਿਆ। ਕਾਲੇ ਸੂਟ 'ਚ ਕਾਲੀਆਂ ਐਨਕਾਂ ਨਾਲ ਪ੍ਰਧਾਨ ਮੰਤਰੀ ਦੇ ਆਲੇ ਦੁਆਲੇ ਖੜ੍ਹੇ ਲੋਕ ਇਸੇ ਦੇ ਹੀ ਮੈਂਬਰ ਹੁੰਦੇ ਹਨ ਜੋ ਅਤਿ ਆਧੁਨਿਕ ਤਕਨੀਕ ਤੇ ਹਥਿਆਰਾਂ ਨਾਲ ਲੈਸ ਹੁੰਦੇ ਹਨ। ਕਿਸੇ ਰਾਜ ਦੇ ਦੌਰ ਸਮੇਂ ਇਹ ਉਸ ਬਲਿਊ ਬੁੱਕ 'ਚ ਦਰਸਾਏ ਨਿਰਦੇਸ਼ਾਂ ਅਨੁਸਾਰ ਹੀ ਚਲਦੀ ਹੈ। ਬਲਿਊ ਬੁੱਕ ਅਨੁਸਾਰ ਤਿੰਨ ਦਿਨ ਪਹਿਲਾਂ ਇਹ ਸੁਰੱਖਿਆ ਏਜੰਸੀ ਰਾਜ ਦੀਆਂ ਖ਼ੁਫ਼ੀਆ ਏਜੰਸੀਆਂ ਅਤੇ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕਰਦੀ ਹੈ। ਇਹ ਨੇ ਹੀ ਤਹਿ ਕਰਨਾ ਹੁੰਦਾ ਹੈ ਕਿ ਕਾਰਾਂ ਦੇ ਕਾਫ਼ਲੇ ਦੀ ਪਲੈਨਿੰਗ ਕਿਵੇਂ ਹੋਣੀ ਹੈ। ਪ੍ਰਧਾਨ ਮੰਤਰੀ ਕਿਹੋ ਜਿਹੀ ਕਾਰ 'ਚ ਸਵਾਰ ਹੁੰਦਾ ਹੈ। ਉਸ ਨਾਲ ਦੀਆਂ ਤਿੰਨ ਹੋਰ ਕਾਰਾਂ ਉਸੇ ਸਮੇਂ ਨਾਲ ਨਾਲ ਚਲ ਰਹੀਆਂ ਹੁੰਦੀਆਂ ਹਨ। ਐਂਬੂਲੈਂਸਾਂ ਦਾ ਪ੍ਰਬੰਧ ਵੀ ਹੁੰਦਾ ਹੈ ਜਿਸ ਰਸਤੇ ਪ੍ਰਧਾਨ ਮੰਤਰੀ ਜਾਣਾ ਜਾਂ ਆਉਣਾ ਹੁੰਦਾ ਹੈ ਇਸ ਦਾ ਵੇਰਵਾ ਤਾਂ ਹੁੰਦਾ ਹੈ ਇਸ ਰੂਟ ਉਤੇ ਸੁਰੱਖਿਆ ਅਮਲੇ ਫੈਲੇ ਤੋਂ ਛੁੱਟ ਸਿਹਤ ਵਿਭਾਗ ਭਾਵ ਹਸਪਤਾਲਾਂ, ਪ੍ਰਸ਼ਾਸਨਿਕ ਅਧਿਕਾਰੀਆਂ ਆਦਿ ਨੂੰ ਵੀ ਸੂਚਿਤ ਕੀਤਾ ਹੁੰਦਾ ਹੈ ਅਤੇ ਉਹ ਆਪਣੀ ਡਿਊਟੀ ਉਤੇ ਤਾਇਨਾਤ ਹੁੰਦੇ ਹਨ। ਪੁਲਿਸ ਨੂੰ ਸਖ਼ਤ ਹਦਾਇਤਾਂ ਹੁੰਦੀਆਂ ਹਨ। ਰੈਲੀ ਵਾਲੇ ਸਥਾਨ ਦੀ ਨਿਗਰਾਨੀ ਆਲੇ ਦੁਆਲੇ ਦੇ ਇਲਾਕੇ ਦੀ ਨਿਗਰਾਨੀ ਹਰ ਵਿਅਕਤੀ ਹਰ ਕਾਰਵਾਈ ਦੀ ਰਿਪੋਰਟਿੰਗ ਪੁਲਿਸ ਕਰਮਚਾਰੀਆਂ ਦੇ ਨਾਲ ਨਾਲ ਕੁੱਤਿਆਂ ਤੇ ਬੰਬ ਸੰਭਾਲੂ ਦਸਤਿਆਂ ਦੀ ਵੀ ਹਾਜ਼ਰੀ ਤੇ ਨਿਗਰਾਨੀ ਹੁੰਦੀ ਹੈ।



ਜੋ ਸ਼ਡਿਊਲ ਐਸ.ਪੀ.ਜੀ. ਬਣਾਉਂਦੀ ਹੈ ਰਾਜ ਸਰਕਾਰ ਉਨ੍ਹਾਂ ਅਨੁਸਾਰ ਕੰਮ ਕਰਦੀ ਹੈ। ਪ੍ਰੋਟੋਕੋਲ ਇਹ ਕਹਿੰਦਾ ਹੈ ਕਿ ਇਹ ਸ਼ਡਿਊਲ ਰੈਲੀ ਜਾਂ ਸਬੰਧਤ ਪ੍ਰੋਗਰਾਮ ਤੋਂ ਪਹਿਲਾਂ ਕਿਸੇ ਵੀ ਤਰ੍ਹਾਂ ਬਾਹਰ ਨਹੀਂ ਜਾਣਾ ਚਾਹੀਦਾ। ਇਥੋਂ ਤੱਕ ਕਿ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਵੀ ਕਈ ਵਾਰੀ ਮੌਕੇ 'ਤੇ ਹੀ ਦੱਸਿਆ ਜਾਂਦਾ ਹੈ। ਪਰ ਉਨ੍ਹਾਂ ਨੂੰ ਚੌਕਸ ਰਹਿਣ ਦੀਆਂ ਹਦਾਇਤਾਂ ਜ਼ਰੂਰ ਹੁੰਦੀਆਂ ਹਨ।

ਪ੍ਰਧਾਨ ਮੰਤਰੀ ਦਾ ਜੋ ਬਲਿਊ ਬੁੱਕ ਦੇ ਮੁਤਾਬਕ ਸ਼ਡਿਊਲ ਬਣਿਆ ਸੀ। ਉਸ ਮੁਤਾਬਕ ਪ੍ਰਧਾਨ ਮੰਤਰੀ ਨੇ ਬਠਿੰਡੇ ਤੱਥ ਹਵਾਈ ਜਹਾਜ਼ ਉਸ ਤੋਂ ਅੱਗੇ ਫਿਰੋਜ਼ਪੁਰ ਤੱਕ ਹੈਲੀਕੈਪਟਰ ਤੇ ਫਿਰ ਰੈਲੀ ਸਥਾਨ ਤੱਕ ਕਾਰ 'ਤੇ ਜਾਣਾ ਸੀ। ਉਸ ਲਿਹਾਜ ਨਾਲ ਫਿਰੋਜ਼ਪੁਰ ਪੁਲਿਸ ਤੇ ਪੰਜਾਬ ਪੁਲਿਸ ਨੇ ਸੁਰੱਖਿਆ ਏਜੰਸੀ ਨੂੰ ਆਪਣੀਆਂ ਸੇਵਾਵਾਂ ਦਿੱਤੀਆਂ ਸਨ ਅਤੇ ਜ਼ਿੰਮੇਵਾਰੀ ਨਿਭਾਅ ਰਹੀ ਸੀ। ਪਰ 5 ਜਨਵਰੀ ਨੂੰ ਜਿਉਂ ਹੀ ਪ੍ਰਧਾਨ ਮੰਤਰੀ ਬਠਿੰਡਾ ਹਵਾਈ ਜਹਾਜ਼ ਉਤੋਂ ਉਤਰੇ ਅਤੇ ਕੁਝ ਇੰਤਜ਼ਾਰ ਕਰਨ ਪਿਛੋਂ ਸਾਰਾ ਸ਼ਡਿਊਲ ਹੀ ਤਬਦੀਲ ਕਰ ਦਿੱਤਾ। 6 ਜਨਵਰੀ ਨੂੰ 5 ਜਨਵਰੀ ਵਾਲਾ ਸ਼ਡਿਊਲ ਪੰਜਾਬ ਸਰਕਾਰ ਨੇ ਮੀਡੀਆ ਸਾਹਮਣੇ ਲੈ ਆਂਦਾ। ਇਹ ਤਬਦੀਲੀ ਕਿਉਂ ਤੇ ਕਿਵੇਂ ਹੋਈ ਇਹ ਇਕ ਜਾਂਚ ਦਾ ਵਿਸ਼ਾ ਹੈ। ਜਦੋਂਕਿ ਕੇਂਦਰੀ ਏਜੰਸੀਆਂ (ਆਈ.ਬੀ. ਤੇ ਸੀ.ਬੀ.ਆਈ.) ਅਤੇ ਪੰਜਾਬ ਦੀਆਂ ਏਜੰਸੀਆਂ ਵੀ ਪੰਜਾਬ ਦੀ ਸਥਿਤੀ ਦੀ ਲਗਾਤਾਰ ਨਿਗਰਾਨੀ ਕਰ ਰਹੀਆਂ ਸਨ ਅਤੇ ਪਲਪਲ ਦੀ ਖ਼ਬਰ ਉਨ੍ਹਾਂ ਕੋਲ ਸੀ। ਅਚਨਚੇਤ ਫੈਸਲਾ ਲਿਆ ਜਾਂਦਾ ਹੈ ਕਿ ਪ੍ਰਧਾਨ ਮੰਤਰੀ ਸੜਕ ਦੇ ਰਾਹੀਂ ਫਿਰੋਜ਼ਪੁਰ ਪਹੁੰਚਣਗੇ। 112 ਕਿਲੋਮੀਟਰ ਦਾ ਇਹ ਰਸਤਾ ਸੀ। ਫਿਰੋਜ਼ਪੁਰ ਤੋਂ 30 ਕਿਲੋਮੀਟਰ ਪਿਛੇ ਫਿਰੋਜ਼ਪੁਰ ਬਠਿੰਡਾ ਰੋਡ ਉਤੇ ਇਕ ਫਲਾਈਓਵਰ ਉਤੇ ਇਸ ਕਰਕੇ ਰੁਕ ਗਿਆ ਕਿ ਫਲਾਈਓਵਰ ਦੇ ਦੂਸਰੇ ਪਾਸੇ ਪ੍ਰਦਰਸ਼ਨਕਾਰੀ ਕਿਸਾਨ ਕਾਲੇ ਝੰਡੇ ਲੈ ਕੇ ਬੈਠੇ ਸਨ। ਕਾਫਿਲਾ 20 ਮਿੰਟ ਤੱਕ ਰੁਕਿਆ ਰਿਹਾ ਅਤੇ ਫਿਰ ਵਾਪਸ ਚਲਾ ਗਿਆ। ਯਾਦ ਰਹੇ ਪ੍ਰਧਾਨ ਮੰਤਰੀ ਦੇ ਇਸ ਕਾਫਲੇ ਵਿਚ ਸੈਂਕੜੇ ਕਾਰਾਂ ਸ਼ਾਮਲ ਸਨ।

ਸੰਯੋਗ ਵੇਖੋ ਕਿ ਸੜਕ ਉਤੇ ਪੁੱਲ ਤੋਂ ਹੇਠਾਂ ਕਾਲੇ ਝੰਡਿਆਂ ਨੂੰ ਫੜੀ ਵਿਰੋਧ ਕਰ ਰਹੇ ਕਿਸਾਨਾਂ ਨੂੰ ਕੋਈ ਖ਼ਬਰ ਨਹੀਂ ਕਿ ਪੁੱਲ ਉਤੇ ਪ੍ਰਧਾਨ ਮੰਤਰੀ ਦਾ ਕਾਫ਼ਲਾ ਖਲੋਤਾ ਹੈ। ਹਾਂ ਇਸੇ ਦੌਰਾਨ ਬੀਜੇਪੀ ਦੇ ਵਰਕਰਾਂ ਦੀ ਇਕ ਟੈਲੀ ਜ਼ਰੂਰ ਸੀ। ਜਿਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜ਼ਿੰਦਾਬਾਦ ਦੇ ਨਾਅਰੇ ਲਾਏ। ਨਾ ਪ੍ਰਧਾਨ ਮੰਤਰੀ ਦੇ ਕਾਫ਼ਲੇ ਕੋਲ ਕਿਸਾਨ ਕਾਲੇ ਝੰਡੇ ਲੈ ਕੇ ਆਏ ਨਾ ਕੋਈ ਹੋਰ ਕਾਰਵਾਈ ਹੋਈ ਨਾ ਇੱਟਾਂ ਰੋੜੇ ਚੱਲੇ। ਬੱਸ ਮੋਦੀ ਸਾਹਿਬ ਰੈਲੀ ਦੀ ਜਗ੍ਹਾ ਨਹੀਂ ਪਹੁੰਚ ਸਕੇ। ਹੁਣ ਬਵਾਲ ਇਹ ਖੜ੍ਹਾ ਹੋ ਗਿਆ ਹੈ ਕਿ ਪ੍ਰਧਾਨ ਮੰਤਰੀ ਦੀ ਜਾਨ ਨੂੰ ਬਹੁਤ ਵੱਡਾ ਖਤਾ ਸੀ। ਇਸ ਉਤੇ ਚਰਚਾ ਕਰਨ ਤੋਂ ਪਹਿਲਾਂ ਅਸੀਂ ਕੁਝ ਘਟਨਾਵਾਂ ਨੂੰ ਲਵਾਂਗੇ।

2009 ਦੀ ਘਟਨਾ ਤੋਂ ਉਦੋਂ ਮਨਮੋਹਨ ਸਿੰਘ ਪ੍ਰਧਾਨ ਮੰਤਰੀ ਸਨ ਉਹ ਗੁਜਰਾਤ ਗਏ। ਉਨ੍ਹਾਂ ਉਤੇ ਕਿਸੇ ਨੇ ਜੁੱਤੀ ਸੁੱਟੀ। ਸੰਯੋਗਵਸ ਮੁੱਖ ਮੰਤਰੀ ਨਰਿੰਦਰ ਮੋਦੀ ਹੀ ਸਨ। ਉਨ੍ਹਾਂ ਅਜਿਹਾ ਇਜਲਾਮ ਨਾ ਲਾਇਆ ਨਾ ਬਵੇਲਾ ਖੜ੍ਹਾ ਕੀਤਾ। ਯਾਦ ਹੋਵੇਗਾ ਕਿ ਬਿਹਾਰ 'ਚ ਕਿਸੇ ਰੋਹ 'ਚ ਆਏ ਨੌਜਵਾਨ ਨੇ ਇੰਦਰਾ ਗਾਂਧੀ ਦਾ ਨੱਕ ਹੀ ਤੋੜ ਦਿੱਤਾ ਸੀ ਉਹਨੇ ਇਹ ਨਹੀਂ ਕਿਹਾ ਕਿ ਮੈਨੂੰ ਮਾਰਨ ਦੀ ਸਾਜ਼ਿਸ਼ ਹੋ ਰਹੀ ਹੈ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ 2012 ਵਿਚ ਵੀ ਕਾਲੇ ਝੰਡੇ ਵਿਖਾਏ ਗਏ ਸਨ ਅਤੇ ਜਵਾਹਰ ਲਾਲ ਯੂਨੀਵਰਸਿਟੀ ਵਿਚ ਵੀ ਵਿਦਿਆਰਥੀਆਂ ਨੇ ਕਾਲੇ ਝੰਡੇ ਵਿਖਾਏ ਸਨ। ਸ਼ਾਇਦ 1982 ਦੀ ਘਟਨਾ ਹੈ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਫ਼ਲੇ ਨੂੰ ਬੇਰੁਜ਼ਗਾਰਾਂ ਨੇ ਘੇਰ ਲਿਆ ਸੀ। ਉਹਨੇ ਉਨ੍ਹਾਂ ਦਾ ਸੰਗ ਪੱਤਰ ਵੀ ਲਿਆ ਅਤੇ ਰੈਸਟ ਹਾਊਸ 'ਚ ਬੈਠ ਕੇ ਮੀਟਿੰਗ ਕਰਕੇ ਵਿਰੋਧ ਵੀ ਜਾਣਨਾ ਚਾਹਿਆ। ਇਵੇਂ ਰਾਜੀਵ ਗਾਂਧੀ ਨਾਲ ਵੀ ਵਾਪਰੀ। ਵਿਦਿਆਰਥੀਆਂ ਨੇ ਉਨਾਂ ਦੇ ਕਾਫ਼ਲੇ ਨੂੰ ਘੇਰ ਲਿਆ। ਉਨ੍ਹਾਂ ਵੀ ਉਨ੍ਹਾਂ ਨਾਲ ਬੈਠ ਕੇ ਗੱਲ ਕੀਤੀ ਤੇ ਉਨ੍ਹਾਂ ਦੀ ਪੀੜ ਨੂੰ ਜਾਣਿਆ। ਸ਼ਾਇਦ 25 ਜਨਵਰੀ 2020 ਦੀ ਗੱਲ ਹੈ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਸਨ ਤੇ ਉਹ ਰੇਲ ਵਿਚ ਸਫ਼ਰ ਕਰ ਰਹੇ ਸਨ। ਵਿਦਿਆਰਥੀ ਉਨ੍ਹਾਂ ਦੇ ਡੱਬੇ ਵਿਚ ਵੜ ਗਏ। ਬੇਸ਼ੱਕ ਵਿਦਿਆਰਥੀ ਨਾਲ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ ਦੇ ਸੁਰੱਖਿਆ ਕਰਮੀਆਂ ਦੀ ਧੱਕਾ ਮੁੱਕੀ ਹੋਈ ਅਤੇ ਸੁਰੱਖਿਅਤ ਕਰਮੀਆਂ ਨੇ ਗੋਲੀ ਚਲਾਈ ਇਕ ਵਿਦਿਆਰਥੀ ਦੀ ਮੌਤ ਹੋ ਗਈ ਪਰ ਚੰਦਰ ਸ਼ੇਖਰ ਨੇ ਸਮਝਦਾਰੀ ਨਾਲ ਹਾਲਾਤ ਨੂੰ ਸੰਭਾਲਿਆ ਉਨ੍ਹਾਂ ਕਦੇ ਨਹੀਂ ਕਿਹਾ ਕਿ ਉਨ੍ਹਾਂ ਦੀ ਜਾਣ ਨੂੰ ਖਤਰਾ ਹੈ। ਉਨ੍ਹਾਂ ਨੂੰ ਕਤਲ ਕਰਨ ਦੀ ਸਾਜ਼ਿਸ਼ ਹੈ।

ਇਹ ਪਹਿਲਾ ਵਰਤਾਰਾ ਨਹੀਂ ਹਰ ਦੇਸ਼ ਵਿਚ ਦੇਸ਼ ਦੇ ਮੁਖੀਆਂ ਨਾਲ ਅਜਿਹੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ ਲੋਕਾਂ ਦਾ ਵਿਰੋਧ ਕਰਨ ਦਾ ਅਧਿਕਾਰ ਹੈ ਅਤੇ ਲੋਕਾਂ ਦੇ ਵਿਰੋਧ ਦਾ ਦੇਸ਼ ਦੇ ਮੁਖੀਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਆਗੂਆਂ ਵਿਚ ਵਿਸ਼ਾਲਤਾ ਹੋਣੀ ਚਾਹੀਦੀ ਹੈ ਪਰ ਨਰਿੰਦਰ ਮੋਦੀ ਦੀ ਤਾਸੀਰ ਹੀ ਕੁਝ ਵੱਖਰੀ ਹੈ।

ਕੀ ਖੁਫ਼ੀਆ ਏਜੰਸੀਆਂ ਤੇ ਵਿਸ਼ੇਸ਼ ਸੁਰੱਖਿਆ ਏਜੰਸੀ ਨਹੀਂ ਸੀ ਜਾਣਦੀ ਕਿ ਸੰਘਰਸ਼ਸ਼ੀਲ ਕਿਸਾਨਾਂ ਨੇ ਪੂਰੇ ਸ਼ਹਿਰ ਦੇ ਮੁੱਖ ਮਾਰਗਾਂ ਨੂੰ ਘੇਰਿਆ ਹੋਇਆ ਹੈ। ਫਿਰ ਸੜਕ ਦਾ ਰੂਟ ਕਿਉਂ ਚੁਣਿਆ। ਪ੍ਰਧਾਨ ਮੰਤਰੀ ਆਮ ਤੌਰ 'ਤੇ ਸੁਰੱਖਿਆ ਪ੍ਰੋਟੋਕੋਲ ਤੋੜਦੇ ਰਹਿੰਦੇ ਹਨ। ਜਿਸ ਪਾਕਿਸਤਾਨ ਦੇ ਨਾਂ ਹੇਠ ਨਫ਼ਰਤ ਫੈਲਾਉਂਦੇ ਹਨ, ਉਥੇ ਸਾਰੇ ਪ੍ਰੋਟੋਕੋਲ ਤੋੜ ਕੇ ਇਕ ਘੰਟਾ ਰੁਕ ਕੇ ਚਾ ਪਾਣੀ ਪੀ ਕੇ ਆਉਣ ਵਾਲੇ ਪ੍ਰਧਾਨ ਮੰਤਰੀ ਇਹੋ ਮੋਦੀ ਹੀ ਤਾਂ ਸਨ। ਪੰਜਾਬ ਬਾਰੇ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਨ੍ਹਾਂ ਦੀ ਸਰਕਾਰ ਦੀਆਂ ਨੀਤੀਆਂ ਦਾ ਸਖ਼ਤ ਵਿਰੋਧ ਅਜੇ ਵੀ ਹੋ ਰਿਹਾ ਹੈ। ਤਿੰਨ ਕਿਸਾਨ ਵਿਰੋਧੀ ਕਾਨੂੰਨਾਂ ਦੇ ਵਾਪਸ ਲੈਣ ਪਿਛੋਂ ਵੀ ਘੱਟੋ ਘੱਟ ਸਮਰਥਨ ਮੁੱਲ, ਸ਼ਹੀਦ ਕਿਸਾਨਾਂ ਦੇ ਮੁਆਵਜ਼ੇ, ਕਿਸਾਨਾਂ ਦੇ ਕਰਜ਼ਿਆਂ ਦੀ ਮੁਆਫ਼ੀ ਆਦਿ ਮਸਲਿਆਂ ਪ੍ਰਤੀ ਸਰਕਾਰ ਦੀ ਚੁੱਪ ਤੇ ਬੇਰੁਖੀ ਵਿਰੁੱਧ ਕਿਸਾਨਾਂ ਦਾ ਗੁੱਸਾ ਝੰਡਾ ਨਹੀਂ ਹੋਇਆ। ਆਖਿਰ ਪ੍ਰਧਾਨ ਮੰਤਰੀ ਬਿਨਾਂ ਕਿਸੇ ਯੋਜਨਾ ਦੇ ਸੜਕ ਮਾਰਗ ਦਾ ਰਾਹ ਕਿਉਂ ਚੁਣਿਆ ਅਤੇ ਫਿਰ ਪੁਲ ਉਤੇ ਅਜਿਹੀ ਫੋਟੋਗ੍ਰਾਫ਼ੀ ਕਿਉਂ ਕਰਵਾਈ ਜਿਹੀ ਜਿਹੀ ਉਹ ਅਕਸਰ ਚਰਚਾ 'ਚ ਰਹਿਣ ਲਈ ਕਰਵਾਉਂਦੇ ਰਹਿੰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੇ ਕਾਫ਼ਲੇ ਨੂੰ ਰੂਟ ਬਦਲਣ ਦਾ ਮੌਕਾ ਪਹਿਲਾਂ ਨਹੀਂ। 22 ਦਸੰਬਰ 2017 ਦੀ ਘਟਨਾ ਹੈ ਜਦੋਂ ਪ੍ਰਧਾਨ ਮੰਤਰੀ ਵਾਰਾਨਸੀ 'ਚ ਤਹਿਸ਼ੁਦਾ ਰੂਟ 'ਤੇ ਜਾ ਰਹੇ ਸਨ ਅਤੇ ਬਨਾਰਸ ਹਿੰਦੂ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ, ਜਿਸ਼ਨੀ ਹਿੰਸਾ ਵਿਰੋਧ ਪ੍ਰਦਰਸ਼ਨ ਕਰਦੀਆਂ ਆ ਰਹੀਆਂ ਸਨ ਅਤੇ ਪੁਲਿਸ ਦੇ ਰੋਕਣ ਦੇ ਬਾਵਜੂਦ ਨਹੀਂ ਸਨ ਰੁਕੀਆਂ। ਇਸੇ ਮੋਦੀ ਨੂੰ ਆਪਣਾ ਰੂਟ ਬਦਲਣਾ ਪਿਆ ਸੀ ਪਰ ਉਹ ਬਨਾਰਸ ਸੀ ਤੇ ਯੋਗੀ ਅਦਿਤਿਆਨਾਥ ਦੀ ਸਰਕਾਰ।

ਖੈਰ ਇਥੇ ਪ੍ਰਧਾਨ ਮੰਤਰੀ ਦੀ ਗਿਣਤੀ ਮਿਣਤੀ ਕੁਝ ਹੋਰ ਹੈ। ਕਿਹਾ ਇਹ ਜਾਂਦਾ ਹੈ ਕਿ ਮੌਸਮ ਦੀ ਸਮੱਸਿਆ ਕਾਰਨ ਹੈਲੀਕੈਪਟਨ ਜਾ ਨਹੀਂ ਸੀ ਸਕਦਾ ਤਾਂ ਸੜਕ ਮਾਰਗ ਦਾ ਫੈਸਲਾ ਲਿਆ। ਪਰ ਖੁਫ਼ੀਆ ਏਜੰਸੀਆਂ ਨੂੰ ਵੀ ਮੌਸਮ ਵਿਭਾਗ ਦੀਆਂ ਚਾਰ ਦਿਨ ਪਹਿਲਾਂ ਦਿੱਤੀਆਂ ਚਿਤਾਵਨੀਆਂ ਕਿ 5-6 ਜਨਵਰੀ ਨੂੰ ਭਾਰੀ ਬਾਰਿਸ਼ ਦੀ ਸੰਭਾਵਨਾ ਹੈ, ਬਾਰੇ ਗਿਆਨ ਹੀ ਸੀ। ਉਸ ਸਮੇਂ ਬਦਲਵੇਂ ਸੜਕ ਮਾਰਗ ਦੀ ਚੋਣ ਅਤੇ ਪ੍ਰਬੰਧ ਕਿਉਂ ਨਾ ਕੀਤੇ ਗਏ? ਸਪੈਸ਼ਲ ਪ੍ਰੋਟੈਕਸ਼ਨ ਗਾਰਡ ਇਸ ਜਵਾਬਦੇਹੀ ਤੋਂ ਬਚ ਨਹੀਂ ਸਕਦੀ ਤੇ ਨਾ ਹੀ ਕੇਂਦਰੀ ਗ੍ਰਹਿ ਵਿਭਾਗ ਜਿਹੜਾ ਸਿੱਧਾ ਅਮਿਤਸ਼ਾਹ ਦੇ ਅਧੀਨ ਹੈ।

ਕਿਸੇ ਦੇਸ਼ ਦੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਜੇ ਜ਼ਰੂਰੀ ਹੈ ਅਤੇ ਜੇ ਇਸ 'ਚ ਕੋਈ ਕੋਤਾਹੀ ਹੋਈ ਹੈ ਤਾਂ ਉਨ੍ਹਾਂ ਕਮਜ਼ੋਰੀਆਂ ਨੂੰ ਲੱਭ ਕੇਂਦਰ ਕਰਨਾ ਚਾਹੀਦਾ ਹੈ। ਪਰ ਇਸ ਪ੍ਰਧਾਨ ਮੰਤਰੀ ਦੇ ਮੂੰਹੋਂ ਇਹ ਨਹੀਂ ਸੋਭਾ ਦਿੰਦਾ ਕਿ "ਮੈਂ ਜ਼ਿੰਦਾ ਬਚ ਆਇਆ ਹਾਂ"। ਜਦੋਂ ਕਿ ਪ੍ਰਧਾਨ ਮੰਤਰੀ ਦੇ ਕਾਫ਼ਲੇ ਨੂੰ ਆਂਚ ਤੱਕ ਨਹੀਂ ਆਈ। ਉਨ੍ਹਾਂ ਨੂੰ ਕਾਲੇ ਝੰਡੇ ਵਿਖਾਉਣ ਵਾਲੇ ਵੀ ਬਹੁਤ ਦੂਰ ਸਨ ਅਤੇ ਬੇਖ਼ਬਰ ਸਨ ਕਿ ਪ੍ਰਧਾਨ ਮੰਤਰੀ ਇਧਰ ਨੇੜੇ ਤੇੜੇ ਹਨ। ਪ੍ਰਧਾਨ ਮੰਤਰੀ ਜੀ ਇਕ ਸਵਾਲ ਪੁੱਛਣਾ ਬਣਦਾ ਹੈ ਕਿ ਤੁਹਾਡੇ ਲਈ ਰਾਹ ਸਾਫ਼ ਨਾ ਹੋਣ ਅਤੇ 20 ਮਿੰਟ ਤੁਹਾਡੇ ਕਾਫ਼ਲੇ ਨੂੰ ਸੜਕ ਉਤੇ ਰੁਕਣ ਤੋਂ ਤੁਸੀਂ ਐਨਾ ਖ਼ਫ਼ਾ ਹੋਏ ਹੋ। ਭੁੱਲ ਗਏ ਹੋ ਕਿ ਹਜ਼ਾਰਾਂ ਲੱਖਾਂ ਕਿਸਾਨ ਜਿਨ੍ਹਾਂ ਨੇ ਰਾਹਾਂ 'ਚ ਤੁਸੀਂ ਤੇ ਤੁਹਾਡੀ ਸਰਕਾਰ ਨੇ ਕੰਡਿਆਲੀਆਂ ਤਾਰਾਂ ਵਿਛਾਈਆਂ ਕਿੱਲ ਗੱਡੇ, ਵੱਡੇ ਵੱਡੇ ਕੰਨਟੇਨਰ ਤੇ ਪੱਥਰ ਦੀਆਂ ਦੀਵਾਰਾਂ ਖੜ੍ਹੀਆਂ ਕੀਤੀਆਂ ਪਰ ਪੂਰਾ ਇਕ ਸਾਲ ਭਾਵ 52 ਲੱਖ 5 ਹਜ਼ਾਰ 600 ਮਿੰਟ ਸੜਕਾਂ ਉਤੇ ਰੁਕੇ ਰਹੇ ਅਤੇ ਉਨ੍ਹਾਂ 'ਚੋਂ 700 ਤਾਂ ਜਿੰਦਾ ਵੀ ਬਚ ਕੇ ਘਰਾਂ ਨੂੰ ਨਹੀਂ ਆਏ। ਹੈ ਤਾਂ ਉਹ ਵੀ ਇਸੇ ਦੇਸ਼ ਦੇ ਹੀ ਨਾਗਰਿਕ ਸਨ। ਤੁਸੀਂ ਤਾਂ ਉਨ੍ਹਾਂ ਉਤੇ ਪਾਣੀ ਦੀਆਂ ਬੁਛਾਵਾਂ ਛੱਡੀਆਂ, ਲਾਠੀਚਾਰਜ ਕੀਤਾ, ਅੱਥਰੂ ਗੈਸ ਦੇ ਗੋਲੇ ਚਲਾਏ। ਉਧਰ ਤੁਸੀਂ ਇਹ 20 ਮਿੰਟ ਸੈਂਕੜੇ ਸੁਰੱਖਿਆ ਗਾਰਡਾਂ ਦੀ ਸੁਰੱਖਿਆ ਕਵਚ 'ਚ ਖੜ੍ਹੇ ਸੀ ਤੇ ਵਾਪਸ ਆ ਗਏ। ਮੈਨੂੰ ਯਾਦ ਆਉਂਦੀ ਹੈ ਹਰੀ ਸ਼ੰਕਰ ਪਰਸਾਈ ਦੀ ਇਕ ਟਿੱਪਣੀ, "ਤਾਨਾਸ਼ਾਹ ਡਰਪੋਕ ਆਦਮੀ ਹੁੰਦਾ ਹੈ। ਜੇ ਪੰਜ ਖੋਤੇ ਵੀ ਇਕੋ ਥਾਂ ਘਾਹ ਚਰਦੇ ਦਿਖ ਜਾਣ ਤਾਂ ਤਾਨਾਸ਼ਾਹ ਡਰਨ ਲੱਗਦਾ ਹੈ, ਕਿ ਕਿਤੇ ਮੇਰੇ ਵਿਰੁੱਧ ਸਾਜ਼ਿਸ਼ ਤਾਂ ਨਹੀਂ ਕਰ ਰਹੇ।"

ਦਰਅਸਲ ਹਕੀਕਤ ਇਹ ਨਹੀਂ ਕਿ ਪ੍ਰਧਾਨ ਮੰਤਰੀ ਦੇ ਸੁਰੱਖਿਆ ਪ੍ਰਬੰਧਾਂ ਦੀ ਘਾਟ ਸੀ ਜਾਂ ਪ੍ਰਧਾਨ ਮੰਤਰੀ ਦੀ ਸੁਰੱਖਿਆ ਦਾ ਸਵਾਲ ਸੀ। ਫਿਰੋਜ਼ਪੁਰ ਰੈਲੀ ਦੀਆਂ ਲਾਈਵ ਤਸਵੀਰਾਂ ਬਹੁਤ ਸਾਰੇ ਚੈਨਲ ਤੇ ਸੋਸ਼ਲ ਮੀਡੀਆ ਵਿਖਾ ਰਿਹਾ ਸੀ। 12 ਵਜੇ ਤੱਕ ਪੰਡਾਲ ਵਿਚ ਗਿਣਤੀ ਦੇ ਹੀ ਲੋਕ ਸਨ ਮਸੀਂ 1000-1200 ਜਿਨ੍ਹਾਂ 'ਚ ਸੁਰੱਖਿਆ ਮਾਮਲੇ, ਖੁਫ਼ੀਆ ਏਜੰਸੀਆਂ, ਸਿਹਤ ਕਰਮੀ, ਪੱਤਰਕਾਰ ਤੇ ਕੁਝ ਸਥਾਨਕ ਲੋਕ ਸਨ। ਲੋਕ ਰੈਲੀ 'ਚ ਪਹੁੰਚੇ ਹੀ ਨਹੀਂ ਸਨ। ਜੇ ਇਹ ਮੰਨ ਵੀ ਲਿਆ ਜਾਵੇ ਕਿ ਗੁਰਦਾਸਪੁਰ, ਹੁਸ਼ਿਆਰਪੁਰ, ਅੰਮ੍ਰਿਤਸਰ, ਤਰਨਤਾਰਨ ਵਲੋਂ ਰੈਲੀ 'ਚ ਸ਼ਾਮਲ ਹੋਣ ਵਾਲੇ ਵਹੀਕਲ ਨਹੀਂ ਪਹੁੰਚ ਸਕੇ ਤਾਂ ਵੀ ਫਿਰੋਜ਼ਪੁਰ, ਫਾਜ਼ਿਲਕਾ ਆਦਿ ਦੇ ਖੇਤਰ ਤਾਂ ਬੀਜੇਪੀ ਦੇ ਗੜ੍ਹ ਮੰਨੇ ਜਾਂਦੇ ਹਨ। ਉਨ੍ਹਾਂ ਨੂੰ ਤਾਂ ਕੋਈ ਰੁਕਾਵਟ ਨਹੀਂ ਸੀ। 70,000 ਕੁਰਸੀਆਂ ਖਾਲੀ ਸਨ। ਜਿਹੜੇ ਬਾਹਰੋਂ ਖੰਨਾ ਲੁਧਿਆਣਾ ਤੋਂ ਦਿਹਾੜੀ ਦਾ ਲਾਲਚ ਦੇ ਕੇ ਮਜ਼ਦੂਰ ਲਿਆਂਦੇ ਸਨ ਉਹ ਵੀ ਭੁੱਖਣ ਭਾਣੇ ਰੈਲੀ ਸਥਲ ਤੋਂ ਬਾਹਰ ਰੋਟੀ ਦੇ ਪ੍ਰਬੰਧਾਂ ਦੀ ਘਾਟ ਨੂੰ ਲੈ ਕੇ ਪ੍ਰਬੰਧਕਾਂ ਨੂੰ ਕੋਸ ਰਹੇ ਸਨ। ਮੋਦੀ ਵਰਗਾ ਤਾਕਤਵਰ ਆਗੂ ਹੋਵੇ ਭਾਵ ਤਾਨਾਸ਼ਾਹ ਹਵੇ ਅਤੇ ਉਸ ਨੂੰ ਸੁਣਨ ਵਾਲਾ 5000-7000 ਵੀ ਨਾ ਹੋਣ ਇਹ ਨਿਮੋਸ਼ੀ ਦੀ ਗੱਲ ਸੀ। ਸ਼ਾਬਾਸ਼ ਪੰਜਾਬੀਆਂ ਦੇ ਜਿਨ੍ਹਾਂ ਨੇ ਕੈਪਟਨ, ਰਾਣੀ ਸੋਢੀ ਤੇ ਢੀਂਡਸਿਆਂ ਨੂੰ ਨਕਾਰਦਿਆਂ ਮੋਦੀ ਨੂੰ ਇਹ ਦੱਸ ਦਿੱਤਾ ਕਿ ਪੰਜਾਬ ਦੇ ਲੋਕਾਂ ਨੂੰ ਜੁਮਲੇਬਾਜ਼ ਆਗੂ ਪ੍ਰਵਾਨ ਨਹੀਂ।

ਉਨ੍ਹਾਂ ਬੀਜੇਪੀ ਤੇ ਸੰਘ ਪਰਿਵਾਰ ਰਾਜਨੀਤਕ ਮਾਡਲ ਭਾਵ ਵੰਡ ਪਾ ਕੇ ਲੜਾਉਣ ਦੀ ਰਾਜਨੀਤੀ ਅਤੇ ਆਰਥਿਕ ਮਾਡਲ ਦੋਹਾਂ ਨੂੰ ਹੀ ਰੱਦ ਕੀਤਾ ਹੈ। ਪ੍ਰਧਾਨ ਮੰਤਰੀ ਇਸੇ ਤੋਂ ਖ਼ਫ਼ਾ ਸੀ ਤੇ ਹੈ ਅਤੇ ਅਸਫ਼ਲਤਾ ਦਾ ਠੀਕਰਾ ਕਾਂਗਰਸ ਸਰਕਾਰ ਉਤੇ ਭੰਨ ਰਿਹਾ ਹੈ। ਇਸ ਨਾਟਕ ਨਾਲ ਉਹ ਦੋ ਨਿਸ਼ਾਨੇ ਸਾਧਨ ਦੀ ਤਾਕ 'ਚ ਹੈ। ਇਕ ਸਿੱਧੇ ਰਾਸ਼ਟਰਪਤੀ ਰਾਜ ਲਾ ਕੇ ਕਾਂਗਰਸ ਨੂੰ ਪਾਸੇ ਕਰਦਿਆਂ ਤਾਕਤ ਤੇ ਫਰੇਬ ਨਾਲ ਪੰਜਾਬ ਦੀ ਸੱਤਾ ਨੂੰ ਹਥਿਆਉਣਾ। ਦੂਸਰਾ ਸੰਘਰਸ਼ ਕਰ ਰਹੇ ਕਿਸਾਨਾਂ ਤੇ ਸੰਘਰਸ਼ਸ਼ੀਲ ਤਾਕਤਾਂ ਦੇ ਵਿਰੋਧ ਦੀ ਆਵਾਜ਼ ਨੂੰ ਬੰਦ ਕਰਨਾ। ਇਹੀ ਕਾਰਨ ਹੈ ਕਿ ਦੇਸ਼ ਵਿਚ ਡਰ ਤੇ ਸਹਿਮ ਦਾ ਮਾਹੌਲ ਵੀ ਬਣਾਇਆ ਜਾ ਰਿਹਾ ਹੈ। ਪੰਜਾਬ ਨੂੰ ਨਾ ਸਿਰਫ਼ ਖਾਨਾਜੰਗੀ ਦੀ ਹਾਲਤ ਵਿਚ ਸੁੱਟਣ ਦੀਆਂ ਬੀਜੇਪੀ/ ਆਰਐਸਐਸ ਦੀਆਂ ਵਿਉਂਤਾਂ ਹਨ ਸਗੋਂ ਦੇਸ਼ਵਿਚ ਹਿੰਦੂ ਸਿੱਖ ਤਣਾਅ ਬਣਾਉਣ ਦੀਆਂ ਵੀ ਕਨਸੋਆਂ ਹਨ। ਪ੍ਰਧਾਨ ਮੰਤਰੀ ਹਰ ਚੋਣ ਤੋਂ ਪਹਿਲਾਂ ਨਵੇਂ ਵਿਵਾਦ ਨੂੰ ਜਨਮ ਦਿੰਦਾ ਰਿਹਾ ਅਤੇ ਪੰਜਾਬ ਚੋਣਾਂ ਤੋਂ ਪਹਿਲਾਂ ਇਹ ਇਕ ਖਤਰਨਾਕ ਵਿਵਾਦ ਹੈ।

ਉੱਤਰ ਪ੍ਰਦੇਸ਼ ਦਾ ਇਕ ਬੀਜੇਪੀ ਵਿਧਾਇਕ ਅਭਿਜੀਤ ਸਾਂਗਾਂ ਦੀ ਭਾਸ਼ਾ ਕੀ ਸੰਦੇਸ਼ ਦੇ ਰਹੀ ਹੈ -"ਮੋਦੀ ਨੂੰ ਇੰਦਰਾ ਗਾਂਧੀ ਸਮਝਣ ਦੀ ਭੁੱਲ ਨਾ ਕਰਿਉ, ਇਤਿਹਾਸ ਮਿਟਾ ਦਿਆਂਗੇ।" ਭਾਵ 1984 ਤੋਂ ਵੀ ਵੱਡਾ ਨਰਸੰਹਾਰ। ਯਾਦ ਰਹੇ ਅਜਿਹੀ ਹੀ ਭਾਸ਼ਾ ਕੁਝ ਦਿਨ ਪਹਿਲਾਂ ਹਰਿਦੁਆਰ ਵਿਚ ਹੋਈ। ਧਰਮ ਸੰਸਦ ਵਿਚ ਬੋਲੀ ਗਈ ਸੀ। ਸਿਮਰਤੀ ਇਰਾਨੀ ਅਮਿਤਸ਼ਾਹ ਦੇ ਤੇਵਰ ਵੀ ਕੁਝ ਅਜਿਹੇ ਹੀ ਹਨ। ਕੀ ਮੋਦੀਜੀ ਤੁਸੀਂ ਅਜਿਹੀ ਵਧਾਇਕ ਜਿਸ ਨੇ ਅਜਿਹੀ ਭਾਸ਼ਾ ਪੂਰੀ ਇਕ ਘੱਟ ਗਿਣਤੀ ਪ੍ਰਤੀ ਵਰਤੀ ਹੈ, ਉਤੇ ਵੀ ਕੋਈ ਐਕਸ਼ਨ ਲਵੋਗੇ। 'ਇਤਿਹਾਸ ਸਿਪ ਦੂੰਗਾ' ਵਰਗੀ ਗੁੰਡਾ ਭਾਸ਼ਾ ਇਕ ਜਮਹੂਰੀ ਦੇਸ਼ ਨੂੰ ਪ੍ਰਵਾਨ ਹੋਵੇਗੀ। ਪ੍ਰਧਾਨ ਮੰਤਰੀ ਦੀ ਸੁਰੱਖਿਆ 'ਚ ਕੋਤਾਹੀ ਦੇ ਮਸਲੇ ਨੂੰ ਖ਼ੁਦ ਪ੍ਰਧਾਨ ਮੰਤਰੀ ਗ੍ਰਹਿ ਮੰਤਰੀ ਤੇ ਹੋਰ ਬੀਜੇਪੀ ਦੇ ਆਗੂਆਂ ਸਮੇਤ ਗੋਦੀ ਮੀਡੀਆ ਨੇ ਜਿਹੜੀ ਤੂਲ ਦਿੱਤੀ ਹੈ ਤੇ ਦੇ ਰਹੇ ਹਨ ਉਸ 'ਚੋਂ ਸੰਦੇਸ਼ ਇਹ ਜਾਂਦਾ ਹੈ ਕਿ "ਮੋਦੀ ਨੂੰ ਖਤਮ ਕਰਨ ਦੀ ਪੰਜਾਬ ਵਿਚ ਬਹੁਤ ਵੱਡੀ ਸਾਜ਼ਿਸ਼ ਚਲ ਰਹੀ ਹੈ।" ਬਿਲਕੁਲ ਹਿਟਲਰ ਵਾਂਗੂੰ ਫਰਜ਼ੀ ਮੰਜਿਰ ਤਿਆਰ ਕੀਤਾ ਜਾ ਰਿਹਾ ਹੈ। ਤਾਨਾਸ਼ਾਹ ਮੋਦੀ ਦਾ ਆਭਾ ਮੰਡਲ ਜਿਵੇਂ ਜਿਵੇਂ ਲੋਕਾਈ 'ਚੋਂ ਖਿੰਡ ਰਿਹਾ ਹੈ ਤਿਵੇਂ ਤਿਵੇਂ ਉਹ ਸਾਜ਼ਿਸ਼ਾਂ ਉਤੇ ਉੱਤਰ ਰਿਹਾ ਹੈ। ਪਿਛਲੇਰੇ ਸਾਲਾਂ 'ਚ ਜਿਹੜੀਆਂ ਆਰਥਿਕ ਨੀਤੀਆਂ ਬੀਜੇਪੀ ਹਕੂਮਤ ਨੇ ਅਪਣਾਈਆਂ ਤੇ ਲਾਗੂ ਕਰ ਰਹੀ ਹੈ। ਇਸ ਨੂੰ ਬੇਪੜਦ ਕਰਨ ਤੇ ਵਿਰੋਧ ਕਰਨ ਵਿਚ ਪੰਜਾਬ ਦੀ ਅਗਾਮੀ ਭੂਮਿਕਾ ਰਹੀ ਹੈ ਅਤੇ ਹੈ ਅਤੇ ਬੀਜੇਪੀ ਤੇ ਆਰਐਸ ਲਈ ਪੰਜਾਬ ਨੂੰ ਤੋੜਨਾ ਉਨ੍ਹਾਂ ਦਾ ਪ੍ਰਥਮ ਏਜੰਡਾ ਹੈ। ਸੋ ਸਮੁੱਚੇ ਪੰਜਾਬੀਆਂ ਨੂੰ ਦੇਸ਼ ਦੇ ਅਗਾਂਹਵਧੂ ਚੇਤੰਨ ਹਿੱਸਿਆਂ ਨੂੰ ਮੋਦੀ ਸਰਕਾਰ ਤੇ ਬੀਜੇਪੀ ਦੇ ਮਨਸ਼ਿਆਂ ਨੂੰ ਸਮਝਣ ਅਤੇ ਬੇਪਰਦ ਕਰਨ ਦੀ ਲੋੜ ਹੈ।

# ਪਾਰਲੀਮਾਨੀ ਵੋਟ ਸਿਆਸਤ ਅਤੇ ਕਮਿਊਨਿਸਟ - ਵਿਚਾਰ ਚਰਚਾ

**(ਭਾਰਤ ਅੰਦਰ ਵੋਟਾਂ ਦਾ ਵਿਗੁਲ ਬੱਜ ਚੁੱਕਾ ਹੈ, ਇਸ ਵੇਲੇ ਪੂੰਜੀਵਾਦੀ ਪਾਰਟੀਆਂ ਵੱਲੋਂ ਵੋਟਾਂ ਹਥਿਆਉਣ ਲਈ ਝੂਠ ਅਤੇ ਫਰੇਬ ਦੇ ਸਬਜਬਾਗ ਵਿਖਾਏ ਜਾ ਰਹੇ ਹਨ। ਇਸ ਸਿਆਸੀ ਅਖਾੜੇ ਵਿੱਚ ਦਾਅ ਅਜਮਾਈ ਲਈ ਕੁੱਝ ਸਿਆਸੀ ਭਲਵਾਨ ਉੱਤਰ ਚੁੱਕੇ ਹਨ। ਬਹੁਤ ਸਾਰੀਆਂ ਕਮਿਉਨਸਿਟ ਪਾਰਟੀਆਂ ਵੀ ਆਪਣੀ ਸਮਰੱਥਾ ਮੁਤਾਬਿਕ ਵੋਟ ਸਿਆਸਤ ਵਿੱਚ ਹਿੱਸਾ ਲੈ ਰਹੀਆਂ ਹਨ ਜਦਕਿ ਕੁੱਝ ਬਿਨਾਂ ਹਿੱਸਾ ਲਏ ਹੀ ਆਪਣੇ ਦਾਅਪੇਚਾਂ ਦੀ ਸਿਧਾਂਤਕ ਬਹਿਸ ਭੇੜ ਵਿੱਚ ਰੁੱਝ ਗਏ ਹਨ। ਕਮਿਉਨਸਿਟ ਧਿਰਾਂ ਦਾ ਸਿਧਾਂਤਕ ਅਧਾਰ ਇੱਕ ਹੋਣ ਦੇ ਬਾਵਜੂਦ ਵੀ, ਅਲੱਗ ਅਲੱਗ ਪਾਰਟੀਆਂ ਵੱਲੋਂ ਪਾਰਲੀਮਾਨੀ ਚੋਣਾਂ ਵਿੱਚ ਹਿੱਸਾ ਲੈਣ ਜਾਂ ਬਾਈਕਾਟ ਤੱਕ ਦੇ ਪੈਂਤੜੇ ਦੀ ਅਲਗ ਅਲਗ ਪ੍ਰੋੜਤਾ ਕੀਤੀ ਜਾ ਰਹੀ ਹੈ। ਕੀ ਇਸ ਪੰਜੀਵਾਦੀ ਸਿਸਟਮ ਦੀ ਵੋਟ ਸਿਆਸਤ ਵਿੱਚ, ਲੋਕਾਂ ਦੀ ਹੋਣੀ ਦਾ ਫੈਸਲਾ, ਵੋਟ ਪਾਕੇ ਜਾਂ ਨਾ-ਪਾਉਣ ਨਾਲ ਪ੍ਰਭਾਤ ਹੋ ਸਕਦਾ ਹੈ। ਅਸੀਂ ਇਸ ਸਬੰਧੀ ਚਲ ਰਹੀ ਤਾਜਾ ਬਹਿਸ ਦੇ ਕੁੱਝ ਅੰਸ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ- ਸੰਪਾਦਕ)**

### ਪਾਵੇਲ ਕੁੱਸਾ ਵੱਲੋਂ : ਵੋਟਾਂ ਵਿੱਚ ਨਾ ਹਿੱਸਾ ਲੈਣ ਬਾਰੇ

**ਸਰਕਾਰ ਬਦਲਣ ਨਾਲ ਰਾਜ ਨਹੀਂ ਬਦਲਦਾ ਲੈਨਿਨ ਕੀ ਕਹਿੰਦਾ ਹੈ !!**

"ਇਹ ਗੱਲ ਪੂਰੀ ਤਰ੍ਹਾਂ ਸਮਝ ਪੈਂਦੀ ਹੈ। ਸਭ ਬੁਰਜੂਆ ਪਾਰਲੀਮਾਨੀ ਤੇ ਕੁੱਝ ਹੱਦ ਤੱਕ ਬੁਰਜੂਆ ਸੰਵਿਧਾਨਕ ਦੇਸ਼ਾਂ ਦਾਸਮੁੱਚਾ ਇਤਿਹਾਸ ਦਰਸਾਉਂਦਾ ਹੈ ਕਿ ਵਜ਼ੀਰਾਂ ਦੀ ਤਬਦੀਲੀ ਨਾਲ ਕੋਈ ਬਹੁਤਾ ਫਰਕ ਨਹੀਂ ਪੈਂਦਾ, ਕਿਉਂਕਿ ਪ੍ਰਬੰਧ ਦਾਅਸਲੀ ਕਾਰਜ ਅਫਸਰਾਂ ਦੀ ਇੱਕ ਤਕੜੀ ਫੌਜ ਦੇ ਹੱਥ ਵਿੱਚ ਹੁੰਦਾ ਹੈ। ਐਪਰ, ਅਫਸਰਾਂ ਦੀ ਇਹ ਫੌਜ ਪੂਰੀ ਤਰ੍ਹਾਂ ਗੈਰ-ਜਮਹੂਰੀ ਹੁੰਦੀ ਹੈ। ਇਹ ਹਜ਼ਾਰਾਂ ਲੱਖਾਂ ਤੰਦਾਂ ਨਾਲ ਭੋਂ-ਪਤੀਆਂ ਅਤੇ ਬੁਰਜੂਆਜ਼ੀ ਨਾਲ ਜੁੜੀ ਹੁੰਦੀ ਹੈ ਤੇ ਪੂਰੀ ਤਰ੍ਹਾਂਉਹਨਾਂ ਦੀ ਮੁਥਾਜ ਹੁੰਦੀ ਹੈ। ਇਹ ਫੌਜ ਬੁਰਜੂਆ ਸਬੰਧਾਂ ਦੇ ਵਾਤਾਵਰਨ ਵਿੱਚ ਘਿਰੀ ਹੁੰਦੀ ਹੈ ਤੇ ਏਸੇ ਵਾਤਾਵਰਨ ਵਿੱਚਵਿਚਰਦੀ ਹੈ। ਇਹ ਆਪਣੇ ਢੰਗਾਂ ਵਿੱਚ ਨਿਸ਼ਚਿਤ, ਪਥਰਾਈ ਹੋਈ ਤੇ ਅਹਿੱਲ ਹੁੰਦੀ ਹੈ। ਆਪਣੇ ਆਪ ਨੂੰ ਇਸਵਾਤਾਵਰਨ ਤੋਂ ਆਜ਼ਾਦ ਕਰਾ ਸਕਣ ਦੀ ਇਸ ਵਿੱਚ ਸਮੱਰਥਾ ਨਹੀਂ ਹੁੰਦੀ। ਇਹ ਕੇਵਲ ਪੁਰਾਣੇ ਢੰਗ ਵਿੱਚ ਹੀ ਸੋਚਸਕਦੀ, ਮਹਿਸੂਸ ਕਰ ਸਕਦੀ ਜਾਂ ਅਮਲ ਕਰ ਸਕਦੀ ਹੈ। ਇਹ ਫੌਜ ਅਹੁਦੇ ਦੀ ਗੁਲਾਮੀ ਵਿੱਚ, 'ਸਿਵਲ ਸਰਵਿਸ' ਦੇਕੁੱਝ ਵਿਸ਼ੇਸ਼ ਹੱਕਾਂ ਵਿੱਚ ਬੱਝੀ ਹੁੰਦੀ ਹੈ। ਇਸ ਫੌਜ ਦੇ ਉੱਪਰਲੇ ਵਿਅਕਤੀ ਹਿੱਸਿਆਂ ਤੇ ਬੈਂਕਾਂ ਦੇ ਸਾਧਨਾਂ ਦੁਆਰਾ ਪੂਰੀਤਰ੍ਹਾਂ ਵਿੱਤੀ ਸਰਮਾਏ ਦੇ ਗੁਲਾਮ ਹੁੰਦੇ ਹਨ, ਜੋ ਇੱਕ ਹੱਦ ਤੱਕ ਇਸ ਦੇ ਏਜੰਟ, ਅਤੇ ਇਸ ਦੇ ਹਿੱਤਾਂ ਤੇ ਪ੍ਰਭਾਵ ਦੇ ਸਾਧਨ ਹੁੰਦੇ ਹਨ।"

–

### ਪ੍ਰਤੀਕਰਮ "ਪ੍ਰਤੀਬੱਧ" ਵੱਲੋਂ

ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਬੁਰਜ਼ੂਆ ਪਾਰਲੀਮਾਨੀ ਅਦਾਰਿਆਂ ਪ੍ਰਤੀ ਕਮਿਊਨਿਸਟ ਵਤੀਰਾ ਕੀ ਹੋਵੇ, ਇਸਸਬੰਧੀ ਚੱਲ ਰਹੀ ਚਰਚਾ ਦਰਮਿਆਨ ਸੁਰਖ ਲੀਹ ਦੇ ਸੰਪਾਦਕ ਸਾਥੀ ਪਵੇਲ ਕੁੱਸਾ ਨੇ ਇੱਕ ਪੋਸਟ ਪਾਈ ਹੈ। ਇਹ ਪੋਸਟ ਲੈਨਿਨ ਦੀ ਇੱਕ ਟੂਕ ਹੈ, ਜਿਸ ਵਿਚ ਓਹ ਕਹਿੰਦੇ ਹਨ ਕਿ ਬੁਰਜ਼ੂਆ ਪਾਰਲੀਮਾਨੀ ਅਦਾਰਿਆਂ ਦੀਆਂ ਚੋਣਾਂ ਚਸਿਰਫ ਇਹ ਫੈਸਲਾ ਹੁੰਦਾ ਹੈ ਕਿ ਇਹਨਾਂ ਚ ਜਿੱਤ ਕੇ ਹਾਕਮ ਜਮਾਤ ਦਾ ਕਿਹੜਾ ਧੜਾ ਲੋਕਾਂ ਉੱਪਰ ਜਬਰ ਕਰੇਗਾ। ਲੈਨਿਨ ਨੇ ਬਿਲਕੁੱਲ ਸਹੀ ਕਿਹਾ ਹੈ। ਬੁਰਜ਼ੂਆ ਪਾਰਲੀਮਾਨੀ ਅਦਾਰੇ ਕਦੇ ਵੀ ਕਿਰਤੀ ਲੋਕਾਂ ਦੀ ਮੁਕਤੀ ਦਾ ਸਾਧਨਨਹੀਂ ਬਣ ਸਕਦੇ, ਜਿਵੇਂ ਕਿ ਸਾਡੇ ਦੇਸ਼ ਦੀਆਂ ਸੋਧਵਾਦੀ ਪਾਰਟੀਆਂ ਭਾਕਪਾ, ਮਾਕਪਾ ਅਤੇ ਲਿਬਰੇਸ਼ਨ ਆਦਿਪ੍ਰਚਾਰਦੀਆਂ ਹਨ।

ਪਰ ਕੀ ਬੁਰਜ਼ੂਆ ਪਾਰਲੀਮਾਨੀ ਅਦਾਰਿਆਂ ਬਾਰੇ ਲੈਨਿਨ ਨੇ ਸਿਰਫ ਇਹੋ ਕਿਹਾ ਹੈ ? ਸੁਰਖ ਲੀਹ ਵਾਲੇ ਸਾਥੀ ਲੈਨਿਨਦੀਆਂ ਏਨੀਆਂ ਚੋਣਵੀਆਂ ਟੂਕਾਂ ਹੀ ਕਿਓਂ ਚੁਣ ਰਹੇ ਹਨ ?

ਲੈਨਿਨ ਸਮੇਤ ਮਾਰਕਸ ਤੋਂ ਲੈ ਕਿ ਮਾਓ ਤੱਕ ਸਭ ਨੇ ਇਹ ਕਿਹਾ ਹੈ ਕਿ ਭਾਵੇਂ ਬੁਰਜ਼ੂਆ ਪਾਰਲੀਮਾਨੀ ਅਦਾਰੇ ਲੋਕਾਂ ਦੀ ਮੁਕਤੀ ਦਾ ਜ਼ਰੀਆ ਨਹੀਂ ਹੋ ਸਕਦੇ ਪਰ ਫਿਰ ਵੀ ਜਦੋਂ ਤੱਕ ਕਿਰਤੀ ਲੋਕ ਇਨਕਲਾਬ ਲਈ, ਬੁਰਜ਼ੂਆ ਪਾਰਲੀਮਾਨੀ ਸੰਸਥਾਵਾਂ ਨੂੰ ਤਬਾਹ ਕਰਨ ਲਈ ਤਿਆਰ ਨਹੀਂ ਹੋ ਜਾਂਦੇ, ਜਦ ਤੱਕ ਕਿਰਤੀ ਲੋਕ ਬੁਰਜ਼ੂਆ ਪਰਲੀਮਾਨੀ ਸੰਸਥਾਵਾਂ ਦਾਬਦਲ ਨਹੀਂ ਉਸਾਰ ਲੈਂਦੇ, ਜਦ ਤੱਕ ਕਿਰਤੀ ਲੋਕ ਬੁਰਜ਼ੂਆ ਪਾਰਲੀਮਾਨੀ ਸੰਸਥਾਵਾਂ ਪ੍ਰਤੀ ਸਭ ਤਰ੍ਹਾਂ ਦੇ ਭਰਮ ਭੁਲੇਖਿਆਂ ਤੋਂ ਮੁਕਤ ਨਹੀਂ ਹੋ ਜਾਂਦੇ, ਕਮਿਊਨਿਸਟਾਂ ਨੂੰ ਬੁਰਜ਼ੂਆ ਪਾਰਲੀਮਾਨੀ ਅਦਾਰਿਆਂ ਦੀਆਂ ਚੋਣਾਂ ਚ ਹਿੱਸਾ ਲੈਣਾਚਾਹੀਦਾ ਹੈ।

ਸੁਰਖ ਲੀਹ ਦੇ ਸਾਥੀ ਮਾਰਕਸਵਾਦ ਲੈਨਿਨਵਾਦ ਦੀਆਂ ਇਹਨਾਂ ਬੁਨਿਆਦੀ ਸਿਖਿਆਵਾਂ ਪ੍ਰਤੀ ਕਿਓਂ ਚੁੱਪ ਹਨ ?

ਉਹ ਇਹਨਾਂ ਨੂੰ ਚੇਤੰਨ ਲੋਕਾਂ ਤੋਂ ਕਿਓਂ ਲੁਕਾ ਰਹੇ ਹਨ ?

ਉਹ ਇਹਨਾਂ ਦੀ ਕੋਈ ਚਰਚਾ ਕਿਓਂ ਨਹੀਂ ਕਰਦੇ ?

ਕੀ ਇਹ ਮਾਰਕਸਵਾਦ ਲੈਨਿਨਵਾਦ ਵੱਲ ਪਿੱਠ ਕਰਨਾ ਨਹੀਂ ਹੈ ?

ਕੀ ਇਹ ਮਾਰਕਸਵਾਦ ਲੈਨਿਨਵਾਦ ਦੀ ਤੋੜ ਮਰੋੜ ਨਹੀਂ ਹੈ ?

ਉਮੀਦ ਹੈ ਕਿ ਸਾਥੀ ਆਪਣੀ ਪੋਜ਼ੀਸ਼ਨ ਸਪਸ਼ਟ ਕਰਨਗੇ।

–

### ਜਵਾਬ ਪਾਵੇਲ ਕੁੱਸਾ ਦਾ:-

**ਪ੍ਰਤੀਬੱਧ ਵਾਲ਼ੇ ਸਾਥੀਓ,**

ਤੁਹਾਡੀ ਪੋਸਟ ਥੱਲੇ ਇਹ ਕਮੈਂਟ ਪੋਸਟ ਨਹੀਂ ਹੋ ਸਕਿਆ, ਇਸ ਲਈ ਵੱਖਰੇ ਤੌਰ 'ਤੇ ਪਾਉਣਾ ਪਿਆ ਹੈ।

ਚੋਣਾਂ 'ਚ ਅਪਣਾਏ ਜਾਣ ਵਾਲੇ ਪੈਂਤੜੇ ਬਾਰੇ ਤੁਹਾਡੇ ਵੱਲੋਂ ਬਹਿਸ ਵਿਚਾਰ ਦੀ ਕੀਤੀ ਜਾ ਰਹੀ ਮੰਗ ਨੂੰ ਆਪਣੇ ਰੁਝੇਵਿਆਂ ਕਾਰਨ ਅਸੀਂ ਹੁੰਗਾਰਾ ਦੇਣ ਦੀ ਸਥਿਤੀ ਵਿੱਚ ਨਹੀਂ ਹਾਂ। ਤੁਸੀਂ ਬਹੁਤ ਜ਼ੋਰ ਦੇ ਕੇ ਕਿਹਾ ਹੈ ਇਸ ਲਈ ਅਸੀਂ ਸੰਖੇਪ ਸ਼ਬਦਾਂ'ਚ ਆਪਣੀ ਗੱਲ ਕਹਿ ਰਹੇ ਹਾਂ।

ਆਪਣੇ ਵਿੱਚ ਇਸ ਮਸਲੇ 'ਤੇ ਬਹਿਸ ਕਰਨ ਦਾ ਆਧਾਰ ਇਸ ਕਰਕੇ ਵੀ ਮੌਜੂਦ ਨਹੀਂ ਹੈ ਕਿਉਂਕਿ ਤੁਸੀਂ ਇਸ ਰਾਜਪ੍ਰਬੰਧ ਨੂੰ ਪੂੰਜੀਵਾਦੀ ਮੰਨ ਕੇ ਚੱਲ ਰਹੇ ਹੋ ਜਿੱਥੇ ਬੁਰਜੂਆ ਜਮਹੂਰੀਅਤ ਹੈ। ਅਸੀਂ ਇਸ ਨੂੰ ਆਪਾਸ਼ਾਹ ਖਾਸੇ ਵਾਲਾ ਰਾਜਮੰਨਦੇ ਹਾਂ ਜਿੱਥੇ ਬੁਰਜੂਆ ਜਮਹੂਰੀਅਤ ਦਾ ਕੋਈ ਸਮਾਜਿਕ ਆਧਾਰ ਨਹੀਂ ਹੈ। ਲੈਨਿਨ ਬੁਰਜੂਆ ਜਮਹੂਰੀਅਤਾਂ ਅੰਦਰ ਪਾਰਲੀਮੈਂਟਾਂ ਦੀ ਦਾਅ ਪੇਚਕ ਵਰਤੋਂ ਦੀ ਗੱਲ ਕਰ ਰਿਹਾ ਹੈ। ਉਹ ਵੀ ਕੁਝ ਖਾਸ ਸਾਲ ਹਾਲਾਤਾਂ ਅੰਦਰ। ਤੁਸੀਂ ਆਪਣੇਮੁਲਕ ਅੰਦਰ ਸਮਾਜਵਾਦੀ ਇਨਕਲਾਬ ਦੇ ਰਾਹ ਦੇ ਧਾਰਨੀ ਹੋ ਤੇ ਅਸੀਂ ਨਵ ਜਮਹੂਰੀ ਇਨਕਲਾਬ ਦੇ। ਦੋਹਾਂ ਦੀ ਯੁੱਧਨੀਤੀ ਵੱਖਰੀ ਹੈ ਤੇ ਯੁੱਧ ਨੀਤੀ ਨੂੰ ਲਾਗੂ ਕਰਨ ਲਈ ਅਪਣਾਏ ਜਾਣ ਵਾਲੇ ਦਾਅ ਪੇਚ ਵੀ ਇੱਕੋ ਤਰ੍ਹਾਂ ਨਹੀਂ ਹੋਣਗੇ। ਇਸਲਈ ਪਹਿਲਾਂ ਬਹੁਤ ਹੀ ਬੁਨਿਆਦੀ ਮੱਤਭੇਦਾਂ ਦੇ ਹੁੰਦਿਆਂ ਦਾਅ ਪੇਚਕ ਖੇਤਰ ਦੀਆਂ ਗੱਲਾਂ 'ਤੇ ਬਹਿਸ ਦਾ ਬਹੁਤਾਮਹੱਤਵ ਨਹੀਂ ਰਹਿ ਜਾਂਦਾ।

ਆਪਣੇ ਮੁਲਕ ਅੰਦਰ ਪਾਰਲੀਮਾਨੀ ਸੰਸਥਾਵਾਂ ਨਾਮ ਨਿਹਾਦ ਸੰਸਥਾਵਾਂ ਹਨ। ਜੇਕਰ ਕਿਸੇ ਹਾਲਤ ਚ ਦਾਅ ਪੇਚਕ ਪੱਖੋਂਇਨ੍ਹਾਂ ਦੀ ਵਰਤੋਂ ਕਰਨੀ ਵੀ ਹੋਵੇ ਤਾਂ ਉਹ ਕਈ ਸ਼ਰਤਾਂ ਮੰਗਦੀ ਹੈ। ਸਭ ਤੋਂ ਪਹਿਲੀ ਸ਼ਰਤ ਮੁਲਕ ਪੱਧਰੀ ਇਕਜੁੱਟ ਕਮਿਊਨਿਸਟ ਇਨਕਲਾਬੀ ਪਾਰਟੀ ਦੀ ਮੌਜੂਦਗੀ ਹੈ। ਬਾਕੀ ਗੱਲਾਂ ਬਾਅਦ 'ਚ ਆਉਂਦੀਆਂ ਹਨ। ਸਾਡੇ ਮੁਲਕ ਦੀ ਕਮਿਊਨਿਸਟ ਇਨਕਲਾਬੀ ਲਹਿਰ ਦੀ ਜੋ ਹਾਲਤ ਹੈ, ਉਸ ਹਿਸਾਬ ਨਾਲ ਨਾ ਬਾਈਕਾਟ ਦਾ ਸੱਦਾ ਢੁੱਕਵਾਂ ਹੈ ਤੇ ਨਾ ਹੀਪਾਰਲੀਮਾਨੀ ਸੰਸਥਾਵਾਂ ਵਿੱਚ ਜਾ ਕੇ ਪਰਦਾ ਚਾਕ ਕਰਨ ਦਾ ਦਾਅ ਪੇਚ ਵਰਤਣਾ ਸਹੀ ਹੈ। ਸਾਡੇ ਅਨੁਸਾਰ ਕਮਿਊਨਿਸਟ ਇਨਕਲਾਬੀ ਪਾਰਟੀ ਦੇ ਖਿੰਡੇ ਹੋਣ ਦੀ ਹਾਲਤ 'ਚ ਅਤੇ ਲੋਕਾਂ ਦੇ ਸੰਘਰਸ਼ਾਂ ਦੇ ਨੀਵੇਂ ਪੱਧਰਾਂ 'ਤੇ ਹੋਣ ਕਰਕੇ ਐਸ ਵੇਲੇ ਸਰਗਰਮ ਸਿਆਸੀ ਮੁਹਿੰਮ ਚਲਾ ਕੇ ਇਸ ਲੁਟੇਰੇ ਰਾਜਭਾਗ ਦਾ ਪਰਦਾ ਚਾਕ ਕਰਨਾ ਅਤੇ ਲੋਕਾਂ ਸਾਹਮਣੇ ਇਨਕਲਾਬੀ ਬਦਲ ਪੇਸ਼ ਕਰਨਾ ਹੀ ਢੁਕਵਾਂ ਦਾਅਪੇਚ ਬਣਦਾ ਹੈ। ਸਾਡੇ ਹਿਸਾਬ ਨਾਲ ਪਰਦਾ-ਚਾਕ ਕਰਨ ਦਾ ਤੇ ਬਦਲਉਭਾਰਨ ਦਾ ਇਹ ਕੰਮ ਪਾਰਲੀਮਾਨੀ ਸੰਸਥਾਵਾਂ ਦੇ ਅੰਦਰ ਦੀ ਬਜਾਏ ਬਾਹਰ ਰਹਿ ਕੇ ਬਿਹਤਰ ਹੋ ਸਕਦਾ ਹੈ। ਅਸੀਂਆਸ ਕਰਦੇ ਹਾਂ ਕਿ ਪਾਰਲੀਮਾਨੀ ਸੰਸਥਾਵਾਂ ਦੀ ਵਰਤੋਂ ਕਰਨ ਦੇ ਦਾਅ ਪੇਚ ਦਾ ਜੋ ਹਸ਼ਰ ਪਿਛਲੇ ਸਮੇਂ ਤੋਂ ਹੋ ਰਿਹਾ ਹੈਉਹ ਤਜਰਬਾ ਜ਼ਰੂਰ ਹੀ ਸਮੁੱਚੀ ਕਮਿਊਨਿਸਟ ਇਨਕਲਾਬੀ ਲਹਿਰ ਦੇ ਧਿਆਨ ਚ ਹੋਵੇਗਾ। ਸਾਨੂੰ ਲੱਗਦਾ ਹੈ ਕਿ ਪੰਜਾਬ 'ਚ ਕੁਝ ਉਮੀਦਵਾਰ ਖੜ੍ਹੇ ਕਰਕੇ ਲੋਕਾਂ ਚ ਇਸ ਰਾਜ ਪ੍ਰਬੰਧ ਬਾਰੇ ਭੁਲੇਖੇ ਪੈਦਾ ਕਰਨ ਦੀ ਥਾਂ ਸਰਗਰਮ ਸਿਆਸੀ ਮੁਹਿੰਮ ਰਾਹੀਂ ਇਹ ਭੁਲੇਖੇ ਜ਼ਿਆਦਾ ਸਪਸ਼ਟਤਾ ਨਾਲ ਦੂਰ ਕੀਤੇ ਜਾ ਸਕਦੇ ਹਨ। ਜਿਸ ਇਨਕਲਾਬੀ ਪਾਰਟੀ ਵੱਲੋਂ ਪਿਛਲੇ ਸਮਿਆਂ ਚ ਪੰਜਾਬ ਅੰਦਰ ਉਮੀਦਵਾਰ ਖੜ੍ਹੇ ਕਰਕੇ ਮੁਹਿੰਮਾਂ ਚਲਾਈਆਂ ਗਈਆਂ ਹਨ ਤੁਸੀਂ ਉਨ੍ਹਾਂ ਦੇ ਤੱਤ ਨੂੰ ਤੇ ਇਨਕਲਾਬੀ ਬਦਲ ਉਭਾਰਨ ਦੀਆਂ ਮੁਹਿੰਮਾਂ ਦੇ ਤੱਤ ਨੂੰ ਤੁਲਨਾ ਕੇ ਦੇਖ ਸਕਦੇ ਹੋ। ਸਾਡੇ ਅਨੁਸਾਰ ਮੁਲਕ ਦੀਕਮਿਊਨਿਸਟ ਇਨਕਲਾਬੀ ਲਹਿਰ ਅਜੇ ਪਾਰਲੀਮਾਨੀ ਸੰਸਥਾਵਾਂ ਦੀ ਵਰਤੋਂ ਕਰਨ ਦੀ ਸਥਿਤੀ ਚ ਨਹੀਂ ਹੈ।

ਕਾਮਰੇਡ ਲੈਨਿਨ ਦੇ ਵਿਚਾਰਾਂ ਦੇ ਹਵਾਲੇ ਨਾਲ ਆਪਣੀ ਗੱਲ ਕਹਿਣ ਦਾ ਸਾਨੂੰ ਪੂਰਾ ਹੱਕ ਹੈ ਤੇ ਅਸੀਂ ਉਸ ਦੀ ਵਰਤੋਂ ਕਰਰਹੇ ਹਾਂ। ਇਹ ਹੱਕ ਤੁਹਾਨੂੰ ਵੀ ਹੈ ਤੇ ਤੁਸੀਂ ਵੀ ਇਸ ਦੀ ਵਰਤੋਂ ਕਰ ਰਹੇ ਹੋ। ਸਾਨੂੰ ਇਨ੍ਹਾਂ ਗੱਲਾਂ 'ਚ ਨਹੀਂ ਪੈਣਾ ਚਾਹੀਦਾ।

ਤੁਸੀਂ ਮਾਰਕਸਵਾਦ ਨੂੰ ਰਚਨਾਤਮਕ ਤਰੀਕੇ ਨਾਲ ਲਾਗੂ ਕਰਨ 'ਤੇ ਜ਼ੋਰ ਦਿੰਦੇ ਆ ਰਹੇ ਹੋ। ਅਸੀਂ ਵੀ ਇਉਂ ਹੀ ਸਮਝਦੇ ਹਾਂ। ਸਾਡੇ ਹਿਸਾਬ ਨਾਲ ਚੋਣਾਂ ਦਾ ਬਾਈਕਾਟ ਕਰਨ ਜਾਂ ਭਾਗ ਲੈਣ ਦੀ ਥਾਂ ਸਰਗਰਮ ਸਿਆਸੀ ਮੁਹਿੰਮ ਦਾ ਪੈਂਤੜਾ ਅਪਨਾਉਣਾ ਸਾਡੇ ਮੁਲਕ ਅੰਦਰ ਇਨਕਲਾਬੀ ਲਹਿਰ ਦੀਆਂ ਮੌਜੂਦਾ ਠੋਸ ਹਾਲਤਾਂ 'ਚ ਮਾਰਕਸਵਾਦ ਨੂੰ ਰਚਨਾਤਮਕ ਤਰੀਕੇ ਨਾਲ ਲਾਗੂ ਕਰਨਾ ਹੀ ਹੈ।

ਇਸ ਮਸਲੇ ਬਾਰੇ ਅਸੀਂ ਆਪਣੇ ਸਰਗਰਮ ਸਿਆਸੀ ਮੁਹਿੰਮ ਵਿਸ਼ੇਸ਼ ਅੰਕ ਦੀ ਇੱਕ ਲਿਖਤ ਫੇਸਬੁੱਕ 'ਤੇ ਸਾਂਝੀ ਕਰਾਂਗੇ ਅਤੇ ਇਕ ਹੋਰ ਪੁਰਾਣੀ ਲਿਖਤ ਵੀ। ਤੁਸੀਂ ਉਹ ਲਿਖਤਾਂ ਪੜ੍ਹ ਸਕਦੇ ਹੋ। ਕਮਿਊਨਿਸਟ ਇਨਕਲਾਬੀਆਂ ਅੰਦਰ ਇਹਪੁਰਾਣੀ ਬਹਿਸ ਹੈ ਤੇ ਕਿਸੇ ਹੱਦ ਤਕ ਪੁਜੀਸ਼ਨਾਂ ਪੱਕੀਆਂ ਹੋਈਆਂ ਹਨ। ਸਾਨੂੰ ਇਸ ਸਮੇਂ ਹੋਰਨਾਂ ਅਮਲੀ ਕੰਮਾਂ ਦੇ ਮੁਕਾਬਲੇ ਇਸ ਮਸਲੇ 'ਤੇ ਬਹਿਸ ਚਲਾਉਣ ਦੀ ਬਹੁਤੀ ਸਾਰਥਿਕਤਾ ਨਹੀਂ ਲੱਗਦੀ, ਸੋਸਲ ਮੀਡੀਆ 'ਤੇ ਤਾਂ ਬਿਲਕੁਲਵੀ ਨਹੀਂ। ਅਸੀਂ ਆਪਣੀਆਂ ਪੁਜੀਸ਼ਨਾਂ ਪੇਪਰ 'ਚ ਲਿਖਦੇ ਰਹਿੰਦੇ ਹਾਂ, ਤੁਸੀਂ ਵੀ ਲਿਖਦੇ ਹੋ। ਪਾਠਕ ਨਿਤਾਰਾ ਕਰਦੇਰਹਿੰਦੇ ਹਨ। ਇਹ ਸਿਲਸਿਲਾ ਚੱਲਦਾ ਰਹਿਣਾ ਚਾਹੀਦਾ ਹੈ।

ਅਜਿਹੇ ਮਸਲੇ ਉਂਜ ਵੀ ਅਜੇ ਬਹੁਤ ਸੀਮਤ ਘੇਰੇ ਦੇ ਮਸਲੇ ਹਨ।

ਸਾਨੂੰ ਲੱਗਦਾ ਹੈ ਕਿ ਇਉਂ ਫੇਸਬੁੱਕ 'ਤੇ ਪੋਸਟਾਂ ਪਾ ਕੇ ਸਾਡੇ ਤੋਂ ਬਹਿਸ ਦੀ ਮੰਗ ਕਰਨੀ ਕੋਈ ਵਾਜਬ ਤਰੀਕਾ ਨਹੀਂ ਹੈ ਇਸ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਇਸ ਪੋਸਟ 'ਤੇ ਵੀ ਟਿੱਪਣੀਓ ਟਿੱਪਣੀ ਹੋਣ ਦਾ ਸਾਡਾ ਕੋਈ ਵਿਚਾਰ ਨਹੀਂ ਹੈ।

ਇਸ ਤੋਂ ਜ਼ਿਆਦਾ ਕਹਿਣ ਦੀ ਅਜੇ ਜ਼ਰੂਰਤ ਨਹੀਂ ਹੈ। ਸੰਗਰਾਮੀ ਸ਼ੁਭ ਇੱਛਾਵਾਂ ਨਾਲ ਤੁਹਾਡਾ ਸਾਥੀ, ਪਾਵੇਲ ਕੁੱਸਾ

–

### ਉਪਰੋਕਤ ਦਾ ਦੂਸਰਾ ਪ੍ਰਤੀਕਰਮ: ਪ੍ਰਤੀਬੱਧ ਵੱਲੋਂ

ਸੁਰਖ ਲੀਹ ਦੇ ਸੰਪਾਦਕ ਸਾਥੀ ਪਵੇਲ ਕੁੱਸਾ ਨੇ ਬੁਰਜ਼ੂਆ ਪਾਰਲੀਮਾਨੀ ਚੋਣਾਂ ਸਬੰਧੀ ਆਪਣੇ ਪੈਂਤੜੇ ਨੂੰ ਸਹੀ ਸਿੱਧਕਰਨ ਲਈ ਅੱਗੜ ਪਿੱਛੜ ਦੋ ਪੋਸਟਾਂ ਪਾਈਆਂ ਹਨ (ਪੋਸਟਾਂ ਦੀ ਤੰਦ ਉੱਪਰ ਦੇਖੋ)।

ਇਹ ਦੋਵੇਂ ਪੋਸਟਾਂ ਬੁਰਜ਼ੂਆ ਪਾਰਲੀਮਾਨੀ ਅਦਾਰਿਆਂ ਦੀਆਂ ਚੋਣਾਂ ਪ੍ਰਤੀ ਕੌਮਾਂਤਰੀ ਕਮਿਊਨਿਸਟ ਲਹਿਰ ਦੀ ਤੈਅਸ਼ੁਦਾਲੀਹ ਅਤੇ ਮਾਰਕਸਵਾਦ-ਲੈਨਿਨਵਾਦ ਦੀਆਂ ਬੁਨਿਆਦੀ ਸਿਖਿਆਵਾਂ ਦਾ ਨਿਖੇਧ ਕਰਦੀਆਂ ਹਨ। ਮਾਅਰਕੇ ਦੀ ਗੱਲਹੈ ਕਿ ਇੱਕ ਪਾਸੇ ਤਾਂ ਇਹ ਸਾਥੀ ਕਮਿਊਨਿਸਟ ਇਨਕਲਾਬੀਆਂ ਨੂੰ ਭਿੱਟੇ ਜਾਣ ਡਰੋ ਪਾਰਲੀਮਾਨੀ ਅਦਾਰਿਆਂ ਦੀਆਂਚੋਣਾਂ ਤੋਂ ਲਾਂਭੇ ਰਹਿਣ ਦੀਆਂ ਨਸੀਹਤਾਂ ਦੇ ਰਹੇ ਹਨ, ਓਥੇ ਹੀ ਇਹ ਸੰਸਾਰ ਮਜ਼ਦੂਰ ਜਮਾਤ ਦੇ ਮਹਾਨ ਅਧਿਆਪਕਾਂਮਾਰਕਸ, ਏਂਗਲਜ਼, ਲੈਨਿਨ , ਸਤਾਲਿਨ, ਮਾਓ ਦੀਆਂ ਪਾਰਲੀਮਾਨੀ ਚੋਣਾਂ ਬਾਬਤ ਸਿਖਿਆਵਾਂ ਬਾਰੇ ਪੂਰੀ ਤਰ੍ਹਾਂ ਚੁੱਪ ਹਨ।

ਹੋ ਸਕਦਾ ਹੈ ਇਹਨਾਂ ਨੇ ਮਾਰਕਸਵਾਦ ਲੈਨਿਨਵਾਦ ਮਾਓਵਾਦ/ਵਿਚਾਰਧਾਰਾ ਨੂੰ ਰੱਦ ਕਰਕੇ ਆਪਣਾ ਕੋਈ ਨਵਾਂ ਵਾਦਬਣਾ ਲਿਆ ਹੋਵੇ। ਇਸਦੀ ਸਾਨੂੰ ਕੋਈ ਜਾਣਕਾਰੀ ਤਾਂ ਨਹੀਂ।

# ਸਮੱਸਿਆਵਾਂ ਤੋਂ ਡਰਕੇ ਨਹੀਂ ਸਗੋਂ ਡਟ ਕੇ ਮੁਕਾਬਲਾ ਕਰਨਾ ਹੀ ਜ਼ਿੰਦਗੀ



ਹਰਪ੍ਰੀਤ ਸਿੰਘ ਬਰਾੜ
ਮੇਨ ਏਅਰ ਫੋਰਸ ਰੋਡ,ਬਠਿੰਡਾ

ਜ਼ਿੰਦਗੀ ਦੀ ਭੱਜਦੌੜ ਕਾਰਨ ਜਿਆਦਾਤਰ ਲੋਕਾਂ 'ਚ ਤਣਾਅ, ਗੁੱਸਾ, ਪ੍ਰੇਸ਼ਾਨੀ ਅਤੇ ਡਰ ਦੇਖਣ ਨੂੰ ਮਿਲਦਾ ਹੈ, ਥੋੜੀ ਜਿਹੀ ਝਿੜਕ ਜਾਂ ਘਰ 'ਚ ਨੋਕਝੋਕ ਹੋਣ 'ਤੇ ਜਲਦ ਹੀ ਅਣਸੁਖਾਵੇਂ ਜਾਂ ਗਲਤ ਫੈਸਲੇ ਲੈਂਦੇ ਹਨ। ਅੱਜ ਦੇ ਆਧੁਨਿਕ ਯੁੱਗ 'ਚ ਛੋਟੇ ਬੱਚਿਆਂ ਤੋਂ ਲੈਕੇ ਵੱਡੇ ਬਜ਼ੁਰਗ, ਪੜ੍ਹੇ ਲਿਖੇ ਅਤੇ ਅਮੀਰ ਤੋਂ ਲੈਕੇ ਗਰੀਬ ਤੱਕ ਸਾਰੇ ਵਰਗਾਂ 'ਚ ਆਤਮਹੱਤਿਆ ਦੀਆਂ ਘਟਨਾਵਾਂ ਵਧਦੀਆਂ ਜਾ ਰਹੀਆਂ ਹਨ। ਹਰ ਰੋਂ ਖੁਦਕੁਸ਼ੀ ਦੀਆਂ ਖ਼ਬਰਾ ਦੇਖਣ ਸੁਣਨ ਨੂੰ ਮਿਲਦੀਆਂ ਹਨ। ਦੇਸ਼ 'ਚ ਆਤਮਹੱਤਿਆ ਦੇ ਕੁਝ ਕਾਰਨ ਜਿਵੇਂ ਪੇਸ਼ੇਵਰ ਸਮੱਸਿਆਵਾਂ, ਹਿੰਸਾ, ਘਰੇਲੂ ਕਲੇਸ਼, ਆਰਥਕ ਨੁਕਸਾਨ, ਹੀਣ ਭਾਵਨਾ ਅਤੇ ਮਾਨਸਕ ਵਿਕਾਰ ਹਨ। ਪੇਂਡੂ ਇਲਾਕਿਆਂ ਦੀ ਬਰਾਬਰੀ 'ਚ ਸ਼ਹਿਰਾਂ 'ਚ ਆਤਮਹੱਤਿਆ ਦਰ ਜ਼ਿਆਦਾ ਹੈ। ਹਰ ਆਤਮਹੱਤਿਆ ਵਿਨਾਸ਼ਕਾਰੀ ਹੁੰਦੀ ਹੈ ਅਤੇ ਇਸਦਾ ਉਸਦੇ ਆਲੇ -ਦੁਆਲੇ ਦੇ ਲੋਕਾਂ 'ਤੇ ਡੂੰਘਾ ਅਸਰ ਪੈਂਦਾ ਹੈ। ਹਾਲਾਂਕਿ ਜਾਗਰੂਕਤਾ ਵਧਾ ਕੇ ਅਸੀਂ ਦੁਨੀਆਂ 'ਚ ਆਤਮਹੱਤਿਆ ਦੀਆਂ ਘਟਨਾਵਾਂ ਨੂੰ ਘੱਟ ਕਰ ਸਕਦੇ ਹਾਂ। ਆਤਮਹੱਤਿਆ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਜ਼ਿੰਦਗੀ ਨਿਰੰਤਰ ਚੱਲਣ ਦਾ ਨਾਂਅ ਹੈ, ਜਿਸ ਵਿਚ ਦੁੱਖ-ਸੁੱਖ ਆਉਂਦੇ ਹੀ ਰਹਿੰਦੇ ਹਨ। ਮੁਸ਼ਕਿਲਾਂ ਤੋਂ ਡਰ ਜਾਣਾ ਜਾਂ ਹਾਰ ਮੰਨ ਲੈਣਾ ਤਾਂ ਕਮਜ਼ੋਰੀ ਹੈ ਅਤੇ ਆਤਮਹੱਤਿਆ ਉਸੇ ਕਮਜ਼ੋਰੀ ਅਤੇ ਕਾਇਰਤਾ ਦੀ ਨਿਸ਼ਾਨੀ ਹੈ। ਪਸ਼ੂ-ਪੰਛੀ ਵੀ ਕਦੇ ਹਾਰ ਨਹੀਂ ਮੰਨਦੇ ਅਤੇ ਕਦੇ ਆਤਮਹੱਤਿਆ ਨਹੀਂ ਕਰਦੇ, ਉਹ ਹਰ ਹਾਲ 'ਚ ਜਿਉਣਾ ਸਿੱਖ ਜਾਂਦੇ ਹਨ। ਅਸੀਂ ਤਾਂ ਫਿਰ ਵੀ ਇਨਸਾਨ ਹਾਂ, ਸਾਡੇ ਕੋਲ ਦਿਮਾਗ ਹੈ। ਅਸੀਂ ਸ਼ਰੀਰਕ ਅਤੇ ਮਾਨਸਕ ਰੂਪ 'ਚ ਸਮਰੱਥ ਹਾਂ। ਸਾਡੇ ਕੋਲ ਮਦਦ ਕਰਨ ਲਈ ਰਿਸ਼ਤੇ-ਨਾਤੇ, ਸੰਸਾਧਨ, ਸੰਸਥਾਵਾਂ, ਪ੍ਰਸ਼ਾਸਨ, ਕਾਇਦੇ-ਕਾਨੂੰਨ ਅਤੇ ਹੋਰ ਸਹੂਲਤਾਂ ਹਨ। ਤਾਂ ਫਿਰ ਅਸੀਂ ਹਾਰ ਕਿਉਂ ਮੰਨ ਲੈਂਦੇ ਹਾਂ ? ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਮੁਸੀਬਤਾਂ ਤੋਂ ਡਰ ਕੇ ਕਿਸ਼ਤੀ ਪਾਰ ਨਹੀਂ ਹੁੰਦੀ ਅਤੇ ਹਿੰਮਤ ਕਰਨ ਵਾਲਿਆਂ ਦੀ ਕਦੇ ਹਾਰ ਨਹੀਂ ਹੁੰਦੀ। ਕੀ ਅਸੀਂ ਦੁਨੀਆਂ ਵਿਚੋਂ ਸਭ ਤੋਂ ਜ਼ਿਆਦਾ ਦੁਖੀ ਹਾਂ ? ਨਹੀਂ ਕਦੇ ਨਹੀਂ। ਲੋਕ ਸਾਡੇ ਨਾਲੋਂ ਜ਼ਿਆਦਾ ਸਮੱਸਿਆਵਾਂ ਨਾਲ ਜੂਝ ਰਹੇ ਹਨ। ਜ਼ਿੰਦਗੀ ਪ੍ਰਤੀ ਸਿਰਫ ਸਾਡਾ ਨਜ਼ਰੀਆ ਬਦਲ ਗਿਆ ਹੈ, ਜਦੋਂ ਅਸੀਂ ਲੋਕਾਂ ਦੀਆਂ ਸਮੱਸਿਆਵਾਂ ਸੁਣਾਂਗੇ ਤਾਂ ਸਾਨੂੰ ਪਤਾ ਲੱਗੇਗਾ ਕਿ ਸਾਡੀ ਸਮੱਸਿਆ ਹੋਰਾਂ ਦੇ ਮੁਕਾਬਲੇ ਕੁਝ ਵੀ ਨਹੀਂ ਹੈ ਅਤੇ ਸਮਾਂ ਕਦੇ ਵੀ ਇਕ ਸਮਾਨ ਨਹੀਂ ਰਹਿੰਦਾ। ਸਮੱਸਿਆਵਾਂ ਨੂੰ ਵਧਾਉਣ 'ਚ ਸਾਡਾ ਸਭ ਤੋਂ ਵੱਡਾ ਹੱਥ ਹੈ, ਦੂਜਿਆਂ 'ਤੇ ਲੋੜ ਤੋਂ ਵੱਧ ਵਿਸ਼ਵਾਸ, ਹੱਦੋਂ ਵੱਧ ਉਮੀਦ ਜਾਂ ਨਿਰਭਰਤਾ, ਮਾੜੀ ਸੰਗਤ, ਮਾੜੀਆਂ ਆਦਤਾਂ, ਲਾਲਚ, ਜਾਗੂਰਕ ਨਾ ਹੋਣਾ, ਨਿਯਮਾਂ ਨੂੰ ਤੋੜਨਾ, ਸੰਜ਼ਮ ਦੀ ਕਮੀ, ਆਤਮਚਿੰਤਨ ਨਾ ਕਰਨਾ, ਸਮਾਜ 'ਚ ਆਪਣੇ ਰੁਤਬੇ ਦਾ ਦਿਖਾਵਾ ਕਰਨਾ, ਅਸਲੀਅਤ ਨੂੰ ਝੁਠਲਾਉਣਾ, ਜ਼ਿੰਮੇਵਾਰੀ ਅਤੇ ਫਰਜ਼ ਤੋਂ ਦੂਰ ਭੱਜਣਾ, ਨਕਰਾਤਮਕ ਵਿਚਾਰਾਂ ਦਾ ਜਾਲ ਬੁਣਨਾ ਆਦਿ ਪ੍ਰਸਥਿਤੀਆਂ ਮਨੁੱਖ ਵੱਲੋਂ ਖੁਦ ਹੀ ਪੈਦਾ ਕੀਤੀਆਂ ਜਾਂਦੀਆਂ ਹਨ, ਜਿਨ੍ਹਾਂ ਨੂੰ ਮਨੁੱਖ ਆਪਣੀ ਅਕਲਮੰਦੀ ਨਾਲ ਸੁਲਝਾ ਸਕਦਾ ਹੈ।

ਸਮੱਸਿਆਵਾਂ ਤੋਂ ਡਰ ਕੇ ਭੱਜਣਾ ਕਾਇਰਤਾ ਅਤੇ ਬੁਦਜ਼ਿਲੀ ਅਖਵਾਉਂਦੀ ਹੈ। ਕੋਈ ਵੀ ਸਮੱਸਿਆ ਡਰ ਨਾਲ ਨਹੀਂ ਸਗੋਂ ਉਸ ਸਮੱਸਿਆ ਦਾ ਮੁਕਾਬਲਾ ਕਰਕੇ ਹੀ ਦੂਰ ਹੁੰਦੀ ਹੈ। ਇਮਾਨਦਾਰੀ ਅਤੇ ਸੱਚਾਈ ਨਾਲ ਜਿਉਣ ਲਈ ਚਾਹੇ ਕਿੰਨਾ ਵੀ ਸੰਘਰਸ਼ ਕਿਉਂ ਨਾ ਕਰਨਾ ਪਵੇ, ਤਾਂ ਲੋਕਲਾਂ ਕਦੇ ਨਾ ਸੋਚੋ। ਸਾਡੇ ਆਲੇ-ਦੁਆਲੇ ਵੀ ਅਜਿਹੇ ਬਹੁਤ ਪ੍ਰੇਰਣਾਸਰੋਤ ਸਖਸ਼ੀਅਤਾਂ ਮਿਲ ਜਾਣਗੀਆਂ। ਅੱਜ ਵੀ ਸੰਘਰਸ਼ ਭਰੀ ਜ਼ਿੰਦਗੀ ਜਿਉਂ ਕੇ ਸਮਾਜ ਦੇ ਸਾਹਮਣੇ ਇਕ ਮਿਸਾਲ ਕਾਇਮ ਕਰ ਰਹੇ ਹਨ। ਲਾਕਡਾਊਨ 'ਚ ਲੱਖਾਂ ਲੋਕਾਂ ਨੇ ਹਜ਼ਾਰਾਂ ਕਿਲੋਮੀਟਰ ਦਾ ਸਫਰ ਤੈਅ ਕੀਤਾ। ਸਾਡੇ ਦੇਸ਼ ਦੇ ਫੌਜੀ ਜਵਾਨ ਕੜਕਦੀ ਧੁੱਪ ਅਤੇ ਮਨਫ਼ੀ ਤਾਪਮਾਨ 'ਚ ਵੀ ਦੇਸ਼ ਦੀ ਰਾਖੀ ਲਈ ਸਰਹੱਦਾਂ 'ਤੇ ਡਟੇ ਰਹਿੰਦੇ ਹਨ। ਕਈ ਮੁਸ਼ਕਿਲ ਇਲਾਕਿਆਂ 'ਚ ਪੜ੍ਹਨ ਦੇ ਲਈ ਰੋਂ ਜੰਗਲ, ਨਦੀ-ਨਾਲਿਆਂ, ਖ਼ਰਾਬ ਰਸਤਿਆਂ ਤੋਂ ਹੋਕੇ ਲੰਘਦੇ ਬੱਚੇ। ਹੜ੍ਹਾਂ ਅਤੇ ਕੁਦਰਤੀ ਆਫ਼ਤਾਂ ਨਾਲ ਜੂਝ ਰਹੇ ਮਿਹਨਤਕਸ਼ ਕਿਸਾਨ ਵੀ ਰੋਜਾਨਾ ਸੰਘਰਸ਼ ਹੀ ਕਰਦੇ ਹਨ। ਹੁਣ ਤਾਂ ਕਰੋਨਾ ਅਤੇ ਮਹਿੰਗਾਈ ਨੇ ਸੰਘਰਸ਼ ਨੂੰ ਹੋਰ ਵਧਾ ਦਿੱਤਾ ਹੈ। ਦੁਨੀਆਂ ਭਰ 'ਚ ਰੋਜ਼ ਕਰੋੜਾਂ ਲੋਕ ਬੇਘਰ, ਬੇਸਹਾਰਾ, ਅਨਾਥ, ਬਿਮਾਰ ਹੋਕੇ ਵੀ ਜ਼ਿੰਦਗੀ ਜਿਉਂਦੇ ਹਨ, ਜਿਨ੍ਹਾਂ ਨੂੰ ਢਿੱਡ ਭਰ ਕੇ ਖਾਣਾ ਵੀ ਨਸੀਬ ਨਹੀਂ ਹੁੰਦਾ। ਵਿਸ਼ਵ ਦੀ ਅੱਧੀ ਅਬਾਦੀ ਗਰੀਬੀ 'ਚ ਜ਼ਿੰਦਗੀ ਬਸਰ ਕਰ ਰਹੀ ਹੈ, ਅੱਜ ਵੀ 75-80 ਸਾਲ ਦੇ ਬਜ਼ੁਰਗ ਦੋ ਡੰਗ ਦੀ ਰੋਟੀ ਦੇ ਲਈ ਕੰਮ ਕਰਦੇ ਹਨ। ਐਨੈ ਕੰਟ ਸਹਿਣ ਤੋਂ ਬਾਅਦ ਵੀ ਉਨ੍ਹਾਂ ਦਾ ਸੰਘਰਸ਼ ਜਾਰੀ ਹੈ ਅਤੇ ਇਸੇ ਨੂੰ ਹੀ ਜ਼ਿੰਦਾਦਿਲੀ ਕਹਿੰਦੇ ਹਨ। ਜ਼ਿੰਦਗੀ ਅਨਮੋਲ ਹੈ, ਸਾਰੀ ਜ਼ਿੰਦਗੀ ਦੀ ਦੌਲਤ ਵੇਚ ਕੇ ਵੀ ਇਕ ਪਲ ਦੀ ਜ਼ਿੰਦਗੀ ਨਹੀਂ ਖਰੀਦੀ ਜਾ ਸਕਦੀ। ਅਕਸਰ ਦੇਖਿਆ ਜਾਂਦਾ ਹੈ ਕਿ ਚੰਗੇ ਪਰਿਵਾਰ ਦੇ ਪੜ੍ਹੇ ਲਿਖੇ ਲੋਕ ਮਾਲੀ ਸੰਕਟ ਪੈਣ 'ਤੇ ਆਤਮਹੱਤਿਆ ਦੀ ਕੌਸ਼ਿਸ਼ ਕਰਦੇ ਹਨ ਪਰ ਉਹ ਹਲਾਤਾਂ ਮੁਤਾਬਕ ਢਲਣ ਦੀ ਕੋਸ਼ਿਸ਼ ਨਹੀਂ ਕਰਦੇ। ਅਮੀਰੀ ਤੋਂ ਬਾਅਦ ਗਰੀਬੀ ਆਈ ਤਾਂ ਕੀ ਹੋਇਆ ? ਸੰਘਰਸ਼ ਕਰਨ ਕੋਸ਼ਿਸ਼ ਕਰਨ ਤੋਂ ਕਿਉਂ ਡਰਨਾ, ਅੱਧੀ ਅਬਾਦੀ ਗਰੀਬੀ ਨਾਲ ਸੰਘਰਸ਼ ਕਰਕੇ ਜ਼ਿੰਦਗੀ ਗੁਜਾਰ ਰਹੀ ਹੈ। ਆਤਮਹੱਤਿਆ ਨੂੰ ਰੋਕਣਾ ਅਕਸਰ ਸੰਭਵ ਹੁੰਦਾ ਹੈ ਅਤੇ ਸਾਨੂੰ ਸਭ ਨੂੰ ਇਸ ਨੂੰ ਰੋਕਣ ਲਈ ਆਪਣਾ ਰੋਲ ਅਦਾ ਕਰਨਾ ਚਾਹੀਦਾ ਹੈ। ਆਪਣੇ ਯੋਗਦਾਨ ਨਾਲ ਅਸੀਂ ਕਿਸੇ ਦੇ ਮਾੜੇ ਸਮੇਂ 'ਚ ਸਮਾਜ ਦੇ ਇਕ ਹਿੱਸੇ ਦੇ ਰੂਪ 'ਚ, ਬੱਚੇ ਦੇ ਰੂਪ 'ਚ, ਮਾਤਾ ਪਿਤਾ ਦੇ ਰੂਪ 'ਚ, ਦੋਸਤ ਮਿੱਤਰ ਦੇ ਰੂਪ 'ਚ, ਨਾਲ ਕੰਮ ਕਰਨ ਵਾਲੇ ਸਾਥੀ ਦੇ ਰੂਪ 'ਚ ਜਾਂ ਇਕ ਗੁਆਂਢੀ ਦੇ ਰੂਪ 'ਚ ਕਿਸੇ ਦੇ ਮਾੜੇ ਸਮੇਂ 'ਚ ਬਦਲਾਅ ਲਿਆ ਸਕਦੇ ਹਾਂ। ਸਾਡੇ ਵੱਲੋਂ ਕੀਤੀ ਗਈ ਇਕ ਛੋਟੀ ਜਿਹੀ ਕੋਸ਼ਿਸ਼ ਇਕ ਛੋਟੀ ਜਿਹੀ ਪਰਵਾਹ ਕਿਸੇ ਦੀ ਜ਼ਿੰਦਗੀ ਬਚਾਅ ਸਕਦੀ ਹੈ। ਇਸ ਤਰ੍ਹਾਂ ਉਸ ਵਿਅਕਤੀ ਦੀ ਜ਼ਿੰਦਗੀ 'ਚ ਇਕ ਨਵੀਂ ਉਮੀਦ ਪੈਦਾ ਕੀਤੀ ਜਾ ਸਕਦੀ ਹੈ। ਆਓ ਪ੍ਰਣ ਕਰੀਏ ਕਿ ਅਸੀਂ ਸੰਘਰਸ਼ ਕਰਨ ਵਾਲਿਆਂ 'ਚ ਸਕਰਾਮਕ ਹੱਲਾਸ਼ੇਰੀ, ਆਤਮਵਿਸ਼ਵਾਸ ਜਗਾ ਕੇ ਅਤੇ ਉਨ੍ਹਾਂ ਨੂੰ ਹੌਂਸਲਾ ਦੇ ਕੇ ਮਜ਼ਬੂਤ ਕਰਨਾ ਹੈ। ਚੁਣੌਤੀਆਂ, ਅਸਫਲਤਾਵਾਂ, ਹਾਰਾਂ ਅਤੇ ਅੰਤ 'ਚ ਜਿੱਤ ਇਹੋ ਹਨ ਜੋ ਤੁਹਾਡੀ ਜ਼ਿੰਦਗੀ ਨੂੰ ਸਾਰਥਕ ਬਣਾਉਂਦੀਆਂ ਹਨ ਅਤੇ ਅੱਗੇ ਜਾ ਕੇ ਇਹੋ ਜਿੱਤ ਅਖਵਾਉਂਦੀ ਹੈ। ਇਸ ਲਈ ਕੁਝ ਵੀ ਹੋਵੇ ਹਾਰ ਨਹੀਂ ਮੰਨਣੀ ਚਾਹੀਦੀ ਅਤੇ ਜਿੰਨੀ ਵੀ ਜ਼ਿੰਦਗੀ ਮਿਲੀ ਹੈ ਜ਼ਿੰਦਾਦਿਲੀ ਨਾਲ ਜਿਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।



ਸਤਵੰਤ ਸ ਦੀਪਕ
ਵੈਨਕੂਵਰ, ਬੀ ਸੀ
604 910 9953.

# ਸਰਸਵਤੀ ਨਦੀ: ਪੰਜਾਬ ਦੇ ਪਾਣੀਆਂ ਦੀ ਲੁੱਟ ਦਾ ਨਵਾਂ ਛੜਯੰਤਰ

2020-21 ਦੇ ਕਿਸਾਨ ਸੰਘਰਸ਼ ਵਿਚ ਮੋਦੀ ਸਰਕਾਰ ਵੱਲੋਂ ਤਿੰਨ ਖ਼ੇਤੀ ਕਾਨੂੰਨਾਂ ਦੀ ਵਾਪਸੀ 'ਤੇ ਇਸ ਸ਼ਾਨਦਾਰ ਜਿੱਤ ਤੋਂ ਬਾਅਦ ਵੀ ਬਾਕੀ ਕਿਸਾਨ ਮਸਲੇ-MSP ਦੀ ਗਰੰਟੀ, ਪਰਾਲ਼ੀ, ਬਿਜਲੀ, ਕਿਸਾਨਾਂ 'ਤੇ ਮੜ੍ਹੇ ਝੂਠੇ ਕੇਸ ਅਤੇ ਪੰਜਾਬ ਦੇ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਸਲੇ ਜਿਉਂ ਦੇ ਤਿਉਂ (status-quo) ਹਨ। ਪੰਜਾਬ, ਯੂ ਪੀ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਗੁਜਰਾਤ, ਗੋਆ, ਮਨੀਪੁਰ, ਸੂਬਿਆਂ ਵਿੱਚ 2022 ਵਿਧਾਨ ਸਭਾਵਾਂ ਦੀਆਂ ਚੋਣਾਂ ਸਿਰ 'ਤੇ ਹਨ। ਪੰਜਾਬ ਦੇ ਦਰਿਆਈ ਪਾਣੀਆਂ ਦੀ ਲੁੱਟ ਵਰਗੇ ਵਸੀਹੀ ਮਸਲਿਆਂ ਨੂੰ ਛੱਡ ਲੋਕਾਂ ਨੂੰ ਚੋਣਾਂ ਦੇ ਗਧੀ-ਗੇੜ 'ਚ ਉਲਝਾਇਆ ਜਾ ਰਿਹਾ ਹੈ। ਦਰਿਆਈ ਪਾਣੀਆਂ ਦੇ ਸੰਦਰਭ ਵਿਚ 1966 ਤੋਂ ਵਿਵਾਦ-ਗ੍ਰਸਤ ਸਤਲੁਜ-ਯਮਨਾ ਲਿੰਕ (SYL) ਨਹਿਰ ਅਤੇ RSS ਦੇ ਏਜੰਡੇ ਤਹਿਤ ਬੀ ਜੇ ਪੀ ਸਰਕਾਰ ਵੱਲੋਂ ਹਰਿਆਣਾ ਵਿਚ ਸਰਸਵਤੀ ਨਦੀ ਦੇ 'ਪਰਗਟ' ਹੋਣ ਦੀ ਗੱਲ ਕਰਨੀ ਬਣਦੀ ਹੈ। SYL ਨਹਿਰ ਬਾਰੇ ਬਹੁਤ ਕੁੱਝ ਕਿਹਾ ਲਿਖਿਆ ਜਾ ਚੁੱਕਾ ਹੈ, ਬਹੁਤ ਸਾਰਾ ਪਾਣੀ ਪੁਲ਼ਾਂ ਹੇਠ ਵਗ ਚੁੱਕਾ ਹੈ ਅਤੇ ਹੁਣ ਇਹ ਰਿਸਦਾ ਨਾਸੂਰ ਬਣ ਗਿਆ ਹੈ। SYL ਬਾਰੇ ਵਿਸਥਾਰ ਸਹਿਤ ਚਰਚਾ ਵੱਖਰੇ ਲੇਖ ਲਈ ਛੱਡਦੇ ਹੋਏ ਇਸ ਲੇਖ ਵਿਚ ਸੰਖੇਪ ਚਰਚਾ ਕਰਕੇ ਗੱਲ ਸਰਸਵਤੀ ਨਦੀ 'ਤੇ ਹੀ ਕੇਂਦਰਤ ਰੱਖੀਏ। ਜ਼ਮੀਨਦੋਜ਼ ਪਾਣੀਆਂ ਬਾਰੇ ਵੱਖਰੇ ਲੇਖ ਦੀ ਲੋੜ ਹੈ।

ਭਾਵੇਂ ਅੰਤਰ-ਰਾਸ਼ਟਰੀ ਰਿਪੇਰੀਅਨ ਸਿਧਾਂਤ ਕਹਿੰਦਾ ਹੈ "All landowners whose properties adjoin a body of water have the right to make reasonable use of it as it flows through or over their properties. (Adopted by the General Assembly of the United Nations on May BA, AIIG, entered into force on August AG, B@AD)" ਅਰਥਾਤ "ਉਹਨਾਂ ਸਾਰੇ ਭੋਇੰ-ਮਾਲਕਾਂ ਨੂੰ ਜਿਨ੍ਹਾਂ ਦੀਆਂ ਜ਼ਮੀਨਾਂ ਜਲ-ਸਰੋਤਾਂ ਦੇ ਨਾਲ ਲੱਗਦੀਆਂ ਹਨ, ਇਸ ਦੀ ਵਾਜਬ ਵਰਤੋਂ ਕਰਨ ਦਾ ਅਧਿਕਾਰ ਹੈ ਕਿਉਂਕਿ ਇਹ ਉਨ੍ਹਾਂ ਦੀਆਂ ਜ਼ਮੀਨਾਂ ਵਿੱਚੋਂ ਜਾਂ ਇਸ ਤੋਂ ਉੱਪਰ ਵਗਦੇ ਹਨ।" ਇਸ ਦਾ ਮਤਲਬ ਇਹ ਹੈ ਕਿ ਕਿਸੇ ਦਰਿਆ ਦੇ ਪਾਣੀ ਨੂੰ ਵਰਤਣ ਦਾ ਹੱਕ ਸਿਰਫ ਉਸ ਦਰਿਆ ਦੇ ਕੰਢੇ ਵੱਸਣ ਵਾਲੇ ਲੋਕਾਂ ਦਾ ਹੁੰਦਾ ਹੈ। ਇਸ ਅਨੁਸਾਰ ਕੌਮਾਂਤਰੀ ਸੰਦਰਭ ਵਿੱਚ ਕਿਸੇ ਦਰਿਆ ਦੇ ਪਾਣੀ ਨੂੰ ਵਰਤਣ ਦਾ ਹੱਕ ਸਿਰਫ ਉਸ ਦੇਸ਼ ਜਾਂ ਸੂਬੇ ਦਾ ਸਮਝਿਆ ਜਾਵੇ ਜਿਸ ਵਿੱਚ ਦੀ ਜਾਂ ਕੋਲ਼ ਦੀ ਉਹ ਦਰਿਆ ਲੰਘਦਾ ਹੋਵੇ। ਪਰ ਹਕੀਕਤ ਇਹ ਹੈ ਭਾਰਤ ਦੀਆਂ ਕੇਂਦਰ ਸਰਕਾਰਾਂ ਵੱਲੋਂ ਅੰਤਰ-ਰਾਸ਼ਟਰੀ ਰਿਪੇਰੀਅਨ ਸਿਧਾਂਤ ਦੀਆਂ ਧੱਜੀਆਂ ਉਡਾਉਂਦਿਆਂ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਲੁੱਟਣ ਦੀ ਪ੍ਰਕਿਰਿਆ 1947 ਦੇਸ਼-ਵੰਡ ਤੋਂ ਪਹਿਲਾਂ ਹੀ ਸ਼ੁਰੂ ਕਰ ਦਿੱਤੀ ਗਈ ਸੀ। ਹੁਣ ਤੱਕ ਪੰਜ ਵਾਰ ਪੰਜਾਬ ਦੇ ਪਾਣੀਆਂ ਨੂੰ ਲੁੱਟਿਆ ਗਿਆ, ਜਿਸ ਦਾ ਸੰਖੇਪ ਵੇਰਵਾ ਇਸ ਤਰ੍ਹਾਂ ਹੈ:

| ਕਾਲ | ਪੰਜਾਬ (MAF) | ਰਾਜਸਥਾਨ (MAF) | ਹਰਿਆਣਾ (MAF) | ਦਿੱਲੀ (MAF) | ਜੰ&ਕ (MAF) | ਕੁੱਲ (MAF) | ਪੰਜਾਬ ਦਾ ਹਿੱਸਾ |
|---|---|---|---|---|---|---|---|
| 1947 | 0.45 | 1.35 | | | | 1.8 | 25.0 % |
| 1955 | 7.2 | 8.0 | | | 0.65 | 15.85 | 45.42 % |
| 1976 | 3.5 | 8.0 | 3.5 | 0.2 | 0.65 | 15.85 | 22.08 % |
| 1981 | 4.22 | 8.6 | 3.5 | 0.2 | 0.65 | 17.17 | 24.58 % |
| 1986 | 5.0 | 8.6 | 3.83 | 0.2 | 0.65 | 18.27 | 21.34 % |

(ਨੋਟ: MAF = Million Acre Foot); Source: SYL Canal, from Wikipedia, ਅਗਸਤ 11, 2021 ਵਿਚੋਂ ਮੂਲ ਅੰਕੜੇ, ਲੇਖਕ ਦਵਾਰਾ ਸੰਕਲਿਤ ਅਤੇ ਸੰਪਾਦਿਤ

RSS ਦੀ ਸਿਆਸੀ ਵਿੰਗ ਬੀ ਜੇ ਪੀ ਸਰਕਾਰ ਦੇ 2019 ਦੇ ਚੋਣ ਮੈਨੀਫਿਸਟੋ ਦੇ ਸੰਕਲਪ ਪੱਤਰ ਵਿਚ ਪਾਣੀਆਂ ਦੀ ਮਦ ਬਾਰੇ ਲਿਖਿਆ ਹੈ "ਪਾਣੀ ਇੱਕ ਨਾਜ਼ੁਕ ਸਰੋਤ ਹੈ ਪਰ ਇਸਦਾ ਪ੍ਰਬੰਧਨ ਕੇਂਦਰੀ ਪੱਧਰ 'ਤੇ ਵੀ ਵੱਖ-ਵੱਖ ਵਿਭਾਗਾਂ ਵਿੱਚ ਫੈਲਿਆ ਹੋਇਆ ਹੈ। ਅਸੀਂ ਜਲ ਪ੍ਰਬੰਧਨ ਦੇ ਮੁੱਦੇ ਨੂੰ ਸੰਪੂਰਨ ਤੌਰ 'ਤੇ ਪਹੁੰਚ ਕਰਨ ਅਤੇ ਬਿਹਤਰ ਤਾਲਮੇਲ ਨੂੰ ਯਕੀਨੀ ਬਣਾਉਣ ਲਈ ਜਲ ਪ੍ਰਬੰਧਨ ਕਾਰਜਾਂ ਨੂੰ ਨਿਯਮਤ ਕਰਨ ਵਾਲਾ ਇੱਕ ਨਵਾਂ ਜਲ ਮੰਤਰਾਲਾ ਬਣਾਵਾਂਗੇ। ਮੰਤਰਾਲਾ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਨਦੀਆਂ ਨੂੰ ਜੋੜਨ, ਪੀਣ ਵਾਲੇ ਪਾਣੀ ਅਤੇ ਸਿੰਚਾਈ ਦੀਆਂ ਸਮੱਸਿਆਵਾਂ ਦਾ ਹੱਲ ਯਕੀਨੀ ਬਣਾਉਣ ਲਈ ਸ਼੍ਰੀ ਅਟਲ ਬਿਹਾਰੀ ਵਾਜਪਾਈ ਦੁਆਰਾ ਸੰਕਲਪਿਤ ਅਭਿਲਾਸ਼ੀ ਪ੍ਰੋਗਰਾਮ ਨੂੰ ਤੇਜ਼ੀ ਨਾਲ ਅੱਗੇ ਵਧਾਏਗਾ...." ਸੰਕਲਪ ਪੱਤਰ ਵਿਚ 'ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਨਦੀਆਂ ਨੂੰ ਜੋੜਨ' ਦੀ ਜਿਹੜੀ ਯੋਜਨਾ ਬਣਾਈ ਹੈ ਸਰਸਰੀ ਨਜ਼ਰ ਨਾਲ਼ ਵੇਖਿਆਂ ਤਾਂ ਇਹ ਸਰਕਾਰ ਦੀ ਦਿਆਲਤਾ, ਕਲਿਆਣਕਾਰੀ ਅਤੇ ਦੂਰ-ਅੰਦੇਸ਼ੀ ਦੀ ਗੱਲ ਜਾਪਦੀ ਹੈ। ਅੰਤਰ-ਰਾਸ਼ਟਰੀ ਉਦਾਹਰਣ ਵਜੋਂ 193 ਕਿਲੋਮੀਟਰ ਲੰਬੀ ਸਵੇਜ਼ ਨਹਿਰ ਅਤੇ 82 ਕਿਲੋਮੀਟਰ ਲੰਬੀ ਪੈਨਮਾ ਨਹਿਰ ਦੀ ਗੱਲ ਕੀਤੀ ਜਾ ਸਕਦੀ ਹੈ। ਜਿਵੇਂ ਕਈ ਨਹਿਰਾਂ ਨਾਲ ਜਦ ਸਮੁੰਦਰ ਜੋੜ ਦਿਤੇ ਗਏ ਹਨ ਤੇ ਕਈ ਦੇਸ਼ਾਂ ਵਿਚ ਪਾਣੀ ਦੇ ਰਸਤੇ ਬਣਾਏ ਗਏ ਹਨ ਤਾਂ ਫਿਰ ਬੀ ਜੇ ਪੀ ਇਹ ਯੋਜਨਾ ਗ਼ਲਤ ਕਿਵੇਂ ਹੋ ਸਕਦੀ ਹੈ? ਪਰ ਹਕੀਕਤ ਇਸ ਦੇ ਐਨ ਉਲਟ ਹੈ। ਉਹ ਅਸਲ ਵਿਚ RSS ਦੇ ਹਿੰਦੂ ਰਾਸ਼ਟਰਵਾਦ ਦੇ ਲੁਕਵੇਂ ਏਜੰਡੇ ਤਹਿਤ ਲੋਕਾਂ ਦੀਆਂ ਭਾਵਨਾਵਾਂ ਨਾਲ਼ ਖਿਲਵਾੜ ਕਰਕੇ ਪੰਜਾਬ ਦੇ ਦਰਿਆਵਾਂ ਦੇ ਬਚੇ ਪਾਣੀ ਨੂੰ ਡੈਮਾਂ ਰਾਹੀਂ ਸੰਭਾਲਣ ਅਤੇ ਲੋੜ ਪੈਣ 'ਤੇ ਹੋਰ ਸੂਬਿਆਂ ਨੂੰ ਮੁਹੱਈਆ ਕਰਵਾਉਣ ਨੂੰ ਜਾਇਜ਼ ਕਰਾਰ ਦੇਣ ਲਈ ਜ਼ਮੀਨ ਤਿਆਰ ਕਰ ਰਹੇ ਹਨ। ਕਿਉਂਕਿ ਇਹ ਫ਼ੈਸਲਾ ਸਾਰੇ ਸੂਬਿਆਂ ਦੀ ਸਹਿਮਤੀ ਤੇ ਉਨ੍ਹਾਂ ਦੀ ਬਰਾਬਰ ਦੀ ਭਾਈਵਾਲੀ ਨੂੰ ਨਾਲ਼ ਲੈ ਕੇ ਨਹੀਂ ਕੀਤਾ ਗਿਆ, ਇਸ ਕਰਕੇ ਸਿਰਫ਼ ਪੰਜਾਬ ਹੀ ਨਹੀਂ, ਦੇਸ਼ ਦੇ ਹਰ ਸੂਬੇ ਲਈ ਇਹ ਜਬਰੀ ਠੋਸਿਆ ਕਦਮ ਅਤੇ ਸਰਾਸਰ ਕੁਦਰਤ ਦੇ ਅਸੂਲ ਦੇ ਖ਼ਿਲਾਫ਼ ਹੈ।



ਮਿਥਿਹਾਸ ਦੇ ਸਹਾਰੇ ਅੰਧ-ਵਿਸ਼ਵਾਸ ਫੈਲਾਉਣਾ RSS ਦਾ ਪਰਖ਼ਿਆ ਹੋਇਆ ਮੰਤਰ ਹੈ! ਗਿਆਨ ਦੀ ਹਿੰਦੂ ਦੇਵੀ ਸਰਸਵਤੀ ਦੇ ਨਾਮ 'ਤੇ ਇੱਕ ਮਿਥਿਹਾਸਕ ਨਦੀ ਦੀ ਬੀ ਜੇ ਪੀ ਸਰਕਾਰ ਵੱਲੋਂ ਮਨਜ਼ੂਰ ਕੀਤੀ 'ਖੋਜ' ਨਾਲੋਂ ਸ਼ਾਇਦ ਹੀ ਇਸ ਯੁੱਗ ਦੀ ਕੋਈ ਕਰੂਰ ਅਤੇ ਹਾਸੋਹੀਣੀ ਮਿਸਾਲ ਹੋਵੇ! ਪ੍ਰਸਤਾਵਿਤ ਸਰਸਵਤੀ ਨਦੀ ਪ੍ਰਾਜੈੱਕਟ ਤਹਿਤ ਸ਼ਿਵਾਲਿਕ ਪਹਾੜਾਂ ਵੱਲੋਂ ਪੰਜਾਬ ਦੇ ਡੈਮਾਂ ਅਤੇ ਦਰਿਆਵਾਂ ਵਿੱਚ ਆ ਰਹੇ ਪਾਣੀ ਨੂੰ ਅਗਾਊਂ ਹੀ ਰੋਕ ਕੇ ਅਤੇ ਮੁਹਾਣ ਮੋੜ ਕੇ ਹਰਿਆਣੇ ਅਤੇ ਰਾਜਸਥਾਨ ਵਿਚ ਦੀ ਸਰਸਵਤੀ ਨਦੀ ਖੋਦ ਕੇ ਗੁਜਰਾਤ ਦੇ ਕੱਛ ਇਲਾਕੇ ਤੱਕ ਲਿਜਾਇਆ ਜਾਣਾ ਹੈ। ਇਸ ਨਾਲ ਪੰਜਾਬ ਦੇ ਹਿੱਸੇ ਆਉਣ ਵਾਲ਼ੇ ਪਾਣੀ ਦਾ ਆਖ਼ਰੀ ਤੁਪਕਾ ਵੀ ਨਿਚੋੜ ਲਿਆ ਜਾਣਾ ਹੈ। ਸਰਸਵਤੀ ਨਦੀ ਦਾ ਜ਼ਿਕਰ ਹਿੰਦੂ ਧਾਰਮਿਕ ਗ੍ਰੰਥਾਂ ਵਿੱਚ ਜ਼ਰੂਰ ਮਿਲਦਾ ਹੈ ਪਰ ਅਸਲੀਅਤ ਵਿੱਚ ਇਹ ਨਦੀ ਕਿਤੇ ਵੀ ਵਗਦੀ ਨਹੀਂ। ਬੀ ਜੇ ਪੀ ਸਰਕਾਰ ਵੱਲੋਂ ਧੂੰਆਂ-ਧਾਰ ਪਰਚਾਰ ਕੀਤਾ ਜਾ ਰਿਹਾ ਹੈ ਕਿ ਸਰਸਵਤੀ ਨਦੀ ਇੱਥੇ ਪਹਿਲਾਂ ਵਗਦੀ ਹੁੰਦੀ ਸੀ ਤੇ ਹੁਣ ਇਸ ਨੂੰ ਮੁੜ-ਸੁਰਜੀਤ ਕੀਤਾ ਜਾ ਰਿਹਾ ਹੈ। ਸਰਸਵਤੀ ਨਾਂ ਹਿੰਦੂ ਧਰਮ ਵਾਸਤੇ ਇੱਕ ਪਵਿੱਤਰ ਨਾਂ ਹੈ, ਜਿਸ ਦੀ ਆੜ ਹੇਠ ਉਲਟਾ ਇਸ ਦਾ ਵਿਰੋਧ ਕਰਨ ਵਾਲਿਆਂ ਨੂੰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਡਰਾਵੇ ਹੇਠ ਦਬਾਇਆ ਜਾ ਰਿਹਾ ਹੈ। MONGABAY, July 19, 2019 ਅਨੁਸਾਰ ਅਕਤੂਬਰ 2014 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ, ਬੀ ਜੇ ਪੀ ਦੀ ਹਰਿਆਣਾ ਸਰਕਾਰ ਨੇ ਮਿਥਿਹਾਸਕ ਨਦੀ ਨੂੰ ਮੁੜ-ਸੁਰਜੀਤ ਕਰਨ ਦੇ ਇਰਾਦੇ ਨੂੰ ਅੰਜਾਮ ਦੇਣ ਲਈ ਸੋਂਬ ਨਦੀ 'ਤੇ ਆਦਿ ਬਦਰੀ ਡੈਮ ਦੀ ਉਸਾਰੀ, ਇਸਦਾ ਪਾਈਪ-ਲਿੰਕ ਰਾਹੀਂ ਕਲਪਤ ਸਰਸਵਤੀ ਨਦੀ ਅਤੇ ਸਰਸਵਤੀ ਜਲ-ਭੰਡਾਰ ਦੀ ਉਸਾਰੀ ਕਾਰਜ ਸ਼ਾਮਲ ਕੀਤੇ। ਸਥਾਨਕ ਕਿਸਾਨਾਂ ਵਿਚ ਪਹਿਲਾਂ ਹੀ ਇਹ ਅੰਧ-ਵਿਸ਼ਵਾਸ ਫੈਲਾਇਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਖੂਹ ਸਰਸਵਤੀ ਨਦੀ ਦੁਆਰਾ ਭਰੇ ਜਾ ਰਹੇ ਹਨ, ਅਤੇ ਇਸ ਦੇ ਪਾਣੀ ਕੈਂਸਰ ਵਰਗੀਆਂ ਬੀਮਾਰੀਆਂ ਨੂੰ ਠੀਕ ਕਰਨ ਵਿੱਚ ਮਦਦ ਕਰ ਰਹੇ ਹਨ। ਅੰਧ-ਵਿਸ਼ਵਾਸ ਨੂੰ ਹੋਰ ਤੂਲ ਦੇਣ ਲਈ ਹਰਿਆਣਾ ਸਰਕਾਰ ਵੱਲੋਂ 120 ਕਰੋੜ ਰੁਪਏ ਦਾ 'ਸਰਸਵਤੀ ਹੈਰੀਟੇਜ ਡਿਵੈਲਪਮੈਂਟ ਬੋਰਡ' ਸਥਾਪਤ ਕੀਤਾ ਗਿਆ ਹੈ। ਹਰਿਆਣਾ ਸਰਕਾਰ ਨੇ 2015 ਦੇ ਬੱਜਟ ਵਿਚ 50 ਕਰੋੜ ਰੁਪਏ ਸਰਸਵਤੀ ਨਦੀ ਵਾਸਤੇ ਰੱਖੇ ਸਨ। 2017 ਵਿਚ ਹਰਿਆਣਾ ਸਰਕਾਰ ਅਤੇ Oil and Natural Gas Corporation (ON73) ਵਿਚ ਇਕ ਸਹਿਮਤੀ ਪੱਤਰ ਤਹਿਤ ਸਰਸਵਤੀ ਨਦੀ ਦੇ ਵਹਾਅ ਰਸਤੇ ਵਿਚ 100 ਖੂਹ ਖੋਦਣ ਦਾ ਪ੍ਰੋਗਰਾਮ ਬਣਾਇਆ ਗਿਆ। "imesnownews.com, February 17, 2021 ਅਨੁਸਾਰ ਹਰਿਆਣਾ ਦੇ ਮੁੱਖ ਮੰਤਰੀ ਐਮ ਐਲ ਖੱਟਰ ਨੇ ਸਰਸਵਤੀ ਨਦੀ ਦੀ ਕਾਇਆ ਕਲਪ ਕਰਨ ਵਾਸਤੇ ਡੈਮ, ਬੰਨ੍ਹ ਅਤੇ ਜਲ-ਭੰਡਾਰ ਦੇ ਨਿਰਮਾਣ ਲਈ 800 ਕਰੋੜ ਰੁਪਏ ਦੇ ਬੱਜਟ ਦਾ ਐਲਾਨ ਕੀਤਾ।

'ਆਖ਼ਰੀ ਹਮਲਾ'("he Final Assault, May 8, 2016) ਦਸਤਾਵੇਜ਼ੀ ਫ਼ਿਲਮ ਵਿਚ ਬੀ ਜੇ ਪੀ ਦੇ ਇਨ੍ਹਾਂ ਨਾਪਾਕ ਮਨਸ਼ਿਆਂ ਬਾਰੇ ਅਗਾਊਂ ਚੇਤਾਵਨੀ ਦੇ ਦਿੱਤੀ ਗਈ ਸੀ। ਫ਼ਿਲਮ ਅਨੁਸਾਰ "ਹਰਿਆਣਾ ਅਤੇ ਰਾਜਸਥਾਨ ਵਿਚੋਂ ਦੀ ਹੁੰਦੀ ਹੋਈ ਗੁਜਰਾਤ ਦੇ ਕੱਛ ਇਲਾਕੇ ਤੱਕ ਪੁੱਟੀ ਜਾ ਰਹੀ ਇਹ ਨਦੀ ਕੋਈ ਇਤਫ਼ਾਕ ਨਹੀਂ ਹੈ। ਸਗੋਂ ਇਹ ਤਾਂ ਸਰਸਵਤੀ ਨੂੰ ਪਰਗਟ ਕਰਨ ਦੇ ਦੰਭ ਹੇਠ ਪੰਜਾਬ ਦੇ ਬਚੇ ਖੁਚੇ ਪਾਣੀ ਨੂੰ ਨਿਚੋੜਨ ਦੀ ਤਿਆਰੀ ਹੈ। ਉਹ ਸਰਸਵਤੀ ਦੇਵੀ, ਜਿਸਦੀ ਹਜ਼ਾਰਾਂ ਸਾਲਾਂ ਤੋਂ ਇਹ ਕਹਿ ਕੇ ਪੂਜਾ ਹੋ ਰਹੀ ਹੈ ਕਿ ਉਹ ਪਰਯਾਗ 'ਚ ਗੰਗਾ-ਜਮਨਾ ਦੇ ਸੰਗਮ ਵਿਚ ਮਿਲਣ ਵਾਲ਼ੀ ਤੀਜੀ ਨਦੀ ਹੈਓਤ੍ਰਵੈਣੀ। ਪਰ ਉਹ ਅਚਾਨਕ ਪੰਜਾਬ ਦੇ ਮੁੱਢ ਕਿਵੇਂ ਆ ਪਰਗਟ ਹੋਈ? ਸਾਡੇ ਲਈ ਚਿੰਤਾ ਦਾ ਵਿਸ਼ਾ ਇਹ ਨਹੀਂ ਕਿ ਇਥੇ ਕੋਈ ਨਦੀ ਹੁੰਦੀ ਸੀ ਕਿ ਨਹੀਂ। ਜੇ ਹੁੰਦੀ ਸੀ ਤਾਂ ਉਹ ਸਰਸਵਤੀ ਸੀ ਜਾਂ ਕੋਈ ਹੋਰ? ਸਾਡੇ ਲਈ ਚਿੰਤਾ ਇਹ ਹੈ ਕਿ ਹਜ਼ਾਰਾਂ ਏਕੜ ਜ਼ਮੀਨ ਇਕੁਵਾਇਰ ਕਰਕੇ ਅਰਬਾਂ ਦੀ ਲਾਗਤ ਨਾਲ਼ ਪੁੱਟੀ ਜਾਣ ਵਾਲ਼ੀ ਇਸ ਨਦੀ ਨੂੰ ਭਰਨਾ ਕਿਸ ਪਾਣੀ ਨਾਲ਼ ਹੈ? ਲੱਖਾਂ ਸਾਲਾਂ ਤੋਂ ਅਲੋਪ, ਅਤੇ ਪਿਆਸੀ ਪਈ ਇਸ ਸਰਸਵਤੀ ਨਦੀ ਨੂੰ ਪਰਗਟ ਕਰਕੇ ਇਸ ਦੀ ਪਿਆਸ ਬੁਝਾਉਣ ਲਈ ਕਿਹੜੇ ਦਰਿਆਵਾਂ ਦੇ ਰੁੱਖ ਮੋੜੇ ਜਾਣਗੇ? ਉੱਤਰੀ ਭਾਰਤ, ਖ਼ਾਸ ਕਰਕੇ ਪੰਜਾਬ ਦੇ ਦਰਿਆਵਾਂ ਦਾ ਕੁਦਰਤੀ ਵਹਾਅ ਹਿਮਾਲੀਆ ਤੋਂ ਸਮੁੰਦਰ ਵਾਲ਼ੇ ਪਾਸੇ ਨੂੰ ਹੈਓਉੱਚੇ ਤੋਂ ਨੀਵੇਂ ਪਾਸੇ ਨੂੰ। ਪਾਣੀ ਕਦੇ ਵੀ ਨੀਵੇਂ ਥਾਂ ਤੋਂ ਉੱਚੇ ਵੱਲ ਨਹੀਂ ਲਿਜਾਇਆ ਜਾ ਸਕਦਾ। ਇਸ ਕਰਕੇ ਸਰਸਵਤੀ ਨਦੀ ਵਿਚ ਜੇ ਕਿਸੇ ਦਰਿਆ ਦਾ ਪਾਣੀ ਪਾਇਆ ਜਾ ਸਕਦਾ ਹੈ ਤਾਂ ਉਹ ਸਿਰਫ਼ ਤੇ ਸਿਰਫ਼ ਸਤਲੁਜ ਦਾ। ਸਤਲੁਜ ਦੇ ਸਿਵਾਇ ਹੋਰ ਕੋਈ ਪਾਣੀ ਉਹਦੇ ਵਿਚ ਪੈ ਹੀ ਨਹੀਂ ਸਕਦਾ।

ਜਿਹੜਾ SYL ਨਹਿਰ ਦਾ ਮੁੱਦਾ ਸੀ, ਇਹ ਤਾਂ ਉਸ ਤੋਂ ਵੀ ਵੱਡਾ ਛੜਯੰਤਰ ਰਚਿਆ ਜਾ ਰਿਹਾ ਹੈ। ਇਸਨੂੰ ਇਕ ਧਾਰਮਿਕ ਮੁੱਦਾ ਬਣਾਇਆ ਜਾਵੇਗਾ। ਉਹਦੇ ਵਾਸਤੇ ਪਾਣੀ ਖੋਹਣ ਵਾਸਤੇ ਸਾਰੇ ਮੁਲਕ ਨੂੰ ਤਿਆਰ ਕਰ ਲਿਆ ਜਾਵੇਗਾ। ਉਹ ਪਾਣੀ ਕਿਥੋਂ ਆਵੇਗਾ? ਉਹ ਪਾਣੀ Naturally ਹੈ, ਜਿਹੜਾ ਸਾਡੇ ਕੋਲ਼ ਡੇਢ ਕੁ ਆਬ ਬਚਿਆ ਹੈ (4.22 MAF), ਇਹਦੇ 'ਚੋਂ ਖੋਹ ਕੇ ਉਨ੍ਹਾਂ ਨੂੰ ਦੇ ਦੇਣਾ ਹੈ। SYL 'ਚ ਕੁੱਲ 3.6 MAF ਪਾਣੀ ਛੱਡਣਾ ਸੀ। ਜਦੋਂ 1985 ਵਿਚ SYL ਦੀ ਪੁੱਟਾਈ ਰੁਕੀ ਤਾਂ ਉਨ੍ਹਾਂ 2.1 MAF ਪਾਣੀ ਰੋਪੜ ਕੋਲ਼ ਭਾਖੜਾ ਨਹਿਰ 'ਚ ਪਾ ਦਿਤਾ। ਹੁਣ ਬਚਿਆ 1.5 MAF ਪਾਣੀ, ਉਹਦੇ 'ਚੋਂ ਮਈ 2015 ਨੂੰ ਫਿਰ 450 ਕਿਊਸਿਕ (0.33 MAF) ਪਾਣੀ ਭਾਖੜਾ ਨਹਿਰ ਦੇ ਕਿਨਾਰਿਆਂ ਨੂੰ ਦੋ ਦੋ ਫੁੱਟ ਉੱਚਾ ਕਰਕੇ ਉਸ ਵਿਚ ਪਾ ਦਿਤਾ। ਹੁਣ ਜਦੋਂ SYL ਦਾ ਬਹੁਤਾ ਪਾਣੀ ਪਹਿਲਾਂ ਹੀ ਹਰਿਆਣੇ 'ਚ ਜਾ ਰਿਹਾ ਹੈ ਤਾਂ SYL ਕੋਈ ਵੱਡਾ ਮੁੱਦਾ ਨਾ ਰਿਹਾ। ਮੁੱਦਾ ਤਾਂ ਸਰਸਵਤੀ ਹੈ ਜਿਸ ਵਿਚ ਬਚਿਆ ਪਾਣੀ ਪੰਜਾਬ ਤੋਂ ਬਾਹਰ ਚਲਿਆ ਜਾਣਾ ਹੈ। ਜਿਹੜਾ ਮੁੱਦਾ ਹੀ ਧਾਰਮਿਕ ਤੌਰ 'ਤੇ ਉਭਾਰਿਆ ਜਾ ਰਿਹਾ ਹੈ, ਉਸ ਵਿਚ ਕਿਸੇ ਵੀ ਇਥੇ ਰਹਿਣ ਵਾਲ਼ਿਆਂ ਦੀ ਆਰਥਿਕ ਅਤੇ ਜਿਸਮਾਨੀ ਨਸਲ-ਕੁਸ਼ੀ ਸੌਖੀ ਹੋ ਜਾਂਦੀ ਹੈ। ਜੇ ਸਰਸਵਤੀ ਨੂੰ ਪੰਜਾਬ ਦੇ ਰਾਹੀਂ ਪਾਣੀ ਨਾ ਵੀ ਭੇਜ ਸਕੇ ਤਾਂ Plan B ਤਿਆਰ ਹੈ। ਜਿਸ ਤਰੀਕੇ ਨਾਲ਼ ਬਿਆਸ ਦਾ ਪਾਣੀ ਹਿਮਾਚਲ ਵਿਚ Tunnel ਰਾਹੀਂ ਉਨ੍ਹਾਂ ਸਤਲੁਜ ਵਿਚ ਮਿਲਾਇਆ, ਉਸੇ ਤਰੀਕੇ ਨਾਲ਼ ਹੀ ਉਹ ਸਤਲੁਜ ਦਾ ਪਾਣੀ ਵੀ ਸਰਸਵਤੀ ਤੱਕ ਪਹੁੰਚਾਉਣਗੇ। Sarasvati Heritage Board ਨੇ ਤਾਂ ਇਹ Plan propose ਵੀ ਕਰ ਦਿਤਾ ਹੈ, ਜਿਹਦੇ ਵਿਚ ਉਹਨਾਂ ਤਿੰਨ ਡੈਮਾਂ ਦਾ ਜ਼ਿਕਰ ਕੀਤਾ ੯8 ਆਦ ਬਦਰੀ, ਲੋਹਗੜ੍ਹ ਅਤੇ ਹਰੀਪੁਰ। ਤਿੰਨਾਂ ਜਗ੍ਹਾ 'ਤੇ ਡੈਮ ਬਣਾ ਕੇ, ਪਾਣੀ ਦੇ ਵਹਾਅ ਨੂੰ ਬਦਲ ਕੇ ਹਿਮਾਚਲ ਵਿਚੋਂ ਹੀ ਸਰਸਵਤੀ ਵਿਚ ਲਿਜਾਇਆ ਜਾਣਾ ਹੈ। ਪਰ ਪੰਜਾਬੀਆਂ ਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਇਹ ਸਰਾਸਰ ਗ਼ੈਰ-ਕਾਨੂੰਨੀ ਹੈ- ਅੰਤਰ-ਰਾਸ਼ਟਰੀ ਅਤੇ ਭਾਰਤ ਦੇ ਕਾਨੂੰਨ ਵਿਚ ਵੀ।"

ਜਦ ਸਮਾਜਿਕ ਕਾਰਕੁਨਾਂ ਵੱਲੋਂ ਇਸ ਦੀ ਪ੍ਰਮਾਣਿਕਤਾ ਬਾਰੇ ਸਵਾਲ ਪੁੱਛੇ ਜਾਂਦੇ ਹਨ ਤਾਂ ਬੀ ਜੇ ਪੀ ਸਰਕਾਰ ਕੋਲ਼ ਇਸਦਾ ਕੋਈ ਪੁਖ਼ਤਾ ਜਵਾਬ ਨਹੀਂ। Searching for Saraswati: How a Mythical River is Fueling Hindu Nationalism, July 15, 2018 ਦਸਤਾਵੇਜ਼ੀ ਫ਼ਿਲਮ ਅਨੁਸਾਰ: "ਯੇ ਜੋ ਸਰਕਾਰ ਬੜੇ ਬੜੇ ਦਾਅਵੇ ਅਖ਼ਬਾਰੋਂ ਮੇਂ ਕਰ ਰਹੀ ਹੈ, ਮੀਡੀਆ ਮੇਂ ਕਰ ਰਹੀ ਹੈ, ਲੇਕਿਨ ਜਬ ਹਮ Right To Information (RTI) ਮੇਂ ਪੂਛਤੇ ਹੈਂ ਤੋ ਉਨ ਕੇ ਪਾਸ ਕੋਈ ਜਵਾਬ ਨਹੀਂ ਹੈ। ਏਕ ਪਾਂਚ ਹਜ਼ਾਰ, ਦਸ ਹਜ਼ਾਰ ਸਾਲ ਪੁਰਾਨੀ ਬਾਤ ਉਸ ਵਿਸ਼ੇ ਕੇ ਜੋ Specialists, Geo-Scientists, Historians ਹੈਂ, ਵੋਹ ਹੀ ਬਤਾਏਂਗੇ। ਮੈਂ, ਆਪ ਯਾ ਕੋਈ ਔਰ ਕੈਸੇ ਕੁਛ ਕਹਿ ਸਕਤਾ ਹੈ? ਕਹਿਨੇ ਸੁਨਨੇ ਸੇ ਨਹੀਂ, ਉਸਕੋ ਪੂਰਾ ਪ੍ਰਮਾਣਿਕ ਹੋਨਾ ਚਾਹੀਏ। ਹਮਾਰਾ Main ਸਵਾਲ ਥਾ ਯਮਨਾ ਨਗਰ ਮੇਂ ਲੁਪਤ ਸਰਸਵਤੀ ਨਦੀ ਕੋ ਢੂੰਡ ਨਿਕਾਲਨੇ ਕੇ ਸਬੰਧ ਮੇਂ Archaeological Survey of India (A.S.I.), Indian Space Research Organisation (I.S.R.O.), National Aeronautics and Space Administration (N.A.S.A.), ਸਭੀ ਸੰਗਠਨੋ ਸੇ ਜੋ ਬੀ ਪੱਤਰਾ-ਚਾਰ ਕੀਆ ਹੈ, ਔਰ ਵਹਾਂ ਸੇ ਜੋ ਜਵਾਬ ਆਏ ਹੈਂ, ਉਸ ਸਭੀ ਕੀ ਪ੍ਰਮਾਣਿਕ ਪ੍ਰਤੀ ਦੀ ਜਾਏ। ਤੋ ਇਸ ਕੇ ਜਵਾਬ ਮੇਂ District Government ਨੇ ਜੋ ਲਿਖਾ ਹੈ ਕਿ 'ਯੇ ਸੂਚਨਾ ਇਸ ਕਾਰਯਾਲਯ ਮੇਂ ਉਪਲਬਧ ਨਹੀਂ ਹੈ।' ਯੇ ਆਮ ਆਦਮੀ ਕੇ ਬੱਸ ਕਾ ਨਹੀਂ ਹੈ ਕਿ ਸਚਾਈ ਕੋ ਨਿਕਲਾ ਪਾਏ। ਸਵਾ ਸਾਲ ਸੇ ਹਮ ਇਸ ਕੇ ਪੀਛੇ ਲੱਗੇ ਰਹੇ, 10-15 ਕਿਲੋਗਰਾਮ Letters ਉਨ ਕੋ ਭੇਜੇ ਹੈਂ, ਤੋ ਆਖ਼ਰ ਮੇਂ ਯੇ ਜਵਾਬ ਦੇ ਰਹੇ ਹੈਂ ਕਿ ਉਨਹੋਂ ਨੇ ਇਸ ਕੀ ਪ੍ਰਮਾਣਿਕਤਾ ਕੀ ਕੋਈ ਜਾਂਚ ਨਹੀਂ ਕਰਵਾਈ। ਯੇ ਤੋ ਹਮ ਨਹੀਂ ਬਤਾ ਸਕਤੇ ਕਿ ਯੇ ਸਰਸਵਤੀ ਹੈ ਯਾ ਨਹੀਂ। ਯੇ ਤੋ Research ਕਾ ਵਿਸ਼ਾ ਹੈ ਔਰ ਇਸ ਮੇਂ ਸਮਾਂ ਲੱਗੇਗਾ। ਜਬ Government ਕੇ ਲੋਗ ਯੇ ਜਵਾਬ ਦੇ ਰਹੇ ਹੈਂ ਤੋ ਫਿਰ ਪਬਲਿਕ ਕੋ ਇਸ ਤਰੀਕੇ ਸੇ ਕਿਉਂ ਭ੍ਰਮਿਤ ਕੀਆ ਜਾ ਰਹਾ ਹੈ? ਵੋਹ ਨਹੀਂ ਚਾਹਤੇ ਕਿ ਲੋਗ ਗਿਆਨਵਾਨ ਬਨੇ। ਅਗਰ ਗਿਅਨਵਾਨ ਬਨੇ ਤੋ Question ਕਰੇਂਗੇ। Question put up ਕਰੇਂਗੇ ਤੋ ਵੋਹ ਫਸੇਂਗੇ। ਵੋਹ ਚਾਹਤੇ ਹੈਂ ਕਿ ਉਨ ਕੋ ਹਾਂ, ਹਾਂ, ਨਾ, ਨਾ ਕਰਨੇ ਵਾਲੇ ਲੋਗ ਚਾਹੀਏ ਬੱਸ। ਉਨਕੀ ਜੋ ਫ਼ਿਲਾਸਫ਼ੀ ਹੈ ਵੋਹ ਹਿੰਦੂ ਰਾਸ਼ਟਰਵਾਦ ਹੈ। ਉਸ ਕੇ ਅੰਦਰ ਲੋਗੋਂ ਕੋ ਰੁਜ਼ਗਾਰ ਦੇਨਾ, ਸਿਕਸ਼ਾ ਦੇਨਾ, ਮਹਿੰਗਾਈ ਦੂਰ ਕਰਨਾ, ਮਹਿਲਾਏਂ ਕੀ ਸੁਰੱਖਿਆ ਯੇ ਕੋਈ ਸਵਾਲ ਨਹੀਂ ਹੈਂ। ਜੰਤਾ ਕੋ ਸਿਰਫ਼ ਯੇ ਸੰਤੁਸ਼ਟੀ ਮਿਲੇ ਕਿ ਯੇ ਸਰਕਾਰ ਤੁਮ੍ਹਾਰੇ ਲੀਏ ਹੈ, ਤੁਮ੍ਹਾਰੇ ਧਰਮ ਕੇ ਲੀਏ, ਤੁਮ੍ਹਾਰੇ ਰਾਸ਼ਟਰ ਕੇ ਲੀਏ, ਦੇਖੋ ਕਿਤਨੇ ਬੜੇ ਬੜੇ ਕਾਮ ਕੀਏ ਹੈਂ, ਪਾਂਚ ਹਜ਼ਾਰ ਸਾਲ ਕੀ ਨਦੀ ਢੂੰਡ ਕਰ ਲਾਏ ਹੈਂ..."

ਇਸ ਤਰ੍ਹਾਂ ਅਸੀਂ ਦੇਖ ਸਕਦੇ ਹਾਂ ਕਿ ਜਦੋਂ ਪੰਜਾਬ ਪਾਣੀ ਦੇ ਕਤਰੇ ਕਤਰੇ ਨੂੰ ਤਰਸ ਰਿਹਾ ਹੋਵੇ, ਕਿਵੇਂ RSS / ਬੀ ਜੇ ਪੀ ਸਰਕਾਰ ਹਰਿਆਣੇ ਵਿਚ ਮਿਥਿਹਾਸਕ ਸਰਸਵਤੀ ਨਦੀ, ਜਿਸਦਾ ਕੋਈ ਵਜੂਦ ਨਹੀਂ, ਦੇ ਨਾਂ ਹੇਠ ਹਿੰਦੂ ਰਾਸ਼ਟਰਵਾਦ ਨੂੰ ਹਵਾ ਦੇ ਰਹੀ ਹੈ ਅਤੇ ਇਸ ਦੀ ਆੜ ਹੇਠ ਟੇਢੇ ਢੰਗ ਨਾਲ਼ ਪੰਜਾਬ ਦੇ ਬਾਕੀ ਰਹਿੰਦੇ ਪਾਣੀਆਂ ਨੂੰ ਲੁੱਟਣ ਲਈ ਪੱਬਾਂ-ਭਾਰ ਹੋਈ ਬੈਠੀ ਹੈ। ਇਕ ਸਿਲਸਿਲੇਵਾਰ ਫਾਸ਼ਿਜ਼ਮ, ਜੋ RSS ਤੇ ਉਸਦੀ ਬੀ ਜੇ ਪੀ ਸਰਕਾਰ ਸਮੁੱਚੇ ਭਾਰਤ 'ਤੇ ਮੜ੍ਹਨਾ ਚਾਹੁੰਦੀ ਹੈ, ਉਹ ਹੈ ਭਾਰਤੀ ਸਮਾਜ ਵਿਚਲੀ ਵਿਸ਼ਾਲਤਾ, ਵੰਨ-ਸਵੰਨਤਾ ਨੂੰ ਖ਼ਤਮ ਕਰਕੇ ਸਮੁੱਚੇ ਭਾਰਤ ਨੂੰ ਇਕੋ ਕੌਮ ਦੇ ਰੱਸੇ ਨਾਲ਼ ਨਰੜਨਾ, ਭਾਵ RSS ਦੇ ਭਗਵੇਂ ਰੰਗ ਦੇ ਕੜਾਹੇ ਵਿੱਚ ਡੁਬੋਣਾ। ਇਸ ਕਰਕੇ ਮਿਥਿਹਾਸਕ ਸਰਸਵਤੀ ਨਦੀ ਨੂੰ 'ਪਰਗਟ' ਕਰਨ ਦਾ ਮਨਸੂਬਾ ਉਸੇ ਹੀ ਦਿਸ਼ਾ ਵਿਚ ਪੁੱਟਿਆ ਇਕ ਖ਼ਤਰਨਾਕ ਕਦਮ ਸਮਝਣਾ ਚਾਹੀਦਾ ਹੈ ਕਿ ਕਿਵੇਂ ਉਹ ਸਾਡੀ ਧਰਤ ਨੂੰ, ਸਾਡੇ ਪਾਣੀਆਂ ਨੂੰ ਖੋਹ ਕੇ ਸਾਡੀ ਅਣਖ ਤੇ ਸਵੈਮਾਣ ਦੀ ਸ਼ਾਹਰਗ 'ਤੇ ਗੋਡਾ ਰੱਖਣਾ ਚਾਹੁੰਦੀ ਹੈ।

# ਅੰਧਵਿਸ਼ਵਾਸ ਦੀਆਂ ਜੜ੍ਹਾਂ



**ਨਵਜੋਤ ਪਟਿਆਲਾ**

ਅੰਧਵਿਸ਼ਵਾਸ ਭਾਰਤੀ ਸਮਾਜ ਦੇ ਪੋਰ-ਪੋਰ ਵਿੱਚ ਸਮਾਏ ਹੋਏ ਹਨ, ਕਿਤੇ ਇਸਦਾ ਪ੍ਰਗਟਾਵਾ ਸਾਫ ਸਪੱਸ਼ਟ ਰੂਪ ਵਿੱਚ ਹੁੰਦਾ ਹੈ ਤੇ ਕਿਤੇ ਘੱਟ ਪ੍ਰਤੱਖ ਰੂਪ ਵਿੱਚ। ਦੈਵੀ, ਅਦਿੱਖ, ਪਰਾਕੁਦਰਤੀ ਸ਼ਕਤੀਆਂ ਵਿੱਚ ਯਕੀਨ, ਭੂਤਾਂ ਕੱਢਣੀਆਂ-ਕਢਾਉਣੀਆਂ, ਸਾਧਾਂ ਤੋਂ ਪੁੱਛਾਂ ਲੈਣੀਆਂ, ਇੱਛਾ-ਪੂਰਤੀ ਲਈ ਜਾਨਵਰਾਂ ਨੂੰ ਖਾਸ ਦਿਨ, ਖਾਸ ਤਰ੍ਹਾਂ ਨਾਲ਼ ਭੋਜਨ ਤਿਆਰ ਕਰਕੇ ਦੇਣਾ, ਤਵੀਤਾਂ ਬਣਵਾਉਣੀਆਂ, ਖਾਸ ਦਿਨ ਮਾਸਾਹਾਰੀ ਭੋਜਨ ਨਾ ਖਾਣਾ, ਖਾਸ ਦਿਨ ਕੇਸ ਨਾ ਧੋਣੇ, ਜਾਦੂ-ਟੂਣੇ ਵਿੱਚ ਯਕੀਨ ਆਦਿ ਆਦਿ ਅੰਧਵਿਸ਼ਵਾਸਾਂ ਦੇ ਅਨੇਕਾਂ ਤਰੀਕਿਆਂ ਦੇ ਪ੍ਰਗਟਾਵੇ ਜੋ ਸਾਡੇ ਸਮਾਜ ਵਿੱਚ ਨਿੱਤ ਦਿਹਾੜੇ ਦੇਖਣ ਨੂੰ ਮਿਲ਼ਦੇ ਹਨ ਗਿਣਾਏ ਜਾ ਸਕਦੇ ਹਨ।

'ਪਿਊ' ਖੋਜ ਕੇਂਦਰ ਵੱਲੋਂ ਹਾਲ ਹੀ ਵਿੱਚ ਕੀਤੇ ਇੱਕ ਨਮੂਨਾ ਸਰਵੇਖਣ ਵਿੱਚ ਇਹ ਸਾਹਮਣੇ ਆਇਆ ਸੀ ਕਿ ਭਾਰਤ ਦੀ ਲਗਭਗ ਅੱਧੀ ਅਬਾਦੀ ਫਰਿਸ਼ਤਿਆਂ ਤੇ ਪ੍ਰੇਤ ਆਤਮਾਵਾਂ ਵਿੱਚ, 38% ਪੁਨਰਜਨਮ ਵਿੱਚ, 76% ਕਰਮ ਦੇ ਸਿਧਾਂਤ ਵਿੱਚ ਤੇ 70% ਕਿਸਮਤ ਵਿੱਚ ਯਕੀਨ ਰੱਖਦੀ ਹੈ ਤੇ ਇਹ ਵਿਸ਼ਵਾਸ ਹਿੰਦੂ, ਮੁਸਲਿਮ, ਸਿੱਖ ਤੇ ਈਸਾਈ ਸਭ ਧਰਮਾਂ ਦੇ ਲੋਕਾਂ ਵਿੱਚ ਪਾਏ ਜਾਂਦੇ ਹਨ। ਇਸ ਤੋਂ ਇਲਾਵਾ ਵੀ ਕਿੰਨੇ ਹੀ ਹੋਰ ਸੂਖਮ ਰੂਪਾਂ ਵਿੱਚ ਅੰਧਵਿਸ਼ਵਾਸ ਸਾਡੇ ਸਮਾਜ ਵਿੱਚ ਜੜ ਜਮਾਈ ਬੈਠੇ ਹਨ। ਯੂਨੀਵਰਸਿਟੀ ਵਿੱਚ ਵਿਚਰਦਿਆਂ ਆਮ ਹੀ ਇਹ ਗੱਲ ਕੰਨੀ ਪੈ ਜਾਂਦੀ ਹੈ ਕਿ ਅਨਪੜ੍ਹ ਲੋਕੀਂ ਜਿਨ੍ਹਾਂ ਤੱਕ ਸਿੱਖਿਆ ਤੇ ਵਿਗਿਆਨ ਦੀ ਪਹੁੰਚ ਨਹੀਂ ਹੋ ਸਕੀ ਉਹ ਹੀ ਇਹਨਾਂ ਅੰਧਵਿਸ਼ਵਾਸਾਂ ਦੇ ਸ਼ਿਕਾਰ ਹੁੰਦੇ ਹਨ। ਪਰ ਅਖੌਤੀ ਪੜ੍ਹੇ ਲਿਖੇ ਲੋਕਾਂ, ਪ੍ਰੋਫੈਸਰਾਂ, ਸਾਇੰਸਦਾਨਾਂ ਵਿੱਚ ਵੀ ਅੰਧਵਿਸ਼ਵਾਸਾਂ ਦੀ ਜੜ ਕਾਫੀ ਡੂੰਘੀ ਹੈ ਬਸ ਉਹਦੇ ਪ੍ਰਗਟਾਵੇ ਵਧੇਰੇ ਸੂਖਮ ਹੁੰਦੇ ਹਨ। ਉਦਹਾਰਨ ਵਜੋਂ ਜੇ ਕਿਸੇ ਵਿਦਿਆਰਥੀ ਦੀ ਕੋਈ ਪ੍ਰੀਖਿਆ ਬਹੁਤ ਵਧੀਆ ਹੋਵੇ ਤਾਂ ਉਹ ਇਹਨੂੰ ਉਸ ਪ੍ਰੀਖਿਆ ਵਿੱਚ ਵਰਤੇ ਕਿਸੇ ਖਾਸ ਪੈਨ ਜਾਂ ਖਾਸ ਕੰਪਨੀ ਦੇ ਪੈਨ ਨਾਲ਼ ਜੋੜ ਲੈਂਦਾ ਹੈ ਜਾਂ ਲੈਂਦੀ ਹੈ ਤੇ ਫੇਰ ਬਾਕੀ ਸਾਰੀਆਂ ਪ੍ਰੀਖਿਆਵਾਂ ਵੀ ਇਸੇ ਪੈਨ ਨਾਲ਼ ਹੀ ਕਰਦਾ ਹੈ। ਵਿਦਿਆਰਥੀਆਂ ਦੀ ਗੱਲ ਛੱਡੋ, ਇਹਨਾਂ ਦੇ 'ਸਿਆਣੇ-ਬਿਆਣੇ' ਅਧਿਆਪਕ ਵੀ ਅਜਿਹੇ ਕਈ ਵਿਸ਼ਵਾਸਾਂ ਦਾ ਬੋਝ ਢੋਂਹਦੇ ਹਨ। ਮੇਰੀ ਜਾਣ ਪਛਾਣ ਦੀ ਇੱਕ ਅਧਿਆਪਕਾ, ਜਦੋਂ ਵੀ ਉਸਦੀ ਤਰੱਕੀ ਸਬੰਧੀ ਕੋਈ ਇੰਟਰਵਿਊ ਹੋਵੇ ਜਾਂ ਹੋਰ ਜਰੂਰੀ ਕੰਮ ਹੋਵੇ ਤਾਂ ਇੱਕ ਖਾਸ ਰੰਗ ਦੇ ਕੱਪੜੇ ਹੀ ਪਾਕੇ ਆਉਂਦੀ ਹੈ ਕਿਉਂਕਿ ਉਹਦੇ ਅਨੁਸਾਰ ਇਹ ਰੰਗ ਪਾਉਣ ਨਾਲ਼ ਉਹਦਾ ਕੰਮ ਬਣ ਜਾਂਦਾ ਹੈ। ਹੋਰ ਤਾਂ ਹੋਰ ਭਾਰਤ ਵਿੱਚ ਕੁਤਰਕ ਦੀ ਜਕੜ ਇਹਨੀ ਮਜਬੂਤ ਹੈ ਕਿ ਇੱਥੇ ਬਹੁਤੇ ਵਿਗਿਆਨੀ ਤੇ ਡਾਕਟਰ ਵੀ ਆਪਣਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹਵਨ, ਪਾਠ, ਪੂਜਾ ਜਾਂ ਕੋਈ ਹੋਰ ਰਸਮ ਜਰੂਰ ਕਰਵਾਉਂਦੇ ਹਨ। 2019 ਵਿੱਚ ਭਾਰਤੀ ਪੁਲਾੜ ਖੋਜ ਸੰਸਥਾ ਦੇ ਇੱਕ ਪੁਰਾਣੇ ਅਧਿਕਾਰੀ ਨੇ ਦੱਸਿਆ ਸੀ ਕਿ ਸੰਸਥਾ ਦੇ ਕਈ ਵਿਗਿਆਨੀਆਂ ਵੱਲੋਂ ਨਾ ਸਿਰਫ ਰਾਕਟ ਆਦਿ ਨੂੰ ਪੁਲਾੜ ਵਿੱਚ ਛੱਡਣ ਤੋਂ ਪਹਿਲਾਂ ਤਰ੍ਹਾਂ-ਤਰ੍ਹਾਂ ਦੇ ਕਰਮ ਕਾਂਡ ਕੀਤੇ ਜਾਂਦੇ ਹਨ ਸਗੋਂ ਪੁਲਾੜ ਵਿੱਚ ਰਾਕਟ ਛੱਡਣ ਦੇ ਸਮੇਂ ਨੂੰ ਵੀ ਰੀਤੀ ਰਿਵਾਜਾਂ ਵਿਚਲੇ 'ਸ਼ੁਭ ਸਮੇਂ' ਅਨੁਸਾਰ ਨਿਰਧਾਰਤ ਕੀਤਾ ਜਾਂਦਾ ਹੈ। ਭਾਰਤ ਵਿੱਚ ਸਿਆਸਤਦਾਨਾਂ ਦੇ ਕਰਮ ਕਾਂਡਾਂ ਪ੍ਰਤੀ ਰੱਵਈਏ ਤੋਂ ਤਾਂ ਸਾਰੇ ਜਾਣੂ ਹੀ ਹਨ। 2018 ਵਿੱਚ ਭਾਜਪਾ ਵੱਲੋਂ ਦਿੱਲੀ ਵਿੱਚ ਹਫਤੇ ਭਰ ਦਾ ਯੱਗ ਕਰਵਾਇਆ ਗਿਆ ਸੀ ਜਿਸ ਵਿੱਚ 108 ਪੰਡਾਲ ਬਣਾਏ ਗਏ ਸਨ ਤੇ 1111 ਪੁਜਾਰੀਆਂ ਨੇ ਸ਼ਮੂਲੀਅਤ ਕੀਤੀ ਸੀ। ਪੂਜਾ-ਪਾਠ, ਹਵਨ ਤਾਂ ਛੱਡੋ ਭਾਰਤ ਦੇ ਕਈ ਵੱਡੇ-ਵੱਡੇ ਸਿਆਸਤਦਾਨ ਆਪਣੇ ਵਿਰੋਧੀਆਂ ਉੱਤੇ ਜਾਦੂ-ਟੋਣਾ ਕਰਾਉਣ ਲਈ ਤਾਂਤ੍ਰਿਕ ਬਾਬਿਆਂ ਕੋਲ਼ ਜਾਂਦੇ ਰਹੇ ਹਨ। ਭਾਜਪਾ ਦੇ ਸੱਤ੍ਹਾ ਵਿੱਚ ਆਉਣ ਨਾਲ਼ ਸਿਆਸਤਦਾਨਾਂ ਦਾ ਅਜਿਹੇ ਹਵਨ, ਕਰਮ-ਕਾਂਡ ਖੁੱਲ੍ਹੇਆਮ ਕਰਨ ਦੀ ਗਿਣਤੀ ਵਿੱਚ ਵੱਡਾ ਵਾਧਾ ਹੋਇਆ ਤੇ ਕਈ ਨਕਲੀ ਖੱਬੇਪੱਖੀ ਪਾਰਟੀਆਂ ਦੇ ਲੀਡਰ ਵੀ ਅਜਿਹੇ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਦੇ ਰਹੇ ਹਨ। ਰਸਸ-ਭਾਜਪਾ ਦੇ ਸੱਤ੍ਹਾ ਵਿੱਚ ਆਉਣ ਨਾਲ਼ ਸਿਰਫ ਸਿਆਸਤਦਾਨਾਂ ਵਿੱਚ ਹੀ ਨਹੀਂ ਇਹਨਾਂ ਚੀਜਾਂ ਦਾ ਉਭਾਰ ਵੇਖਣ ਨੂੰ ਮਿਲ਼ਿਆ ਸਗੋਂ ਕੁੱਲ ਸਮਾਜ ਵਿੱਚ ਵੀ ਇਸ ਚੀਜ ਨੂੰ ਨਾ ਸਿਰਫ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ ਸਗੋਂ ਇਸਨੂੰ ਵਿਗਿਆਨਕ ਵੀ ਸਿੱਧ ਕਰਨ ਦੀ ਕੋਸ਼ਿਸ਼ ਵੀ ਸਿਖਰਾਂ ਉੱਤੇ ਹੈ। ਕਰੋਨਾ ਪੂਰਨਬੰਦੀ ਸਮੇਂ ਥਾਲੀਆਂ ਖੜਕਾਕੇ, ਤਰੰਗਾਂ ਤੇ ਊਰਜਾ ਪੈਦਾ ਕਰਕੇ ਕਰੋਨਾ ਭਜਾਉਣ ਸਬੰਧੀ ਰਸਸ-ਭਾਜਪਾ ਦੇ ਆਈਟੀ ਸੈੱਲ ਦੇ "ਤਰਕ" ਤਾਂ ਸਭ ਨੂੰ ਚੇਤੇ ਹੀ ਹੋਣਗੇ।

ਇਹਨਾਂ ਅੰਧਵਿਸ਼ਵਾਸਾਂ ਤੇ ਇਹਨਾਂ ਉੱਤੇ ਅਧਾਰਤ ਸਾਰੇ ਕਰਮ-ਕਾਂਡ, ਰੀਤੀ ਰਿਵਾਜਾਂ ਨੂੰ ਇੱਕੋ ਬਰਾਬਰ ਸਮਝਣਾ ਵੀ ਗਲਤੀ ਹੋਵੇਗੀ। ਕਈ ਅੰਧਵਿਸ਼ਵਾਸ ਦੇ ਪ੍ਰਗਟਾਵੇ ਜਿਵੇਂ ਕਿ ਇੱਕੋ ਪੈਨ ਨਾਲ਼ ਸਾਰੀਆਂ ਪ੍ਰੀਖਿਆਵਾਂ ਦੇਣੀਆਂ, ਮਹੱਤਵਪੂਰਨ ਮੌਕਿਆਂ ਉੱਤੇ ਇੱਕੋ ਰੰਗ ਦੇ ਕੱਪੜੇ ਪਾਉਣਾ, ਦੁਕਾਨ ਖੋਲ੍ਹਣ ਤੋਂ ਪਹਿਲਾਂ ਨਾਰੀਅਲ ਭੰਨਣਾ ਆਦਿ ਭਾਵੇਂ ਤਾਰਕਿਕ ਤੇ ਵਿਗਿਆਨਕ ਚੇਤਨਾ ਦੇ ਉਸਰਨ ਵਿੱਚ ਇੱਕ ਰੁਕਾਵਟ ਜਰੂਰ ਹਨ ਪਰ ਇਹ ਸਿੱਧਾ-ਸਿੱਧਾ ਕਿਸੇ ਦੂਜੇ ਮਨੁੱਖ ਦਾ ਨੁਕਸਾਨ ਨਹੀਂ ਕਰ ਰਹੇ। ਇਸ ਤੋਂ ਵੱਖਰਾ ਅਜਿਹੇ ਅੰਧਵਿਸ਼ਵਾਸ ਵੀ ਹਨ ਜਿਸਦੇ ਸਿੱਟੇ ਵਜੋਂ ਦੂਜਿਆਂ ਨੂੰ ਆਰਥਿਕ, ਸਮਾਜਿਕ ਤੇ ਇੱਥੋਂ ਤੱਕ ਕਿ ਜਾਨ ਦਾ ਨੁਕਸਾਨ ਵੀ ਝੱਲਣਾ ਪੈ ਸਕਦਾ ਹੈ। ਉਦਹਾਰਨ ਵਜੋਂ ਅਕਸਰ ਦੇਖਿਆ ਜਾਂਦਾ ਹੈ ਕਿ ਸਮਾਜ ਵਿੱਚ ਕਿਸੇ ਬੰਦੇ ਜਾਂ ਔਰਤ ਦਾ ਇਸ ਕਰਕੇ ਸਮਾਜਿਕ ਬਾਈਕਾਟ ਕਰ ਦਿੱਤਾ ਜਾਂਦਾ ਹੈ ਕਿਉਂਕਿ ਲੋਕਾਂ ਅਨੁਸਾਰ ਉਹ ਟੂਣਾ ਜਾਂ ਕਾਲ਼ਾ ਜਾਦੂ ਕਰਦਾ ਜਾਂ ਕਰਦੀ ਹੈ। ਇਸ ਕਿਸਮ (ਦੂਜਿਆਂ ਦਾ ਸਿੱਧੇ ਰੂਪ ਵਿੱਚ ਨੁਕਸਾਨ ਕਰਨ ਵਾਲ਼ੇ) ਦੇ ਅੰਧਵਿਸ਼ਵਾਸਾਂ ਦਾ ਸਭ ਤੋਂ ਭੱਦਾ ਰੂਪ ਹੈ ਮਨੁੱਖੀ ਬਲੀ, ਇੱਕ ਅਜਿਹੀ ਅਣਮਨੁੱਖੀ ਰਸਮ ਜਿਸਦੀ ਅੱਜ ਵੀ ਸਾਡੇ ਸਮਾਜ ਵਿੱਚ ਹੋਂਦ ਬਰਕਰਾਰ ਹੈ। ਹੈਰਾਨੀ ਦੀ ਗੱਲ ਹੈ ਕਿ ਕਿੰਨੇ ਹੀ ਮਨੁੱਖਾਂ ਤੇ ਖਾਸ ਕਰ ਔਰਤਾਂ ਦੀ ਮਨੁੱਖੀ ਬਲੀ ਜਾਂ ਪ੍ਰੇਤ-ਆਤਮਾ ਦੇ ਕਾਬੂ ਹੇਠ ਹੋਣ ਦੇ ਸ਼ੱਕਾ ਕਰਕੇ ਕੀਤੇ ਕਤਲ ਮਗਰੋਂ ਵੀ ਕੌਮੀ ਅਪਰਾਧ ਰਿਕਾਰਡ ਬਿਊਰੋ ਇਸ ਸਬੰਧੀ ਕੋਈ ਅੰਕੜੇ ਇਕੱਠੇ ਨਹੀਂ ਕਰਦਾ ਜਿਸ ਕਰਕੇ ਇਹਨਾਂ ਕਤਲਾਂ ਦਾ ਠੀਕ-ਠੀਕ ਅੰਦਾਜਾ ਲਗਾਉਣਾ ਸੰਭਵ ਨਹੀਂ ਹੈ। 2013 ਤੋਂ ਕੌਮੀ ਅਪਰਾਧ ਰਿਕਾਰਡ ਬਿਊਰੋ ਨੇ ਇਹਨਾਂ ਸਬੰਧੀ ਅੰਕੜੇ ਇਕੱਠੇ ਕਰਨੇ ਸ਼ੁਰੂ ਕੀਤੇ ਸਨ ਪਰ ਇਹ ਅੰਕੜੇ ਸਿਰਫ ਦੋ ਸਾਲ ਤੱਕ ਹੀ ਇਕੱਠੇ ਕੀਤੇ ਗਏ। ਇਹਨਾਂ ਦੋ ਸਾਲਾਂ ਵਿੱਚ ਹੀ ਅਜਿਹੇ ਕਤਲਾਂ ਦੇ ਹਜ਼ਾਰਾਂ ਮਾਮਲੇ ਸਾਹਮਣੇ ਆਏ। ਇਸ ਤੋਂ ਬਾਅਦ ਬਿਊਰੋ ਵੱਲੋਂ ਅਜਿਹੇ ਅੰਕੜੇ ਇਕੱਠੇ ਕਰਨੇ ਬੰਦ ਕਰ ਦਿੱਤੇ ਗਏ। ਇਹੀ ਨਹੀਂ ਕਾਲ਼ੇ ਜਾਦੂ ਜਾਂ ਪ੍ਰੇਤ-ਆਤਮਾ ਦੇ ਨਾਮ ਉੱਤੇ ਕੀਤੇ ਜਾਂਦੇ ਕਤਲ, ਮਨੁੱਖੀ ਬਲੀ ਆਦਿ ਖਿਲਾਫ ਭਾਰਤ ਦੇ ਬਹੁਤੇ ਸੂਬਿਆਂ ਵਿੱਚ ਤਾਂ ਪ੍ਰਭਾਵੀ ਕਨੂੰਨ ਹੀ ਨਹੀਂ ਹਨ, ਜਿੱਥੇ ਕੋਈ ਕਨੂੰਨ ਹੈ ਉੱਥੇ ਉਸਨੂੰ ਲਾਗੂ ਕਰਨ ਦਾ ਕੋਈ ਵੀ ਪੁਖਤਾ ਪ੍ਰਬੰਧ ਨਹੀਂ ਹੈ। ਜਿੰਨੀਆਂ ਕੁ ਖ਼ਬਰਾਂ ਆਮ ਕਰਕੇ ਇਸ ਸਬੰਧੀ ਸੁਣਨ ਨੂੰ ਮਿਲ਼ਦੀਆਂ ਹਨ ਉਸਤੋਂ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਇਹਨਾਂ ਕਾਰਨਾਂ ਕਰਕੇ ਅੱਜ ਵੀ ਹਜਾਰਾਂ ਹੀ ਲੋਕਾਂ ਤੇ ਖਾਸ ਕਰਕੇ ਕੁੜੀਆਂ/ਔਰਤਾਂ ਨੂੰ ਹਰ ਸਾਲ ਬੇਇੱਜਤੀ, ਤਸ਼ੱਦਦ ਝੱਲਣਾ ਪੈਂਦਾ ਹੈ ਤੇ ਹਜਾਰਾਂ ਹੀ ਲੋਕਾਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਪਿਛਲੇ ਸਮੇਂ ਵਿੱਚ ਸੰਘ ਦੀ ਵਿਚਾਰਧਾਰਾ ਦੀ ਵਧੇਰੇ ਘੁਸਪੈਠ ਨਾਲ਼ ਇਸ ਵਰਤਾਰੇ ਵਿੱਚ ਵਾਧਾ ਹੀ ਹੋਇਆ ਹੈ।

ਇਸ ਪੂਰੇ ਵਰਤਾਰੇ ਦੀ ਵਰਤਮਾਨ ਹਾਲਤ ਨੂੰ ਸਮਝਣ ਲਈ ਥੋੜ੍ਹਾ ਇਤਿਹਾਸ ਦਾ ਸਫਰ ਤੈਅ ਕਰਨਾ ਜਰੂਰੀ ਹੈ। ਮਨੁੱਖੀ ਸਮਾਜ ਵਿੱਚ ਜਮਾਤਾਂ ਦੇ ਪੈਦਾ ਹੋਣ ਤੋਂ ਪਹਿਲਾਂ ਮੁੱਢ ਕਦੀਮੀ ਸਮਾਜ ਵਿੱਚ ਜਦ ਮਨੁੱਖ ਮੁੱਖ ਤੌਰ ਉੱਤੇ ਸ਼ਿਕਾਰ ਕਰਨ ਤੇ ਕੰਦ ਮੂਲ ਇਕੱਠਾ ਕਰਨ ਉੱਤੇ ਅਧਾਰਤ ਸੀ, ਵਿੱਚ ਹੀ ਮਿੱਥਾਂ, ਤਰ੍ਹਾਂ-ਤਰ੍ਹਾਂ ਦੇ ਟੂਣਿਆਂ ਤੇ ਰਸਮਾਂ ਆਦਿ ਦੀ ਸ਼ੁਰੂਆਤ ਹੋ ਚੁੱਕੀ ਸੀ। ਮਨੁੱਖ ਹਾਲੇ ਕੁਦਰਤੀ ਤਾਕਤਾਂ ਤੇ ਪ੍ਰਕਿਰਿਆਵਾਂ ਦੇ ਲਗਭਗ ਪੂਰੀ ਤਰ੍ਹਾਂ ਅਧੀਨ ਸੀ। ਹਵਾ ਵਗਣ, ਹਨ੍ਹੇਰੀ ਝੁੱਲਣ, ਮੀਂਹ ਪੈਣ ਆਦਿ ਪਿੱਛੇ ਉਹ ਕਿਸੇ ਅਦਿੱਖ ਸ਼ਕਤੀ ਦੀ ਸਰਗਰਮੀ ਵੇਖਦਾ ਸੀ।

ਇਹੀ ਨਹੀਂ ਸ਼ਿਕਾਰ, ਕੰਦ ਮੂਲ ਦੀ ਅਨਿਸ਼ਚਿਤਤਾ, ਇਹਨਾਂ ਦੇ ਮਨੁੱਖ ਨੂੰ ਹਾਸਲ ਹੋਣ ਜਾਂ ਨਾ ਹੋਣ ਪਿੱਛੇ ਵੀ ਅਦਿੱਖ ਸ਼ਕਤੀਆਂ ਦੀ ਸਰਗਰਮੀ ਹੀ ਵੇਖਦਾ ਸੀ। ਬਹੁਤਾ ਕਰਕੇ ਕੁਦਰਤੀ ਤਾਕਤਾਂ ਅੱਗੇ ਬੇਵੱਸ ਹੋਣ ਕਾਰਨ ਇਸ ਸਮੇਂ ਮਨੁੱਖ ਇਹਨਾਂ ਆਤਮਾਵਾਂ ਨੂੰ ਵੀ ਬਹੁਤ ਕਰਕੇ ਕੁਦਰਤੀ ਪ੍ਰਕਿਰਿਆਵਾਂ ਤੇ ਜਾਨਵਰਾਂ ਨਾਲ਼ ਸਬੰਧਤ ਹੀ ਮੰਨਦਾ ਸੀ। ਤਰ੍ਹਾਂ-ਤਰ੍ਹਾਂ ਦੇ ਟੂਣੇ, ਰਸਮਾਂ ਆਦਿ ਕੁਦਰਤ ਦੀਆਂ ਪ੍ਰਕਿਰਿਆਵਾਂ, ਜਾਨਵਰਾਂ, ਪੰਛੀਆਂ ਆਦਿ ਨੂੰ ਵਸ ਵਿੱਚ ਕਰਨ ਦੀ ਇੱਛਾ ਨਾਲ਼ ਕੀਤੀਆਂ ਜਾਂਦੀਆਂ ਸਨ ਕਿਉਂ ਜੋ ਮਨੁੱਖ ਹਾਲੇ ਇਹਨਾਂ ਚੀਜਾਂ ਪਿੱਛੇ ਕੰਮ ਕਰਦੇ ਵਿਗਿਆਨ ਨੂੰ ਨਹੀਂ ਸਮਝਦਾ ਸੀ ਤੇ ਨਾ ਹੀ ਇਸ ਪੜਾਅ ਉੱਤੇ ਸਮਝ ਸਕਦਾ ਸੀ। ਕਈ ਰਸਮਾਂ ਵਿੱਚ ਪੂਰੇ ਸ਼ਿਕਾਰ ਕਰਨ ਦੀ ਸਰਗਰਮੀ ਦੀ ਨਕਲ ਕੀਤੀ ਜਾਂਦੀ ਸੀ ਤੇ ਇਹ ਮੰਨਿਆ ਜਾਂਦਾ ਸੀ ਕਿ ਇੰਝ ਸੱਚੀ ਹੀ ਅਗਲੀ ਵਾਰ ਜਦ ਸ਼ਿਕਾਰ 'ਤੇ ਜਾਇਆ ਜਾਵੇਗਾ ਤਾਂ ਸ਼ਿਕਾਰ ਫੜਿਆ ਜਾਵੇਗਾ। ਇਸ ਸਮੇਂ ਇਹਨਾਂ ਮਿੱਥਾਂ, ਰਸਮਾਂ ਆਦਿ ਦੀ ਮਹੱਤਵਪੂਰਨ ਭੂਮਿਕਾ ਸੀ ਕਿਉਂ ਜੋ ਇਹ ਮਿੱਥਾਂ, ਰਸਮਾਂ ਆਦਿ ਕੁਦਰਤੀ ਵਰਤਾਰਿਆਂ ਨੂੰ ਸਮਝਣ ਵੱਲ ਪਹਿਲੇ ਕਦਮ ਸਨ। ਕੋਈ ਵੀ ਵਰਤਾਰੇ ਨੂੰ ਸਮਝਣ ਲਈ ਪਹਿਲਾ ਕਦਮ ਉਸ ਵਰਤਾਰੇ ਦੀ ਪਹਿਚਾਣ, ਸ਼ਨਾਖਤ ਹੁੰਦੀ ਹੈ ਭਾਵੇਂ ਪਹਿਲੋਂ ਪਹਿਲ ਉਸ ਵਰਤਾਰੇ ਦੀ ਗਲਤ ਵਿਆਖਿਆ ਹੀ ਹੋਵੇ (ਤੇ ਆਮ ਕਰਕੇ ਲਗਭਗ ਸਾਰੇ ਮਹੱਤਵਪੂਰਨ ਵਰਤਾਰਿਆਂ ਸਬੰਧੀ ਇੰਝ ਹੀ ਹੁੰਦਾ ਰਿਹਾ ਹੈ)।

ਹਵਾ ਦਾ ਦੇਵਤਾ, ਮੀਂਹ ਦਾ ਦੇਵਤਾ, ਅੱਗ ਦਾ ਦੇਵਤਾ ਆਦਿ ਭਾਵੇਂ ਇਹਨਾਂ ਕੁਦਰਤੀ ਵਰਤਾਰਿਆਂ ਦੀ ਗਲਤ ਵਿਆਖਿਆ ਹੈ ਪਰ ਇਹ ਮਿੱਥਾਂ ਮਨੁੱਖੀ ਨਸਲ ਵੱਲੋਂ ਆਪਣੇ ਬਚਪਨ ਸਮੇਂ ਅਜਿਹੇ ਕੁਦਰਤੀ ਵਰਤਾਰਿਆਂ ਦੀ ਸ਼ਨਾਖਤ, ਪਹਿਚਾਣ ਨੂੰ ਦਰਸਾਉਂਦੀਆਂ ਹਨ ਤੇ ਇਸ ਕਰਕੇ ਅੱਜ ਦੇ ਵਿਗਿਆਨ ਦੇ ਵਿਕਸਿਤ ਹੋਣ ਵਿੱਚ ਇੱਕ ਮਹੱਤਵਪੂਰਨ ਕਦਮ ਹਨ ਭਾਵੇਂ ਅੱਜ ਲਾਜਮੀ ਹੀ ਇਹਨਾਂ ਵਰਤਾਰਿਆਂ ਦੀ ਵਿਆਖਿਆ ਵਿੱਚ ਇਹਨਾਂ ਮਿੱਥਾਂ ਤੋਂ ਨਹੀਂ ਸਗੋਂ ਵਿਗਿਆਨ ਤੋਂ ਹੀ ਅਗਵਾਈ ਲੈਣੀ ਚਾਹੀਦੀ ਹੈ। ਇਸ ਦੇ ਨਾਲ਼ ਹੀ ਇਹਨਾਂ ਮਿੱਥਾਂ, ਰਸਮਾਂ ਖਾਸ ਕਰਕੇ ਸ਼ਿਕਾਰ ਦੀਆਂ ਰਸਮਾਂ ਰਾਹੀਂ ਕਬੀਲੇ ਆਪਣੇ ਨਵੇਂ ਮੈਂਬਰਾਂ ਨੂੰ ਸ਼ਿਕਾਰ ਆਦਿ ਜਹੀਆਂ ਸਰਗਰਮੀਆਂ ਦੀ ਸਿਖਲਾਈ ਵੀ ਦਿੰਦੇ ਸਨ। ਉਸ ਸਮੇਂ ਦੇ ਸਮਾਜ ਦੇ ਪੈਦਾਵਾਰ ਦੇ ਨੀਵੇਂ ਪੱਧਰ ਕਰਕੇ ਮਨੁੱਖ ਕੁਦਰਤ ਦੇ ਲਗਭਗ ਪੂਰੀ ਤਰ੍ਹਾਂ ਹੀ ਅਧੀਨ ਸੀ ਤੇ ਇਸੇ ਅਧੀਨਗੀ ਦੀ ਹਾਲਤ ਤੇ ਉਸ ਨਾਲ਼ ਸੰਘਰਸ਼ ਵਿੱਚੋਂ ਇਹ ਮਿੱਥਾਂ, ਰਸਮਾਂ, ਟੂਣਿਆਂ ਆਦਿ ਨੇ ਜਨਮ ਲਿਆ। ਇਹਨਾਂ ਰਸਮਾਂ ਵਿੱਚ ਕੁਦਰਤੀ ਵਰਤਾਰਿਆਂ ਪਿੱਛੇ ਕੰਮ ਕਰਦੀਆਂ ਅਦਿੱਖ ਤਾਕਤਾਂ ਨੂੰ ਰਿਝਾਉਣ ਲਈ, ਉਹਨਾਂ ਨਾਲ਼ ਆਪਣੇ ਸਬੰਧ ਨੇੜਲੇ ਬਣਾਉਣ ਲਈ ਹੋਰ ਰਸਮਾਂ ਦੇ ਨਾਲ਼ ਜਾਨਵਰਾਂ ਦੀ ਬਲੀ (ਤੇ ਬਾਅਦ ਵਿੱਚ ਮਨੁੱਖ ਦੀ ਬਲੀ ਵੀ) ਆਦਿ ਜਹੀਆਂ ਰਸਮਾਂ ਵੀ ਸ਼ਾਮਿਲ ਸਨ।

ਜਿਉਂ-ਜਿਉਂ ਮਨੁੱਖ ਨੇ ਕੁਦਰਤ ਨਾਲ਼ ਸੰਘਰਸ਼ ਵਿੱਚੋਂ ਪੈਦਾਵਾਰ ਨੂੰ ਵਧੇਰੇ ਵਿਕਸਿਤ ਕੀਤਾ, ਕੁਦਰਤੀ ਤਾਕਤਾਂ ਉੱਤੇ ਨਿਸਬਤਨ ਵਧੇਰੇ ਕਾਬੂ ਪਾਇਆ, ਖੇਤੀਬਾੜੀ, ਪਸ਼ੂ-ਪਾਲਣ ਆਦਿ ਦਾ ਵਿਕਾਸ ਹੋਇਆ ਓਵੇਂ-ਓਵੇਂ ਮਨੁੱਖ ਦੇ ਵਿਚਾਰਾਂ ਵਿੱਚ ਵੀ ਬਦਲਾਅ ਆਇਆ ਤੇ ਨਾਲ਼ ਹੀ ਇਹਨਾਂ ਮਿੱਥਾਂ, ਰਸਮਾਂ ਆਦਿ ਵਿੱਚ ਵੀ ਬਦਲਾਅ ਆਉਣਾ ਲਾਜਮੀ ਸੀ ਕਿਉਂਕਿ ਕਈ ਕੁਦਰਤੀ ਤਾਕਤਾਂ ਜਿਵੇਂ ਜਾਨਵਰ ਆਦਿ ਜਿਨਾਂ ਨੂੰ ਮਨੁੱਖ ਕਦੇ ਆਪਣੇ ਤੋਂ ਵਧੇਰੇ ਤਾਕਤਵਰ ਸਮਝਦਾ ਸੀ ਨੂੰ ਹੁਣ ਮਨੁੱਖ ਨੇ ਇੱਕ ਹੱਦ ਤੱਕ ਆਪਣੇ ਅਧੀਨ ਕਰ ਲਿਆ ਹੋਇਆ ਸੀ। ਇਸਦੇ ਬਾਵਜੂਦ ਬਹੁਤੀਆਂ ਕੁਦਰਤੀ ਪ੍ਰਕਿਰਿਆਵਾਂ ਨੂੰ ਮਨੁੱਖ ਹਾਲੇ ਵੀ ਨਹੀਂ ਸਮਝ ਸਕਿਆ ਸੀ ਤੇ ਖੇਤੀ ਵਿਕਸਿਤ ਹੋਣ ਕਰਕੇ ਕਈ ਪ੍ਰਕਿਰਿਆਵਾਂ ਜਿਵੇਂ ਕਿ ਮੀਂਹ ਆਦਿ ਦਾ ਮਹੱਤਵ ਹੋਰ ਵੀ ਵਧ ਗਿਆ ਸੀ, ਇਸ ਕਰਕੇ ਇਹਨਾਂ ਪਿੱਛੇ ਕੰਮ ਕਰਦੀਆਂ ਅਦਿੱਖ ਸ਼ਕਤੀਆਂ ਤੇ ਉਹਨਾਂ ਨੂੰ ਮਨਾਉਣ ਜਾਂ ਵੱਸ ਵਿੱਚ ਕਰਨ ਨਾਲ਼ ਜੁੜੀਆਂ ਰਸਮਾਂ ਬਚੇ ਰਹਿਣ ਦਾ ਹਾਲੇ ਵੀ ਅਧਾਰ ਸੀ। ਇਸਦੇ ਨਾਲ਼ ਹੀ ਖੇਤੀਬਾੜੀ, ਪਸ਼ੂ ਪਾਲਣ ਦੇ ਵਧੇਰੇ ਵਿਕਾਸ ਨਾਲ਼ ਮਨੁੱਖੀ ਸਮਾਜ ਦਾ ਜਮਾਤਾਂ ਵਿੱਚ ਵੰਡੇ ਜਾਣ ਦਾ ਅਧਾਰ ਤਿਆਰ ਹੋਇਆ ਤੇ ਇੱਥੇ ਇਹਨਾਂ ਮਿੱਥਾਂ, ਰਸਮਾਂ, ਟੂਣਿਆਂ ਆਦਿ ਦੀ ਵਰਤੋਂ ਵਿੱਚ ਗੁਣਾਤਮਕ ਤਬਦੀਲੀ ਆਈ। ਜਮਾਤੀ ਸਮਾਜ ਵਿੱਚ ਜੋ ਲੋਟੂਆਂ ਦਾ ਰਾਜ ਸਥਾਪਤ ਹੋਇਆ ਉਹ ਧਰਮ ਅਧਾਰਤ ਰਾਜ ਸੀ ਮਤਲਬ ਕਿ ਲੋਟੂ ਜਮਾਤ ਆਪਣੇ ਰਾਜ ਨੂੰ ਧਰਮ ਦੇ ਅਧਾਰ ਉੱਤੇ ਜਾਇਜ ਦੱਸਦੀ ਸੀ। ਲੋਟੂ ਜਮਾਤਾਂ ਆਪਣੀ ਸੱਤ੍ਹਾ, ਆਪਣੇ ਰਾਜ ਨੂੰ ਜਾਇਜ ਦੱਸਣ ਲਈ ਧਰਮ ਤੇ ਧਾਰਮਿਕ ਵਿਚਾਰਧਾਰਾ ਦਾ ਆਸਰਾ ਲੈਂਦੀਆਂ ਸਨ। ਇੱਥੇ ਇਹਨਾਂ ਮਿੱਥਾਂ, ਰਸਮਾਂ, ਗੀਤਾਂ ਦਾ ਕੰਮ ਪਹਿਲ-ਪ੍ਰਿਥਮੇ ਰਾਜਿਆਂ, ਪੁਜਾਰੀਆਂ ਤੇ ਕੁੱਲ ਮਿਲ਼ਾਕੇ ਪੂਰੀ ਲੋਟੂ ਜਮਾਤ ਦਾ ਰਾਜ ਜਾਇਜ ਸਾਬਤ ਕਰਨ ਦਾ ਹੋ ਗਿਆ। ਰਾਜਾ ਧਰਤੀ ਉੱਤੇ ਰੱਬ ਜਾਂ ਸਾਰੇ ਕੁਦਰਤੀ ਵਰਤਾਰਿਆਂ ਪਿੱਛੇ ਕੰਮ ਕਰਦੀ ਤਾਕਤ ਦਾ ਨੁਮਾਇੰਦਾ ਬਣ ਗਿਆ ਜਿਸਦਾ ਕੰਮ ਹੀ ਰਾਜ ਕਰਨਾ ਹੈ। ਦੂਜਾ ਰੱਬ ਤੱਕ, ਤੁਹਾਡੀ ਜ਼ਿੰਦਗੀ ਨੂੰ ਚਲਾਉਣ ਵਾਲ਼ੀਆਂ ਅਦਿੱਖ ਤਾਕਤਾਂ ਨੂੰ ਮਨਾਇਆ, ਰਿਝਾਇਆ ਸਿਰਫ ਰਸਮਾਂ ਆਦਿ ਨਾਲ਼ ਹੀ ਜਾ ਸਕਦਾ ਹੈ ਤੇ ਇਹਨਾਂ ਰਸਮਾਂ ਆਦਿ ਦੀ ਵਿੱਦਿਆ ਉੱਤੇ ਪੁਜਾਰੀਆਂ ਨੇ ਕਬਜਾ ਕਰ ਲਿਆ ਇਸ ਕਰਕੇ ਪੁਜਾਰੀਆਂ ਦਾ ਆਮ ਲੋਕਾਂ ਦੀ ਮਿਹਨਤ ਉੱਤੇ ਵਿਹਲੇ ਬੈਠਕੇ ਪਲਣਾ ਜਾਇਜ ਹੋ ਗਿਆ।

ਅੱਗੇ ਜਾਕੇ ਹੋਏ ਜਗੀਰਦਾਰੀ ਯੁੱਗ (ਜਿਸ ਵਿੱਚ ਰਾਜ ਧਰਮ ਅਧਾਰਤ ਸੀ) ਦੇ ਅੰਦਰ ਸਰਮਾਏਦਾਰਾ ਜਮਾਤ ਦੇ ਪੈਦਾ ਹੋਣ ਨਾਲ਼ ਗਿਆਨ-ਵਿਗਿਆਨ ਨੂੰ ਬਹੁਤ ਵੱਡਾ ਹੁਲਾਰਾ ਮਿਲ਼ਿਆ ਕਿਉਂਕਿ ਪੈਦਾਵਾਰ ਨੂੰ ਵਧੇਰੇ ਵਧਾਉਣ ਲਈ ਕੁਦਰਤੀ ਪ੍ਰਕਿਰਿਆਵਾਂ ਦੀ ਸਹੀ-ਸਹੀ ਜਾਣਕਾਰੀ ਬਹੁਤ ਜਰੂਰੀ ਬਣ ਗਈ। ਲਾਜਮੀ ਹੀ ਕੁਦਰਤੀ ਵਰਤਾਰਿਆਂ ਦੀ ਵਿਗਿਆਨਕ ਵਿਆਖਿਆ ਦਾ ਮਿੱਥਾਂ, ਰਸਮਾਂ, ਧਰਮ ਗ੍ਰੰਥਾਂ ਵਿੱਚ ਦਰਜ ਵਿਆਖਿਆਵਾਂ ਨਾਲ਼ ਸਿੱਧਾ ਵਿਰੋਧ ਹੈ ਤੇ ਅਜਿਹੀਆਂ ਵਿਆਖਿਆਵਾਂ ਨਾਲ਼ ਸਿਰਫ ਇਹ ਮਿੱਥਾਂ, ਧਾਰਮਿਕ ਗ੍ਰੰਥਾਂ ਦੀ ਵਾਜਬਤਾ ਹੀ ਖਤਰੇ ਵਿੱਚ ਨਹੀਂ ਪੈਂਦੀ ਸਗੋਂ ਇਹਨਾਂ ਵੱਲੋਂ ਜਾਇਜ ਠਹਿਰਾਈ ਗਈ ਸੱਤ੍ਹਾ ਵੀ ਖਤਰੇ ਵਿੱਚ ਪੈਂਦੀ ਹੈ। ਬਰੂਨੋ ਜਿਹੇ ਵਿਗਿਆਨੀ ਨੂੰ ਮੱਧ ਯੁੱਗ ਵਿੱਚ ਜ਼ਿੰਦਾ ਜਲਾ ਦੇਣ ਪਿੱਛੇ ਇਹੋ ਕਾਰਨ ਸਨ ਕਿ ਉਹਦੇ ਸਿਧਾਂਤ ਧਾਰਮਿਕ ਗ੍ਰੰਥਾਂ ਵਿੱਚ ਦਰਜ ਸਿਧਾਂਤਾਂ ਦੇ ਉਲਟ ਜਾਂਦੇ ਸਨ ਤੇ ਇਹਨਾਂ ਗ੍ਰੰਥਾਂ ਉੱਤੇ ਖੜੀ ਚਰਚ ਦੀ ਪੂਰੀ ਸੱਤ੍ਹਾ ਉੱਤੇ ਹੀ ਪ੍ਰਸ਼ਨ ਚਿੰਨ੍ਹ ਖੜੇ ਹੁੰਦੇ ਸਨ। ਸਰਮਾਏਦਾਰਾ ਜਮਾਤ ਦੇ ਜਗੀਰੂ ਜਮਾਤ ਨਾਲ਼ (ਰਾਜੇ ਰਜਵਾੜਿਆਂ ਦੀ ਸੱਤ੍ਹਾ) ਪਦਾਰਥਕ ਹਿੱਤ ਟਕਰਾਉਂਦੇ ਸਨ, ਜਗੀਰਦਾਰੀ ਅਤੇ ਉੱਭਰ ਰਹੀ ਸਰਮਾਏਦਾਰੀ ਦਰਮਿਆਨ ਵਿਚਾਰਕ ਟਕਰਾਅ ਇਸੇ ਪਦਾਰਥਕ ਹਿੱਤਾਂ ਦੇ ਟਕਰਾਅ ਦਾ ਅਕਸ ਸੀ। ਜਗੀਰੂ ਜਮਾਤ ਸਰਮਾਏਦਾਰੀ ਦੇ ਵਧੇਰੇ ਵਿਕਸਿਤ ਹੋਣ ਵਿੱਚ ਸਭ ਤੋਂ ਵੱਡਾ ਰੋੜਾ ਸੀ। ਪੱਛਮੀ ਯੂਰਪ ਜਿੱਥੇ ਸਰਮਾਏਦਾਰੀ ਸਭ ਤੋਂ ਪਹਿਲਾਂ ਵਿਕਸਿਤ ਹੋਣ ਲੱਗੀ ਸੀ ਦੇ ਅੰਦਰ ਸਰਮਾਏਦਾਰਾ ਵਿਚਾਰਕਾਂ (ਨਵਾਂ ਪੈਦਾ ਹੋਇਆ ਬੌਧਿਕ ਤਬਕਾ) ਨੇ ਆਮ ਲੋਕਾਈ ਨੂੰ ਜਗੀਰਦਾਰਾਂ ਦੇ ਵਿਰੁੱਧ ਲੜਾਈ ਵਿੱਚ ਵਿਚਾਰਕ ਤੌਰ ਉੱਤੇ ਵੀ ਤਿਆਰ ਕੀਤਾ। ਵੱਡੇ-ਵੱਡੇ ਵਿਦਵਾਨਾਂ ਵੱਲੋਂ ਆਮ ਲੋਕਾਈ ਵਿੱਚ ਧਾਰਮਿਕ ਤੁਅੱਸਬ, ਜਾਦੂ-ਟੋਣਾ, ਰਸਮਾਂ, ਮਿੱਥਾਂ ਆਦਿ, ਸੰਖੇਪ ਵਿੱਚ ਉਹ ਸਾਰੀਆਂ ਚੀਜਾਂ ਜਿਹਨਾਂ ਰਾਹੀਂ ਜਗੀਰੂ ਜਮਾਤ ਆਪਣੇ ਰਾਜ ਨੂੰ ਵਾਜਬ ਸਿੱਧ ਕਰਦੀ ਸੀ, ਖਿਲਾਫ ਡੱਟਕੇ ਪ੍ਰਚਾਰ ਕੀਤਾ ਤੇ ਵੱਡੇ ਪੱਧਰ ਉੱਤੇ ਇਹਨਾਂ ਵਿਚਾਰਾਂ ਦੀ ਪਕੜ ਨੂੰ ਆਮ ਲੋਕਾਈ ਵਿੱਚੋਂ ਕਮਜ਼ੋਰ ਕੀਤਾ। ਇਹਨਾਂ ਲਹਿਰਾਂ ਨੂੰ ਆਮ ਕਰਕੇ ਨਵਜਾਗਰਣ, ਧਰਮ ਸੁਧਾਰ ਅਤੇ ਗਿਆਨ ਪ੍ਰਸਾਰ ਦੀਆਂ ਲਹਿਰਾਂ ਦੇ ਨਾਮ ਨਾਲ਼ ਜਾਣਿਆ ਜਾਂਦਾ ਹੈ। ਜਗੀਰਦਾਰੀ ਖਿਲਾਫ ਲੋਕਾਂ ਵੱਲੋਂ ਲੜੇ ਘੋਲ਼ਾਂ ਵਿੱਚ ਇਹਨਾਂ ਲਹਿਰਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਅੱਜ ਇਹਨਾਂ ਲਹਿਰਾਂ ਦਾ ਯੋਗਦਾਨ ਹੀ ਹੈ ਕਿ ਅਜਿਹੀਆਂ ਰਸਮਾਂ ਰੀਤਾਂ ਪੱਛਮੀ ਯੂਰਪ ਤੇ ਅਜਿਹੇ ਹੋਰ ਖੇਤਰਾਂ ਵਿੱਚੋਂ ਲਗਭਗ ਖਤਮ ਹਨ ਤੇ ਜੇ ਕਿਤੇ ਇਸਦੀ ਰਹਿੰਦ-ਖੂੰਹਦ ਬਾਕੀ ਹੈ ਵੀ ਉੱਥੇ ਸਮਾਜ ਵਿੱਚ ਇਸਦੀ ਪਕੜ ਭਾਰਤ ਵਰਗੇ ਦੇਸ਼ਾਂ ਵਾਂਗ ਬਿਲਕੁਲ ਨਹੀਂ ਹੈ।

ਭਾਰਤ ਜਿਹੇ ਕਈ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਤ੍ਰਾਸਦੀ ਇਹ ਹੈ ਕਿ ਇਹਨਾਂ ਇਲਾਕਿਆਂ ਵਿੱਚ ਹਾਲੇ ਜਦ ਸਰਮਾਏਦਾਰੀ ਦੇ ਬੀਜ ਪੁੰਗਰਨੇ ਸ਼ੁਰੂ ਹੀ ਹੋਣੇ ਸਨ ਉਦੋਂ ਇਹਨਾਂ ਨੂੰ ਬਸਤੀ ਬਣਾ ਲਿਆ ਗਿਆ ਤੇ ਇਹਨਾਂ ਸਮਾਜਾਂ ਦੀ ਸੁਭਾਵਕ ਗਤੀ ਦਾ ਗਲ਼ਾ ਘੁੱਟਕੇ ਇੱਥੇ ਇੱਕ ਬਸਤੀਵਾਦੀ ਪ੍ਰਬੰਧ ਥੋਪ ਦਿੱਤਾ ਗਿਆ। ਇਸ ਪ੍ਰਬੰਧ ਦੇ ਅੰਦਰ ਜਿਹੜੀ ਸਰਮਾਏਦਾਰਾ ਜਮਾਤ ਤੇ ਖਾਸ ਕਰ ਬੁੱਧੀਜੀਵੀ ਤਬਕਾ ਪੈਦਾ ਹੋਇਆ, ਉਹ ਲੂਲਾ ਲੰਗੜਾ ਸੀ। ਬੁੱਧੀਜੀਵੀ ਤਬਕੇ ਦਾ ਵੱਡਾ ਹਿੱਸਾ ਤਾਂ ਜਗੀਰਦਾਰੀ ਨਾਲ਼ ਸਬੰਧਤ ਜਮਾਤਾਂ ਵਿੱਚੋਂ ਪੈਦਾ ਹੋਇਆ ਜੋ ਕਦੇ ਵੀ ਜਗੀਰਦਾਰੀ ਵਿਰੁੱਧ ਨਿਰਣਾਇਕ ਘੋਲ਼ ਤੇ ਲੋਕਾਂ ਵਿੱਚ ਇਸਦੀ ਵਿਚਾਰਧਾਰਾ, ਰਸਮਾਂ-ਰਿਵਾਜਾਂ ਖਿਲਾਫ ਵੱਡੇ ਪੱਧਰ ਉੱਤੇ ਪ੍ਰਚਾਰ-ਪ੍ਰਸਾਰ ਕਰਨ ਦੇ ਕਾਬਿਲ ਨਹੀਂ ਸੀ ਤੇ ਨਾ ਹੀ ਇਸਨੇ ਅਜਿਹਾ ਕੀਤਾ। ਇਸਦੇ ਸਿੱਟੇ ਵਜੋਂ ਭਾਰਤ ਅੰਦਰ ਪੱਛਮੀ ਯੂਰਪ ਵਾਂਗ ਕੋਈ ਵੀ ਵੱਡੇ ਪੱਧਰ ਦੀ, ਇਨਕਲਾਬੀ ਖਸਲਤ ਵਾਲ਼ੀ ਗਿਆਨ ਪ੍ਰਸਾਰ ਦੀ ਲਹਿਰ ਨਹੀਂ ਰਹੀ। ਅਜ਼ਾਦੀ ਸੰਗਰਾਮ ਵਿੱਚ ਸਾਰੇ ਰਾਜਨੀਤਿਕ ਦਲਾਂ ਵਿੱਚੋਂ ਭਾਰਤ ਦੀ ਕਮਿਊਨਿਸਟ ਪਾਰਟੀ (ਉਦੋਂ ਉਹ ਅਸਲੀ ਮਾਇਨੇ ਵਿੱਚ ਕਮਿਊਨਿਸਟ ਸੀ) ਨੇ ਹੀ ਜਗੀਰਦਾਰੀ ਖਿਲਾਫ ਖਾੜਕੂ ਘੋਲ਼ਾਂ ਦੀ ਅਗਵਾਈ ਕੀਤੀ ਜਦਕਿ ਕਾਂਗਰਸ ਦਾ ਪੈਂਤੜਾ ਤਾਂ ਹਮੇਸ਼ਾ ਬਚ-ਬਚਾਕੇ ਚੱਲਣ ਦਾ ਹੀ ਰਿਹਾ। ਅਜ਼ਾਦੀ ਤੋਂ ਮਗਰੋਂ ਵੀ ਕਾਂਗਰਸ ਨੇ ਜਗੀਰਦਾਰਾਂ ਤੋਂ ਜ਼ਮੀਨ ਖੋਹਕੇ ਮੁਜ਼ਾਹਰੇ ਕਿਸਾਨਾਂ ਵਿੱਚ ਵੰਡਣ ਦੀ ਥਾਵੇਂ ਮੁੱਖ ਤੌਰ

ਉੱਤੇ ਧੀਮੇ ਸੁਧਾਰਾਂ ਰਾਹੀਂ ਤੇ ਜਗੀਰਦਾਰਾਂ ਨੂੰ ਹੀ ਸਰਮਾਏਦਾਰਾ ਖੇਤੀ ਅਪਨਾਉਣ ਲਈ ਪਰਚਾਕੇ, ਮਨਾਕੇ, ਡਰਾਕੇ ਜਗੀਰਦਾਰੀ ਦਾ ਖ਼ਾਤਮਾ ਕੀਤਾ। ਸਿੱਟੇ ਵਜੋਂ ਆਮ ਲੋਕਾਈ ਵਿੱਚ ਵੱਡੇ ਪੱਧਰ ਉੱਤੇ ਕਦੇ ਵੀ ਉਹਨਾਂ ਰਸਮਾਂ, ਮਿੱਥਾਂ, ਧਾਰਮਿਕ ਤੁਅੱਸਬਾਂ ਆਦਿ ਖਿਲਾਫ ਪ੍ਰਚਾਰ-ਪ੍ਰਸਾਰ ਨਹੀਂ ਕੀਤਾ ਗਿਆ ਜਿਹਨਾਂ ਰਾਹੀਂ ਜਗੀਰੂ ਜਮਾਤ ਆਪਣੀ ਸੱਤ੍ਹਾ ਨੂੰ ਜਾਇਜ਼ ਠਹਿਰਾਉਂਦੀ ਹੈ ਸਗੋਂ ਇਹਨਾਂ ਰਸਮਾਂ, ਮਿੱਥਾਂ, ਤੁਅੱਸਬਾਂ ਨੂੰ ਲੋੜ ਅਨੁਸਾਰ ਛਾਂਗਕੇ ਭਾਰਤ ਦੇ ਦੇਸੀ ਹਾਕਮਾਂ ਨੇ ਵੀ ਅਪਣਾ ਲਿਆ। ਅੱਜ ਦੇ ਭਾਰਤ ਵਿੱਚ ਇਹਨਾਂ ਮਿੱਥਾਂ, ਰਸਮਾਂ (ਮਨੁੱਖੀ ਬਲੀ ਸਮੇਤ) ਆਦਿ ਦਾ ਵੱਡੇ ਪੱਧਰ ਉੱਤੇ ਬਚੇ ਰਹਿਣ ਦੀ ਜੜ ਬਸਤੀਵਾਦੀ ਸਮਾਜ ਤੇ ਉਸ ਵਿੱਚੋਂ ਪੈਦਾ ਹੋਈਆਂ ਹਾਲਤਾਂ ਵਿੱਚੋਂ ਤਲਾਸ਼ੀ ਜਾ ਸਕਦੀ ਹੈ।

ਅੱਜ ਭਾਰਤ ਵਿੱਚ ਇਹਨਾਂ ਮਿੱਥਾਂ, ਰਸਮਾਂ-ਰਿਵਾਜਾਂ, ਤੁਅੱਸਬਾਂ ਆਦਿ ਦੇ ਬਚੇ ਰਹਿਣ ਤੇ 2014 ਤੋਂ ਬਾਅਦ ਤਾਂ ਇੱਕ ਹੱਦ ਤੱਕ ਵਧਣ-ਫੁੱਲਣ ਪਿੱਛੇ ਸਿਰਫ ਇਤਿਹਾਸਕ ਪਿਛੋਕੜ ਹੀ ਨਹੀਂ ਸਗੋਂ ਵਰਤਮਾਨ ਜ਼ਮੀਨ ਵੀ ਹੈ। ਜਿਵੇਂ ਮੁੱਢ ਕਦੀਮੀ ਸਮਾਜ ਵਿੱਚ ਕੁਦਰਤੀ ਤਾਕਤਾਂ ਦੀ ਅਧੀਨਗੀ ਤੇ ਨਾ ਸਮਝੀ ਨੇ ਮਿੱਥਾਂ ਘੜਨ ਦਾ ਅਧਾਰ ਤਿਆਰ ਕੀਤਾ ਸੀ ਉਵੇਂ ਅੱਜ ਦੇ ਯੁੱਗ ਵਿੱਚ ਵੀ ਅਧੀਨਗੀ ਤੇ ਨਾ ਸਮਝੀ ਹੀ ਇਹਨਾਂ ਮਿੱਥਾਂ, ਰਿਵਾਜਾਂ, ਅੰਧਵਿਸ਼ਵਾਸ ਦਾ ਅਧਾਰ ਹੈ ਪਰ ਇੱਥੇ ਅਧੀਨਗੀ ਕੁਦਰਤੀ ਤਾਕਤਾਂ ਦੀ ਨਹੀਂ ਸਗੋਂ ਸਰਮਾਏਦਾਰਾ ਮੰਡੀ ਦੀਆਂ ਤਾਕਤਾਂ ਦੀ ਹੈ। ਕਾਰੋਬਾਰ ਦੀ ਅਨਿਸ਼ਚਿਤਤਾ, ਪ੍ਰੀਖਿਆ ਵਿੱਚੋਂ ਅਸਫਲ ਹੋਣ ਨਾਲ਼ ਭਵਿੱਖ ਦੀ ਅਨਿਸ਼ਚਿਤਤਾ, ਰੁਜ਼ਗਾਰ ਦੀ ਅਨਿਸ਼ਚਿਤਤਾ, ਆਪਣੇ ਗੁਆਂਢੀ, ਰਿਸ਼ਤੇਦਾਰਾਂ, ਦੋਸਤਾਂ ਦੇ ਮੁਕਾਬਲੇ ਹੈਸੀਅਤ ਵਿੱਚ ਪਿੱਛੜ ਜਾਣ ਦਾ ਡਰ, ਇਸ ਸਬੰਧੀ ਅਨਿਸ਼ਚਿਤਤਾ ਕਿ ਕੱਲ ਨੂੰ ਢਿੱਡ ਭਰਨ ਜੋਗੀ ਰੋਟੀ ਮਿਲੂਗੀ ਕਿ ਨਹੀਂ ਆਦਿ ਆਦਿ ਤੇ ਇਹਨਾਂ ਸਭ ਵਰਤਾਰਿਆਂ ਪਿੱਛੇ ਕੰਮ ਕਰਦੇ ਅਸਲ ਨਿਯਮਾਂ ਨੂੰ ਨਾ ਸਮਝਣ ਨਾਲ਼ ਮਿੱਥਾਂ, ਰਸਮਾਂ, ਬਲੀ ਆਦਿ ਜਿਹੇ ਖਿਆਲੀ ਹੱਲਾਂ ਵੱਲ ਜਾਣ ਦਾ ਅਧਾਰ ਮੌਜੂਦ ਰਹਿੰਦਾ ਹੈ ਖਾਸ ਕਰ ਭਾਰਤ ਵਰਗੇ ਦੇਸ਼ਾਂ ਵਿੱਚ। ਇੱਥੋਂ ਤੱਕ ਕਿ ਆਰਥਿਕ ਸੰਕਟ ਦੇ ਗਹਿਰੇ ਹੋਣ ਨਾਲ਼ ਕਈ ਵਿਕਸਿਤ ਮੁਲਕਾਂ ਵਿੱਚ ਵੀ ਅੰਧਵਿਸ਼ਵਾਸਾਂ, ਰਸਮਾਂ ਨੂੰ ਮੰਨਣ ਵਾਲ਼ੇ ਲੋਕਾਂ ਵਿੱਚ ਮਾਮੂਲੀ ਵਾਧਾ ਦਰਜ ਹੋਇਆ ਹੈ (ਭਾਵੇਂ ਇਹਨਾਂ ਦੇਸ਼ਾਂ ਵਿਚਲੇ ਅੰਧਵਿਸ਼ਵਾਸਾਂ ਦੀ ਕਿਸਮ ਤੇ ਪਹੁੰਚ ਦਾ ਭਾਰਤ ਦੀ ਸਥਿਤੀ ਨਾਲ਼ ਦੂਰ-ਦੂਰ ਤੱਕ ਕੋਈ ਮੁਕਾਬਲਾ ਨਹੀਂ ਹੈ)। ਲਾਜ਼ਮੀ ਹੀ ਸਰਮਾਏਦਾਰਾ ਮੰਡੀ ਵਿੱਚ ਮੰਗ ਨਾਲ਼ ਪੂਰਤੀ ਵੀ ਜੁੜੀ ਹੋਈ ਹੈ ਤੇ ਇਹਨਾਂ ਅੰਧਵਿਸ਼ਵਾਸਾਂ ਦੇ ਸਿਰ ਉੱਤੇ ਕਿੰਨੇ ਹੀ ਢੋਂਗੀ ਬਾਬੇ, ਡੇਰੇ ਆਦਿ ਲੱਖਾਂ-ਕਰੋੜਾਂ ਰੁਪਏ ਕਮਾ ਰਹੇ ਹਨ। 2014 ਮਗਰੋਂ ਇਹਨਾਂ ਅੰਧਵਿਸ਼ਵਾਸਾਂ, ਰਸਮਾਂ, ਕਾਲ਼ੇ ਜਾਦੂ ਆਦਿ ਦੀਆਂ ਘਟਨਾਵਾਂ ਵਿੱਚ ਵਾਧੇ ਦਾ ਦੂਜਾ ਕਾਰਨ ਰਸਸ-ਭਾਜਪਾ ਦਾ ਸੱਤ੍ਹਾ ਵਿੱਚ ਆਉਣਾ ਤੇ ਰਸਸ ਦੀ ਵਿਚਾਰਧਾਰਾ ਨੂੰ ਲਾਗੂ ਕਰਨਾ ਹੈ। ਜਾਹਿਰ ਹੈ ਕਿ ਇਹਨਾਂ ਅੰਧਵਿਸ਼ਵਾਸਾਂ ਨੂੰ ਅੱਜ ਭਾਰਤ ਵਿੱਚ ਖੁੱਲ੍ਹੇਆਮ ਸਰਕਾਰੀ ਸਰਪ੍ਰਸਤੀ ਹਾਸਲ ਹੈ।

ਅੰਤ ਵਿੱਚ ਇੱਥੇ ਕਹਿਣਾ ਕੁਥਾਵਾਂ ਨਹੀਂ ਹੋਵੇਗਾ ਕਿ ਅੱਜ ਇਹਨਾਂ ਮਿੱਥਾਂ, ਰਸਮਾਂ ਤੇ ਕੁੱਲ ਮਿਲਾਕੇ ਅੰਧਵਿਸ਼ਵਾਸਾਂ ਖਿਲਾਫ ਲੜਾਈ ਸਿਰਫ ਇਹਨਾਂ ਵਿਚਾਰਾਂ ਖਿਲਾਫ ਲੜਾਈ ਨਹੀਂ ਸਗੋਂ ਪੂਰੇ ਉਸ ਵਰਤਮਾਨ ਢਾਂਚੇ ਤੇ ਇਸ ਢਾਂਚੇ ਦੇ ਰੱਖਿਅਕ ਖਿਲਾਫ ਲੜਾਈ ਹੈ ਜੋ ਨਾ ਸਿਰਫ ਇਹਨਾਂ ਅੰਧਵਿਸ਼ਵਾਸਾਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ ਸਗੋਂ ਇਸ ਨੂੰ ਜਾਇਜ ਠਹਿਰਾਉਣ ਲਈ ਕਈ ਤਰ੍ਹਾਂ ਦੇ 'ਵਿਗਿਆਨਕ ਤਰਕ' ਵੀ ਘੜ ਰਿਹਾ ਹੈ। ਅੱਜ ਦੇ ਸਮੇਂ ਦੇ ਜੁੜਵੇਂ ਕੰਮ ਆਮ ਲੋਕਾਈ ਨੂੰ ਸਿੱਖਿਅਤ ਕਰਕੇ ਇਹਨਾਂ ਅੰਧਵਿਸ਼ਵਾਸਾਂ ਤੋਂ ਮੁਕਤ ਕਰਨਾ ਤੇ ਨਾਲ਼ ਹੀ ਉਹਨਾਂ ਨੂੰ ਇਸ ਜਾਬਰ ਢਾਂਚੇ ਵਿਰੁੱਧ ਲੜਨ ਲਈ ਤਿਆਰ ਕਰਨਾ ਹੈ। ਇਹਨਾਂ ਦੋਹਾਂ ਵਿੱਚੋਂ ਕਿਸੇ ਕੰਮ ਦੀ ਅਣਦੇਖੀ ਕਰਨਾ ਲੋਕਾਂ ਦੀ ਮੁਕਤੀ ਦੇ ਪ੍ਰੋਜੈਕਟ ਨੂੰ ਕੁਰਾਹੇ ਪਾਉਣ ਦੇ ਤੁੱਲ ਹੈ।

ਲਲਕਾਰ 'ਚੋਂ ਧੰਨਵਾਦ ਸਹਿਤ

# ਖੰਭਾਂ ਤੋਂ ਡਾਰਾ ਬਣੀਆਂ ਖਬਰਾਂ



ਜਸਵੀਰ ਕੌਰ ਮੰਗੂਵਾਲ
ਵਿਨੀਪੈਗ
204-881-4955



ਟੋਰਾਂਟੋ ਬਜ਼ਾਰ ਅਖ਼ਬਾਰ ਵਿੱਚ ਛਪੀ ਖ਼ਬਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਫਿਰ ਤੋਂ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਹੈ, ਜਿਸ ਕਾਰਣ ਭਾਰਤ ਵਿੱਚ ਜਾਂ ਖਾਸਕਰ ਪੰਜਾਬ ਵਿੱਚ ਇੱਕ ਵਾਰ ਫਿਰ ਸਨਸਨੀ ਫੈਲ ਗਈ ਹੈ ਕਿ 90% ਅੰਤਰਰਾਸ਼ਟਰੀ ਕੁੜੀਆਂ ਦੇਹ ਵਿਉਪਾਰ ਦਾ ਧੰਦਾ ਕਰਦੀਆਂ ਹਨ। ਜਦੋਂ ਤੋਂ ਹੀ ਪੜ੍ਹਾਈ ਕਰ, ਆਈਲੈਟਸ ਦਾ ਇਮਤਿਹਾਨ ਦੇ ਵਿਦੇਸ਼ ਵਿੱਚ ਪੜ੍ਹਨ ਆਉਣ ਦੀ ਸਹੂਲਤ ਹੋਈ ਹੈ ਤਾਂ ਮੁੰਡਿਆਂ ਦੇ ਨਾਲ ਨਾਲ ਕੁੜੀਆਂ ਵੀ ਆਈਲੈਟਸ ਕਰ ਧੜਾਧੜ ਵਿਦੇਸ਼ ਆ, ਆਪਣੇ ਮਾਪਿਆਂ ਤੇ ਜੀਵਨ ਸਾਥੀਆਂ ਦੀ ਹੋਣੀ ਬਦਲ ਰਹੀਆਂ ਹਨ। ਜਿਸਦੇ ਚਲਦਿਆਂ ਵਿਆਹ ਵਰਗੀ ਸਮਾਜਿਕ ਸੰਸਥਾ ਤੇ ਪਵਿੱਤਰ ਕਹੇ ਜਾ ਰਹੇ ਬੰਧਨ ਨੂੰ ਸੌਦੇ ਦੇ ਰੂਪ ਵਿੱਚ ਨਿਭਾਇਆ ਜਾ ਰਿਹਾ ਹੈ। ਪੈਸੇ ਵਾਲੇ ਬਾਹਰ ਜਾਣ ਦੇ ਇੱਛਕ ਲੋਕਾਂ ਵਲੋਂ ਕੁੜੀਆਂ ਨੂੰ ਆਈਲੈਟਸ ਕਰਾ ਕੇ, ਫੀਸਾਂ ਦੇ ਕੇ ਵਿਦੇਸ਼ ਭੇਜ ਆਪਣੇ ਮੁੰਡਿਆਂ ਦੇ ਵਿਦੇਸ਼ ਜਾਣ ਦੇ ਰਾਹ ਪੱਧਰੇ ਕੀਤੇ ਜਾ ਰਹੇ ਹਨ ਕਿਉਂਕਿ ਸਾਡੇ ਦੇਸ਼ ਦੀ ਰਾਜਨੀਤਕ ਤੇ ਆਰਥਿਕ ਵਿਵਸਥਾ ਦੇ ਕਾਰਣ ਨੌਜਵਾਨਾਂ ਨੂੰ ਆਪਣਾ ਭਵਿੱਖ ਧੁੰਦਲਾ ਦਿਸਦਾ ਹੈ। ਜਿੱਥੇ ਪਹਿਲਾਂ ਵਿਦੇਸ਼ੀ ਲਾੜਿਆਂ ਤੋਂ ਸਤਾਈਆਂ ਅਣਗਿਣਤ ਕੁੜੀਆਂ ਨਰਕ ਦੀ ਜ਼ਿੰਦਗੀ ਜਿਊਂ ਰਹੀਆਂ ਸਨ ਉੱਥੇ ਹੁਣ ਇਹਨਾਂ ਅਣਜੋੜ ਰਿਸ਼ਤਿਆਂ ਕਰਕੇ ਮਾਪੇ ਆਪਣੇ ਬੱਚਿਆਂ ਦੀ ਮਰਜ਼ੀ ਜਾਣੇ ਬਿਨ੍ਹਾਂ ਗਲ਼ ਨਰੜ ਕਰ ਦਿੰਦੇ ਹਨ। ਉੱਥੇ ਕਈ ਵਾਰ ਬੱਚੇ ਵੀ ਬਾਹਰ ਆਉਣ ਲਈ ਮੌਕੇ ਤੇ ਜਾਇਜ਼ ਨਜਾਇਜ਼ ਰਿਸ਼ਤਾ ਅਪਣਾ ਲੈਂਦੇ ਹਨ, ਜਿਵੇਂ ਲਵਪ੍ਰੀਤ ਤੇ ਬੇਅੰਤ ਦੇ ਕੇਸ ਵਿੱਚ ਕਸੂਰ ਕਿਸੇ ਦਾ ਵੀ ਹੋਵੇ ਪਰ ਲਵਪ੍ਰੀਤ ਦੀ ਖੁਦਕਸ਼ੀ ਨੇ ਬੇਅੰਤ ਨੂੰ ਕਟਹਿਰੇ ਵਿੱਚ ਖੜ੍ਹੀ ਕਰ ਦਿੱਤਾ। ਕਿੰਨਾ ਚਿਰ ਸ਼ੋਸ਼ਲ ਮੀਡੀਆ ਪੂਰੀ ਤਰ੍ਹਾਂ ਭਖਿਆ ਰਿਹਾ। ਇੱਥੋਂ ਤੱਕ ਉਸਨੂੰ ਡੀਪੋਰਟ ਕਰਾਉਣ ਦੀਆਂ ਝੂਠੀਆਂ ਖ਼ਬਰਾਂ ਵੀ ਆਉਂਦੀਆਂ ਰਹੀਆਂ।

ਇਸ ਤਰ੍ਹਾਂ ਹੀ 7 ਜਨਵਰੀ ਨੂੰ ਟੋਰਾਂਟੋ ਬਜ਼ਾਰ ਵਿੱਚ ਛਪੀ ਇਸ ਖ਼ਬਰ ਨੇ ਕਿ ਆਪਣੇ ਰੈਂਟ, ਫੀਸਾਂ ਤੇ ਰਹਿਣ ਸਹਿਣ ਦੇ ਖਰਚਿਆਂ ਲਈ 90% ਕੁੜੀਆਂ ਦੇਹ ਵਿਉਪਾਰ ਦਾ ਧੰਦਾ ਕਰ ਰਹੀਆਂ ਹਨ। ਉਹਨਾਂ ਨੇ ਅਗਸਤ ਮਹੀਨੇ ਵਿੱਚ 3 ਪੰਜਾਬੀ ਨੌਜਵਾਨਾਂ ਵਲੋਂ 18 ਸਾਲਾਂ ਦੀ ਇੱਕ ਲੜਕੀ ਨੂੰ ਅਗਵਾ ਕਰਕੇ ਉਸ ਨਾਲ ਜਬਰ ਜਿਨਾਹ ਕਰਨ ਤੋਂ ਬਾਅਦ ਉਸਨੂੰ ਜਬਰੀ ਦੇਹ ਵਿਉਪਾਰ ਦੇ ਧੰਦੇ ਵਿੱਚ ਧੱਕਣ ਦੀ ਖ਼ਬਰ ਨੂੰ ਅਧਾਰ ਬਣਾਇਆ ਹੈ। ਪ੍ਰਵਾਸੀ ਤੇ ਸ਼ਰਨਾਰਥੀਆਂ ਦੀ ਮੱਦਦ ਲਈ ਬਣੀ ਸੰਸਥਾ ਏਲਸਪੇਥ ਵਰਥ ਸੈਂਟਰ ਫਾਰ ਵੂਮੈਨ ਦੀ ਕਾਰਜਕਾਰੀ ਨਿਰਦੇਸ਼ਕ ਸ੍ਰੀਮਤੀ ਸੁੰਦਰ ਸਿੰਘ ਦਾ ਕਹਿਣਾ ਹੈ ਕਿ ਗਲ਼ੀਆਂ ਦੀਆਂ ਨੁੱਕਰਾਂ, ਬੱਸ ਸਟਾਪਾਂ, ਕੰਮ ਦੀਆਂ ਥਾਵਾਂ ਤੇ ਇੱਥੋਂ ਤੱਕ ਕਿ ਧਾਰਮਿਕ ਸਥਾਨਾਂ ਤੋਂ ਵੀ ਅੰਤਰ ਰਾਸ਼ਟਰੀ ਵਿਦਿਆਰਥਣਾਂ ਨੂੰ ਸ਼ਿਕਾਰ ਬਣਾਇਆ ਜਾਂਦਾ ਹੈ। ਬਰੈਂਪਟਨ, ਵਾਨ੍ਹ ਤੇ ਹੋਰ ਇਲਾਕਿਆਂ ਵਿੱਚ ਇਹ ਸਮੱਸਿਆ ਬਹੁਤ ਤੇਜ਼ੀ ਨਾਲ ਫੈਲ ਰਹੀ ਹੈ। ਦਲਾਲ ਪਹਿਲਾਂ ਇੱਕ ਕੁੜੀ ਨੂੰ ਸ਼ਿਕਾਰ ਬਣਾਉਂਦੇ ਹਨ ਤੇ ਫਿਰ ਬਾਕੀਆਂ ਨੂੰ ਚਕਾਚੌਂਧ ਦੀ ਜ਼ਿੰਦਗੀ ਦਿਖਾ ਕੇ ਇਸ ਜਿਲ੍ਹਣ ਭਰੀ ਜ਼ਿੰਦਗੀ ਵਿੱਚ ਧੱਕਦੇ ਹਨ। ਇਸ ਉਮਰ ਦੀਆਂ ਕੁੜੀਆਂ ਨੂੰ ਟਾਰਗੇਟ ਕਰਨਾ ਸੌਖਾ ਹੁੰਦਾ ਹੈ। ਉਸਨੇ ਇਹ ਵੀ ਕਿਹਾ ਕਿ ਪਰਿਵਾਰ ਦੀ ਇੱਕ ਜਾਣਕਾਰ ਨਰਸ ਨੇ ਇਹ ਵੀ ਦੱਸਿਆ ਕਿ ਹਰ ਮਹੀਨੇ 10 ਤੋਂ 12 ਲੜਕੀਆਂ ਗਰਭਪਾਤ ਕਰਵਾਉਂਦੀਆਂ ਹਨ। ਫਿਰ ਇਹ ਖ਼ਬਰ ਪੰਜਾਬ ਦੇ ਕਿਸੇ ਮੈਗਜ਼ੀਨ ਜਾਂ ਅਖ਼ਬਾਰ ਵਿੱਚ ਛਪ ਗਈ। ਪੰਜਾਬ ਦੀ ਬੁੱਧੀਮਾਨ ਕਹਾਉਂਦੀ ਸਮਾਜਿਕ ਕਾਰਕੁੰਨ ਡਾ. ਹਰਸ਼ਿੰਦਰ ਕੌਰ ਨੇ ਬਿਨ੍ਹਾ ਤੱਥਾਂ ਦੇ ਪੁਸ਼ਟੀ ਕੀਤੇ "ਦਾ ਖਾਲਸ ਟੀ ਵੀ" ਦੇ ਪ੍ਰੋਗਰਾਮ ਵਿੱਚ ਇੱਥੋਂ ਤੱਕ ਕਹਿ ਦਿੱਤਾ ਕਿ 18 ਤੋਂ ਲੈ ਕੇ 24 ਸਾਲ ਤੱਕ 10-10 ਵਾਰ ਕੁੜੀਆਂ ਪ੍ਰੈਗਨੈਂਟ ਹੁੰਦੀਆਂ ਹਨ ਤੇ ਨਕਾਰਾ ਹੋ ਜਾਂਦੀਆਂ ਹਨ ਤੇ ਦਲਾਲ ਇੱਕ ਲੜਕੀ ਤੋਂ ਢਾਈ ਲੱਖ ਦੇ ਕਰੀਬ ਕਮਾਈ ਕਰਦੇ ਹਨ। ਉਹ ਇਹ ਵੀ ਕਹਿੰਦੀ ਹੈ ਕਿ ਇਹਨਾਂ ਵਿੱਚੋਂ ਜ਼ਿਆਦਾ ਪੰਜਾਬੀ ਬੇਟੀਆਂ ਹਨ ਤੇ ਇਹਨਾਂ ਨੂੰ ਖ਼ਰਾਬ ਕਰਨ ਵਾਲੇ ਵੀ ਪੰਜਾਬੀ ਹੀ ਹਨ। ਫਿਰ ਵੋਮੈਨ ਕਮਿਸ਼ਨ ਦੀ ਚੇਅਰਮੈਨ ਮੈਡਮ ਮਨੀਸ਼ਾ ਗੁਲਾਟੀ ਜੋ ਅੱਜ ਕੱਲ ਔਰਤਾਂ ਦੀ ਮਸੀਹਾ ਦੱਸਦਿਆਂ ਸ਼ੋਸ਼ਲ ਮੀਡੀਏ ਤੇ ਛਾਈ ਰਹਿੰਦੀ ਹੈ ਨੇ ਵੀ ਪੰਜਾਬ ਦੀਆਂ ਧੀਆਂ ਨੂੰ ਖਤਰੇ ਵਿੱਚ ਦੱਸਦਿਆਂ ਹੂ-ਬਹੂ ਖ਼ਬਰ ਪੇਸ਼ ਕਰ ਦਿੱਤੀ। ਸ਼ੋਸ਼ਲ ਮੀਡੀਏ ਦਾ ਯੁੱਗ ਹੋਣ ਕਰਕੇ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਪੰਜਾਬ ਵਿੱਚ ਬੈਠੇ ਮਾਪਿਆਂ ਦੀ ਬੇਚੈਨੀ ਵੱਧ ਗਈ ਤੇ ਫ਼ੋਨ ਤੇ ਫ਼ੋਨ ਖੜਕਣ ਲੱਗੇ। ਕਦੇ ਟੋਰਾਂਟੋ ਤੋਂ ਚਲਦੇ ਇੱਕ ਨਾਮੀ ਸ਼ੋਅ ਜੋ ਅੱਜ ਕੱਲ ਲੋਕਾਂ ਦੇ ਨਿੱਜੀ ਮਸਲਿਆਂ ਦੀ ਕਚਹਿਰੀ ਹਰ ਰੋਜ਼ ਲਾ ਕੇ ਬੈਠਦਾ ਹੈ ਤੇ ਵੱਖ ਵੱਖ ਸ਼ੋਆਂ ਰਾਹੀਂ ਬਿਮਾਰ ਮਾਨਸਿਕਤਾ ਵਾਲੇ ਲੋਕ ਇਹਨਾਂ ਬੱਚਿਆਂ ਦੇ ਮਗਰ ਹੱਥ ਧੋ ਕੇ ਪਏ ਰਹਿੰਦੇ ਹਨ ਪਰ ਇਸ ਖ਼ਬਰ ਨੇ ਤਾਂ ਹੱਦਾਂ ਹੀ ਪਾਰ ਕਰ ਦਿੱਤੀਆਂ ਭਾਵੇਂ ਕਿ ਬਿਨਾਂ ਤੱਥਾਂ ਦੇ, ਬਿਨਾਂ ਕਿਸੇ ਦੇ ਨਾਂ 'ਤੇ ਇਹ ਖ਼ਬਰ ਛਾਪੀ ਗਈ ਸੀ। ਫਿਰ ਆਈ ਵਾਰੀ ਸੁਹਿਰਦ ਮੀਡੀਏ ਦੀ ਜਿਸਨੇ ਘੋਖ ਪੜਤਾਲ ਕੀਤੀ ਤੇ ਸਟੂਡੈਂਟਾਂ ਦੀ ਮੱਦਦ ਲਈ ਬਣੀ ਜਥੇਬੰਦੀ "ਟੀਮ ਵੀ ਕੇਅਰ ਕੈਨੇਡਾ" ਦੇ ਫਾਊਂਡਰ ਮੈਂਬਰ ਜਸਕਰਨ ਰੌਣੀ ਅਤੇ ਗੁਰਪ੍ਰੀਤ ਨੇ ਨਵਜੋਤ ਢਿੱਲੋਂ (ਸ਼ੇਰੇ ਪੰਜਾਬ ਰੇਡਿਓ) ਅਤੇ ਜਸਪ੍ਰੀਤ ਸਿੱਧੂ (ਕੁਨੈਕਟ ਐਫ. ਐਮ) ਦੇ ਸ਼ੋਆਂ ਵਿੱਚ ਇਸ ਖ਼ਬਰ ਨੂੰ ਝੂਠੀ ਤੇ ਬੇਬੁਨਿਆਦ ਦੱਸਿਆ। ਜਸਪ੍ਰੀਤ ਸਿੱਧੂ ਨੇ ਸ੍ਰੀਮਤੀ ਸੁੰਦਰ ਸਿੰਘ ਨੂੰ ਵੀ ਪ੍ਰੋਗਰਾਮ ਵਿੱਚ ਸੱਦਿਆ ਤੇ ਪੁੱਛਿਆ ਕਿ 90% ਵਾਲੇ ਅੰਕੜੇ ਤੁਹਾਡੇ ਕੋਲ ਕਿੱਥੋਂ ਆਏ। ਉਹ ਕਹਿੰਦੀ ਕਿ ਬਹੁਤ ਸਾਰੀਆਂ ਕੁੜੀਆਂ ਹਨ ਪਰ ਉਸ ਕੋਲ ਅੰਕੜੇ ਨਹੀਂ ਹਨ, ਉਸਦਾ ਸਾਧਨ ਪੁਲੀਸ ਤੇ ਭਾਈਚਾਰੇ ਦੀਆਂ ਗੱਲਾਂ ਹੀ ਹਨ। ਜਦੋਂ ਹੋਸਟ ਨੇ ਪੁੱਛਿਆ ਕਿ ਮੰਨ ਲਓ 200 ਵਿੱਚੋਂ 180 ਕੁੜੀਆਂ ਹਨ ਤਾਂ ਕਿੰਨੀਆਂ ਕੁੜੀਆਂ ਨੇ ਤੁਹਾਡੇ ਤੱਕ ਪਹੁੰਚ ਕੀਤੀ। ਉਹ ਇਸਦਾ ਵੀ ਕੋਈ ਸਪੱਸ਼ਟ ਜਵਾਬ ਨਹੀਂ ਦੇ ਸਕੀ ਪਰ ਉਸਨੇ ਕਿਹਾ ਕਿ ਉਹ ਆਪਣੀ ਕਮਿਊਨਿਟੀ ਦੀ ਭਲਾਈ ਲਈ ਕੰਮ ਕਰਦੀ ਹੈ ਭਾਵੇਂ ਕਿ ਉਸ ਕੋਲ ਅੰਕੜੇ ਨਹੀਂ ਹਨ ਪਰ ਫਿਰ ਵੀ ਇਹ ਗਿਣਤੀ ਬਹੁਤ ਹੈ।

2021 ਵਿੱਚ 5 ਲੱਖ 31 ਹਜ਼ਾਰ ਦੇ ਕਰੀਬ ਅੰਤਰ ਰਾਸ਼ਟਰੀ ਸਟੂਡੈਂਟ ਕਨੇਡਾ ਵਿੱਚ ਆਏ ਜਿਨ੍ਹਾਂ ਨੂੰ ਤਿੰਨ ਗੁਣਾ ਜ਼ਿਆਦਾ ਫੀਸ ਦੇਣੀ ਪੈਂਦੀ ਹੈ, ਕੰਮ ਕਰਨ ਦੀ ਸ਼ਰਤ ਸਿਰਫ਼ 20 ਘੰਟੇ ਹੈ। ਬਹੁਤ ਸਾਰੇ ਬੱਚੇ ਮਾਪਿਆਂ ਤੋਂ ਫੀਸਾਂ ਮੰਗਵਾਉਂਦੇ ਹਨ, ਇੱਥੋਂ ਦੇ ਰਹਿਣ ਸਹਿਣ ਦੇ ਖ਼ਰਚਿਆਂ ਲਈ ਕੈਸ਼ ਤੇ ਕੰਮ ਕਰਦੇ ਹਨ। ਬਹੁਤ ਵਾਰੀ ਸਾਡੇ ਆਪਣੇ ਹੀ ਭਾਈਚਾਰੇ ਵਲੋਂ ਇਹਨਾਂ ਤੋਂ ਕੰਮ ਕਰਵਾ ਕੇ ਪੈਸੇ ਨਹੀਂ ਦਿੱਤੇ ਜਾਂਦੇ ਕਿਉਂਕਿ ਉਹਨਾਂ ਨੂੰ ਪਤਾ ਹੈ ਕਿ 20 ਘੰਟੇ ਤੋਂ ਵੱਧ ਕੰਮ ਕਰਨਾ ਗੈਰਕਾਨੂੰਨੀ ਹੈ। ਇਸ ਆੜ ਵਿੱਚ ਹੀ ਉਹ ਲੁੱਟ ਕਰਦੇ, ਧਮਕਾਉਂਦੇ ਤੇ ਕੇਸ ਖ਼ਰਾਬ ਕਰਨ ਦੀਆਂ ਧਮਕੀਆਂ ਵੀ ਦਿੰਦੇ ਹਨ। ਦਿਮਾਗੀ ਤੌਰ ਤੇ ਪ੍ਰੇਸ਼ਾਨ ਬੱਚੇ ਕਈ ਵਾਰੀ ਕਿਸੇ ਕੋਲ ਡਰਦੇ ਗੱਲ ਨਹੀਂ ਕਰਦੇ ਤੇ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਪਿਛਲੇ ਸਮੇਂ ਵਿੱਚ ਬਹੁਤ ਸਾਰੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀਆਂ ਮੌਤਾਂ ਲਈ ਜਿੱਥੇ ਹੋਰ ਕਾਰਣ ਜ਼ਿੰਮੇਵਾਰ ਹਨ ਉੱਥੇ ਲਗਾਤਾਰ ਕੰਮ ਕਰੀ ਜਾਣਾ, ਖਾਣ ਪੀਣ ਦਾ ਖਿਆਲ ਨਾ ਰੱਖਣਾ, ਚੰਗੀ ਤਰ੍ਹਾਂ ਨਾ ਸੌਣਾ ਤੇ ਦਿਮਾਗੀ ਪ੍ਰੇਸ਼ਾਨੀ ਵੀ ਹੈ ਨਹੀਂ ਤਾਂ ਇੰਨੀ ਛੋਟੀ ਉਮਰ ਵਿਚ ਹਰਟ ਅਟੈਕ ਹੋਣਾ ਸੰਭਵ ਨਹੀਂ ਲੱਗਦਾ।

ਬਹੁਤੀ ਵਾਰੀ ਕਿਸੇ ਸਟੂਡੈਂਟ ਦੇ ਸੱਟ ਲੱਗ ਜਾਂਦੀ ਜੇ ਕਰ ਉਸ ਨੂੰ ਨਿਯਮ ਨਹੀਂ ਪਤਾ ਹੁੰਦਾ ਉਸਨੂੰ ਕਿਹਾ ਜਾਂਦਾ ਕਿ ਕੰਮ ਤੋਂ ਘਰੇ ਬੈਠ ਜਾ, ਉਹ ਪੈਸੇ ਦੇ ਦੇਣਗੇ। ਟੀਮ ਵੀ ਕੇਅਰ ਦੇ ਜਸਕਰਨ ਰੌਣੀ ਨੇ ਦੱਸਿਆ ਕਿ ਇੱਕ ਕੁੜੀ ਦੇ ਕੰਮ ਤੇ ਸੱਟ ਲੱਗ ਗਈ, ਮਾਲਕ ਕਹਿੰਦਾ ਕਿ ਤੂੰ ਕੰਮ 'ਤੇ ਨਾ ਆਵੀਂ, ਤੈਨੂੰ ਘਰੇ ਬੈਠੀ ਨੂੰ ਪੈਸੇ ਦੇ ਦੇਵਾਂਗੇ। ਪਰ ਡਾਕੂਮੈਂਟ ਇਹ ਕੀਤਾ ਜਾ ਰਿਹਾ ਸੀ ਕਿ ਕੁੜੀ ਬਿਨਾਂ ਦੱਸੇ ਛੁੱਟੀਆਂ ਕਰ ਰਹੀ ਹੈ। ਫਰੈਂਡ ਦੇ ਕਹਿਣ ਤੇ ਜਦੋਂ ਉਹ ਡਬਲਯੂ. ਸੀ. ਬੀ. ਕੋਲ ਗਈ ਤਾਂ ਉਹ ਕਹਿੰਦੇ ਤੁਸੀਂ ਵਰਕ ਕੰਪਨਸ਼ੇਸ਼ਨ ਲੈਣ ਦੇ ਯੋਗ ਨਹੀਂ ਹੋ ਕਿਉਂਕਿ ਉਹਨਾਂ ਕੋਲ ਉਸਦੀ ਸਟੋਰੀ ਹੋਰ ਸੀ। ਇਹ ਤਾਂ ਇੱਕ ਸਟੋਰੀ ਹੈ ਪਰ ਇਸ ਵਰਗੀਆਂ ਅਨੇਕਾਂ ਹੋਰ ਸਟੋਰੀਆਂ ਵੀ ਹੋਣਗੀਆਂ ਜਿੱਥੇ ਹਰ ਰੋਜ਼ ਧੱਕਾ ਹੋ ਰਿਹਾ ਹੈ। ਕਈ ਸਟੂਡੈਂਟਾਂ ਨਾਲ ਗੱਲਬਾਤ ਕਰਨ ਤੋਂ ਪਤਾ ਲੱਗਾ ਕਿ ਭਾਈਚਾਰੇ ਦੇ ਕੁੱਝ ਲੋਕ ਸਾਡੇ ਨਾਲ ਇਹੋ ਜਿਹਾ ਵਿਵਹਾਰ ਕਰਦੇ ਹਨ ਕਿ ਜਿਵੇਂ ਸਾਡੇ ਮਾਪੇ ਸਾਡੇ ਕੋਲ ਨਹੀਂ ਹਨ ਤਾਂ ਸਾਡੀ ਕੋਈ ਹੋਂਦ ਹੀ ਨਹੀਂ ਹੈ ਜਿਵੇਂ ਲਾਵਾਰਸ ਹੋਈਏ। ਕਈ ਤਾਂ ਘਾਤ ਲਾ ਕੇ ਸ਼ਿਕਾਰ ਦੀ ਭਾਲ ਵਿੱਚ ਹੀ ਬੈਠੇ ਰਹਿੰਦੇ ਹਨ। ਟੀਮ ਵੀ ਕੇਅਰ ਦੀ ਮੱਦਦ ਦੇ ਨਾਲ ਹੀ ਵਿਨੀਪੈਗ ਦੇ ਇੱਕ ਪੰਜਾਬੀ ਰੈਸਟੋਰੈਂਟ ਦੇ ਮਾਲਕ ਨੂੰ ਉੱਥੇ ਕੰਮ ਕਰਦੀ ਲੜਕੀ ਨਾਲ ਸੈਕਸ਼ੂਅਲ ਹਰਾਸਮੈਂਟ ਕਰਨ ਦੇ ਦੋਸ਼ ਵਿੱਚ ਸਜ਼ਾ ਦਿਵਾਈ ਗਈ। ਭਾਈਚਾਰੇ ਵਲੋਂ ਅਕਸਰ ਇਹ ਗਿਲ੍ਹਾ ਕੀਤਾ ਜਾਂਦਾ ਹੈ ਕਿ ਅੰਤਰਰਾਸ਼ਟਰੀ ਵਿਦਿਆਰਥੀ ਬੇਸਮੈਂਟਾਂ ਵਿੱਚ ਗੰਦ ਪਾਉਂਦੇ ਹਨ ਕੁੜੀਆਂ ਮੁੰਡੇ ਇਕੱਠੇ ਰਹਿੰਦੇ ਹਨ, ਸੜਕਾਂ ਤੇ ਉੱਚੀ ਅਵਾਜ਼ ਵਿੱਚ ਸਪੀਕਰ ਵਜਾਉਂਦੇ ਹਨ, ਆਪਸ ਵਿੱਚ ਲੜਾਈਆਂ ਕਰਦੇ ਹਨ, ਮਹਿੰਗੀਆਂ ਮਹਿੰਗੀਆਂ ਗੱਡੀਆਂ ਖ਼ੀਦ ਕੇ ਸ਼ੋਅ ਔਫ ਕਰਦੇ ਹਨ। ਭਾਈਚਾਰੇ ਨੂੰ ਇਹ ਡਰ ਵੀ ਸਤਾਉਂਦਾ ਹੈ ਕਿ ਉਹਨਾਂ ਦੇ ਬੱਚਿਆਂ ਦਾ ਭਵਿੱਖ ਖਤਰੇ ਵਿੱਚ ਪੈ ਰਿਹਾ ਹੈ, ਭਾਵੇਂ ਕਿ ਉਹ ਜਾਂ ਉਹਨਾਂ ਦੇ ਬਜ਼ੁਰਗ ਆਏ ਸਨ ਤਾਂ ਅੰਗਰੇਜ਼ਾਂ ਨੇ ਸਸਤੀ ਲੇਬਰ ਕਹਿ ਉਹਨਾਂ ਨੂੰ ਵੀ ਨਫ਼ਰਤ ਤੇ ਨਸਲਵਾਦ ਦਾ ਸ਼ਿਕਾਰ ਬਣਾਇਆ ਸੀ। ਜਿੱਥੋਂ ਤੱਕ ਰਹਿਣ ਸਹਿਣ ਦੀ ਗੱਲ ਹੈ ਤਾਂ ਕੈਨੇਡਾ ਵਿੱਚ ਕਾਲਜਾਂ ਯੂਨੀਵਰਸਿਟੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਇੱਥੋਂ ਦੇ ਰੂਲ ਤੇ ਰੈਗੂਲੇਸ਼ਨ ਬਾਰੇ ਦੱਸਣਾ ਚਾਹੀਦਾ ਹੈ, ਸਫਾਈ ਰੱਖਣੀ ਬਹੁਤ ਜ਼ਰੂਰੀ ਹੈ ਪਰ ਕਈ ਵਾਰੀ ਐਨੇ ਐਨੇ ਘੰਟੇ ਕੰਮ ਕਰਕੇ, ਪੜ੍ਹਾਈ ਕਰਨੀ ਤੇ ਫਿਰ ਘਰ ਆ ਕੇ ਉਹਨਾਂ ਨੂੰ ਕੰਮ ਕਰਨੇ ਔਖੇ ਹੋ ਜਾਂਦੇ ਹਨ ਜੋ ਹਮੇਸ਼ਾਂ ਤੋਂ ਆਪਣੇ ਮਾਂ ਬਾਪ ਦੀ ਛਤਰ ਛਾਇਆ ਰਹਿ ਹੱਥੀਂ ਕੰਮ ਨਹੀਂ ਕਰਦੇ ਉਹਨਾਂ ਨੂੰ ਆਤਮ ਨਿਰਭਰ ਬਣਨ ਨੂੰ ਸਮਾਂ ਲੱਗਦਾ ਹੈ। ਬੇਸਮੈਂਟ ਦੇਣ ਵੇਲੇ ਅਕਸਰ ਕੁੜੀਆਂ ਨੂੰ ਕਿਹਾ ਜਾਂਦਾ ਹੈ ਕਿ ਇੱਥੇ ਮੁੰਡੇ ਨਹੀਂ ਆਉਣੇ ਚਾਹੀਦੇ ਤੇ ਮੁੰਡਿਆ ਨੂੰ ਕਿਹਾ ਜਾਂਦਾ ਹੈ ਕਿ ਇੱਥੇ ਕੁੜੀਆਂ ਨਾ ਆਉਣ। ਪਰ ਇੱਥੋਂ ਦੀ ਪੜ੍ਹਾਈ ਮੁਤਾਬਕ ਬਹੁਤੀ ਵਾਰੀ ਬੱਚਿਆਂ ਨੂੰ ਕਲਾਸ ਪ੍ਰੋਜੈਕਟ ਇਕੱਠੇ ਕਰਨੇ ਪੈਂਦੇ ਹਨ, ਜ਼ਰੂਰੀ ਨਹੀਂ ਕਿ ਉਹ ਹਰ ਸਮੇਂ ਗਲਤ ਹੀ ਹੋਣ। ਬਾਕੀ ਇਹ ਉਮਰ ਵੀ ਇਹੋ ਜਿਹੀ ਹੁੰਦੀ ਹੈ ਜੋ ਗਲਤੀਆਂ ਕਰਕੇ ਸਿੱਖਦੀ ਹੈ।

ਟੀਮ ਵੀ ਕੇਅਰ ਨੇ ਸਫਲ ਹੋਏ ਅੰਤਰਰਾਸ਼ਟਰੀ ਸਟੂਡੈਂਟਾਂ ਦੀਆਂ ਸਟੋਰੀਆਂ ਸਾਂਝੀਆਂ ਕੀਤੀਆਂ ਜੋ ਪੜ੍ਹ ਲਿਖ ਕੇ ਉੱਚੇ ਅਹੁਦਿਆਂ ਤੇ ਪਹੁੰਚੇ ਹਨ, ਕੋਵਿਡ ਦੇ ਦਿਨਾਂ ਵਿੱਚ ਕੈਨੇਡਾ ਦੀ ਸਰਕਾਰ ਨੇ ਫਰੰਟ ਲਾਈਨ ਵਰਕਰਜ਼ ਤੇ 20 ਘੰਟੇ ਦੀ ਸ਼ਰਤ ਹਟਾ ਦਿੱਤੀ ਸੀ, ਕਲਾਸਾਂ ਔਨਲਾਈਨ ਲੱਗਣ ਕਰਕੇ ਬੱਚਿਆਂ ਨੇ ਦਿਨ ਰਾਤ ਮਿਹਨਤ ਕਰਕੇ ਆਪਣੀਆਂ ਫੀਸਾਂ ਜੋੜੀਆਂ। ਅੱਠ ਮਹੀਨੇ ਬਾਅਦ ਕੈਨੇਡਾ ਸਰਕਾਰ ਨੇ ਫਿਰ 20 ਘੰਟੇ ਹੀ ਕੰਮ ਕਰ ਸਕਣਾ ਲਾਗੂ ਕਰ ਦਿੱਤਾ ਹੈ। ਪਰ ਅਸਟ੍ਰੇਲੀਆ ਤੇ ਨਿਊਜ਼ੀਲੈਂਡ ਨੇ ਬਿਨ੍ਹਾਂ ਕਿਸੇ ਸੀਮਾ ਤੋਂ ਕੰਮ ਕਰਨ ਦੀ ਸ਼ਰਤ ਨੂੰ ਲਾਗੂ ਕਰ ਦਿੱਤਾ ਹੈ। ਕੈਨੇਡਾ ਦੇ ਸਟੂਡੈਂਟਾਂ ਵਲੋਂ ਵੀ ਕੰਮ ਦੇ ਘੰਟੇ ਵਧਾਏ ਜਾਣ ਦੀ ਮੰਗ ਉਠਾਈ ਜਾ ਰਹੀ ਹੈ। ਕੈਨੇਡਾ ਦੇ ਮੌਂਟਰੀਅਲ ਸ਼ਹਿਰ ਦੇ ਤਿੰਨ ਕਾਲਜਾਂ ਨੇ ਖੁਦ ਨੂੰ ਦਿਵਾਲੀਆ ਐਲਾਨ ਕਰ ਕੇ ਭਾਰਤ ਤੇ ਕੈਨੇਡਾ ਦੇ ਸੈਂਕੜੇ ਵਿਦਿਆਰਥੀਆਂ ਦਾ ਭਵਿੱਖ ਖਤਰੇ ਵਿੱਚ ਪਾ ਦਿੱਤਾ ਹੈ। ਜਿਸ ਖਿਲਾਫ਼ ਨੌਜਵਾਨ ਸਪੋਰਟ ਨੈਟਵਰਕ ਕੈਨੇਡਾ ਨੇ ਲੜਾਈ ਵਿੱਢ ਦਿੱਤੀ ਹੈ ਉਨ੍ਹਾਂ ਨੂੰ ਨੌਜਵਾਨ ਸਪੋਰਟ ਨੈਟਵਰਕ ਦੇ ਨਾਲ ਭਾਈਚਾਰੇ ਨੂੰ ਸਟੂਡੈਂਟਾਂ ਦੇ ਹੱਕ ਵਿੱਚ ਡਟ ਕੇ ਖੜ੍ਹਨਾ ਚਾਹੀਦਾ ਹੈ। ਆਰਟੀਕਲ ਲਿਖਣ ਸਮੇਂ ਮੈਂ ਜਿੱਥੇ ਵੱਖ ਵੱਖ ਸਟੂਡੈਂਟਾਂ ਨਾਲ ਗੱਲਬਾਤ ਕੀਤੀ ਉੱਥੇ ਭਾਈਚਾਰੇ ਦੇ ਕੁੱਝ ਲੋਕਾਂ ਨਾਲ ਅੰਤਰਰਾਸ਼ਟਰੀ ਸਟੂਡੈਂਟਾਂ ਬਾਰੇ ਉਹਨਾਂ ਦੇ ਅਨੁਭਵ ਵੀ ਜਾਣੇ। ਉਹਨਾਂ ਵਿੱਚੋਂ ਬਹੁਤਿਆਂ ਨੇ ਕਿਹਾ ਕਿ ਬੱਚੇ ਬਹੁਤ ਮਿਹਨਤੀ ਹਨ, ਪੜ੍ਹਾਈ ਦੇ ਨਾਲ ਨਾਲ ਦਿਨ ਰਾਤ ਕੰਮ ਕਰਦੇ ਹਨ। ਖਾਸ ਕਰਕੇ ਸਰਦੀਆਂ ਦੇ ਮੌਸਮ ਵਿੱਚ ਇਹਨਾਂ ਨੂੰ ਬੱਸਾਂ ਵਿੱਚ ਸਫ਼ਰ ਕਰਨਾ ਪੈਂਦਾ ਹੈ। ਕਈ ਵਾਰ ਕੰਮ ਵਾਲੀ ਥਾਂ ਬੱਸ ਸਟੈਂਡ ਤੋਂ ਦੂਰ ਹੋਣ ਕਰਕੇ ਕੜਾਕੇ ਦੀ ਠੰਢ ਵਿੱਚ ਪੈਦਲ ਹੀ ਜਾਣਾ ਪੈਂਦਾ ਹੈ। ਭਾਈਚਾਰੇ ਵਿੱਚ ਕੰਮ ਕਰਦੇ ਇੱਕ ਟੈਕਸੀ ਡਰਾਈਵਰ ਨੇ ਦੱਸਿਆ ਕਿ ਬੱਚੇ ਇੱਕ ਕੰਮ ਛੱਡ ਦੂਜੇ ਲਈ ਤੁਰ ਪੈਂਦੇ ਹਨ। ਉਹਨਾਂ ਨੂੰ ਕਈ ਵਾਰ ਇੱਕ ਔਧਾ ਮਾੜਾ ਅਨੁਭਵ ਵੀ ਹੁੰਦਾ ਹੈ। ਇਹ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਸਮੱਸਿਆ ਤਾਂ ਹੈ ਪਰ ਇਹਨੀ ਵੱਡੀ ਨਹੀਂ ਜਿੰਨੀ ਸਸਤੀ ਟੀ ਆਰ ਪੀ ਲੈਣ ਲਈ ਮੀਡੀਏ ਦੇ ਕੁੱਝ ਲੋਕ ਦਿਖਾ ਰਹੇ ਹਨ। ਸਾਡੇ ਸਮਾਜ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਹਨਾਂ ਵਿਦਿਆਰਥੀਆਂ ਨੂੰ ਗਲ਼ੇ ਲਾਉਣ, ਗਲਤੀਆਂ ਕਰਨ ਤੇ ਸਿਖਾਉਣ ਤੇ ਸਮਝਾਉਣ ਸਿਰਫ਼ ਭੰਡਣ ਦਾ ਕੰਮ ਹੀ ਨਾ ਕਰਨ। ਉਨ੍ਹਾਂ ਨੂੰ ਦੱਸਣ ਕਿ ਮਹਿੰਗੀਆਂ ਕਾਰਾਂ ਲੈ ਫੁਕਰੀਆਂ ਮਾਰਨ ਨਾਲੋਂ ਚੰਗੇ ਪਾਸੇ ਪੈਸੇ ਲਾਉਣ, ਸਗੋਂ ਮਾੜੇ ਅਨਸਰਾਂ ਦੀ ਨਿਸ਼ਾਨਦੇਹੀ ਕਰਨ। ਬੱਚਿਆਂ ਨੂੰ ਚਾਹੀਦਾ ਹੈ ਕਿ ਉਹ ਵੱਡਿਆਂ ਦਾ ਸਤਿਕਾਰ ਕਰਨ ਤੇ ਉਹਨਾਂ ਦੇ ਤਜ਼ਰਬਿਆਂ ਤੋਂ ਚੰਗਾ ਸਿੱਖਣ। ਦੋਹੀਂ ਪਾਸੇ ਨਫ਼ਰਤ ਕਰਨ ਵਾਲੇ ਬਹੁਤ ਥੋੜ੍ਹੇ ਲੋਕ ਹਨ। ਇਹ ਬੱਚੇ ਸਾਡੇ ਹੀ ਭਰਾ ਭਤੀਜੇ ਹਨ ਤੇ ਇਹਨਾਂ ਨੇ ਸਾਡੇ ਹੀ ਘਰਾਂ ਵਿੱਚ ਆਉਣਾ ਹੈ। ਇਹੋ ਜਿਹੀਆਂ ਸਮੱਸਿਆਵਾਂ ਨਾ ਤਾਂ ਇਕੱਲੇ ਕੈਨੇਡਾ ਦੀਆਂ ਹਨ ਤੇ ਨਾ ਹੀ ਕਿਸੇ ਇੱਕ ਭਾਈਚਾਰੇ ਦੀਆਂ। ਇਹ ਦੁਨੀਆਂ ਦੇ ਹਰ ਕੋਨੇ ਦਾ ਵਰਤਾਰਾ ਹੈ। ਆਰਥਿਕ ਸਾਧਨਾਂ ਤੇ ਕੁੱਝ % ਲੋਕਾਂ ਦਾ ਕਬਜ਼ਾ ਹੋਣ ਕਰਕੇ ਲੜਾਈ ਅਮੀਰ ਤੇ ਗਰੀਬ ਵਿੱਚ ਹੈ। ਜਿਵੇਂ ਅਸੀਂ ਆਪਣੇ ਦੇਸ਼ ਵਿੱਚ ਜਾਤਾਂ, ਧਰਮਾਂ ਤੇ ਨਸਲਾਂ ਦੇ ਨਾਂ ਤੇ ਹੀ ਲੜੀ ਜਾ ਰਹੇ ਹਾਂ ਹਰ ਮਨੁੱਖ ਨੂੰ ਬਰਾਬਰ ਨਹੀਂ ਸਮਝਦੇ। ਇਹ ਮਨੁੱਖ ਦੀ ਫਿਤਰਤ ਤੇ ਰਾਜਨੀਤਕ ਪ੍ਰਬੰਧ ਦਾ ਦੋਸ਼ ਹੈ। ਇੱਥੇ ਆ ਕੇ ਵੀ ਅਸੀਂ ਜਾਤਾਂ, ਧਰਮਾਂ ਦੇ ਨਾਂ ਤੇ ਗੁਰਦਵਾਰੇ ਬਣਾ ਲਏ, ਫਿਰ ਸੱਭੇ ਸਾਂਝੀਵਾਲ ਸਦਾਇ ਨੂੰ ਭੁੱਲ ਨਿੱਤ ਉਹਨਾਂ ਧਾਰਮਿਕ ਸਥਾਨਾਂ ਤੇ ਹੀ ਲੜਾਈਆਂ ਕਰਦੇ ਹਾਂ ਤੇ ਕਦੇ ਮਾਝਾ, ਮਾਲਵਾ ਤੇ ਦੁਆਬਾ ਦੇ ਨਾਂ ਤੇ ਵੰਡੀਆਂ ਪਾਈ ਜਾ ਰਹੇ ਹਾਂ। ਇਸ ਤਰ੍ਹਾਂ ਕਰਨ ਨਾਲ ਕੁੱਝ ਸੰਵਾਰ ਨਹੀਂ ਰਹੇ ਸਗੋਂ ਬਹੁਤ ਸਾਰੀਆਂ ਭੈੜੀਆਂ ਅਲਾਮਤਾਂ ਦਾ ਸ਼ਿਕਾਰ ਹੋ ਰਹੇ ਹਾਂ। ਕੈਨੇਡਾ ਵਿੱਚ ਸਾਡੀਆਂ ਬਹੁਤ ਸਾਰੀਆਂ ਸਹੂਲਤਾਂ ਖਾਸ ਕਰ ਮੈਡੀਕਲ ਸਹੂਲਤਾਂ ਤੇ ਕੱਟ ਲੱਗ ਰਹੇ ਹਨ। ਅਸੀਂ ਇਕੱਠੇ ਹੋ ਸਿਸਟਮ ਦੀਆਂ ਨੀਤੀਆਂ ਦੇ ਖਿਲਾਫ਼ ਲੜਨ ਦੀ ਬਜਾਇ ਆਪਸ ਵਿੱਚ ਹੀ ਉਲਝੇ ਪਏ ਹਾਂ ਜੋ ਕਿਸੇ ਦੇ ਵੀ ਫਾਇਦੇ ਵਿੱਚ ਨਹੀਂ ਹੈ। ਸੋ ਆਓ ਪੁਰਾਣੇ ਤਜ਼ਰਬੇ ਤੇ ਨਵੀਂ ਤਾਕਤ ਨਾਲ ਇਸ ਸਮਾਜ ਨੂੰ ਅੱਗੇ ਲੈ ਕੇ ਜਾਈਏ ਤੇ ਆਪਣੇ ਹੱਕਾਂ ਪ੍ਰਤੀ ਜਾਗ੍ਰਿਤ ਹੋਈਏ।

ਗਣਤੰਤਰ ਦਿਵਸ ਵਿਸ਼ੇਸ਼

# ਜਦੋਂ ਅਜ਼ਾਦੀ ਵਾਸਤੇ ਭਗਤ-ਸਰਾਭੇ ਊਧਮ ਫਾਂਸੀਆਂ ਚੜ੍ਹ ਰਹੇ ਸਨ ਉਦੋਂ ਅਜ਼ਾਦੀ ਦਾ ਸੰਵਿਧਾਨ ਲਿਖਣ ਵਾਲੇ ਕੀ ਕਰਦੇ ਸਨ?

### ਸੰਵਿਧਾਨ ਘਾੜਿਆਂ ਨਾਲ ਨਿੱਜੀ ਜਾਣ-ਪਛਾਣ !



ਸੰਦੀਪ ਸਿੰਘ

ਸਤਾ ਤਬਦੀਲੀ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ, ਕੈਬਨਿਟ ਮਿਸ਼ਨ ਪਲਾਨ ਤਹਿਤ ਭਾਰਤ ਦੀ ਸੰਵਿਧਾਨ ਘੜਨੀ ਸਭਾ ਦਾ ਗਠਨ ਕੀਤਾ ਗਿਆ। ਇਹ ਸਮੁੱਚੇ ਬਾਲਗ-ਮੱਤ ਅਧਾਰ ਤੇ ਚੁਣੀ ਜਮਹੂਰੀ ਸੰਸਥਾ ਨਹੀਂ ਸੀ ਸਗੋਂ ਇਹ ਬਰਤਾਨਵੀ ਸਾਮਰਾਜੀਆਂ ਦੁਆਰਾ ਮੜ੍ਹੀ ਇਕ ਗੈਰ-ਜਮਹੂਰੀ ਇਕਤਰਤਾ ਸੀ ਜਿਸ ਵਿਚ ਰਾਜ ਦੇ ਜਮਾਤੀ-ਸਿਆਸੀ ਵਫਾਦਾਰ ਸ਼ਾਮਲ ਕੀਤੇ ਗਏ। ਇਸ ਸਭਾ ਵਿਚ ਵੱਡੇ ਸਰਮਾਏਦਾਰਾਂ, ਪਿੱਠੂ ਰਜਵਾੜਿਆਂ, ਪਾਟਕਪਾਊ ਤੇ ਵਫਾਦਾਰ ਸਿਆਸੀ ਸੰਗਠਨਾਂ ਦੇ ਨੁਮਾਇੰਦੇ ਸ਼ਾਮਲ ਸਨ। ਇਸ ਸਭਾ ਵਿਚ, ਅਜਾਦੀ ਲਈ ਲੜ ਮਰ ਰਹੇ ਲੋਕਾਂ ਦੇ ਅਸਲ ਨੁਮਾਇੰਦੇ ਸ਼ਾਮਲ ਨਹੀਂ ਸਨ। ਇਸ ਸਭਾ ਦਾ ਮਕਸਦ ਸਤਾ-ਤਬਦੀਲੀ ਨੂੰ ਅਜਾਦੀ ਦਾ ਮੇਕਅਪ ਕਰਕੇ ਪੇਸ਼ ਕਰਨਾ ਸੀ। ਇਸ ਸਭਾ ਨੇ 9 ਦਸੰਬਰ 1946 ਤੋਂ 26 ਜਨਵਰੀ 1950 ਤੱਕ ਕੰਮ ਕੀਤਾ।

ਸਵਿੰਧਾਨ ਘੜਨੀ ਸਭਾ ਨੇ ਸੰਵਿਧਾਨ ਲਿਖਣ ਵਾਸਤੇ ‘‘ਸੰਵਿਧਾਨ ਡਰਾਫਟਿੰਗ ਕਮੇਟੀ’’ ਦਾ ਗਠਨ ਕੀਤਾ। ਇਸ ਪੋਸਟ ਦਾ ਮਕਸਦ, ਉਹਨਾਂ ਮੈਂਬਰਾਂ ਦੇ ਜੀਵਨ ਦਾ ਬਿਓਰਾ ਸਾਂਝਾ ਕਰਨਾ ਹੈ:

1. **‘ਸਰ’ ਬੇਨੇਗਲ ਨਰਸਿੰਗ ਰਾਓ:** ਬਰਤਾਨਵੀ ਨੌਕਰਸ਼ਾਹ ਬੀ.ਐਨ ਰਾਓ, ਭਾਰਤੀ ਸੰਵਿਧਾਨ ਦਾ ਅਸਲ ਰਚਾਇਤਾ ਹੈ। ਉਸ ਨੇ ਭਾਰਤ ਦੇ ਭਵਿਖੀ ਸੰਵਿਧਾਨ ਦਾ ਖਰੜਾ ਲਿਖਿਆ। ਦਰਅਸਲ, ਸਵਿਧਾਨ ਘੜਨੀ ਸਭਾ ਬਨਣ ਤੋਂ ਪਹਿਲਾਂ ਹੀ ‘‘ਭਾਰਤ ਦਾ ਸੰਵਿਧਾਨ’’ ਹੋਂਦ ‘ਚ ਆ ਚੁਕਿਆ ਸੀ। 29 ਅਗਸਤ 1947 ਨੂੰ ਜਦੋਂ ਅੰਬੇਦਕਰ ਦੀ ‘ਅਗਵਾਈ’ ਥਲੇ 6 ਮੈਂਬਰੀ ‘‘ਡਰਾਫਟਿੰਗ ਕਮੇਟੀ’’ ਬਣਾਈ ਗਈ ਤਾਂ ਰਾਓ ਨੂੰ ਇਸਦਾ ਸੰਵਿਧਾਨਕ ਅਡਵਾਈਜ਼ਰ ਤਾਇਨਾਤ ਕੀਤਾ ਗਿਆ। ਡਰਾਫਟਿੰਗ ਕਮੇਟੀ ਨੇ ਤਾਂ, ਪਹਿਲਾਂ ਤੋਂ ਹੀ ਮੌਜੂਦ ਇਸ ਖਰੜੇ ਦੇ ਚੌਖਟੇ ਅੰਦਰ ਅੰਦਰ, ਇਸਦੀ ਰੂਪ-ਸੱਜਾ ਕਰਨੀ ਸੀ।

‘ਸਰ’ ਬੇਨੇਗਲ ਰਾਓ ਨੇ ਨਾ ਸਿਰਫ ਭਾਰਤ ਦੇ ਸੰਵਿਦਾਨ ਦਾ ਖਰੜਾ ਲਿਖਿਆ ਸਗੋਂ ਉਸਨੇ ‘ਅਜਾਦ’ ਹੋਣ ਜਾ ਰਹੇ ਬਰਮਾ ਦੇ ਸੰਵਿਧਾਨ ਦਾ ਖਰੜਾ ਵੀ ਲਿਖਿਆ। ਭਾਰਤ ਦੇ ਸੰਵਿਧਾਨ ਦੇ ਪ੍ਰਸਿਧ ‘‘ਨਿਰਦੇਸ਼ਕ ਸਿਧਾਂਤ (Directive Principles) ਅਤੇ ‘‘ਬੁਨਿਆਦੀ ਹੱਕ’’ (Fundamental Rights)ਦੇ ਚੈਪਟਰ ਵੀ ਰਾਓ ਨੇ ਲਿਖੇ। (ਇਹ ਰੋਚਕ ਹੈ ਕਿ ਬਰਤਾਨਵੀ ਹਾਕਮਾਂ ਨੂੰ ਭਾਰਤੀ ਜਮਹੂਰੀਅਤ ਦਾ ਸ਼ਿੰਗਾਰ ਬਣਾ ਕੇ ਪੇਸ਼ ਕੀਤੇ ਜਾਂਦੇ ਉਕਤ ਚੈਪਟਰਾਂ ‘ਚ ਕਿੰਨੀ ਦਿਲਚਸਪੀ ਸੀ ਇਹੀ ਕਿ ਇਹਨਾਂ ਦਾ ਸਥਾਨ ਸਜਾਵਟੀ ਲਿਪਾਪੋਚੀ ਤੋਂ ਵੱਧ ਨਾ ਹੋਵੇ!)

ਰਾਓ ਨੇ 1910 ਵਿਚ ਆਈਸੀਐਸ ਪਾਸ ਕਰਕੇ ਸਿਵਲ ਸੇਵਾਵਾਂ ਜੁਆਇਨ ਕੀਤੀਆਂ। 1938 ਵਿਚ ਉਸਨੂੰ ‘‘ਨਾਈਟ’’ ਦੀ ਪਦਵੀ ਨਾਲ ਸਨਮਾਨਿਤ ਕੀਤਾ ਗਿਆ। 1944-45 ਤੱਕ ਉਹ ਜੰਮੂ ਕਸ਼ਮੀਰ ਦਾ ਪ੍ਰਧਾਨ ਮੰਤਰੀ ਰਿਹਾ। ਅਜਾਦੀ ਤੋਂ ਬਾਅਦ ਉਸਨੇ ਸੰਯੁਕਤ ਰਾਸ਼ਟਰ ‘ਚ ਭਾਰਤ ਦੀ ਪ੍ਰਤੀਨਿਧਤਾ ਕੀਤੀ।

ਇਸ ਤਰ੍ਹਾਂ, 1910 ਤੋਂ 1947 ਤੱਕ ਦੇ ਅਜਾਦੀ ਅੰਦੋਲਨ ਦੇ ਮਾਰੋ-ਮਾਰ ਸਾਲਾਂ ਦੌਰਾਨ, ਬਰਤਾਨਵੀ ਹਕੂਮਤ ਦੀ ਚਾਕਰੀ ਕਰਨ ਵਾਲੇ ਵਫਾਦਾਰ ਅਫਸਰ ਨੇ ਸਾਡੇ ਸੰਵਿਧਾਨ ਦਾ ਖਰੜਾ ਲਿਖਿਆ।

2. **ਬੀ ਆਰ ਅੰਬੇਦਕਰ:** ਅੰਬੇਦਕਰ ਸਾਹਿਬ ਨੂੰ ਡਰਾਫਟਿੰਗ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਅਜ਼ਾਦੀ ਅੰਦੋਲਨ ਦੌਰਾਨ ਉਹਨਾਂ ਕਦੇ ਵੀ ਬਰਤਾਨਵੀ ਸਾਮਰਾਜ ਖਿਲਾਫ ਅਜਾਦੀ ਦੀ ਜਦੋਜਹਿਦ ‘ਚ ਹਿੱਸਾ ਨਹੀਂ ਲਿਆ। ਉਹਨਾਂ ਨੂੰ ਕਦੇ ਵੀ ਜੇਲ੍ਹ ਯਾਤਰਾ ਨਹੀਂ ਕਰਨੀ ਪਈ। ਵੱਖ ਵੱਖ ਸਮੇਂ ਚੱਲੀਆਂ ਵਾਰਤਾਵਾਂ ਦੌਰਾਨ ਬਰਤਾਨਵੀਆਂ ਨੇ ਉਹਨਾਂ ਨੂੰ ਦਲਿਤ ਨੁਮਾਇੰਦੇ ਵਜੋਂ ਮਾਨਤਾ ਦਿੱਤੀ। ਰਜਵਾੜਿਆਂ, ਵੱਡੇ ਸਰਮਾਏਦਾਰਾਂ ਤੇ ਅੰਗਰੇਜਾਂ ਦੇ ਪਿਠੂਆਂ ਦੀ ਬਣੀ ਸੰਵਿਧਾਨ ਘੜਨੀ ਸਭਾ ਤੇ ਬਰਤਾਨਵੀ ਨੌਕਰਸ਼ਾਹਾਂ ਤੇ ਪਾਲਤੂਆਂ ਦੀ ਬਣੀ ਡਰਾਫਟਿੰਗ ਕਮੇਟੀ ਨੂੰ ਕਜਣ ਵਾਸਤੇ ਹਾਕਮਾਂ ਨੂੰ ਇਕ ਅਜਿਹੇ ਚਿਹਰੇ ਦੀ ਜਰੂਰਤ ਸੀ ਜਿਸ ਨਾਲ ਸਵਿਧਾਨ ਦੀ ਲੋਕ ਪਖੀ ਲਿਪਾਪੋਚੀ ਕੀਤੀ ਜਾ ਸਕੇ। ਇਹ ਮੰਤਵ ਪੂਰਾ ਹੋਣ ਤੋਂ ਬਾਅਦ, ਅੰਬੇਦਕਰ ਸਾਹਬ ਨੂੰ ਪਹਿਲੀਆਂ ਚੋਣਾਂ ‘ਚ ਵੀ ਕਿਸੇ ਪਾਰਟੀ ਨੇ ਨੁਮਾਇੰਦਗੀ ਨਹੀਂ ਦਿਤੀ ਤੇ ਉਹਨਾਂ ਨੂੰ ਸ਼ਿਕਸਤ ਦਾ ਸਾਹਮਣਾ ਕਰਨਾ ਪਿਆ। ਅਫਸੋਸ, ਅੰਬੇਦਕਰ ਨੇ ਆਪਣੀ ਸ਼ਨਾਖਤ ਇਉਂ ਵਰਤੇ ਜਾਣ ਦੀ ਇਜਾਜਤ ਦਿਤੀ। ਅੱਜ ਵੀ ਉਹਨਾਂ ਦੇ ਚਿਹਰੇ ਪਿਛੇ ਸੰਵਿਧਾਨ ਅਤੇ ਇਸਦੇ ਨਿਰਮਾਣ ਦੀ ਅਸਲ ਹਕੀਕਤ ਨੂੰ ਲੁਕੋਇਆ ਜਾ ਰਿਹਾ ਹੈ।

3. **ਕਨ੍ਹਈਆ ਲਾਲ ਮਾਨਕ ਲਾਲ ਮੁਨਸ਼ੀ:** ਮੁਨਸ਼ੀ ਗੁਜਰਾਤ ਤੋਂ ਬਲਭ ਭਾਈ ਪਟੇਲ ਦੇ ਖੇਮੇ ਦਾ ਕਾਂਗਰਸ ਦਾ ਉਘਾ ਨੇਤਾ ਸੀ ਤੇ ਅਜਾਦੀ ਤੋਂ ਪਹਿਲਾਂ ਬੰਬਈ ਸਰਕਾਰ ‘ਚ ਮੰਤਰੀ ਵੀ ਰਿਹਾ ਸੀ। ਉਸਨੇ ਆਪਣੇ ਫਿਰਕਾਪ੍ਰਸਤ ਵਿਚਾਰ ਲੁਕੋਣ ਦਾ ਕਦੇ ਵੀ ਯਤਨ ਨਹੀਂ ਕੀਤਾ। ਪਾਕਿਸਤਾਨ ਦੀ ਲਹਿਰ ਬਨਣ ਵੇਲੇ ਉਸਨੇ ਅਹਿੰਸਾ ਦਾ ਚੋਗਾ ਉਤਾਰ ਦਿਤਾ ਤੇ ਮੁਸਲਮਾਨਾਂ ਖਿਲਾਫ ਗ੍ਰਹਿ ਯੁੱਧ ਦੀ ਨੰਗੀ ਚਿਟੀ ਵਕਾਲਤ ਕੀਤੀ। ਉਸਨੇ ‘‘ਅਖੰਡ ਭਾਰਤ’’ ਦੇ ਸੰਕਲਪ ਦੀ ਹਮਾਇਤ ਕੀਤੀ। ਮਗਰੋਂ ਉਸਨੇ ‘‘ਸਵਤੰਤਰ ਪਾਰਟੀ’’ ਦੀ ਸਿਰਜਣਾ ਕੀਤੀ ਤੇ ਇਹ ਪਾਰਟੀ ਖੁਲ੍ਹੇਆਮ ਸਜੇ-ਪਖੀ, ਸਰਮਾਏਦਾਰੀ ਪਖੀ, ਖੁਲ੍ਹੀ ਮੰਡੀ ਪਖੀ ਨੀਤੀਆਂ ਦੀ ਵਕਾਲਤ ਕਰਦੀ ਸੀ। 1964 ‘ਚ ਉਸਨੇ ‘‘ਵਿਸ਼ਵ ਹਿੰਦੂ ਪਰੀਸ਼ਦ’’ ਦੇ ਗਠਨ ਕਰਨ ਵਾਸਤੇ ਹੋਈ ਮੀਟਿੰਗ ਦੀ ਪ੍ਰਧਾਨਗੀ ਕੀਤੀ।

(ਬਾਕੀ ਸਫ਼ਾ 18 ‘ਤੇ)

# ਯੂਪੀ ਆਬਾਦੀ ਬਿੱਲ-2021-ਲੋਕਾਂ ਦੇ ਜਮੂਹਰੀ ਹੱਕਾਂ ਤੇ ਹਮਲਾ



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301




ਉੱਤਰ ਪ੍ਰਦੇਸ਼ ਦੀ ਯੋਗੀ ਸਰਕਾਰ ਵੱਲੋਂ ਪਿਛੇ ਜਿਹੇ ਹੀ ਵਿੱਚ ਉੱਤਰ ਪ੍ਰਦੇਸ਼ ਜਨਸੰਖਿਆ (ਕੰਟਰੋਲ, ਸਥਿਰੀਕਰਨ ਤੇ ਕਲਿਆਣ) ਬਿੱਲ 2021 ਦਾ ਖਰੜਾ ਜਾਰੀ ਕੀਤਾ ਗਿਆ ਕਿ ਦੋ ਤੋਂ ਜ਼ਿਆਦਾ ਬੱਚਿਆਂ ਵਾਲੇ ਮਾਂ ਬਾਪ ਦੇ ਚੋਣ ਲੜਣ, ਸਰਕਾਰੀ ਸਹੂਲਤਾਂ ਦਾ ਲਾਭ ਲੈਣ, ਸਰਕਾਰੀ ਨੌਕਰੀਆਂ ਦੇ ਲਈ ਅਰਜ਼ੀ ਦੇਣ ਅਤੇ ਪ੍ਰਮੋਸ਼ਨ ਹਾਸਿਲ ਕਰਨ ਆਦਿ ਤੇ ਰੋਕ ਲਾ ਦਿੱਤੀ ਜਾਵੇਗੀ।! ਇੰਨਾ ਹੀ ਨਹੀਂ ਇਸ ਬਿੱਲ ਵਿੱਚ ਕਿਸੇ ਵੀ ਪਰਿਵਾਰ ਵਿੱਚ ਚਾਰ ਵਿਅਕਤੀਆਂ ਦਾ ਹੀ ਰਾਸ਼ਨ ਕਾਰਡ ਬਣਾਇਆ ਜਾਵੇ ਵਰਗੀਆਂ ਕਈ ਲੋਕ ਵਿਰੋਧੀ ਵਿਵਸਥਾਵਾਂ ਕੀਤੀਆਂ ਗਈਆਂ ਹਨ। ਅਸਲ ਚ ਯੋਗੀ ਸਰਕਾਰ ਵੱਲੋਂ ਲਿਆਂਦਾ ਗਿਆ ਇਹ ਬਿਲ ਲੋਕਾਂ ਦੇ ਜਮਹੂਰੀ ਅਧਿਕਾਰਾਂ ਤੇ ਇਕ ਫਾਸ਼ੀਵਾਦੀ ਹਮਲਾ ਹੈ। ਜ਼ਿਕਰਯੋਗ ਹੈ ਕਿ ਪੂੰਜੀਵਾਦੀ ਵਿਵਸਥਾ ਦੇ ਪੈਰੋਕਾਰਾਂ ਵੱਲੋਂ ਵਿਵਸਥਾ ਜਨਤ ਸੰਕਟਾਂ ਜਿਵੇਂ ਗਰੀਬੀ, ਬੇਰੁਜ਼ਗਾਰੀ, ਭੁੱਖਮਰੀ ਆਦਿ ਲਈ ਜਨਤਾ ਨੂੰ ਹੀ ਜ਼ਿੰਮੇਵਾਰ ਠਹਿਰਾਏ ਜਾਣ ਲਈ ਅਬਾਦੀ ਵਿੱਚ ਵਾਧੇ ਨੂੰ ਇਕ ਹੱਥ-ਕੰਡੇ ਵਜੋਂ ਵਰਤਿਆ ਜਾਂਦਾ ਹੈ। ਨਾਲ ਹੀ ਫਾਸ਼ੀਵਾਦੀ ਭਾਜਪਾ ਤੇ ਸੰਘ ਪਰਿਵਾਰ ਪਿਛਲੇ ਲੰਮੇ ਸਮੇਂ ਤੋਂ ਆਬਾਦੀ ਵਿੱਚ ਵਾਧੇ ਅਤੇ ਮੁਸਲਿਮ ਆਬਾਦੀ ਦੀ ਜਨਸੰਖਿਆ ਵਧਾਉਣ ਦੇ ਮਿਥਕ ਦਾ ਪ੍ਰਚਾਰ ਕਰਕੇ ਫਿਰਕੂ ਧਰੁਵੀਕਰਨ ਦੀ ਰਾਜਨੀਤੀ ਕਰਦੇ ਰਹੇ ਹਨ। ਪੂਰੀ ਪੂੰਜੀਵਾਦੀ ਵਿਵਸਥਾ ਵੱਲੋਂ ਆਮ ਤੌਰ ਤੇ ਪੂੰਜੀਵਾਦੀ ਵਿਵਸਥਾ ਵਿੱਚ ਜਨਤਾ ਦੀ ਤਬਾਹੀ ਬਰਬਾਦੀ ਲਈ ਲੋਕਾਂ ਨੂੰ ਹੀ ਦੋਸ਼ੀ ਠਹਿਰਾਉਣ ਲਈ ਜਨਸੰਖਿਆ ਵਧਾਉਣ ਦੇ ਹਊਏ ਦੀ ਵਰਤੋਂ ਕੀਤੀ ਜਾਂਦੀ ਹੈ। ਸਲੇਬਸ ਦੇ ਮਾਧਿਅਮ ਰਾਹੀਂ ਆਬਾਦੀ ਨੂੰ ਇੱਕ ਸਮਸਿਆ ਵਜੋਂ ਬਚਪਨ ਤੋਂ ਹੀ ਦਿਮਾਗ ਵਿੱਚ ਬਿਠਾ ਦਿੱਤਾ ਜਾਂਦਾ ਹੈ। ਦੂਜੇ ਪਾਸੇ ਜੇ ਨਿੱਜੀ ਜੀਵਨ ਦੇ ਤਜਰਬੇ ਵਿੱਚ ਦੇਖਿਆ ਜਾਵੇ ਤਾਂ ਰੇਲਗੱਡੀਆਂ, ਬੱਸਾਂ ਵਿਚ ਸਫਰ ਕਰਦੇ ਸਮੇਂ, ਹਸਪਤਾਲਾਂ, ਪ੍ਰੀਖਿਆਵਾਂ ਦੇ ਫਾਰਮ ਭਰਨ ਤੇ ਰੁਜਗਾਰ ਆਦਿ ਲਈ ਲੱਗਣ ਵਾਲੀਆਂ ਲੰਮੀਆਂ ਕਤਾਰਾਂ ਤੋਂ ਹਰ ਜਗਾਹ ਇਹ ਹੀ ਮਹਿਸੂਸ ਹੁੰਦਾ ਹੈ ਕਿ ਆਬਾਦੀ ਵਧ ਗਈ ਹੈ। ਇਸ ਲਈ ਬਹੁਤ ਸਾਰੇ ਲੋਕਾਂ ਨੂੰ ਇਹ ਤਰਕ ਸਹੀ ਵੀ ਲਗਦਾ ਹੈ। ਦੂਜੇ ਪਾਸੇ ਭਾਜਪਾ ਦੇ ਫਿਰਕੂ ਪ੍ਰਚਾਰ ਦੇ ਅਸਰ ਹੇਠ ਇੱਕ ਵੱਡੀ ਹਿੰਦੂ ਆਬਾਦੀ ਇਸ ਨੂੰ ਮੁਸਲਮਾਨਾਂ ਤੇ ਲਗਾਮ ਲਾਉਣ ਦੇ ਰੂਪ ਵਿੱਚ ਦੇਖ ਕੇ ਖੁਸ਼ ਹੈ। ਬਿੱਲ ਵਿਚ ਕਿਹਾ ਗਿਆ ਹੈ ਕਿ ਸੂਬੇ ਵਿੱਚ ਸਾਧਨਾਂ ਦੀ ਬਹੁਤ ਕਮੀ ਹੈ ਅਤੇ ਬਰਾਬਰ ਵੰਡ ਅਤੇ ਅੱਛੇ ਵਿਕਾਸ ਨੂੰ ਹੱਲਾਸ਼ੇਰੀ ਦੇਣ ਲਈ ਰਾਜ ਦੀ ਆਬਾਦੀ ਨੂੰ ਕੰਟਰੋਲ ਕਰਨਾ ਤੇ ਸਥਿਰ ਕਰਨਾ ਜਰੂਰੀ ਹੈ। ਜ਼ਾਹਿਰ ਹੈ ਕਿ ਅਬਾਦੀ ਨੂੰ ਸਥਿਰ ਕਰ ਕੇ ਬਰਾਬਰ ਵੰਡ ਤੇ ਵਿਕਾਸ ਦੀ ਗੱਲ ਸਿਰਫ ਇੱਕ ਸਫ਼ੈਦ ਝੂਠ ਹੈ। ਜੇ ਅੱਜ ਦੀ ਸਥਿਤੀ ਦੀ ਗੱਲ ਕਰੀਏ ਤਾਂ ਉਤਰ ਪ੍ਰਦੇਸ਼ ਅਨਾਜ ਪੈਦਾਵਾਰ ਦੇ ਮਾਮਲੇ ਵਿਚ ਦੇਸ਼ ਦੇ ਮੋਹਰੀ ਰਾਜਾਂ ਵਿੱਚ ਹੈ। ਉੱਤਰ ਪ੍ਰਦੇਸ਼ ਕਣਕ,ਗੰਨਾ ਉਤਪਾਦਨ ਵਿੱਚ ਪਹਿਲੇ ਨੰਬਰ ਤੇ ਅਤੇ ਚੌਲ ਦੀ ਪੈਦਾਵਾਰ ਵਿੱਚ ਦੂਜੇ ਨੰਬਰ ਤੇ ਹੈ। ਇਹ ਅਨਾਜ ਐਫਸੀਆਈ ਦੇ ਗੁਦਾਮਾਂ ਵਿੱਚ ਸੜਦਾ ਰਹਿੰਦਾ ਹੈ। ਚੂਹੇ ਖਾਂਦੇ ਰਹਿੰਦੇ ਹਨ ਅਤੇ ਸ਼ਰਾਬ ਬਣਾਉਣ ਵਾਲੀਆਂ ਕੰਪਨੀਆਂ ਸਸਤੇ ਭਾਵਾਂ ਤੇ ਲੈ ਜਾਂਦੀਆਂ ਹਨ। ਪਰ ਦੂਜੇ ਪਾਸੇ ਰੋਜ ਭੁੱਖ ਤੇ ਕੁਪੋਸ਼ਣ ਨਾਲ ਹਜਾਰਾਂ ਮੌਤਾਂ ਹੋ ਜਾਂਦੀਆਂ ਹਨ। ਸੂਬੇ ਅਤੇ ਦੇਸ਼ ਵਿੱਚ ਥਾਂ-ਥਾਂ ਕੁਦਰਤੀ ਸਾਧਨ ਵਿਖਰੇ ਪਏ ਹਨ। ਇਲਾਹਾਬਾਦ ਦੇ ਨੈਨੀ, ਕਾਨਪੁਰ, ਬਜੌਰ, ਚਿਤਰਕੂਟ, ਪੂਰਬੀ ਉੱਤਰ ਪ੍ਰਦੇਸ਼ ਦੀ ਥਾਂ-ਥਾਂ ਚੀਨੀ ਮਿੱਲਾਂ, ਮਿਰਜ਼ਾਪੁਰ ਵਿੱਚ ਖੇਤੀ ਯੰਤਰ ਕਾਰਖਾਨੇ, ਪ੍ਰਤਾਪਗੜ੍ਹ ਵਿੱਚ ਏਟੀਐਲ ਕਾਰਖਾਨਾ ਆਦਿ ਪਿਛਲੇ ਕਈ ਸਾਲਾਂ ਤੋਂ ਬੰਦ ਹਨ। ਇੱਥੇ ਪਈਆਂ ਮਸ਼ੀਨਾਂ ਅਤੇ ਪੂਰਾ ਢਾਂਚਾ ਬਰਬਾਦ ਹੁੰਦਾ ਜਾ ਰਿਹਾ ਹੈ। ਇਹੀ ਹਾਲ ਪੂਰੇ ਦੇਸ਼ ਭਰ ਵਿੱਚ ਹੈ। ਸਰਕਾਰ ਕੋਲ ਦਿੱਕਤ ਨਾ ਤਾਂ ਬੁਨਿਆਦੀ ਢਾਂਚੇ ਦੀ ਹੈ ਤੇ ਨਾ ਹੀ ਕਿਸੇ ਹੋਰ ਚੀਜ ਦੀ। ਪਿਛਲੇ ਸਮੇਂ ਵਿੱਚ ਦੇਖ ਚੁੱਕੇ ਹਾਂ ਕਿ ਆਜ਼ਾਦੀ ਦੇ ਬਾਅਦ ਤੋਂ ਅੱਜ ਤਕ ਦੇਸ਼ ਵਿਚ ਅਨਾਜ, ਖਾਦ ਅਤੇ ਉਦਯੋਗਾਂ ਵਿਚ ਕਈ ਸੌ ਗੁਣਾ ਵਾਧਾ ਹੋ ਚੁੱਕਿਆ ਹੈ। ਸੰਸਦਾਂ ਤੇ ਵਿਧਾਇਕਾਂ ਦੀਆਂ ਅੱਯਾਸ਼ੀਆਂ, ਚੁਣਾਵੀ ਰੈਲੀਆਂ ਵਿੱਚ ਪਾਣੀ ਦੀ ਤਰ੍ਹਾਂ ਵਹਾਏ ਜਾਂਦੇ ਪੈਸੇ ਦਾ ਕੋਈ ਹਿਸਾਬ ਹੀ ਨਹੀਂ ਹੈ। ਪਰ ਜਦ ਜਨਤਾ ਦੀ ਗੱਲ ਆਉਂਦੀ ਹੈ ਤਾਂ ਸਾਧਨਾਂ ਦੀ ਕਮੀ ਪੈਦਾ ਹੋ ਜਾਂਦੀ ਹੈ। ਜੇ ਇੰਨੇ ਪੈਸੇ ਅਤੇ ਸਾਧਨਾਂ ਦੀ ਠੀਕ ਤਰ੍ਹਾਂ ਨਾਲ ਵਰਤੋਂ ਕੀਤੀ ਜਾਂਦੀ ਹੈ ਤਾਂ ਕਰੋੜਾਂ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾ ਸਕਦਾ ਹੈ। ਇੰਨਾ ਹੀ ਨਹੀਂ ਹਰ ਸਰਕਾਰੀ ਵਿਭਾਗ ਵਿੱਚ ਵੱਡੇ ਪੈਮਾਨੇ ਤੇ ਅਸਾਮੀਆਂ ਖਾਲੀ ਹਨ। ਪਰ ਇਨ੍ਹਾਂ ਅਸਾਮੀਆਂ ਨੂੰ ਭਰਨ ਦੀ ਬਜਾਏ ਸਾਰਾ ਕੰਮ ਠੇਕੇ ਤੇ ਕਰਵਾਇਆ ਜਾ ਰਿਹਾ ਹੈ ਤੇ ਸਾਰੇ ਸਰਕਾਰੀ ਵਿਭਾਗ ਨਿੱਜੀ ਹੱਥਾਂ ਵਿਚ ਸੌਂਪੇ ਜਾ ਰਹੇ ਹਨ। ਇਨ੍ਹਾਂ ਖਾਲੀ ਅਹੁਦਿਆਂ ਨੂੰ ਭਰਨ ਤੇ ਹੀ ਲੱਖਾਂ ਰੁਜਗਾਰ ਪੈਦਾ ਹੋ ਸਕਦੇ ਹਨ। ਸੈਂਟਰਲ ਵਿਸਟਾ ਪ੍ਰੋਜੈਕਟ ਜਿਸ ਨੂੰ ਜਾਰੀ ਰੱਖਣ ਲਈ ਫਾਸਿਸਟਾਂ ਨੇ ਕਰੋਨਾ ਮਹਾਂਮਾਰੀ ਦੌਰਾਨ ਵਿਸ਼ੇਸ਼ ਕਾਨੂੰਨ ਤੱਕ ਬਣਾ ਦਿੱਤਾ, ਵਿੱਚ ਖਰਚ ਕੀਤੇ ਜਾ ਰਹੇ 20 ਹਜਾਰ ਕਰੋੜ ਰੁਪਏ ਵਿਚ 100 ਕਰੋੜ ਦੀ ਲਾਗਤ ਵਾਲੇ 200 ਸਿਵਲ ਹਸਪਤਾਲ ਬਣਾਏ ਜਾ ਸਕਦੇ ਹਨ ਪਰ ਇਨ੍ਹਾਂ ਸਭ ਗੱਲਾਂ ਤੇ ਪਰਦਾ ਪਾਉਣ ਲਈ ਜਨਸੰਖਿਆ ਦਾ ਹਊਆ ਖੜਾ ਕੀਤਾ ਜਾਂਦਾ ਹੈ। ਦੂਸਰਾ ਸਰਕਾਰ ਇਸ ਬਿੱਲ ਨੂੰ ਲਿਆਉਣ ਪਿੱਛੇ ਇਹ ਮਕਸਦ ਦੱਸ ਰਹੀ ਹੈ ਕਿ ਇਸ ਬਿੱਲ ਦੇ ਮਾਧਿਅਮ ਨਾਲ ਉੱਤਰ ਪ੍ਰਦੇਸ਼ ਵਿਚ ਕੁਲ ਪ੍ਰਜਨਣ ਦਰ (ਟੀਐਫਆਰ) ਨੂੰ 2.1 ਫੀਸਦੀ ਤੇ ਲਿਆਂਦਾ ਜਾਵੇਗਾ। ਟੀਐਫਆਰ 2.1 ਫ਼ੀਸਦੀ ਹੋਣ ਦਾ ਅਰਥ ਹੈ ਜਨਸੰਖਿਆ ਦਾ ਸਥਿਰ ਹੋ ਜਾਣਾ ਪਰ ਸੰਸਾਰ ਬੈਂਕ ਦੇ 2018 ਦੇ ਅੰਕੜਿਆਂ ਦੇ ਹਿਸਾਬ ਨਾਲ ਭਾਰਤ ਦੀ ਪ੍ਰਜਨਣ ਦਰ ਘਟਦੇ ਹੋਏ 2.2 ਤੇ ਪਹੁੰਚ ਗਈ ਹੈ ਅਤੇ ਇਸ ਵਿੱਚ ਵੀ ਉਤਰ ਪ੍ਰਦੇਸ਼ ਵਿੱਚ ਉਸ ਦੇ ਘਟਣ ਦੀ ਦਰ ਪੂਰੇ ਦੇਸ਼ ਦੀ ਔਸਤ ਤੋਂ ਕਿਤੇ ਜ਼ਿਆਦਾ ਹੈ। ਪ੍ਰਜਨਣ ਦਰ ਦਾ 2.1 ਫੀਸਦੀ ਹੋਣਾ ਆਬਾਦੀ ਦੇ ਸਥਿਰ ਹੋਣ ਦਾ ਪੈਮਾਨਾ ਮੰਨਿਆ ਜਾਂਦਾ ਹੈ। ਸਾਫ ਹੈ ਕਿ ਦੇਸ਼ ਦੀ ਆਬਾਦੀ ਆਉਣ ਵਾਲੇ ਸਾਲਾਂ ਵਿੱਚ ਹੋਰ ਘਟੇਗੀ। ਇੰਨਾ ਹੀ ਨਹੀਂ ਇਨ੍ਹਾਂ ਅੰਕੜਿਆਂ ਦੀ ਹੋਰ ਡੂੰਘਾਈ ਨਾਲ ਛਾਣਬੀਣ ਕੀਤੀ ਜਾਵੇ ਤਾਂ ਸੰਘ ਪਰਿਵਾਰ ਦੀ ਮੁਸਲਿਮ ਆਬਾਦੀ ਦੇ ਵਧਣ ਦੇ ਝੂਠੇ ਪ੍ਰਚਾਰ ਦੀ ਵੀ ਪੋਲ ਖੁੱਲ੍ਹ ਕੇ ਸਾਹਮਣੇ ਆ ਜਾਂਦੀ ਹੈ। ਨੈਸ਼ਨਲ ਫੈਮਿਲੀ ਹੈਲਥ ਸਰਵੇ ਦੇ ਅੰਕੜਿਆਂ ਮੁਤਾਬਕ 2005-06 ਤੋਂ 2015-16 ਦੇ ਦਸ ਸਾਲਾਂ ਵਿੱਚ ਜਿੱਥੇ ਹਿੰਦੂ ਆਬਾਦੀ ਦੀ ਟੀਐਫਆਰ ਵਿਚ 0.5 ਫੀਸਦੀ ਦੀ ਕਮੀ ਹੋਈ ਹੈ, ਉੱਥੇ ਮੁਸਲਿਮ ਆਬਾਦੀ ਵਿੱਚ ਇਹ ਕਮੀ 0.8 ਫੀਸਦੀ ਹੈ। ਬਹੁਤ ਸਾਰੇ ਸਰਵੇਖਣਕਰਤਾਵਾਂ ਨੇ ਇਹ ਅਨੁਮਾਨ ਲਾਏ ਹਨ ਕਿ 2071 ਤੱਕ ਹਿੰਦੂ ਤੇ ਮੁਸਲਿਮ ਆਬਾਦੀ ਦੀ ਜਨਸੰਖਿਆ ਵਾਧਾ ਦਰ ਬਰਾਬਰ ਹੋ ਜਾਵੇਗੀ। ਪਰ ਸੰਘ ਪਰਿਵਾਰ ਆਪਣੇ ਆਦਰਸ਼ ਹਿਟਲਰ ਅਤੇ ਮੁਸੋਲਿਨੀ ਵਰਗੇ ਫਾਸ਼ਿਸਟਾਂ ਦੀ ਨਕਸ਼ੇ ਕਦਮ ਤੇ ਚਲਦੇ ਹੋਇਆਂ ਇਸ ਫਾਸ਼ੀਵਾਦੀ ਮਿਥ ਪ੍ਰਚਾਰ ਨੂੰ ਹਵਾ ਦਿੰਦਾ ਆ ਰਿਹਾ ਹੈ। ਅਸਲ ਵਿੱਚ ਆਬਾਦੀ ਨੂੰ ਸਾਰੀਆਂ ਸਮੱਸਿਆਵਾਂ ਦਾ ਕਾਰਨ ਦੱਸ ਕੇ ਲੋਕਾਂ ਦੇ ਸਿਰ ਠੀਕਰਾ ਭੰਨਣ ਦਾ ਕੰਮ ਸਰਮਾਏਦਾਰੀ ਵਿਵਸਥਾ ਵੱਲੋਂ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਹੈ। ਅਠਾਰ੍ਹਵੀਂ ਸਦੀ ਵਿੱਚ ਮਾਲਥਸ ਵੱਲੋਂ ਦਿੱਤੇ ਗਏ ਤਰਕ ਦੀ ਭਰਮ ਫੈਲਾਉਣ ਲਈ ਵਰਤੋਂ ਕੀਤੀ ਜਾਂਦੀ ਹੈ ਕਿ ਵਧਦੀ ਹੋਈ ਆਬਾਦੀ ਦੇ ਅਨੁਪਾਤ ਵਿਚ ਪੈਦਾਵਾਰ ਵਿੱਚ ਹੋਣ ਵਾਲਾ ਵਾਧਾ ਬਹੁਤ ਘੱਟ ਹੁੰਦਾ ਹੈ। ਮਾਲਥਸ ਅਨੁਸਾਰ ਆਬਾਦੀ ਦੋ, ਚਾਰ, ਅੱਠ, ਸੋਲ੍ਹਾਂ ਦੇ ਹਿਸਾਬ ਨਾਲ ਜਾਣੀ ਗੁਣੋਤਰ ਸ਼੍ਰੇਣੀ ਵਿੱਚ ਵਧਦੀ ਹੈ ਜਦ ਕਿ ਸਾਧਨਾਂ ਵਿੱਚ ਵਾਧਾ ਸਮਾਨੰਤਰ ਸ਼੍ਰੇਣੀ ਇੱਕ, ਦੋ, ਤਿੰਨ,ਚਾਰ ਦੇ ਰੂਪ ਵਿੱਚ ਹੁੰਦਾ ਹੈ। ਮਾਲਥਸ ਨੇ ਇਸ ਸਮੱਸਿਆ ਦਾ ਬਹੁਤ ਹੀ ਗੈਰ ਮਨੁੱਖੀ ਹੱਲ ਕੀਤਾ ਸੀ ਜੋ ਕਿ ਅਮੀਰ ਤਬਕਿਆਂ, ਹਾਕਮ ਜਮਾਤਾਂ ਤੇ ਉਹਨਾਂ ਦੇ ਤਲੇ ਚੱਟਣ ਵਾਲੇ ਬੁੱਧੀਜੀਵੀਆਂ ਨੂੰ ਬਹੁਤ ਭਾਉਂਦਾ ਹੈ। ਮਾਲਥਸ ਦਾ ਹੱਲ ਇਹ ਸੀ ਕਿ ਮਹਾਂਮਾਰੀ ਆਦਿ ਨੂੰ ਰੋਕਣਾ ਨਹੀਂ ਚਾਹੀਦਾ ਬਲਕਿ ਮਹਾਂਮਾਰੀਆਂ ਨਾਲ ਹੋਣ ਵਾਲੀ ਆਮ ਲੋਕਾਂ ਦੀਆਂ ਮੌਤਾਂ ਨਾਲ ਸੰਤੁਲਨ ਬਣਿਆ ਰਹੇਗਾ। ਮੌਜੂਦਾ ਫਾਸ਼ੀਵਾਦ ਦੇ ਉਭਾਰ ਦੇ ਦੌਰ ਵਿੱਚ ਇਹ ਤਰਕ ਨਸਲ, ਧਰਮ ਆਦਿ ਦੇ ਨਾਂ ਤੇ ਆਬਾਦੀ ਦੇ ਕਤਲ-ਏ-ਆਮ ਵੱਲ ਲੈ ਜਾਂਦਾ ਹੈ। ਅਸਲ ਵਿੱਚ ਮਾਲਥਸ ਦਾ ਇਹ ਸਿਧਾਂਤ ਅੰਕੜਿਆਂ ਦੀ ਹੇਰਾਫੇਰੀ ਅਤੇ ਝੂਠ ਤੇ ਆਧਾਰਤ ਸੀ। ਮਾਲਥਸ ਨੇ ਆਪਣੇ ਇਸ ਮਾਨਵਧਰੋਹੀ ਸਿਧਾਂਤ ਨੂੰ ਸਹੀ ਸਾਬਤ ਕਰਨ ਲਈ ਆਬਾਦੀ ਵਿੱਚ ਵਾਧੇ ਦਾ ਅੰਕੜਾ ਅਮਰੀਕਾ ਤੋਂ ਲਿਆ ਸੀ ਅਤੇ ਅਨਾਜ ਤੇ ਉਪਜੀਵਿਕਾ ਦੇ ਸਾਧਨਾਂ ਦੇ ਵਾਧੇ ਲਈ ਫਰਾਂਸ ਨੂੰ ਆਧਾਰ ਬਣਾਇਆ ਸੀ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਅਮਰੀਕਾ ਦੀ ਆਬਾਦੀ ਦੇ ਵਧਣ ਦਾ ਕਾਰਨ ਕੁਦਰਤੀ ਨਹੀਂ ਬਲਕਿ ਵੱਡੇ ਪੈਮਾਨੇ ਤੇ ਉੱਥੇ ਪਰਵਾਸੀਆਂ ਦਾ ਆਉਣਾ ਸੀ, ਜਦ ਕਿ ਦੂਜੇ ਪਾਸੇ ਫਰਾਂਸ ਦੇ ਵਸੀਲਿਆਂ ਦੀ ਫਰਾਂਸ ਦੀ ਆਬਾਦੀ ਦੇ ਹਿਸਾਬ ਨਾਲ ਤੁਲਨਾ ਕੀਤੀ ਜਾਵੇ ਤਾਂ ਇਹ ਸਾਹਮਣੇ ਆਉਂਦਾ ਹੈ ਕਿ ਆਬਾਦੀ ਦੇ ਅਨੁਪਾਤ ਵਿੱਚ ਸਾਧਨਾਂ ਚ ਕਿਤੇ ਵੱਧ ਤੇਜ਼ੀ ਨਾਲ ਵਾਧਾ ਹੁੰਦਾ ਰਿਹਾ ਸੀ। ਫਿਰ ਵੀ ਇਸ ਝੂਠ ਨੂੰ ਪੂੰਜੀਵਾਦੀ ਵਿਵਸਥਾ ਦੇ ਪੈਰੋਕਾਰਾਂ ਵੱਲੋਂ ਲਗਾਤਾਰ ਪ੍ਰਚਾਰ ਦਿੱਤਾ ਗਿਆ ਸੀ। ਅੱਜ ਪੂਰੀ ਦੁਨੀਆ ਵਿਚ ਆਬਾਦੀ ਚ ਵਾਧੇ ਦਾ ਇੱਕ ਕਾਰਨ ਗਰੀਬਾਂ ਵਲੋਂ ਜ਼ਿਆਦਾ ਬੱਚੇ ਪੈਦਾ ਕਰਨਾ ਨਹੀਂ,ਬਲਕਿ ਮੌਤ ਦਰ ਵਿੱਚ ਆਉਣ ਵਾਲੀ ਕਮੀ ਹੈ। ਮਿਸਾਲ ਵਜੋਂ 1950-55 ਵਿੱਚ ਦੁਨਿਆਂ ਭਰ ਦਾ ਔਸਤ ਸੰਭਾਵਿਤ ਜੀਵਨ ਤਕਰੀਬਨ 46 ਸਾਲ ਇੱਕ ਹੁੰਦਾ ਸੀ, ਜੋ ਕਿ 2004-05 ਵਿੱਚ 65 ਸਾਲ ਦਾ ਹੋ ਗਿਆ। ਕਈ ਦੇਸ਼ਾਂ ਵਿੱਚ ਆਬਾਦੀ ਵਾਧਾ ਦਰ ਸਿਫ਼ਰ ਤੋਂ ਵੀ ਘੱਟ ਹੈ। ਜਿਸ ਰਫਤਾਰ ਨਾਲ ਆਬਾਦੀ ਲਗਾਤਾਰ ਵਧ ਰਹੀ ਹੈ, ਉਸ ਰਫਤਾਰ ਨਾਲ 2040 ਤੱਕ ਆਬਾਦੀ ਕਰੀਬ 7.6 ਅਰਬ ਤਕ ਪੁੱਜ ਜਾਵੇਗੀ। ਉਸ ਦੇ ਬਾਅਦ ਇਹ ਘਟੇਗੀ ਅਤੇ ਇੱਕੀਵੀਂ ਸਦੀ ਦੇ ਅੰਤ ਵਿੱਚ 5 ਅਰਬ ਰਹਿ ਜਾਵੇਗੀ, ਜਿਸ ਵਿੱਚ ਬੱਚੇ ਅਤੇ ਨੌਜਵਾਨ ਬਹੁਤ ਘੱਟ ਹੋਣਗੇ, ਬਜ਼ੁਰਗਾਂ ਦੀ ਗਿਣਤੀ ਬਹੁਤ ਜ਼ਿਆਦਾ ਹੋਵੇਗੀ। ਅੱਜ ਇਨ੍ਹਾਂ ਕਾਰਨਾਂ ਕਰਕੇ ਜਾਪਾਨ ਅਤੇ ਚੀਨ ਵਰਗੇ ਦੇਸ਼ਾਂ ਵਿੱਚ ਅਬਾਦੀ ਨੀਤੀ ਵਿੱਚ ਬਦਲਾਅ ਕੀਤੇ ਗਏ ਹਨ। ਸੱਚਾਈ ਇਹ ਹੈ ਕਿ ਭੁੱਖਮਰੀ, ਕੁਪੋਸ਼ਣ, ਬੇਰੁਜ਼ਗਾਰੀ, ਗਰੀਬੀ ਸਮੇਤ ਸਾਰੀਆਂ ਸਮੱਸਿਆਵਾਂ ਦਾ ਅਸਲ ਕਾਰਨ ਲੁੱਟ ਅਤੇ ਮੁਨਾਫੇ ਤੇ ਟਿਕੀ ਇਹ ਪੂੰਜੀਵਾਦੀ ਵਿਵਸਥਾ ਹੈ। ਇਸ ਲਈ ਇਨ੍ਹਾਂ ਸਮੱਸਿਆਵਾਂ ਨੂੰ ਹਮੇਸ਼ਾਂ ਲਈ ਖ਼ਤਮ ਕਰਨ ਵਾਸਤੇ ਇਸ ਲੁਟੇਰੀ ਵਿਵਸਥਾ ਨੂੰ ਖ਼ਤਮ ਕਰਕੇ ਇਸ ਦੀ ਥਾਂ ਬਰਾਬਰੀ ਤੇ ਅਧਾਰਤ ਸਮਾਜ ਦਾ ਸੁਪਨਾ ਪੂਰਾ ਕਰਨ ਲਈ ਇੱਕਜੁੱਟ ਹੋਣਾ ਪਵੇਗਾ। ਸਾਨੂੰ ਖਾਸ ਕਰਕੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਨਾ ਸਿਰਫ ਲੋਕਾਂ ਦੇ ਵਿੱਚ ਜਾ ਕੇ ਆਬਾਦੀ ਤੇ ਸੁਆਲ ਤੇ ਫੈਲਾਏ ਜਾ ਰਹੇ ਭਰਮ ਨੂੰ ਸਾਫ ਕਰਨਾ ਚਾਹੀਦਾ ਹੈ ਬਲਕਿ ਜਥੇਬੰਦ ਹੋ ਕੇ ਇਸ ਲੋਕ ਵਿਰੋਧੀ ਬਿੱਲ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਆਪਣੀ ਏਕਤਾ ਦੇ ਦਮ ਤੇ ਬਰਾਬਰ ਸਿੱਖਿਆ, ਸਭ ਨੂੰ ਰੁਜਗਾਰ, ਭੋਜਨ,ਸਿਹਤ ਅਤੇ ਰਿਹਾਇਸ਼ ਦੇ ਬੁਨਿਆਦੀ ਅਧਿਕਾਰਾਂ ਦੇ ਲਈ ਸਰਕਾਰ ਨੂੰ ਮਜਬੂਰ ਕਰਨਾ ਚਾਹੀਦਾ ਹੈ।

(ਕਰਟਸੀ ਆਵਾਹਨ,ਜੁਲਾਈ-ਅਗਸਤ, 21)

## ਕਾਲ਼ੇ ਕਾਨੂੰਨਾਂ ਖਿਲਾਫ਼ ਸਮਾਗਮ

# ਬੁੱਧੀਜੀਵੀਆਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਨ ਦਾ ਸੱਦਾ







ਜਲੰਧਰ, (ਬਲਜਿੰਦਰ ਸਿੰਘ) : ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਮਨੁੱਖੀ ਅਧਿਕਾਰਾਂ ਉਪਰ ਬੋਲੇ ਕਾਲ਼ੇ ਕਾਨੂੰਨਾਂ ਦੇ ਹੱਲੇ ਖ਼ਿਲਾਫ਼ ਅਤੇ ਬੁੱਧੀਜੀਵੀਆਂ ਦੀ ਰਿਹਾਈ ਲਈ ਅੱਜ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸਮਾਗਮ ਕੀਤਾ ਗਿਆ।

ਸਮਾਗਮ ’ਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਕਮੇਟੀ ਮੈਂਬਰ ਸਭਿਆਚਾਰਕ ਵਿੰਗ ਦੇ ਕਨਵੀਨਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਡੈਮੋਕ੍ਰੈਟਿਕ ਲਾਅਰਜ਼ ਐਸੋਸੀਏਸ਼ਨ ਦੇ ਬੁਲਾਰੇ ਐਡਵੋਕੇਟ ਦਲਜੀਤ ਸਿੰਘ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰੈਸ ਸਕੱਤਰ ਬੂਟਾ ਸਿੰਘ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਗਣਤੰਤਰ ਦਿਵਸ ਦੇ ਪੂਰਵ ਸੰਧਿਆ ’ਤੇ ਹੋਏ ਇਸ ਸਮਾਗਮ ਵਿੱਚ ਬੋਲਦਿਆਂ ਲੋਕਾਂ ਲਈ ਹਕੀਕੀ ਆਜ਼ਾਦੀ, ਜਮਹੂਰੀਅਤ, ਬਰਾਬਰੀ, ਨਿਆਂ ਅਤੇ ਭਾਈਚਾਰਕ ਸਾਂਝ ਦੇ ਅਹਿਮ ਸੁਆਲ ਛੋਹੇ। ਬੁਲਾਰਿਆਂ ਨੇ ਕਿਹਾ ਕਿ ਲੋਕਾਂ ਨੂੰ ਆਪਣੀ ਮੁਕਤੀ ਲਈ ਗ਼ਦਰੀ ਬਾਬਿਆਂ ਦੇ ਦਰਸਾਏ ਲੋਕ ਸੰਘਰਸ਼ ਦੇ ਰਾਹ ’ਤੇ ਟੇਕ ਰੱਖ ਕੇ ਚੱਲਣ ਦੀ ਲੋੜ ਹੈ। ਸਮਾਗਮ ’ਚ ਲੋਕਾਂ ਨੇ ਹੱਥ ਖੜ੍ਹੇ ਕਰਕੇ ਪਾਸ ਕੀਤੇ ਮਤਿਆਂ ਰਾਹੀਂ ਮੰਗ ਕੀਤੀ ਕਿ ਕਾਲ਼ੇ ਕਾਨੂੰਨ ਵਾਪਸ ਲਏ ਜਾਣ, ਬੁੱਧੀਜੀਵੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਏ, ਯੂ.ਏ.ਪੀ.ਏ. ਅਸਫ਼ਸਪਾ ਵਰਗੇ ਕਾਲ਼ੇ ਕਾਨੂੰਨ ਰੱਦ ਕੀਤੇ ਜਾਣ, ਜੱਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕੀਤਾ ਜਾਏ ਅਤੇ ਹਰਦੁਆਰ ਵਿਖੇ ਕੀਤੇ ਧਰਮ ਸੰਸਦ ਸੰਮੇਲਨ ਵਰਗੇ ਫ਼ਿਰਕੂ ਪ੍ਰਚਾਰ ਦੇ ਮੁਜ਼ਰਮਾਂ ’ਤੇ ਕਾਰਵਾਈ ਕੀਤੀ ਜਾਏ। ਇਸ ਸਮਾਗਮ ਵਿੱਚ ਵਿਚਾਰ-ਚਰਚਾ ਉਪਰੰਤ ਪੀਪਲਜ਼ ਵਾਇਸ ਵੱਲੋਂ ਆਨੰਦ ਪਟਵਰਧਨ ਦੀ ਫ਼ਿਲਮ ‘ਹਮਾਰਾ ਸ਼ਹਿਰ:ਬੰਬੇ ਆਵਰ ਸਿਟੀ’ ਤੋਂ ਇਲਾਵਾ ਗੌਹਰ ਰਜ਼ਾ ਦੀ ਕਵਿਤਾ ‘ਗਵਾਹੀ ਦੋ’ ਅਤੇ ਪਾਸ਼ ਦੀ ਕਵਿਤਾ ‘ਕੰਡੇ ਦਾ ਜ਼ਖ਼ਮ’ ’ਤੇ ਬਣੀਆਂ ਫ਼ਿਲਮਾਂ ਦਿਖਾਈਆਂ ਗਈਆਂ।ਇਨ੍ਹਾਂ ਗੀਤਾਂ ਤੇ ਫ਼ਿਲਮਾਂ ਨੇ ਦਰਸ਼ਕਾਂ ਉਪਰ ਅਮਿੱਟ ਛਾਪ ਛੱਡੀ ਅਤੇ ਉਨ੍ਹਾਂ ਨੂੰ ਆਪਣੇ ਚੌਗਿਰਦੇ ਵਿੱਚ ਵਾਪਰਦੇ ਨਿੱਤ ਭਿਆਨਕ ਹਾਦਸਿਆਂ ਅਤੇ ਜ਼ਬਰ-ਜ਼ੁਲਮ ਬਾਰੇ ਸੋਚਣ ਲਈ ਝੰਜੋੜ ਕੇ ਰੱਖ ਦਿੱਤਾ। ਡਾ. ਸੁਰਜੀਤ ਜੱਜ, ਸਰਗਮ, ਮਾਨਵਤਾ ਕਲਾ ਮੰਚ ਨਗਰ ਦੀ ਕਲਾਕਾਰ ਨਰਗਿਸ, ਧਰਮਿੰਦਰ ਮਸਾਣੀ ਨੇ ਕਵਿਤਾਵਾਂ ਪੇਸ਼ ਕੀਤੀਆਂ।

ਇਸ ਸਮਾਗਮ ਦੀ ਸਫ਼ਲਤਾ ’ਚ ਪੀਪਲਜ਼ ਵਾਇਸ, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ, ਫੁਲਵਾੜੀ ਕਲਾ ਕੇਂਦਰ ਲੋਹੀਆਂ, ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਪੰਜਾਬ, ਸਾਹਿਤ ਕਲਾ ਕੇਂਦਰ ਜਲੰਧਰ, ਪੰਜਾਬੀ ਲੇਖਕ ਸਭਾ ਰਜਿ ਜਲੰਧਰ, ਸਾਹਿਤਕ/ਸਭਿਆਚਾਰਕ ਮੰਚ ਫੁਲਕਾਰੀ, ਮਾਨਵਵਾਦੀ ਰਚਨਾ ਮੰਚ ਤਰਕਸ਼ੀਲ ਸੁਸਾਇਟੀ ਪੰਜਾਬ ਜਲੰਧਰ, ਜਮਹੂਰੀ ਅਧਿਕਾਰ ਸਭਾ ਪੰਜਾਬ ਜਲੰਧਰ, ਡੈਮੋਕ੍ਰੇਟਿਕ ਲਾਇਰਜ਼ ਐਸੋਸੀਏਸ਼ਨ ਨੇ ਸਹਿਯੋਗ ਲਈ ਮੋਢਾ ਲਾਇਆ।

ਇਸ ਮੌਕੇ ’ਤੇ ਕਮੇਟੀ ਦੇ ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਹਰਮੇਸ਼ ਮਾਲੜੀ ਤੋਂ ਇਲਾਵਾ ਪਲਸ ਮੰਚ ਸੂਬਾ ਕਮੇਟੀ ਮੈਂਬਰ ਜਸਵਿੰਦਰ ਪੱਪੀ, ਤਰਕਸ਼ੀਲ ਆਗੂ ਸੁਖਦੇਵ ਫਗਵਾੜਾ, ਸੁਖਵਿੰਦਰ ਬਾਗਪੁਰ, ਕਿਸਾਨ ਆਗੂ ਸ਼ਿੰਗਾਰਾ ਸਿੰਘ, ਗਿਆਨ ਸੈਦਪੁਰੀ, ਕਸ਼ਮੀਰ ਘੁੱਗਸ਼ੋਰ ਹਾਜ਼ਰ ਸਨ। ਕਨਵੈਨਸ਼ਨ ’ਚ ਮੰਚ ਸੰਚਾਲਕ ਦੀ ਭੂਮਿਕਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਿਭਾਈ।



NEW SERVICE BY CARE INC
CARE AUDIOLOGY
Calgary 403-605-6300
ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ
ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

‘ਕੇਅਰ ਇੰਕ’
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal Health Insurance



Harvinder Singh
587-574-0029
harvinder.h.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਬੀਕੇਯੂ ਏਕਤਾ ਡਕੌਂਦਾ ਦੀ ਜੁਝਾਰ ਰੈਲੀ: ਨਾ-ਖੁਸ਼ਗਵਾਰ ਮੌਸਮ ’ਚ ਵੀ ਠਾਠਾਂ ਮਾਰਦੇ ਇਕੱਠ ਵੱਲੋਂ ਅਥਾਹ ਜੋਸ਼ ਦਾ ਪ੍ਰਗਟਾਵਾ

* ਮੰਗਾਂ: ਕਿਸਾਨਾਂ-ਮਜ਼ਦੂਰਾਂ ਦੀ ਕਰਜਾ-ਮੁਕਤੀ; ਐਮਐਸਪੀ ਲਈ ਗਾਰੰਟੀ ਕਾਨੂੰਨ; ਖਰਾਬ ਫਸਲਾਂ ਦਾ ਪੂਰਾ ਮੁਆਵਜਾ; ਲਖੀਮਪੁਰ ਕਾਂਡ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ; ਪੁਲਿਸ ਕੇਸ ਰੱਦ ਕਰਨ ਅਤੇ ਸ਼ਹੀਦ ਕਿਸਾਨ ਪ੍ਰਵਾਰਾਂ ਲਈ ਨੌਕਰੀ ਤੇ ਮੁਆਵਜ਼ੇ ਦੀਆਂ ਮੰਗਾਂ ਉਭਾਰੀਆਂ।

* ਮੋਦੀ ਹਕੂਮਤ ਦੀ ਵਾਅਦਾ-ਖਿਲਾਫੀ ਵਿਰੁੱਧ ਜਲਦ ਮੀਟਿੰਗ ਕਰਕੇ ਸਾਂਝੇ ਠੋਸ ਸੰਘਰਸ ਦਾ ਐਲਾਨ ਕੀਤਾ ਜਾਵੇਗਾ

* ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਨਾਲ ਨਹੀਂ ਸਰਨਾ; ਖੇਤੀ ਨੂੰ ਲਾਹੇਵੰਦਾ ਕਿੱਤਾ ਬਣਾਉਣ ਤੱਕ ਸੰਘਰਸ਼ ਜਾਰੀ ਰੱਖਾਂਗੇ: ਬੂਟਾ ਸਿੰਘ ਬੁਰਜਗਿੱਲ

* ਚੋਣਾਂ ਦੇ ਘੜਮੱਸ ’ਚ ਅੰਦੋਲਨ ਦੀਆਂ ਬਾਕੀ ਮੰਗਾਂ ਨਾ ਵਿਸਾਰੋ; ਜਥੇਬੰਦਕ ਏਕੇ ਨੂੰ ਬਚਾਉਣ ਅਤੇ ਹੋਰ ਵਿਸ਼ਾਲ ਕਰਨ ਦੀ ਲੋੜ: ਜਗਮੋਹਨ ਉਪਲ

* ਕਿਸਾਨ ਦੀ ਦੁਰਦਸ਼ਾ ਲਈ ਕੇਂਦਰ ਦੇ ਨਾਲ ਸੂਬਾ ਸਰਕਾਰਾਂ ਵੀ ਜਿੰਮੇਵਾਰ; ਦੋਵਾਂ ਖਿਲਾਫ ਸਾਡੀ ਲੜਾਈ ਜਾਰੀ ਰਹੇਗੀ : ਮਨਜੀਤ ਧਨੇਰ

ਚੰਡੀਗੜ੍ਹ : 21 ਜਨਵਰੀ, 2021








ਭਾਰਤੀ ਕਿਸਾਨ ਯੂਨੀਅਨ-ਏਕਤਾ(ਡਕੌਂਦਾ) ਵੱਲੋਂ ਕੇਂਦਰ ਅਤੇ ਸੂਬੇ ਨਾਲ ਸਬੰਧਿਤ ਕਿਸਾਨੀ ਮੰਗਾਂ ਨੂੰ ਲੈ ਕੇ ਅੱਜ ਬਰਨਾਲਾ ਦੀ ਦਾਣਾ ਮੰਡੀ ਵਿੱਚ ਅੱਜ ‘ਜੁਝਾਰ ਰੈਲੀ’ ਦੇ ਨਾਂਅ ਹੇਠ ਕਿਸਾਨਾਂ ਤੇ ਮਜ਼ਦੂਰਾਂ ਦਾ ਵਿਸ਼ਾਲ ਇਕੱਠ ਕੀਤਾ ਗਿਆ। ਬੇਹੱਦ ਨਾਖੁਸ਼ਗਵਾਰ ਮੌਸਮ ਦੇ ਬਾਵਜੂਦ ਪੰਜਾਬ ਦੇ ਕੋਨੇ ਕੋਨੇ ’ ਚੋਂ ਪਹੁੰਚਿਆ ਦਹਿ ਹਜ਼ਾਰਾਂ ਮਰਦ ਔਰਤਾਂ ਦਾ ਜੋਸ਼ੀਲੇ ਨਾਹਰੇ ਮਾਰਦਾ ਇਕੱਠ ਕੜਾਕੇ ਦੀ ਠੰਢ ਵਿੱਚ ਵੀ ਮਾਹੌਲ ਦੇ ਗਰਮ ਹੋਣ ਦਾ ਅਹਿਸਾਸ ਕਰਵਾ ਰਿਹਾ ਸੀ। ਕਿਸਾਨ ਅੰਦੋਲਨ ਦੇ ਸ਼ਹੀਦਾਂ ਨੂੰ ਭਾਵਭਿੰਨੀ ਸ਼ਰਧਾਂਜਲੀ ਭੇਟ ਕਰਨ ਲਈ, ਜਥੇਬੰਦੀ ਦਾ ਝੰਡਾ ਨਿਵਾ ਕੇ ਸ਼ਰਧਾਂਜਲੀ ਗੀਤ ਗਾਇਆ ਗਿਆ।

ਰੈਲੀ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ(ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜ਼ਗਿੱਲ ਨੇ ਕਿਸਾਨਾਂ ਨੂੰ ਤਿੰਨ ਕਾਲੇ ਖੇਤੀ ਕਾਨੂੰਨ ਰੱਦ ਕਰਵਾਉਣ ਦੀ ਲਾਸਾਨੀ ਜਿੱਤ ਦੀ ਵਧਾਈ ਦਿੰਦਿਆਂ ਕਿਹਾ ਕਿ ਅਸੀਂ ਅਜੇ ਲੜਾਈ ਦਾ ਇੱਕ ਪੜਾ ਜਿੱਤਿਆ ਹੈ। ਖੇਤੀ ਨੂੰ ਲਾਹੇਵੰਦਾ ਕਿੱਤੇ ਬਣਾਉਣ ਦਾ ਬਹੁਤ ਲੰਬਾ ਤੇ ਕਠਿਨ ਯੁੱਧ ਸਾਡੇ ਸਾਹਮਣੇ ਹੈ। ਇਸ ਯੁੱਧ ਨੂੰ ਜਿੱਤੇ ਬਗੈਰ ਸਾਡੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਹੋਣਾ। ਅੱਜ ਅਸੀਂ ਇਸੇ ਯੁੱਧ ਨੂੰ ਹੋਰ ਵੀ ਵਧੇਰੇ ਜੋਸ਼ ਤੇ ਹੋਸ਼ ਨਾਲ ਜਾਰੀ ਰੱਖਣ ਦਾ ਅਹਿਦ ਕਰਨ ਲਈ ਹੀ ਇੱਥੇ, ਸੰਗਰਾਮਾਂ ਦੀ ਧਰਤੀ ਬਰਨਾਲਾ ਵਿਖੇ ਇਕੱਠੇ ਹੋਏ ਹਾਂ।

ਯੂਨੀਅਨ ਦੇ ਜਨਰਲ ਸਕੱਤਰ ਜਗਮੋਹਨ ਉਪਲ ਨੇ ਕਿਹਾ ਕਿ ਅੱਜਕਲ੍ਹ ਪੰਜਾਬ ਵਿੱਚ ਚੋਣਾਂ ਦਾ ਘੜਮੱਸ ਹੈ ਪਰ ਸਾਨੂੰ ਇਸ ਮਾਹੌਲ ਵਿਚ ਵੀ ਆਪਣੇ ਅਸਲੀ ਨਿਸ਼ਾਨੇ ਨੂੰ ਵਿਸਾਰਨਾ ਨਹੀਂ ਚਾਹੀਦਾ। ਕਿਸਾਨ ਅੰਦੋਲਨ ਦੀਆਂ ਅਜੇ ਕਈ ਮੰਗਾਂ ਬਾਕੀ ਹਨ ਜਿਨ੍ਹਾਂ ਲਈ ਸੰਯੁਕਤ ਕਿਸਾਨ ਮੋਰਚੇ ਨੇ 31 ਜਨਵਰੀ ਨੂੰ ਵਾਅਦਾ-ਖਿਲਾਫੀ ਵਜੋਂ ਮਨਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਨੇ ਉਸ ਦਿਨ ਸਵੇਰੇ ਜਿਲ੍ਹਾ ਹੈਡਕੁਆਰਟਰਾਂ ’ਤੇ ਰੋਹ- ਭਰਪੂਰ ਮੁਜ਼ਾਹਰੇ ਕਰਨ ਦਾ ਹੋਕਾ ਦਿੱਤਾ।

ਯੂਨੀਅਨ ਦੇ ਸੀਨੀਅਰ ਮੀਤ ਪ੍ਰਧਾਨ ਮਨਜੀਤ ਧਨੇਰ ਨੇ ਆਪਣੇ ਜ਼ੋਸੀਲੇ ਭਾਸ਼ਨ ਰਾਹੀਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਉਹ ਆਪਣੇ ਵਾਅਦੇ ਅਨੁਸਾਰ ਕਿਸਾਨਾਂ-ਮਜ਼ਦੂਰਾਂ ਦੇ ਸਾਰੇ ਕਰਜੇ ਮਾਫ ਕਰੇ ਵਰਨਾ ਕਿਸਾਨਾਂ ਦੇ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨ ਲਈ ਤਿਆਰ ਰਹੇ। ਸਾਡੀ ਦੁਰਦਸ਼ਾ ਲਈ ਕੇਂਦਰ ਦੇ ਨਾਲ ਨਾਲ ਸੂਬਾ ਸਰਕਾਰ ਵੀ ਜਿੰਮੇਵਾਰ ਹੈ। ਜੇਕਰ ਪੰਜਾਬ ਸਰਕਾਰ ਸਾਡੀ ਗੱਲ ਨਹੀਂ ਸੁਣਦੀ ਤਾਂ ਦਿੱਲੀ ਦੀ ਇਤਿਹਾਸਕ ਜਿੱਤ ਤੋਂ ਬਾਅਦ ਸਾਡੇ ਬੁਲੰਦ ਹੋਏ ਹੌਂਸਲੇ ਹੁਣ ਸੂਬਾ ਸਰਕਾਰ ਦੀ ਨੀਂਦ ਹਰਾਮ ਕਰਨਗੇ। ਅੱਜ ਦਾ ਲਾਮਿਸਾਲ ਇਕੱਠ ਇਸੇ ਗੱਲ ਦੀ ਗਵਾਹੀ ਭਰਦਾ ਹੈ।

ਦੂਸਰੇ ਸੂਬਾਈ ਆਗੂਆਂ ਗੁਰਦੀਪ ਸਿੰਘ ਰਾਮਪੁਰਾ, ਗੁਰਮੀਤ ਸਿੰਘ ਭੱਟੀਵਾਲ, ਰਾਮ ਸਿੰਘ ਮਟੌਰਡਾ, ਬਲਵੰਤ ਸਿੰਘ ਉਪਲੀ, ਕੁਲਵੰਤ ਸਿੰਘ ਕਿਸ਼ਨਗੜ, ਤੇ ਲੱਛਮਣ ਭਾਗੀਵਾਂਦਰ ਅਤੇ ਔਰਤ ਆਗੂਆਂ ਬਲਜੀਤ ਕੌਰ ਕਾਤਰੋਂ, ਸੀਰਾ ਮਹੰਤ ਬਠਿੰਡਾ, ਐਡਵੋਕੇਟ ਬਲਵੀਰ ਕੌਰ ਮਾਨਸਾ ਅਤੇ ਅਮਰਜੀਤ ਕੌਰ ਬਰਨਾਲਾ ਨੇ ਉਪਰੋਕਤ ਮੰਗਾਂ ਤੋਂ ਇਲਾਵਾ ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਵਾਉਣ, ਬਿਜਲੀ ਐਕਟ 2020 ਰੱਦ ਕਰਾਉਣ, ਪ੍ਰਦੂਸ਼ਣ ਐਕਟ ਚੋਂ ਕਿਸਾਨ ਮਦ ਖਤਮ ਕਰਾਉਣ, ਜਨਤਕ ਵੰਡ ਪ੍ਰਣਾਲੀ ਪ੍ਰਬੰਧ ਨੂੰ ਮਜਬੂਤ ਕਰਨ ਆਦਿ ਹੋਰ ਵੀ ਉਭਾਰਿਆ।

ਯੂਨੀਅਨ ਦੇ ਜਿਲ੍ਹਾ ਪ੍ਰਧਾਨਾਂ ਦਰਸ਼ਨ ਸਿੰਘ ਉਗੋਕੇ ਬਰਨਾਲਾ, ਬਲਦੇਵ ਸਿੰਘ ਭਾਈਰੂਪਾ ਬਠਿੰਡਾ,ਕਰਮ ਸਿੰਘ ਬਲਿਆਲ ਸੰਗਰੂਰ,ਗੁਰਮੇਲ ਸਿੰਘ ਢੱਕਡੱਬਾ ਪਟਿਆਲਾ,ਅੰਗਰੇਜ਼ ਸਿੰਘ ਮੋਹਾਲੀ, ਧਰਮਪਾਲ ਸਿੰਘ ਰੋੜੀਕਪੂਰਾ ਫਰੀਦਕੋਟ, ਹਰਨੇਕ ਸਿੰਘ ਮਹਿਮਾ ਫਿਰੋਜ਼ਪੁਰ, ਹਰੀਸ਼ ਨੱਢਾ ਫਾਜਲਿਕਾ, ਮਹਿੰਦਰ ਸਿੰਘ ਦਿਆਲਪੁਰਾ ਮਾਨਸਾ, ਸੁਖਚੈਨ ਸਿੰਘ ਰਾਜੂ ਮੋਗਾ, ਮਹਿੰਦਰ ਸਿੰਘ ਕਮਾਲਪੁਰਾ ਲੁਧਿਆਣਾ ਤੇ ਪਰਵਿੰਦਰ ਸਿੰਘ ਪੰਨੀਵਾਲ ਮੁਕਤਸਰ ਨੇ ਕਿਹਾ ਕਿ ਕਿਸਾਨ ਅੰਦੋਲਨ ਨੇ ਕਿਰਤੀਆਂ ਨੂੰ ਉਨਾਂ ਦੇ ਅਸਲ ਦੁਸ਼ਮਣ ਦੀ ਪਛਾਣ ਕਰਵਾ ਦਿੱਤੀ ਹੈ। ਸਾਮਰਾਜੀ ਕਾਰਪੋਰੇਟ ਜਗਤ ਦੀ ਅੰਨੀ ਲੁੱਟ ਖਿਲਾਫ ਹੁਣ ਕਿਸਾਨ ਇਕ ਵੇਰ ਫਿਰ ਦੇਸ਼ ਦੀਆਂ ਸੜਕਾਂ ਤੇ ਆਰ ਪਾਰ ਦੀ ਲੜਾਈ ਲੜਨ ਦੇ ਮੂਡ ’ਚ ਹਨ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਇਹ ਸਮਝ ਆ ਚੁੱਕੀ ਹੈ ਕਿ ਭਾਵੇਂ ਦੇਸ਼ ’ਤੇ ਰਾਜ ਮੋਦੀ ਕਰੇ ਜਾਂ ਸੋਨੀਆ,ਦੇਸ਼ ਦੇ ਅਰਥਚਾਰੇ ਨੂੰ ਚਲਾਉਣ ਵਾਲੀਆਂ ਆਰਥਿਕ ਤੇ ਸਨਅਤੀ ਨੀਤੀਆਂ ਦੀ ਚਾਬੀ ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਫੰਡ, ਸੰਸਾਰ ਵਪਾਰ ਸੰਸਥਾ ਦੇ ਹੱਥਾਂ ’ਚ ਹੀ ਰਹਿੰਦੀ ਹੈ। ਸੰਸਾਰ ਦੀਆਂ ਸੱਤ ਮਹਾਂ ਸ਼ਕਤੀਆਂ ਪੂਰੇ ਸੰਸਾਰ ਦੀ ਲੁੱਟ ਕਰਦੀਆਂ ਹਨ। ਨਿਜੀਕਰਨ ,ਉਦਾਰੀਕਰਨ ਤੇ ਖੁਲੀ ਮੰਡੀ ਦੀਆਂ ਸਾਮਰਾਜੀ ਨੀਤੀਆਂ ਤਹਿਤ ਪਹਿਲਾਂ ਕਾਂਗਰਸ ਹਾਕਮਾਂ ਨੇ ਅਤੇ ਹੁਣ ਭਾਜਪਾਈ ਹਾਕਮਾਂ ਨੇ ਦੇਸ਼ ਦੇ ਸਮੁੱਚੇ ਪਬਲਿਕ ਸੈਕਟਰ ਨੂੰ ਸੇਲ ’ਤੇ ਲਾ ਕੇ ਨੀਲਾਮ ਕਰ ਦਿੱਤਾ ਹੈ। ਖੇਤੀ ਸੈਕਟਰ ’ਤੇ ਕਬਜਾ ਕਰਨ ਲਈ ਦੇਸੀ ਵਿਦੇਸ਼ੀ ਸਰਮਾਏਦਾਰ ਲੁਟੇਰੇ ਇਹ ਕਾਲੇ ਕਨੂੰਨ ਲਿਆਏ ਸਨ ਜਿਨਾਂ ਨੂੰ ਦੇਸ਼ ਦੇ ਕਿਸਾਨਾਂ ਨੇ ਲੰਬਾ,ਜਾਨਦਾਰ ਤੇ ਸਿਰੜੀ ਘੋਲ ਲੜ ਕੇ ਰੱਦ ਕਰਵਾਇਆ ਹੈ। ਅੱਜ ਦੀ ਰੈਲੀ ਇਨਾਂ ਸਾਮਰਾਜੀ ਨੀਤੀਆਂ ਖਿਲਾਫ ਸੰਘਰਸ਼ ਨੂੰ ਹੋਰ ਪ੍ਰਚੰਡ ਕਰਨ ਦਾ ਅਹਿਦ ਕਰਨ ਲਈ ਕੀਤੀ ਜਾ ਰਹੀ ਹੈ।

ਸਟੇਜ ਸਕੱਤਰ ਵੱਲੋਂ ਪੇਸ਼ ਕੀਤੇ ਹੇਠ ਲਿਖੇ ਮਤਿਆਂ ਨੂੰ ਜ਼ੋਸੀਲੇ ਨਾਹਰਿਆਂ ਨਾਲ ਪ੍ਰਵਾਨਗੀ ਦਿੱਤੀ ਗਈ:

ਮਤੇ:

- ਮੋਦੀ ਹਕੂਮਤ ਨੇ ਐਮਐਸਪੀ ਦੀ ਗਰੰਟੀ ਕਰਨ ਲਈ ਖੇਤੀ ਮਾਹਿਰਾਂ, ਕੇਂਦਰੀ ਸਰਕਾਰ ਦੇ ਨੁਮਾਇੰਦਿਆਂ ਅਤੇ ਸੰਯੁਕਤ ਕਿਸਾਨ ਮੋਰਚੇ ਦੇ ਨੁਮਾਇੰਦਿਆਂ ਦੀ ਸਾਂਝੀ ਕਮੇਟੀ ਬਨਾਉਣ ਦਾ ਲਿਖਤੀ ਵਾਅਦਾ ਕੀਤਾ ਸੀ। ਅੱਜ ਦਾ ਇਕੱਠ ਇਸ ਕਮੇਟੀ ਦੇ ਤੁਰੰਤ ਗਠਨ ਦੀ ਜ਼ੋਰਦਾਰ ਮੰਗ ਕਰਦਾ ਹੈ ।

- ਅੱਜ ਦਾ ਇਕੱਠ ਕਿਸਾਨਾਂ ਸਿਰ ਮੜ੍ਹੇ ਝੂਠੇ ਪੁਲਿਸ ਕੇਸ ਰੱਦ ਕਰਨ ਅਤੇ ਲਖੀਮਪੁਰ ਕਤਲ ਕਾਂਡ ਦੇ ਮੁੱਖ ਸਾਜਿਸ ਘਾੜੇ ਅਜੈ ਮਿਸ਼ਰਾ ਟੈਨੀ ਨੂੰ ਕੇਂਦਰੀ ਮੰਤਰੀ ਮੰਡਲ ਵਿੱਚੋਂ ਤੁਰੰਤ ਬਰਖਾਸਤ ਕਰਨ ਮੰਗ ਕਰ ਕਰਦਾ ਹੈ।

-ਅੱਜ ਦਾ ਇਕੱਠ ਦੇਸ਼ ਭਰ ਦੀਆਂ ਜੇਲਾਂ ਵਿੱਚ ਤਿੰਨ ਸਾਲ ਤੋਂ ਯੂਏਪੀਏ ਧਾਰਾ ਤਹਿਤ ਬੰਦ ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ ਨੂੰ ਬਿਨ੍ਹਾਂ ਸ਼ਰਤ ਰਿਹਾਅ ਕਰਨ ਅਤੇ ਯੂਏਪੀਏ ਅਤੇ ਅਫਸਪਾ ਜਿਹੇ ਕਾਲੇ ਕਾਨੂੰਨ ਰੱਦ ਕਰਨ ਦੀ ਮੰਗ ਕਰਦਾ ਹੈ।

-ਅੱਜ ਦਾ ਇਕੱਠ ਕਿਸਾਨਾਂ-ਮਜਦੂਰਾਂ ਸਿਰ ਚੜ੍ਹੇ ਹਰ ਕਿਸਮ ਦੇ ਕਰਜੇ ਪੂਰੀ ਤਰ੍ਹਾਂ ਰੱਦ ਕਰਨ ਦੀ ਜੋਰਦਾਰ ਮੰਗ ਕਰਦਾ ਹੈ।

-ਅੱਜ ਦਾ ਇਕੱਠ ਮਜਦੂਰ ਵਰਗ ’ਤੇ ਠੋਸੇ ਕਾਲੇ ਕਿਰਤ ਕਾਨੂੰਨ ਰੱਦ ਕਰਨ ਦੀ ਮੰਗ ਕਰਦਾ ਹੈ ਅਤੇ ਮਜਦੂਰ ਵਰਗ ਵੱਲੋਂ 23-24 ਫਰਬਰੀ ਦੀ ਕੀਤੀ ਜਾ ਰਹੀ ਦੇਸ਼ ਵਿਆਪੀ ਹੜਤਾਲ ਦੀ ਜੋਰਦਾਰ ਹਮਾਇਤ ਕਰਨ ਦਾ ਐਲਾਨ ਕਰਦਾ ਹੈ।

-ਅੱਜ ਦਾ ਇਕੱਠ ਭਾਜਪਾ-ਆਰਐਸਐਸ ਦੀ ਗਿਣੀ ਮਿਥੀ ਸਾਜਿਸ ਤਹਿਤ ਧਰਮ ਸਾਂਸਦ ਦੀ ਆੜ ਹੇਠ ਘੱਟ ਗਿਣਤੀ ਮੁਸਲਿਮ ਭਾਈਚਾਰੇ ਖਿਲਾਫ ਜਹਿਰ ਉਗਲਣ ਵਾਲੇ ਦੋਸ਼ੀਆਂ ਨੂੰ ਸਖਤ ਸਜਾਵਾਂ ਦੇਣ ਦੀ ਜੋਰਦਾਰ ਮੰਗ ਕਰਦਾ ਹੈ।

-ਅੱਜ ਦੀ ਜੁਝਾਰ ਰੈਲੀ ਸੂਬੇ ਭਰ ’ਚ ਪੱਕੇ ਰੁਜਗਾਰ ਅਤੇ ਪੁਰਾਣੀ ਪੈਨਸਨ ਬਹਾਲੀ ਲਈ ਸੰਘਰਸ ਕਰ ਰਹੇ ਕਾਮਿਆਂ ਦੇ ਸੰਘਰਸ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕਰਕੇ ਉਨ੍ਹਾਂ ਦੀਆਂ ਮੰਗਾਂ ਮੰਨਣ ਦੀ ਜੋਰਦਾਰ ਮੰਗ ਕਰਦੀ ਹੈ।

-ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨ-ਮਜਦੂਰਾਂ ਦੇ ਆਸ਼ਰਿਤ ਪਰਿਵਾਰਾਂ ਲਈ ਮੁਆਵਜਾ, ਸਰਕਾਰੀ ਨੌਕਰੀ ਅਤੇ ਸਮੁੱਚਾ ਕਰਜਾ ਖਤਮ ਕਰਨ ਦੀ ਮੰਗ ਕਰਦੀ ਹੈ।


-ਅੱਜ ਦੀ ਜੁਝਾਰ ਰੈਲੀ ਸੂਬੇ ਭਰ’ਚ ਪੇਂਡੂ/ਖੇਤ ਮਜਦੂਰਾਂ ਵੱਲੋਂ ਆਪਣੀਆਂ ਹੱਕੀ ਮੰਗਾਂ ਲਈ ਚਲਾਏ ਜਾ ਰਹੇ ਸੰਘਰਸ ਦੀ ਹਮਾਇਤ ਕਰਦੀ ਹੋਈ ਸਮੂਹ ਪਿੰਡ ਇਕਾਈਆਂ ਨੂੰ ਇਸ ਕਿਰਤੀ ਵਰਗ ਨੂੰ ਜਥੇਬੰਦ ਹੋਣ ਵਿੱਚ ਸਹਿਯੋਗ ਕਰਨ ਦੀ ਅਪੀਲ ਕਰਦੀ ਹੈ।

-ਅੱਜ ਦੀ ਜੁਝਾਰ ਰੈਲੀ ਕੇਂਦਰ ਸਰਕਾਰ ਵੱਲੋਂ ਆਮ ਲੋਕਾਂ ਕੋਲੋਂ ਸਿੱਖਿਆ ਦਾ ਹੱਕ ਖੋਹਣ ਲਈ ਜਬਰੀ ਥੋਪੀ ਨਵੀਂ ਸਿੱਖਿਆ ਨੀਤੀ-2020 ਰੱਦ ਕਰਨ ਦੀ ਮੰਗ ਕਰਦੀ ਹੈ।

-ਅੱਜ ਦੀ ਜੁਝਾਰ ਰੈਲੀ ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਜਨਤਕ ਖੇਤਰ ਦੇ ਅਦਾਰਿਆਂ ਨੂੰ ਕੌਡੀਆਂ ਦੇ ਭਾਅ ਦੇਸੀ-ਬਦੇਸ਼ੀ ਘਰਾਣਿਆਂ ਨੂੰ ਸੌਂਪਣ ਦਾ ਸਖਤ ਵਿਰੋਧ ਕਰਦੀ ਹੈ।

-ਅੱਜ ਦੀ ਜੁਝਾਰ ਰੈਲੀ ਭਾਰਤੀ ਹਾਕਮਾਂ ਨੂੰ ਸਾਮਰਾਜੀ ਮੁਲਕਾਂ ਦੀ ਪਤੀਨਿਧ ਲੁਟੇਰੀ ਵਿਸ਼ਵ ਵਪਾਰ ਸੰਸਥਾ ਵਿੱਚੋਂ ਬਾਹਰ ਆਉਣ ਦੀ ਜੋਰਦਾਰ ਮੰਗ ਕਰਦੀ ਹੈ।








# ਔਰਤਾਂ ਦੀਆਂ ਖੁਦਕਸ਼ੀਆਂ





ਡਾ. ਬਲਜਿੰਦਰ
94170-79720
singh.drbaljinder@gmail.com

ਅਕਸਰ ਹੀ ਕਿਸੇ ਦੀ ਅਚਨਚੇਤੀ ਮੌਤ ਹੋ ਜਾਣਨ ਦੀ ਹਾਲਤ 'ਚ ਇਹ ਸੁਣਨ ਨੂੰ ਮਿਲਦਾ ਹੈ ਕਿ ਫਲਾਂ-ਫਲਾਂ ਮੁੰਡੇ(ਕੁੜੀ-ਬੰਦੇ-ਔਰਤ) ਨੂੰ 'ਟੈਕ ਆ ਗਿਆ। ਦੱਸਣ ਵਾਲਾ ਵੀ ਡਰਿਆ-ਤ੍ਰਭਕਿਆ ਹੁੰਦਾ ਹੈ ਅਤੇ ਕਈ ਹਾਲਤਾਂ 'ਚ ਤਾਂ ਸੁਣਨ ਵਾਲਾ ਵੀ ਮੌਤ ਦੀ ਅਜਿਹੀ ਖਬਰ ਸੁਣ ਕੇ ਡੌਰ-ਭੌਰ ਹੋ ਕੇ ਰਹਿ ਜਾਂਦਾ ਹੈ। ਅਜਿਹੇ ਮਾਮਲਿਆਂ 'ਚ ਅਕਸਰ ਹੀ ਮੌਤ ਦਾ ਕਾਰਨ ਕੋਈ ਹੋਰ ਨਹੀਂ ਬਲਕਿ ਖੁਦਕਸੀ ਹੁੰਦਾ ਹੈ।

ਖੁਦਕਸ਼ੀਆਂ ਅਤੇ ਖਾਸਕਰ ਔਰਤਾਂ ਦੀਆਂ ਖੁਦਕੁਸੀਆਂ ਸੰਬੰਧੀ ਕੁੱਝ ਅੰਕੜੇ ਹਾਲੀਆ ਹੀ ਸਰਕਾਰ ਨੇ ਰਿਲੀਜ਼ ਕੀਤੇ ਹਨ। ਨੈਸਨਲ ਕਰਾਈਮ ਰਿਕਾਰਡ ਬਿਊਰੋ ਵੱਲੋਂ ਜਾਰੀ ਕੀਤੀ ਰਿਪੋਰਟ 'ਚ ਦੱਸਿਆ ਗਿਆ ਹੈ ਕਿ ਪਿਛਲੇ ਵਰ੍ਹੇ 22372 ਔਰਤਾਂ ਨੇ ਖੁਦਕੁਸ਼ੀਆਂ ਕੀਤੀਆਂ ਹਨ ਯਾਨੀ ਕਿ ਹਰ ਰੋਜ 61 ਜਾਂ ਫਿਰ ਇਸਨੂੰ ਇਓਂ ਕਿਹਾ ਜਾ ਸਕਦਾ ਹੈ ਕਿ ਹਰ ਪੱਚੀ ਮਿੰਟਾਂ ਬਾਦ ਕੋਈ ਔਰਤ ਆਪਣੇ ਆਪ ਦੀ ਲੀਲ੍ਹਾ ਖਤਮ ਕਰ ਲੈਂਦੀ ਹੈ। 2020 ਦੀ ਰਿਪੋਰਟ ਅਨੁਸਾਰ ਮੁਲਕ ਅੰਦਰ ਕੁੱਲ ਹੋਈਆਂ 153052 ਖੁਦਕੁਸੀਆਂ 'ਚੋਂ ਘਰਾਂ ਅੰਦਰ ਰਹਿਣ ਵਾਲੀਆਂ ਸੁਆਣੀਆਂ ਦੀ ਤਾਦਾਦ 14.6% ਸੀ ਅਤੇ ਇਹ ਹਰ ਵਰ੍ਹੇ ਖੁਦਕੁਸੀ ਕਰਨ ਵਾਲੀਆਂ 20,000 ਔਰਤਾਂ ਦਾ 50% ਬਣਦਾ ਹੈ।

ਖੁਦਕੁਸ਼ੀਆਂ ਦੇ ਮਾਮਲੇ 'ਚ ਭਾਰਤਆਲਮੀ ਪੱਧਰ 'ਤੇ ਅੱਗੇ ਹੈ। ਕੁੱਲ ਸੰਸਾਰ 'ਚ ਹੋਣ ਵਾਲੀਆਂ ਖੁਦਕੁਸੀਆਂ 'ਚੋ ਭਾਰਤੀ ਮਰਦਾਂ ਦੀ ਗਿਣਤੀ ਇੱਕ ਚੌਥਾਈ ਬਣਦੀ ਹੈ ਜਦਕਿ 15-39 ਸਾਲ ਦੇ ਲੋਕਾਂ ਦੀਆਂ ਹੋਣ ਵਾਲੀਆਂ ਖੁਦਕਸੀਆਂ 'ਚੋਂ ਭਾਰਤੀ ਔਰਤਾਂ ਦੀ ਗਿਣਤੀ 36% ਬਣਦੀ ਹੈ।

ਇਹ ਉਸ ਸਮੇਂ ਵਾਪਰ ਰਿਹਾ ਹੈ ਜਦੋਂ ਯੂਐਨਓ ਨੇ 2030 ਤੱਕ ਆਲਮੀ ਪੱਧਰ 'ਤੇ ਹੀ ਖੁਦਕਸੀਆਂ ਦੀ ਦਰ ਨੂੰ ਘੱਟ ਕਰਨ ਦਾ ਟੀਚਾ ਮਿਥਿਆ ਹੋਇਆ ਹੈ। ਪਰ ਸਾਡੇ ਮੁਲਕ ਅੰਦਰ ਤਾਂ ਵਰਤਾਰਾ ਹੀ ਉਲਟ ਵਾਪਰ ਰਿਹਾ ਹੈ- ਇਹ ਦਰ ਘਟਣ ਦੀ ਥਾਂ 'ਤੇ ਪਿਛਲੇ ਸਾਲ ਦੇ ਮੁਕਾਬਲੇ 10% ਦੀ ਦਰ ਨਾਲ ਵਧ ਰਹੀ ਹੈ ਅਤੇ ਇਸਨੂੰ ਘਟਾਉਣ ਦੇ ਸੁਪਨੇ ਖਾਮਖਿਆਲੀ ਹੀ ਲੱਗਦੇ ਹਨ। ਔਰਤਾਂ ਦੇ ਖੁਦਕੁਸੀ ਦੇ ਮਾਮਲੇ 'ਚ ਇਹ ਕਿਹਾ ਗਿਆ ਕਿ ਇਹਨਾਂ ਦੇ ਖੁਦਕੁਸੀ ਦੇ ਕਾਰਨਾਂ 'ਚ ਪਰਿਵਾਰ ਸੰਬੰਧੀ ਅਤੇ ਵਿਆਹ ਸੰਬੰਧੀ ਮਸਲੇ ਵਧੇਰੇ ਕਰਕੇ ਸਾਹਮਣੇ ਆਏ ਹਨ। ਇੱਕ ਹੋਰ ਹਾਲੀਆ ਸਰਵੇ 'ਚ ਇਹ ਗੱਲ ਸਾਹਮਣੇ ਆਈ ਹੈ ਕਿ 30% ਔਰਤਾਂ ਨੇ ਇਹ ਰਿਪੋਰਟ ਕੀਤਾ ਹੈ ਕਿ ਉਹ ਆਪਣੇ ਮਰਦ ਸਾਥੀ ਦੀ ਹਿੰਸਾ ਦਾ ਸ਼ਿਕਾਰ ਹਨ।

ਇਹ ਵੀ ਧਿਆਨ 'ਚ ਆਇਆ ਹੈ ਕਿ ਕੋਵਿਡ ਦੀ ਮਹਾਂਮਾਰੀ ਦੇ ਗੌਰ ਅੰਦਰ ਅਜਿਹੀਆਂ ਘਟਨਾਵਾਂ ਅਤੇ ਖੁਦਕੁਸੀ ਦੇ ਮਾਮਲਿਆਂ 'ਚ ਵਾਧਾ ਵੀ ਹੋਇਆ ਹੈ। ਲਾਕਡਾਊਨ ਵਾਲੀ ਹਾਲਤ ਕਰਕੇ ਵਧੇਰੇ ਕਰਕੇ ਮਰਦ ਬਹੁਤਾ ਸਮਾਂ ਪਰਿਵਾਰ ਨਾਲ ਘਰ ਵਿੱਚ ਹੀ ਰਹਿੰਦੇ ਸਨ ਅਤੇ ਜਿੱਥੇ ਆਰਥਕ ਤੇ ਮਾਇਕ ਔਕੜਾਂ ਉਹਨਾਂ ਦੇ ਪਰਿਵਾਰਾਂ ਨੂੰ ਦਰਪੇਸ਼ ਸਨ ਪਰ ਨਾਲ ਹੀ ਔਰਤਾਂ ਨੂੰ ਅਜਿਹੀਆਂ ਹਾਲਤਾਂ 'ਚ ਮਰਦਾਂ ਦੀ ਹਿੰਸਾ ਦਾ ਵੀ ਵਧੇਰੇ ਸ਼ਿਕਾਰ ਹੋਣਾ ਪਿਆ। ਜਿੱਥੇ ਪਹਿਲਾਂ ਵਾਲੀਆਂ ਹਾਲਤਾਂ 'ਚ ਔਰਤਾਂ ਨੂੰ ਮਰਦਾਂ ਦੇ ਕੰਮਾਂ-ਕਾਰਾਂ 'ਤੇ ਚਲੇ ਜਾਣ ਤੋਂ ਬਾਦ ਆਸ-ਗੁਆਂਢ 'ਚ ਜਾ ਆਪਣੇ ਦੁੱਖ-ਦਰਦ ਫਰੋਲਣ ਦਾ ਇੱਕ ਰਾਹ ਮੁਹੱਈਆ ਹੋ ਜਾਂਦਾ ਸੀ ਪਰ ਲਾਕਡਾਊਣ ਨੇ ਇਸ ਰਾਹ ਨੂੰ ਵੀ ਬੰਦ ਕਰ ਦਿੱਤਾ। ਹੁਣ ਉਹ ਕੁੜ-ਕੁੜ ਕੇ ਮਰਨ ਲਈ ਅਤੇ ਆਪਣੇ ਮਨਾਂ ਨੂੰ ਅਤੇ ਆਪਣੇ ਕਰਮਾਂ ਨੂੰ ਕੋਸਣ ਜੋਗੀਆਂ ਰਹਿਣ ਕਰਕੇ ਵੀ ਖੁਦਕੁਸੀਆਂ ਦੇ ਰਾਹ ਪਈਆਂ।

ਜਿੱਥੇ ਸਰਮਾਏਦਾਰਾਨਾ ਢਾਂਚੇ ਦਾ ਚੁਫੇਰੇ ਪੱਸਰਿਆ ਆਰਥਕ ਮੰਦਵਾੜਾ ਹਰ ਵਰਗ ਦੇ ਔਰਤਾਂ-ਮਰਦਾਂ ਨੂੰ ਹੀ ਪ੍ਰਭਾਵਤ ਕਰ ਰਿਹਾ ਹੈ ਅਤੇ ਹਰ ਕੋਈ ਹੀ ਤਣਾਅ ਗ੍ਰਸਤ (ਸਟਰੈੱਸ ਅਤੇ ਡਿਪਰੈਸਨ) ਵਰਗੀਆਂ ਮਾਨਸਕ ਅਲਾਮਤਾਂ ਦਾ ਸ਼ਿਕਾਰ ਹੈ ਪਰ ਸੱਭ ਤੋਂ ਵੱਧ ਮਾਰ ਘਰ ਦੀ ਸੁਆਣੀ 'ਤੇ ਹੀ ਪੈਂਦੀ ਹੈ ਕਿ ਉਸਨੇ ਪਰਿਵਾਰ ਨੂੰ ਖੁਆਉਣ ਲਈ ਅਗਲੇ ਡੰਗ ਕੀ ਪਕਾਉਣਾ ਹੈ ਅਤੇ ਹੋਰ ਜੁੰਮੇਵਾਰੀ ਨੂੰ ਕਿਵੇਂ ਅੰਜਾਮ ਦੇਣਾ ਹੈ। ਇਹਦਾ ਕਾਰਨ ਇਹ ਹੈ ਕਿ ਪਿੱਤਰਸੱਤ੍ਹਾ ਕਰਕੇ ਪੇਕੇ ਘਰ ਤੋਂ ਔਰਤ ਦੇ ਛੋਟੀ ਹੁੰਦੀ ਤੋਂ ਹੀ ਉਸਨੂੰ ਇਹ ਸਿੱਖਿਆ ਦਿੱਤੀ ਜਾਂਦੀ ਹੈ ਕਿ ਅਗਲੇ ਸਹੁਰੇ ਘਰੇ ਜਾ ਕੇ ਉਸਨੇ ਉਸ ਘਰ 'ਚ ਅਜਿਹੀ ਜੁੰਮੇਵਾਰੀ ਨਿਭਾਉਣੀ ਹੈ। ਆਮ ਦੇਖਣ 'ਚ ਇਹ ਆਇਆ ਹੈ ਕਿ ਜਦੋਂ ਗੱਲ ਆਮ ਸੁਆਣੀਆਂ ਦੀ ਕੀਤੀ ਜਾਂਦੀ ਹੈ ਤਾਂ ਔਰਤਾਂ ਦੀ ਪੜ੍ਹਾਈ-ਲਿਖਾਈ ਦੋਮ ਦਰਜੇ 'ਤੇ ਚਲੀ ਜਾਂਦੀ ਹੈ ਅਤੇ ਉੱਨੀ-ਵੀਹ ਦੇ ਫਰਕ ਨਾਲ ਲੱਗਪਗ ਹਰੇਕ ਔਰਤ ਨਾਲ ਉਹੀ ਹੀ ਵਿਹਾਰ ਹੁੰਦਾ ਹੈ। ਕੁੱਝ ਦਹਾਕੇ ਪਹਿਲੇ ਸਮਿਆਂ 'ਚ ਘਰਾਂ-ਪਰਿਵਾਰਾਂ 'ਚ ਸਾਂਝੇ ਪਰਿਵਾਰਾਂ ਦਾ ਚਲਣ ਸੀ ਤਾਂ ਕੋਈ ਵੀ ਔਰਤ ਆਪਣੇ ਦੁੱਖ-ਤਕਲੀਫ ਨੂੰ ਪਰਿਵਾਰ ਦੇ ਕਿਸੇ ਨਾ ਕਿਸੇ ਮੈਂਬਰ ਨਾਲ ਸਾਂਝਾ ਕਰ ਲੈਂਦੀ ਸੀ ਪਰ ਹੁਣ ਅਜਿਹਾ ਚਲਣ ਅਲੋਪ ਹੋ ਜਾਣ ਕਰਕੇ ਨਿਊਕਲੀਅਰ ਫੈਮਿਲੀ 'ਚ ਹੀ ਗੱਲ ਦੱਬਕੇ ਰਹਿ ਜਾਂਦੀ ਹੈ ਅਤੇ ਉਹ ਆਪਣੇ ਦੁੱਖ-ਦਰਦ ਫਰੋਲਣ ਦੇ ਸਮਰੱਥ ਚੈਨਲ ਵੀ ਖੋ ਚੁੱਕੀ ਹੈ।

ਕੋਈ ਵੀ ਮਰਦ/ਔਰਤ ਜਦੋਂ ਵੀ ਖੁਦਕੁਸੀ ਕਰ ਜਾਂਦਾ ਹੈ ਤਾਂ ਇਹ ਗੱਲ ਐਨ ਸਾਹਮਣੇ ਆਉਂਦੀ ਹੈ ਕਿ ਉਸ ਨੇ ਆਪਣੀ ਇਸ ਪਹਿਲੀ ਕੋਸ਼ਿਸ਼ 'ਚ ਹੀ ਜਾਨ ਨਹੀਂ ਗੰਵਾਈ ਬਲਕਿ ਉਸਨੇ ਇਸ ਤੋਂ ਪਹਿਲਾਂ ਵੀ ਅਜਿਹਾ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ। ਜਿਵੇਂ ਕਿ ਅੰਕੜੇ ਦਰਸਾਉਂਦੇ ਹਨ ਕਿ ਹਰ ਖੁਦਕਸੀ ਦੇ ਪਿੱਛੇ ਇਸ ਤੋਂ 4 ਤੋਂ 20 ਗੁਣਾ ਮਾਮਲੇ ਖੁਦਕੁਸੀ ਕਰਨ ਦੀਆਂ ਕੋਸ਼ਿਸ਼ਾਂ ਦੇ ਹੁੰਦੇ ਹਨ। ਪਰ ਭਾਰਤ ਦੇ ਮਾਮਲੇ 'ਚ ਇਹਨਾਂ ਮਾਮਲਿਆਂ ਦੀ ਗਿਣਤੀ ਬਹੁਤ ਘੱਟ ਹੈ ਇਸਦਾ ਕਾਰਨ ਇਹ ਨਹੀਂ ਕਿ ਅਜਿਹੇ ਮਾਮਲੇ ਹੁੰਦੇ ਹੀ ਘੱਟ ਹਨ ਬਲਕਿ ਇਹਨਾਂ ਕੇਸਾਂ ਦੀ ਰਿਪੋਰਟਿੰਗ ਹੀ ਘਟਾਕੇ ਕੀਤੀ ਜਾਂਦੀ ਹੈ। ਬਹੁਤ ਸਾਰੇ ਮਾਮਲਿਆਂ ਨੂੰ 'ਟੈੱਕ' ਦੱਸਕੇ ਜਾਂ ਫਿਰ 'ਦੁਰਘਟਨਾ' ਦਰਸਾਕੇ ਰਫਾ-ਦਫਾ ਕਰਨ ਦੇ ਯਤਨ ਕੀਤੇ ਜਾਂਦੇ ਹਨ। ਆਪਣੇ ਨੇੜੇ-ਤੇੜੇ ਵਾਪਰੀਆਂ ਅਜਿਹੀਆਂ ਘਟਨਾਵਾਂ ਦੇ ਵਿਸਲੇਸਣ ਤੋਂ ਇਹ ਭਲੀ-ਭਾਂਤ ਜਾਣਿਆ ਜਾ ਸਕਦਾ ਹੈ ਕਿ ਉਸ ਵਿਅਕਤੀ ਵਿਸੇਸ ਨੇ ਆਪਣੀ ਜਾਨ ਲੈਣ ਦੇ ਯਤਨ ਪਹਿਲਾਂ ਵੀ ਕੀਤੇ ਸਨ। ਸਿਰਫ ਬਦਨਾਮੀ ਦੇ ਡਰ ਕਰਕੇ ਜਾਂ ਫਿਰ ਪੁਲਿਸ ਦੇ ਝੰਜਟ ਤੋਂ ਬਚਣ ਲਈ ਇੱਕ ਰਾਹ ਉਸ ਵਿਅਕਤੀ ਦੀ ਮੌਤ ਦੇ ਅਸਲੀ ਕਾਰਨਾਂ ਨੂੰ ਛੁਪਾਉਣਾ ਹੈ।

ਖੁਦਕੁਸ਼ੀ ਦੇ ਵਸੀਹ ਕਾਰਨਾਂ ਦੀ ਵਿਆਖਿਆ 'ਚ ਨਾ ਜਾਂਦਿਆਂ ਔਰਤਾਂ ਦੀਆਂ ਖੁਦਕੁਸੀਆਂ 'ਤੇ ਹੀ ਆਪਣੀ ਗੱਲ ਕੇਂਦਰਤ ਰੱਖਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਔਰਤਾਂ ਦੀ ਪਰਵਰਿਸ ਦੌਰਾਨ ਉਹਨਾਂ ਅੰਦਰ ਆਤਮ-ਵਿਸਵਾਸ ਦੀ ਘਾਟ ਦਾ ਵੀ ਉਹਨਾਂ ਦੇ ਵਿਅਕਤੀਤਵ 'ਤੇ ਅਸਰ ਪੈਂਦਾ ਹੈ। ਉਹਨਾਂ ਦੇ ਅਜਿਹੇ ਵਿਹਾਰ ਕਾਰਨ ਉਹ ਆਪਣੀਆਂ ਤਕਲੀਫਾਂ-ਦਰਦਾਂ ਨੂੰ ਕਿਸੇ ਹੋਰ ਵਿਅਕਤੀ-ਮਰਦ ਜਾਂ ਔਰਤ ਨਾਲ ਸਾਂਝਾ ਕਰਨ ਤੋਂ ਕਤਰਾਉਂਦੀਆਂ ਹਨ। ਉਹਨਾਂ ਕੋਲ ਅਜਿਹਾ ਕੋਈ ਮੂੰਹਾਂ ਨਹੀਂ ਹੈ ਜਿਸ ਰਾਹੀਂ ਉਹ ਆਪਣੇ ਇਹਨਾਂ ਵਲਵਲਿਆਂ ਨੂੰ ਉਜਾਗਰ ਕਰ ਸਕਣ ਅਤੇ ਫਰਾਖਦਿਲੀ ਨਾਲ ਕਿਸੇ ਦੂਜੇ ਨੂੰ ਆਪਣੀ ਕਸਕ ਦੱਸ ਸਕਣ। ਜਦੋਂ ਕੋਈ ਵਿਅਕਤੀ ਅਜਿਹੀ ਮਾਨਸਕ ਕਸਮਕਸ 'ਚੋਂ ਦੀ ਲੰਘ ਰਿਹਾ ਹੁੰਦਾ ਹੈ ਤਾਂ ਸਾਡੇ ਸਮਾਜ ਅੰਦਰ ਕੋਈ ਅਜਿਹਾ ਸੇਫਟੀ ਵਾਲਵ ਨਹੀਂ ਹੈ ਜਿਹੜਾ ਇਸ ਦਿਮਾਗੀ-ਮਾਨਸਕ ਸਟੀਮ (ਭਾਫ) ਨੂੰ ਸੁਖਾਲਿਆਂ ਹੀ ਸੁਰੱਖਿਅਤ ਰਾਹ ਦੇ ਸਕੇ ਅਤੇ ਉਹ ਵਿਅਕਤੀ ਹੌਲਾ-ਫੁੱਲ ਮਹਿਸੂਸ ਕਰ ਸਕੇ ਅਤੇ ਇਹ ਮਹਿਸੂਸ ਕਰੇ ਕਿ ਹੁਣ ਉਹਦਾ ਮਨ ਦਾ ਬੋਝ ਵੰਡਿਆ ਜਾ ਚੁੱਕਿਆ ਹੈ ਅਤੇ ਹੁਣ ਉਹ ਆਰਾਮ ਨਾਲ ਆਪਣੀ ਜ਼ਿੰਦਗੀ ਬਸਰ ਕਰ ਸਕਦਾ ਹੈ।

ਜਿੱਥੇ ਇਸ ਲੁਟੇਰੇ ਸਮਾਜ ਅੰਦਰ ਆਰਥਕ ਤੰਗੀਆਂ-ਤੁਰਸੀਆਂ, ਵਿਤਕਰੇ ਮੌਜੂਦ ਹਨ ਅਤੇ ਨਾਲ ਹੀ ਰੋਜਾਨਾ ਜ਼ਿੰਦਗੀ ਦਾ ਬਸਰ ਕਰਨਾ ਹੀ ਮੁਹਾਲ ਹੋਇਆ ਪਿਆ ਹੈ ਤਾਂ ਇਹ ਵੀ ਇੱਕ ਕਾਰਨ ਹੈ ਕਿ ਉਹ ਔਰਤਾਂ ਸਮਾਜ ਦੇ ਹੋਰਨਾਂ ਬਹਿੰਦਿਆਂ ਵਾਂਗ ਮਾਨਸਕ ਬੋਝ ਹੇਠ ਆ ਜਾਂਦੀਆਂ ਹਨ।

ਖੁਦਕੁਸ਼ੀਆਂ ਦੇ ਮਾਮਲੇ 'ਚ ਸਰਕਾਰ ਅਤੇ ਇੰਜਜਾਮੀਆ ਦਾ ਰਵੱਈਆ ਐਨ ਸਪੱਸਟ ਹੈ ਕਿ ਉਸਨੇ ਅਜਿਹੀਆਂ ਘਟਨਾਵਾਂ 'ਤੇ ਪੋਚਾਪਾਚੀ ਕਰਨੀ ਹੁੰਦੀਵਹੈ ਕੋਈ ਵੀ ਡੂੰਘੀ ਛਾਣਬੀਣ ਕਰਨ ਤੋਂ ਕਿਨਾਰਾ ਕਰਨਾ ਹੈ। ਅਦਿਹੀ ਹੀ ਸਰਕਾਰੀ ਬੇਲਾਗਤਾ ਦਾ ਮੁਜਾਹਰਾ ਕੁੱਝ ਦਿਨ ਪਹਿਲਾਂ ਭਾਰਤ ਦੀ ਬੰਗਲੌਰ ਸਥਿਤ ਵਿਗਿਆਨ ਦੀ ਸਿਰਮੌਰ ਸੰਸਥਾ ਆਈਆਈਐਸਸੀ (ਇੰਡੀਅਨ ਇੰਸਟੀਚਿਊਟ ਆਫ ਸਾਇੰਸਜ, ਜਿਸਦਾ ਇੱਕ ਕੈਂਪਸ ਮੋਹਾਲੀ ਵਿਖੇ ਵੀ ਹੈ) ਵਿਖੇ ਹੋਇਆ ਜਿੱਥੇ ਸੰਸਥਾ ਦੇ ਇੱਕ ਵਿਦਿਆਰਥੀ ਨੇ ਪੱਖੇ ਨਾਲ ਫਾਹਾ ਲੈ ਕੇ ਆਪਣੀ ਜੀਵਨ ਲੀਲ੍ਹਾ ਖਤਮ ਕਰ ਲਈ। ਇਸ ਘਟਨਾ ਦੇ ਪ੍ਰਤੀਕਰਮ ਵਜੋਂ ਉਸ ਸੰਸਥਾ ਦੀ ਇੰਤਜਾਮੀਆ ਨੇ ਅੱਗੇ ਤੋਂ ਅਜਿਹੀ ਘਟਨਾ ਦੇ ਨਾ ਵਾਪਰਣ ਤੋਂ ਬਚਣ ਖਾਤਰ ਸਾਰੇ ਹੋਸਟਲਾਂ ਦੇ ਪੱਖੇ ਲਾਹੁਣ ਦੇ ਹੁਕਮ ਚਾੜ੍ਹ ਦਿੱਤੇ, ਨਾ ਸਿਰਫ ਹੁਕਮ ਚਾੜ੍ਹੇ ਸਗੋਂ ਉਹਨਾਂ ਨੇ ਫੌਰੀ ਤੌਰ 'ਤੇ ਇਸ 'ਤੇ ਅਮਲ ਕਰਦਿਆਂ ਪੱਖੇ ਉਤਾਰ ਵੀ ਦਿੱਤੇ। ਅਤੇ ਨਾਲ ਹੀ ਇਹ ਹੁਕਮ ਵੀ ਜਾਰੀ ਕਰ ਦਿੱਤੇ ਕਿ ਵਿਦਿਆਰਥੀਆਂ ਤੇ ਹੋਰਨਾਂ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਛੱਤਾਂ 'ਤੇ ਜਾਣ ਦੇ ਸਾਰੇ ਰਾਸਤੇ ਮੁੰਦ ਦਿੱਤੇ ਜਾਣ ਅਤੇ ਨਾਲ ਹੀ ਸਾਰੇ ਬਨੇਰਿਆਂ 'ਤੇ ਪਹੁੰਚ ਕਰਨ ਨੂੰ ਹੀ ਬੰਦ ਕਰ ਦਿੱਤਾ ਜਾਵੇ। ਗੌਰ ਤਲਬ ਹੈ ਕਿ ਇਸ ਸਾਲ ਸੰਸਥਾ ਦੇ ਚਾਰ ਵਿਦਿਆਰਥੀਆਂ ਨੇ ਖੁਦਕੁਸੀ ਕੀਤੀ ਹੈ ਜਦਕਿ 2020 'ਚ ਦੋ ਨੇਕੀਤੀ ਸੀ।


ਸੋ ਲੋੜ ਹੈ ਅਜਿਹੇ ਅਣਸੁਖਾਵੇਂ ਹਾਦਸਿਆਂ ਤੋਂ ਬਚਣ ਅਤੇ ਪਰਿਵਾਰ ਨੂੰ ਬਚਾਉਣ ਲਈ ਸੁਆਣੀਆਂ-ਔਰਤਾਂ ਨੂੰ ਆਪਣੀ ਗੱਲ ਕਹਿਣ ਦਾ ਕੋਈ ਢੁੱਕਵਾਂ-ਅਸਰਦਾਰ ਚੈਨਲ ਮੁਹੱਈਆ ਕਰਾਉਣ ਦੀ ਅਤੇ ਨਾਲ ਹੀ ਅਗਰ ਕੋਈ ਵੀ ਵਿਅਕਤੀ ਅਜਿਹੀ ਮਾਨਸਿਕ ਨਮੋਸੀ ਦੀ ਦਲਦਲ 'ਚ ਧੱਸ ਹੀ ਜਾਂਦਾ ਹੈ ਤਾਂ ਉਸਨੂੰ ਇਸ ਹਾਲਤ 'ਚੋ ਬਾਹਰ ਲਿਆਉਣ ਲਈ ਢੁੱਕਵੀਂ-ਲੋੜੀਂਦੀ ਮਨੋਵਿਗਿਆਨਕ ਅਤੇ ਡਾਕਟਰੀ ਇਮਦਾਦ ਮੁਹੱਈਆ ਕਰਨ ਦੀ। ਪਰ ਭਾਰਤ ਦੇ ਮਾਮਲੇ 'ਚ ਇਹ ਵੀ ਇੱਕ ਮਾੜੀ ਹਾਲਤ ਹੈ ਕਿ ਇੱਥੇ ਮਨੋਚਕਿਤਸਕਾਂ ਅਤੇ ਮਨੋਵਿਗਿਆਨਕ ਮਾਹਰਾਂ ਦੀ ਵੱਡੀ ਘਾਟ ਹੈ ਜਿਹਨਾਂ ਨੇ ਕਿ ਇਸ ਦੁੱਖ ਦੀ ਘੜੀ 'ਚ ਉਹਨਾਂ ਸੁਆਣੀਆਂ ਅਤੇ ਹੋਰ ਪੀੜਤਾਂ ਲਈ ਰਾਹਤ ਪ੍ਰਦਾਨ ਕਰਨ 'ਚ ਆਪਣੀ ਭੂਮਿਕਾ ਨਿਭਾਉਣੀ ਹੁੰਦੀ ਹੈ ਅਤੇ ਇਸ ਵਹਾਅ ਨੂੰ ਬੰਨ੍ਹ ਮਾਰਨ 'ਚ ਆਪਣਾ ਰੋਲ ਅਦਾ ਕਰਨਾ ਹੁੰਦਾ ਹੈ। ਇਸ ਮਾਮਲੇ 'ਚ ਇੱਕ ਹੋਰ ਵੀ ਅਹਿਮ ਗੱਲ ਇਹ ਕਿ ਘਰ-ਪਰਿਵਾਰ ਚਲਾਉਣ ਦੀ ਜੁੰਮੇਵਾਰੀ ਨਿੱਜ ਦੀ ਥਾਂ ਤੇ ਸਮੂਹਕ ਹੋਣੀ ਚਾਹੀਦੀ ਹੈ। ਅਗਰ ਔਰਤਾਂ ਘਰ ਦੀ ਚਾਰ-ਦਿਵਾਰੀ ਤੋਂ ਬਾਹਰ ਜਾ ਕੰਮ ਕਰਦੀਆਂ ਹਨ ਅਤੇ ਉਹਨਾਂ ਦੀ ਬੱਚਿਆਂ ਦੀ ਦੇਖ-ਭਾਲ ਅਤੇ ਰਸੋਈ ਦੇ ਖਲਜਗਣ ਦੀ ਜੁੰਮੇਵਾਰੀ ਸਮੂਹਕ ਪੱਧਰ 'ਤੇ ਹੱਲ ਕੀਤੀ ਜਾਂਦੀ ਹੈ ਤਾਂ ਉਹ ਸਮਾਜ ਦੇ ਅੱਗੇ ਵੱਲ ਵਿਕਾਸ ਲਈ ਵਧੇਰੇ ਸੁਚਾਰੂ ਅਤੇ ਉਸਾਰੀ ਭੂਮਿਕਾ ਤਾਂ ਨਿਭਾਉਣਗੀਆਂ ਹੀ ਅਤੇ ਨਾਲ ਹੀ ਖੁਦ ਅੰਦਰਲੇ-ਅੰਦਰ ਕੁੜ-ਕੁੜ ਕੇ ਮਰਨ ਦੀ ਹਾਲਤ ਤੋਂ ਵੀ ਨਿਜਾਤ ਪ੍ਰਾਪਤ ਕਰਨਗੀਆਂ। ਸੋ ਜਿੱਥੇ ਮਾਨਸਕ ਰੂਪ 'ਚ ਬਿਮਾਰ ਕਰਨ 'ਚ ਆਪਣੀ ਭੂਮਿਕਾ ਨਿਭਾਉਣ ਦੇ ਜੁੰਮੇਵਾਰ ਇਸ ਲੁਟੇਰੇ ਢਾਂਚੇ ਨੂੰ ਪਰ੍ਹਾਂ ਵਗਾਹ ਮਾਰਨ ਦੀ ਹੈ ਉੱਥੇ ਕੁੱਝ ਕੁ ਰਾਹਤ-ਪੁਚਾਊ ਕਾਰਜ ਸਥਾਨਕ ਪੱਧਰ 'ਤੇ ਵੀ ਹੱਥ ਲਏ ਜਾ ਸਕਦੇ ਹਨ। ਮਸਲਨ, ਸਮੂਹਕ ਪੱਧਰ 'ਤੇ ਸਾਂਝੀ ਵਾਸ਼ਿੰਗ ਮਸ਼ੀਨ ਲਗਾਕੇ ਸੁਆਣੀਆਂ ਦਾ ਕੁੱਝ ਕੁ ਬੋਝ ਹਲਕਾ ਕੀਤਾ ਜਾ ਸਕਦਾ ਹੈ, ਇਸੇ ਤਰ੍ਹਾਂ ਹੀ ਸਾਂਝੀ ਕਰੈੱਚ ਅਤੇ ਹੋਰ ਸਾਂਝੀਆਂ ਸਮੂਹਕ ਸਰਗਰਮੀਆਂ 'ਚ ਔਰਤਾਂ ਦੀ ਭਾਗੀਦਾਰੀ ਜਿੱਥੇ ਉਹਨਾਂ ਦੇ ਘਰੋਗੀ ਕੰਮ ਦੇ ਬੋਝ ਨੂੰ ਹਲਕਾ ਕਰਨ 'ਚ ਮੱਦਦਗਾਰ ਸਾਬਤ ਹੋਊ ਉੱਥੇ ਉਹਨਾਂ ਨੂੰ ਆਪਣੇ ਸਾਥੀਆਂ ਸੰਗ ਮਿਲ ਬੈਠ ਕੇ ਆਪਣੇ ਦੁੱਖਾ-ਤਕਲੀਫਾਂ ਨੂੰ ਵੂ ਕੁੱਝ ਹੱਦ ਤੱਕ ਮੱਦਦ ਮਿਲੇਗੀ। ਔਰਤ ਜਥੇਬੰਦੀਆਂ, ਔਰਤ ਕਾਰਕੁੰਨਾਂ ਅਤੇ ਜਨਤਕ-ਜਮਹੂਰੀ ਜਥੇਬੰਦੀਆਂ ਨੂੰ ਵੀ ਆਪਣੀ ਪਹਿਲ ਕਦਮੀਂ ਨਾਲ ਇਹਨਾਂ ਮਸਲਿਆਂ ਵੱਲ ਬਣਦਾ ਧਿਆਨ ਦੇਣ ਦੀ ਜ਼ਰੂਰਤ ਹੈ।











ਸੁਰਿੰਦਰ ਗੀਤ
403-605-3734

# ਪੰਜਾਬੀ ਔਰਤਾਂ ਅਤੇ ਨਸ਼ੇ

ਵਿਸ਼ਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਕ ਹੱਡ-ਬੀਤੀ ਸੁਣਾਉਣਾ ਚਾਹੁੰਦੀ ਹਾਂ ਜੋ ਇਸ ਵਿਸ਼ੇ ਨੂੰ ਸਮਝਣ ਵਿੱਚ ਕੁਝ ਸਹਾਈ ਹੋ ਸਕੇਗੀ।

ਮੈਂ 1974 ਵਿੱਚ ਕੇਨੇਡਾ ਆ ਗਈ। ਆਉਣ ਸਾਰ ਕੰਮ ਦੀ ਤਾਲਾਸ਼ ਸ਼ੁਰੂ ਹੋ ਗਈ। ਇਹ ਉਹ ਦਿਨ ਸਨ ਜਦੋਂ ਭਾਰਤੀ ਮੂਲ ਦੀਆਂ ਔਰਤਾਂ ਨੂੰ ਪੜ੍ਹੀਆਂ ਲਿਖੀਆਂ ਹੋਣ ਦੇ ਬਾਵਜੂਦ ਵੀ ਦਫਤਰਾਂ ਵਿੱਚ ਜਾਂ ਕੋਈ ਹੋਰ ਚੰਗਾ ਕੰਮ ਨਹੀਂ ਸੀ ਮਿਲਦਾ। ਮੈਂ ਸੁਣਿਆ ਸੀ ਕਿ ਸਾਰਿਆਂ ਨੂੰ ਸਫਾਈ ਦੇ ਕੰਮ ਜਾਂ ਹੋਟਲਾਂ ਵਿੱਚ ਭਾਂਡੇ ਧੋਣ ਤੋਂ ਹੀ ਸ਼ੁਰੂ ਕਰਨਾ ਪੈਂਦਾ ਹੈ। ਮੇਰੇ ਨਾਲ ਵੀ ਇਸ ਤਰ੍ਹਾਂ ਹੀ ਹੋਇਆ। ਮੈਨੂੰ ਕੈਨੇਡਾ ਆਈ ਨੂੰ ਭਾਵੇਂ ਦੋ ਤਿੰਨ ਸਾਲ ਹੋ ਗਏ ਸਨ। ਕਈ ਥਾਂਈ ਕੰਮ ਕਰ ਚੁੱਕੀ ਸਾਂ। ਪਰ ਜਿਸ ਵਕਤ ਦੀ ਘਟਨਾ ਦਾ ਮੈਂ ਜ਼ਿਕਰ ਕਰਨਾ ਹੈ ਉਸ ਸਮੇਂ ਮੈਂ ਬੇਰੁਜ਼ਗਾਰ ਸਾਂ ਅਤੇ ਕੰਮ ਦੀ ਮੈਨੂੰ ਸਖਤ ਜ਼ਰੂਰਤ ਸੀ। ਕੰਮ ਦੀ ਤਾਲਾਸ਼ ਵਿੱਚ ਸਾਂ।

ਹੋਇਆ ਇਉਂ ਕਿ ਮੈਨੂੰ ਡਾਊਂਨ ਟਾਊਨ ਇਕ ਕਾਫੀ ਮਹਿੰਗੇ ਹੋਟਲ ਦੀ ਕਿਚਨ ਵਿੱਚ ਕਿਚਨ ਹੈਲਪਰ ਦਾ ਕੰਮ ਮਿਲ ਗਿਆ। ਆਪਣਾ ਪਰਸ ਤੇ ਕੋਟ ਮੈ ਦਿੱਤੇ ਗਏ ਲਾਕਰ ਵਿੱਚ ਰੱਖ ਕੇ ਕਿਚਨ ਵਿੱਚ ਚਲੀ ਗਈ। ਤਸਮਿਆਂ ਵਾਲੇ ਬੂਟ ਮੈਂ ਘਰੋਂ ਹੀ ਪਾ ਕੇ ਗਈ ਸਾਂ। ਸ਼ਾਮ ਦੀ ਸਿਫਟ ਸੀ ਜਾਣੀਂ ਚਾਰ ਵਜੇ ਤੋਂ 12 ਵਜੇ ਤੱਕ। ਘੰਟਾ ਕੁ ਆਰਾਮ ਨਾਲ ਬੀਤਿਆਂ। ਮੈਂ ਕੁਝ ਕੰਮ ਵੀ ਕੀਤਾ। ਕੀ ਦੇਖਦੀ ਹਾਂ ਕਿ ਬੜੀ ਹੀ ਸੋਹਣੀ ਸੁਨੱਖੀ ਮੁਟਿਆਰ ਆਈ ਤੇ ਇਕ ਬੋਤਲ ਚੁੱਕ ਕੇ ਤਿੰਨ ਗਲਾਸਾਂ ਵਿੱਚ ਸ਼ਰਾਬ ਪਾ ਕੇ, ਟਰੇ ਵਿੱਚ ਰੱਖ ਕੇ ਕਾਹਲੀ ਕਾਹਲੀ ਨਾਲ ਚਲੀ ਗਈ। ਉਸਦੇ ਕਪੜੇ ਵੀ ਬਹੁਤ ਅਜੀਬ ਜਿਹੇ ਸਨ। ਮੈਂ ਸਮਝਿਆ ਕਿ ਨਾਚ ਗਾਣੇ ਵਾਲੀ ਹੈ। ਉਸਨੂੰ ਗਲਾਸ ਵਿੱਚ ਸ਼ਰਾਬ ਪਾਉਂਦਿਆਂ ਦੇਖ ਮੈਂ ਕੰਬ ਗਈ। ਮਿਊਜਕ ਚੱਲ ਰਿਹਾ ਸੀ। ਭਾਵੇਂ ਅੰਗਰੇਜੀ ਗੀਤ ਦੀ ਸਮਝ ਨਹੀਂ ਸੀ ਆ ਰਹੀ ਪਰ ਮੈਨੂੰ ਚੰਗਾ ਲੱਗਿਆਂ ਸੀ। ਫਿਰ ਇਕ ਹੋਰ ਜਵਾਨ ਕੁੜੀ ਆਈ। ਉਸਨੇ ਮੈਨੂੰ ਹੈਲੋ ਕਿਹਾ ਤੇ ਗੱਲ ਕਰਨੀ ਚਾਹੀ। ਮੈਂ ਹੈਲੋ ਕਹਿ ਕੇ ਛੇਤੀ ਨਾਲ ਪਰੇ ਨੂੰ ਹੋ ਗਈ। ਹੁਣ ਤੱਕ ਸ਼ਰਾਬ ਦੀ ਬਦਬੂ ਵੀ ਆਉਣੀ ਸ਼ੁਰੂ ਹੋ ਗਈ ਸੀ। ਮੈਨੂੰ ਘਬਰਾਈ ਹੋਈ ਨੂੰ ਦੇਖ ਕਿਚਨ ਵਿੱਚ ਹੀ ਕੰਮ ਕਰਦਾ ਹੋਰ ਆਦਮੀ ਮੇਰੇ ਵੱਲ ਨੂੰ ਆਇਆ। ਉਹ ਕਿਚਨ ਦਾ ਸੁਪਰਵਾਈਜ਼ਰ ਸੀ। ਮੈਨੂੰ ਉਸ ਕੋਲੋਂ ਵੀ ਸ਼ਰਾਬ ਦੀ ਬਦਬੂ ਆਈ। ਮੈਂ ਸੋਚਿਆ ਉਸਨੇ ਪੀਤੀ ਹੋਈ ਹੈ। ਉਸਨੇ ਪੀਤੀ ਨਹੀਂ ਸੀ ਸਗੋਂ ਕਿਚਨ ਚੋਂ ਹੀ ਸ਼ਰਾਬ ਦੀ ਬਦਬੂ ਆ ਰਹੀ ਸੀ। ਮੈਂ ਸਮਝੀ ਕਿ ਉਸ ਪੀਤੀ ਹੈ। ਮੇਰਾ ਡਰ ਹੋਰ ਵੀ ਵੱਧ ਗਿਆ। ਉਸਨੇ ਮੇਰੇ ਮੋਢੇ ਤੇ ਹੱਥ ਰੱਖਿਆ ਹੀ ਸੀ ਕਿ ਮੈਂ ਇਕ ਦਮ ਪਰੇ ਹੋ ਗਈ। ਹੋਰ ਦੋ ਤਿੰਨ ਕੁੜੀਆਂ ਆਈਆਂ ਤੇ ਟਰੇਆਂ ਵਿੱਚ ਸ਼ਰਾਬ ਰੱਖ ਕੇ ਚਲੀਆਂ ਗਈਆਂ। ਕੁੱਕ ਆਪਣੇ ਆਹਰ ਲੱਗਿਆ ਹੋਇਆ ਸੀ। ਸ਼ਰਾਬ ਦੀ ਬਦਬੂ ਤੇ ਕੁੜੀਆਂ ਦੇ ਪਹਿਰਾਵੇ ਨੇ ਮੈਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਕੰਬਾ ਦਿੱਤਾ। ਮੈਂ ਰੋਣ ਲੱਗ ਗਈ। ਸੁਪਰਵਾਈਜ਼ਰ, ਜਿਸਦੀ ਨਿਗਾਹ ਲਗਾਤਾਰ ਮੇਰੇ ਤੇ ਸੀ। ਫਿਰ ਮੇਰੇ ਕੋਲ ਆਇਆ ਤੇ ਕਹਿਣ ਲੱਗਾ ਕਿ ਕੋਈ ਪ੍ਰਾਬਲਮ ਹੈ। ਮੈਂ ਏਨਾ ਹੀ ਕਿਹਾ ਕਿ ਮੈਨੂੰ ਡਰ ਲੱਗਦਾ ਹੈ। ਮੈਂ ਘਰ ਜਾਣਾ ਹੈ। ਮੈਂ ਏਥੇ ਕੰਮ ਨਹੀਂ ਕਰ ਸਕਦੀ। ਉਸਨੇ ਇਕ ਹੋਰ ਸੂਟਿਡ ਬੂਟਿਡ ਆਦਮੀ ਨੂੰ ਬੁਲਾਇਆ ਤੇ ਮੇਰੇ ਡਰਨ ਦੀ ਕਹਾਣੀ ਦੱਸੀ।

'ਯੂ ਕੈਨ ਗੋ' ਕਹਿ ਕੇ ਉਸ ਨੇ ਪਿੱਠ ਭਵਾ ਲਈ ਤੇ ਜਾਂਦਾ ਜਾਂਦਾ ਕਹਿ ਰਿਹਾ ਸੀ 'ਦਿਸ ਪਲੇਸ ਇਜ ਨਾਟ ਸੂਟੇਬਲ ਫਾਰ ਇੰਡਿਅਨ ਪੀਪਲ' ਭਾਵ ਇਹ ਭਾਰਤੀ ਲੋਕਾਂ ਦੇ ਕੰਮ ਕਰਨ ਲਈ ਢੁਕਵੀਂ ਜਗਹ ਨਜੀ ਹੈ।

ਹੱਥਲਾ ਵਿਸ਼ਾ ਪੰਜਾਬੀ ਔਰਤਾਂ ਦਾ ਨਸ਼ਿਆਂ ਪ੍ਰਤੀ ਵੱਧ ਰਿਹਾ ਰੁਝਾਨ ਹੈ। ਇਸ ਲਈ ਗੱਲ ਔਰਤਾਂ ਤੇ ਹੀ ਕੇਂਦਰਿਤ ਰਖਾਂਗੀ। ਜਿਵੇਂ ਜਿਵੇਂ ਕੈਨੇਡਾ ਜਾਂ ਹੋਰ ਪੱਛਮੀ ਮੁਲਕਾਂ ਵਿੱਚ ਸਾਡੀ ਆਬਾਦੀ ਤੇ ਖਾਸ ਕਰ ਔਰਤਾਂ ਦੀ ਜਨਸੰਖਿਆ ਵੱਧਦੀ ਗਈ, ਦੇਖੋ ਦੇਖ ਨਿਆਣੀ ਉਮਰ ਦੀਆਂ ਕੁੜੀਆਂ ਦਾ ਸ਼ਰਾਬ ਪੀਣ ਦਾ ਰੁਝਾਨ ਵੱਧਣ ਲੱਗਾ। ਜਨਵਰੀ 1981 ਵਿੱਚ ਮਿਊਨੀਸੀਪਲ ਦਫਤਰ ਵਿੱਚ ਕਲਰਕੀ ਦਾ ਕੰਮ ਮਿਲ ਗਿਆ ਜਿਸਦੀ ਮੈਨੂੰ ਇੱਛਾ ਸੀ। ਏਸੇ ਅਧੀਨ ਮੈਂ ਕੁਝ ਸਾਲ ਕੈਲਗਰੀ ਪੁਲੀਸ ਦੇ ਪ੍ਰਬੰਧਕੀ ਮਹਿਕਮੇ ਵਿੱਚ ਕੰਮ ਕੀਤਾ ਹੈ। ਹੁਣ ਮੈਨੂੰ ਕੇਨੇਡਾ ਦੇ ਰਹਿਣ ਸਹਿਣ ਅਤੇ ਸਭਿਆਚਾਰ ਦੀ ਪੂਰੀ ਸਮਝ ਆ ਚੁੱਕੀ ਸੀ। ਮੈਨੂੰ ਕਿਸੇ ਤੋਂ ਡਰ ਨਹੀਂ ਸੀ ਲੱਗਦਾ। ਕੈਲਗਰੀ ਸ਼ਹਿਰ ਵਿੱਚ ਘੱਟਣ ਵਾਲੀਆਂ ਘਟਨਾਵਾਂ ਦਾ ਸਾਰਾ ਲੇਖਾ ਜੋਗਾ ਦਫਤਰ ਵਿੱਚ ਹੁੰਦਾ ਸੀ ਪਰ ਮੇਰਾ ਜਿਆਦਾ ਧਿਆਨ ਆਪਣੇ ਭਾਰਤੀ ਮੂਲ ਤੇ ਖਾਸਕਰ ਪੰਜਾਬੀ ਲੋਕਾਂ ਦੇ ਕੇਸ ਹੀ ਖਿੱਚਦੇ ਸਨ ।


ਕੀ ਹੁੰਦਾ ਸੀ ਓਥੇ ? ਸ਼ੁਕਰਵਾਰ ਸ਼ਾਮ ਤੋਂ ਹੀ ਸ਼ੁਰੂ ਹੋ ਜਾਂਦਾ ਸੀ, ਸਾਡੇ ਮੁੰਡੇ ਕੁੜੀਆਂ ਦਾ ਰਾਤ ਨੂੰ ਹੋਟਲਾਂ, ਬਾਰਾਂ ਵਿੱਚ ਜਾਣਾ, ਸਰਾਬ ਪੀਣਾ ਤੇ ਭੱਦੇ ਨਾਚ ਗਾਣਿਆਂ ਤੇ ਤੜਕੇ ਦੇ ਦੋ ਤਿੰਨ ਵਜੇ ਤੱਕ ਟਪੂਸੀਆਂ ਮਾਰਦੇ ਰਹਿਣਾ। ਆਪਸ ਵਿੱਚ ਲੜਨਾ, ਸਿਰ ਪਾੜਨੇ, ਪੁਲੀਸ ਦਾ ਆਉਣਾ ਤੇ ਫੜਨਾ ਆਮ ਜਿਹੀ ਗੱਲ ਹੁੰਦੀ ਸੀ। ਮੈਨੂੰ ਇਕ ਪਰਿਵਾਰ ਦੀ ਕਹਾਣੀ ਯਾਦ ਹੈ। ਬੜਾ ਇਜ਼ਤਦਾਰ ਪਰਿਵਾਰ ਸੀ ਪਰ ਉਸ ਪਰਿਵਾਰ ਦੀ ਬੇਟੀ ਨੂੰ ਸ਼ਰਾਬ ਦੀ ਆਦਤ ਨੇ ਅਜੇਹਾ ਜਕੜਿਆ ਕਿ ਉਹਨਾਂ ਦਾ ਘਰ ਨਰਕ ਬਣ ਗਿਆ। ਬਾਰਾਂ ਵਿੱਚ ਹੋਣ ਵਾਲੀਆਂ ਲੜਾਈਆਂ 'ਚ ਮੁੱਖ ਭੂਮਿਕਾ ਉਸਦੀ ਹੁੰਦੀ ਸੀ। ਉਸ ਕੁੜੀ ਦੇ ਮਾਪੇ ਬਹੁਤ ਚੰਗੇ ਲੋਕ ਸਨ ਪਰ ਧੀ ਦੇ ਹੱਥੋਂ ਡਾਢੇ ਪਰੇਸ਼ਾਨ ਸਨ। ਮਾਪਿਆਂ ਨੇ ਬੜੀ ਮੁਸ਼ਕਿਲ ਨਾਲ ਡਾਕਟਰੀ ਮੱਦਦ ਨਾਲ ਉਸਦਾ ਸ਼ਰਾਬ ਤੋਂ ਖਹਿੜਾ ਛੁਡਾਇਆ। ਉਸ ਕੁੜੀ ਦਾ ਵਿਆਹ ਹੋ ਗਿਆ ਤੇ ਉਹ ਕੈਨੇਡਾ ਛੱਡ ਕੇ ਕਿਸੇ ਹੋਰ ਦੇਸ਼ ਚਲੀ ਗਈ।

ਇਹ ਉਹ ਸਮਾਂ ਸੀ ਜਦੋਂ ਕੁਝ ਸ਼ਰਮ ਹਯਾ ਬਾਕੀ ਸੀ ਸਾਡੇ ਵਿੱਚ। ਕੋਈ ਕਿਸੇ ਦੇ ਧੀ ਪੁੱਤ ਦੀ ਗੱਲ ਨਹੀਂ ਸੀ ਕਰਦਾ ਪਰ ਹੁਣ ਤਾਂ ਧੀਆਂ ਪੁੱਤ ਆਪ ਹੀ ਦੱਸ ਦਿੰਦੇ ਹਨ। ਜਵਾਨ ਕੁੜੀਆਂ ਇਕੱਲੀਆਂਰਹਿਣ ਲੱਗੀਆਂ। ਆਜ਼ਾਦੀ ਦਾ ਕੀੜਾ ਅੰਦਰ ਵੱਸ ਗਿਆ। ਮੁੰਡੇ ਕੁੜੀਆਂ ਦਾ ਰਲ ਮਿਲ ਕੇ ਸ਼ਰਾਬ ਪੀਣਾ ਆਮ ਹੋ ਗਿਆ। ਸ਼ਰਾਬ ਦੇ ਨਾਲ ਨਾਲ ਹੋਰ ਨਸ਼ੇ ਵੀ ਆ ਗਏ ਆਪਣਾ ਰੰਗ ਢੰਗ ਦਿਖਾਉਣ।

ਏਥੋਂ ਦੀਆਂ ਜੰਮਪਲ ਕੁੜੀਆਂ ਦੀ ਗੱਲ ਇਕ ਪਾਸੇ ਰਹੀ, ਉਹਨਾਂ ਦੀਆਂ ਮਾਵਾਂ ਜਿਹਨਾਂ ਨੂੰ ਭਾਰਤ ਵਿੱਚ ਸ਼ਰਾਬ ਦੀ ਬਦਬੂ ਬੇਹੱਦ ਬੁਰੀ ਲੱਗਦੀ ਸੀ ਜਾਂ ਜਿਹਨਾਂ ਦੇ ਸੰਘ ਹੇਠੋਂ ਸ਼ਰਾਬ ਦੀ ਇਕ ਬੂੰਦ ਵੀ ਦਵਾਈ ਦੇ ਤੌਰ ਤੇ ਨਹੀਂ ਸੀ ਉਤਰਦੀ, ਅੱਜ ਬੋਤਲਾਂ ਦੀਆਂ ਬੋਤਲਾਂ ਖਾਲੀ ਕਰ ਦਿੰਦੀਆਂ ਹਨ। ਆਮ ਦੇਖਣ ਵਿੱਚ ਆਉਂਦਾ ਹੈ ਕਿ ਪਾਰਟੀਆਂ ਵਿੱਚ ਜਿੱਥੇ ਆਦਮੀ ਆਪਣਾ ਗਲਾਸ ਭਰ ਕੇ ਲਿਆਉਂਦਾ ਹੈ ਓਥੇ ਆਪਣੀ ਪਤਨੀ ਲਈ ਵੀ ਉਸਦਾ ਮਨ ਪਸੰਦ ਡਰਿੰਕ ਲੈਕੇ ਆਉਂਦਾ ਹੈ। ਆਪਣੇ ਹੱਥ ਵਿੱਚ ਮਰਦਾਂ ਵਾਂਗ ਸ਼ਰਾਬ ਦਾ ਗਲਾਸ ਲੈਕੇ ਬੈਠਣਾ ਉਹਨਾਂ ਔਰਤਾਂ ਲਈ ਆਪਣੇ ਆਪ ਨੂੰ ਅਗਾਂਹ ਵਧੂ ਅਖਵਾਉਂਣ ਦਾ ਬੜਾ ਸੁਨਹਿਰੀ ਮੌਕਾ ਹੁੰਦਾ ਹੈ ਅਤੇ ਉਹ ਘੁੱਟਾਂ ਭਰ ਭਰ ਆਖਦੀਆਂ ਸੁਣਦੀਆਂ ਹਨ ਕਿ ਅੱਜਕਲ੍ਹ ਕੌਣ ਪ੍ਰਵਾਹ ਕਰਦਾ ਹੈ! ਸਾਰੇ ਹੀ ਪੀਂਦੇ ਹਨ। ਡੀ ਜੇ ਤੇ ਟਲੀ ਹੋਕੇ ਸਾਡੇ ਲੱਚਰ ਪੰਜਾਬੀ ਗੀਤਾਂ ਤੇ ਝੂਮਣਾ ਆਮ ਵਰਗੀ ਗੱਲ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਜੇਕਰ ਕੋਈ ਪ੍ਰੋਗਰਾਮ ਕੇਵਲ ਔਰਤਾਂ ਦਾ ਹੋਵੇ ਤਾਂ ਔਰਤਾਂ ਸਾਰੇ ਹੱਦਾਂ ਬੰਨੇ ਟੱਪ ਜਾਂਦੀਆਂ ਹਨ। ਇਹਨਾਂ ਵਿੱਚੋਂ ਤੀਆਂ ਦਾ ਮੇਲਾ ਜੋ ਅੱਜਕਲ੍ਹ ਪੂਰਨ ਤੌਰ ਤੇ ਵਪਾਰਿਕ ਮੇਲਾ ਬਣ ਚੁੱਕਾ ਹੈ, ਵਰਨਣਯੋਗ ਹੈ। ਇਸ ਵਿੱਚ ਕੇਵਲ ਤੇ ਕੇਵਲ ਔਰਤਾਂ ਦੀ ਸਮੂਲੀਅਤ ਹੁੰਦੀ ਹੈ। ਪੂਰੀ ਤਰ੍ਹਾਂ ਆਜ਼ਾਦੀ ਮਾਣਦੀਆਂ ਔਰਤਾਂ ਆਪਣਾ ਆਪ ਭੁੱਲ ਜਾਂਦੀਆਂ ਹਨ। ਹੱਦਾਂ ਬੰਨੇ ਟੱਪ ਜਾਂਦੀਆਂ ਹਨ। ਮਰਦਾਂ ਵਾਂਗ ਕਾਰਾਂ ਵਿੱਚ ਬੋਤਲਾਂ ਰੱਖਣੀਆਂ ਅਤੇ ਸ਼ਰਾਬ ਦਾ ਖੁਲ੍ਹਮ ਖੁਲ੍ਹਾ ਸੇਵਨ ਤੇ ਫਿਰ ਨਸ਼ੇ ਦੀ ਹਾਲਤ ਵਿੱਚ ਚੀਕਾਂ ਮਾਰ ਹੁੱਲੜਬਾਜੀ ਕਰਕੇ ਆਨੰਦ ਮਾਣਦੀਆਂ ਹਨ। ਅਜੇਹੇ ਹਾਲਤਾਂ ਵਿੱਚ ਗਲਤ ਕੰਮ ਵੀ ਹੋ ਜਾਂਦੇ ਹਨ ਜੋ ਅਖਬਾਰਾਂ ਦੀਆਂ ਸੁਰਖੀਆਂ ਬਣਦੇ ਹਨ। ਮੁੱਕਦੀ ਗੱਲ ਪੰਜਾਬੀ ਔਰਤਾਂ ਦਾ ਸ਼ਰਾਬ ਪੀਣਾ ਫੈਸ਼ਨ ਅਤੇ ਅਧੁਨਿਕਤਾ ਦੇ ਖਾਤੇ ਵਿੱਚ ਪੈ ਜਾਂਦਾ ਹੈ। ਜਿਹੜੀਆਂ ਵਿਚਾਰੀਆਂ ਤੀਆਂ ਦੇ ਨਾਮ ਤੇ ਹੱਸਣ ਖੇਡਣ ਗਈਆਂ ਹੁੰਦੀਆਂ ਹਨ ਉਹ ਨਿਰਾਸ਼ ਹੋਕੇ ਘਰਾਂ ਨੂੰ ਵਾਪਿਸ ਪਰਤਦੀਆਂ ਹਨ।



ਬਾਹਰਲੇ ਮੁਲਕਾਂ ਵਿੱਚ ਔਰਤਾਂ ਦੇ ਸ਼ਰਾਬ ਪੀਣ ਦੇ ਵਰਤਾਰੇ ਵਿੱਚ ਕਿਤੇ ਕਿਤੇ ਮਰਦਾਂ ਦਾ ਵੀ ਦੋਸ਼ ਹੈ। ਮੇਰੀ ਇਕ ਬਹੁਤ ਹੀ ਨਜ਼ਦੀਕੀ ਸਹੇਲੀ ਨੇ ਦੱਸਿਆ ਕਿ ਜਦੋਂ ਉਹ ਕੇਨੇਡਾ ਵਿੱਚ ਨਵੀਂ ਨਵੀਂ ਆਈ ਸੀ ਤਾਂ ਉਸ ਨਾਲ ਸ਼ਰਾਬ ਨਾ ਪੀਣ ਕਾਰਨ ਬਹੁਤ ਕਲੇਸ਼ ਹੋਇਆ। ਹੋਇਆ ਇਸ ਤਰ੍ਹਾਂ ਕਿ ਉਸਦੇ ਪਤੀ ਦੇ ਦੋਸਤ ਨੇ ਆਪਣੇ ਘਰ ਡਿਨਰ ਤੇ ਬੁਲਾਇਆ। ਸਾਰਿਆਂ ਨੇ ਗਲਾਸ਼ਾਂ ਵਿੱਚ ਪਾ ਲਈ। ਦੂਸਰੀਆਂ ਔਰਤਾਂ ਜੋ ਓਥੇ ਹਾਜ਼ਰ ਸਨ, ਉਹ ਵੀ ਗਲਾਸ ਲੈਕੇ ਬਹਿ ਗਾਈਆਂ। ਕੋਈ ਆਖੇ ਰੈਡ ਵਾਈਨ ਪਾ ਦੇਵੋ, ਕੋਈ ਆਖੇ ਥੋੜ੍ਹੀ ਆਹ ਪਾ ਦੇਵੋ, ਕੋਈ ਆਖੇ ਔਹ ਪਾ ਦੇਵੋ। ਮੇਰੀ ਸਹੇਲੀ ਨੇ ਕਦੇ ਪੀਤੀ ਨਹੀਂ ਸੀ। ਇਸ ਲਈ ਨਾਂਹ ਕਰ ਦਿੱਤੀ ਪਰ ਉਹ ਸਾਰੇ ਜਾਣੇ ਉਸਦੇ ਪਤੀ ਸਮੇਤ ਮੱਗਰ ਪੈ ਗਏ। ਇਕ ਨੇ ਜ਼ਬਰਦਸਤੀ ਉਸਦੇ ਗਲਾਸ ਵਿੱਚ ਵੀ ਪਾ ਦਿੱਤੀ। ਉਸਦੇ ਦੱਸਣ ਮੁਤਾਬਕ ਉਹ ਥੋੜ੍ਹਾ ਜਿਹਾ ਚਿਰ ਗਲਾਸ ਲੈਕੇ ਬੈਠੀ ਰਹੀ। ਡਰਦੀ ਮਾਰੀ ਨੇ ਪੀਣ ਦਾ ਦਿਖਾਵਾ ਵੀ ਕੀਤਾ। ਪਰ ਘੁੱਟ ਉਸਦੇ ਸੰਘ ਤੋਂ ਨੀਚੇ ਨਾ ਉਤਰੀ। ਉਹ ਅੱਖ ਬਚਾ ਕੇ ਕਿਚਨ 'ਚ ਗਈ ਤੇ ਭਾਂਡੇ ਧੋਣ ਵਾਲੀ ਸਿੰਕ ਵਿੱਚ










ਡੋਲ੍ਹ ਆਈ। ਕਿਸੇ ਨੂੰ ਪਤਾ ਲੱਗ ਗਿਆ। ਉਸਦਾ ਮਜ਼ਾਕ ਉੱਡਿਆ। ਘਰ ਆਕੇ ਉਸਦੇ ਪਤੀ ਨੇ ਕਲੇਸ਼ ਕੀਤਾ। ਉਸਦੇ ਪਤੀ ਦਾ ਕਹਿਣਾ ਸੀ ਕਿ ਲੋਕੀਂ ਕੀ ਆਖਣਗੇ ਕਿ ਉਹ ਅਨਪੜ੍ਹਾਂ ਵਾਂਗ ਵਿਹਾਰ ਕਰਦੀ ਹੈ ਜਦੋਂ ਕਿ ਉਹ ਓਥੇ ਬੈਠੀਆਂ ਸਾਰੀਆਂ ਔਰਤਾਂ ਤੋਂ ਵੱਧ ਪੜ੍ਹੀ ਲਿਖੀ ਸੀ। ਹੁਣ ਉਹ ਪਾਰਟੀਆਂ ਵਿੱਚ ਮਾੜੀ ਮੋਟੀ ਪੀ ਲੈਂਦੀ ਹੈ। ਬਹੁਤ ਵਾਰ ਥੋੜ੍ਹੇ ਤੋਂ ਹੀ ਕੰਮ ਵੱਧ ਜਾਂਦਾ। ਸ਼ਰਾਬ ਪੀਣਾ ਪੱਕੀ ਆਦਤ ਬਣ ਜਾਂਦੀ ਹੈ। ਅਨੇਕਾਂ ਕੇਸ ਸਾਹਮਣੇ ਆਉਂਦੇ ਹਨ।

ਮੈਂ ਕੇਨੇਡਾ ਦੇ ਸ਼ਹਿਰ ਸਰੀ (ਬ੍ਰਿਟਿਸ਼ ਕਲੰਬੀਆ) ਵਿੱਚ ਇਕ ਪੰਜਾਬੀ ਕਾਨਫਰੰਸ ਵਿੱਚ ਹਿੱਸਾ ਲਿਆ। ਡਰੱਗ ਯੂਨਿਟ ਵਿੱਚ ਕੰਮ ਕਰਦੇ ਸਾਰਜੈਂਟ ਜੈਗ ਖੋਸਾ ਨੇ ਖੁਲਾਸਾ ਕੀਤਾ ਕਿ ਪੰਜਾਬੀ ਮੁੰਡੇ ਜੋ ਡਰੱਗ ਦਾ ਧੰਦਾ ਕਰਦੇ ਹਨ, ਉਹਨਾਂ ਨਾਲ ਕੁੜੀਆਂ ਵੀ ਸ਼ਾਮਿਲ ਹੁੰਦੀਆਂ ਹਨ। ਹਰ ਇਕ ਗੈਂਗਸਟਰ ਦੀਆਂ ਦੋ ਦੋ ਤਿੰਨ ਗਰਲ ਫਰਿੰਡਾਂ ਦੇਖਣ ਨੂੰ ਮਿਲੀਆਂ ਹਨ। ਅਜੇਹੀਆਂ ਕੁੜੀਆਂ ਪੁੱਠੇ ਨਸ਼ੇ ਕਰਨ ਲੱਗ ਪੈਂਦੀਆਂ ਹਨ ਅਤੇ ਕਈ ਤਰ੍ਹਾਂ ਦੇ ਗੈਰ ਕਾਨੂੰਨੀ ਧੰਦਿਆਂ ਵਿੱਚ ਆਪ ਹੀ ਨਹੀਂ ਧੱਸਦੀਆਂ ਸਗੋਂ ਹੋਰਨਾਂ ਦਾ ਵੀ ਬੇੜਾ ਗਰਕ ਕਰਦੀਆਂ ਹਨ। ਪੈਸੇ ਦੀ ਲਿਸ਼ਕੋਰ ਵਿੱਚ ਅੱਖਾਂ ਚੁੰਧਿਆ ਜਾਂਦੀਆਂ ਹਨ। ਪੁੱਠੇ ਸਿੱਧੇ ਨਸ਼ੇ ਤੋਂ ਮੇਰਾ ਭਾਵ ਸੰਨਥੈਟਿਕ ਨਸ਼ੇ ਤੋਂ ਹੈ। ਮੁੰਡਿਆਂ ਵਾਂਗ ਕੁੜੀਆਂ ਵੀ ਨਸ਼ੇ ਦੀਆਂ ਆਦੀ ਹੋ ਜਾਂਦੀਆ ਹਨ। ਇਸ ਸਭ ਕਾਸੇ ਦਾ ਮੁੱਢ ਸ਼ਰਾਬ ਤੋਂ ਸ਼ੁਰੂ ਹੁੰਦਾ ਹੈ ਅਤੇ ਵੱਧਦਾ ਵੱਧਦਾ ਹੈਰੋਇਨ ਵਰਗੀਆਂ ਘਾਤਕ ਡਰੱਗਾਂ ਤੱਕ ਜਾ ਪੁੱਜਦਾ ਹੈ। ਨਸ਼ਿਆਂ ਅਤੇ ਸਰੀਰਕ ਧੰਦਿਆਂ ਦਾ ਕੰਮ ਦੇਸ਼ਾਂ ਵਿਦੇਸਾਂ ਤੋਂ ਪੜ੍ਹਨ ਆਈਆਂ ਕੁੜੀਆਂ ਵਿੱਚ ਵੀ ਕੁਝ ਹੱਦ ਤੱਕ ਦਿੱਸਣ ਲੱਗ ਪਿਆ ਹੈ। ਸਾਰਜੈਂਟ ਜੈਗ ਖੋਸਾ ਨੇ ਓਸੇ ਕਾਨਫਰੰਸ ਵਿੱਚ ਜਿਸਦਾ ਜ਼ਿਕਰ ਮੈਂ ਉਪਰ ਕੀਤਾ ਹੈ, ਬੜੇ ਸਪੱਸ਼ਟ ਸ਼ਬਦਾਂ ਵਿੱਚ ਕੀਤਾ ਕਿ ਕੁੜੀਆਂ ਨੂੰ ਏਸ ਪਾਸੇ ਧਕੇਲਣ ਵਾਲੇ ਵੀ ਅਸੀਂ ਖੁਦ ਆਪ ਹਾਂ।

ਜਿਵੇਂ ਮੈਂ ਉਪਰ ਲਿਖਿਆ ਹੈ ਕਿ ਨਸ਼ਾ ਤਸਕਰੀ ਵਿੱਚ ਔਰਤਾਂ ਬਹੁਤ ਵੱਡਾ ਰੋਲ ਅਦਾ ਕਰਦੀਆਂ ਹਨ। ਕਦੇ ਕਦੇ ਕਿਸੇ ਪੰਜਾਬੀ ਔਰਤ ਦਾ ਏਅਰ ਪੋਰਟ ਤੇ ਨਸ਼ੇ ਸਮੇਤ ਫੜੇ ਜਾਣ ਦੀ ਘਟਨਾ ਨੂੰ ਅਖਬਾਰ ਟਿਚਕਾਰੀਆਂ ਲੈ ਲੈ ਮੋਟੇ ਅੱਖਰਾਂ ਵਿੱਚ ਛਾਪਦੇ ਹਨ। ਔਰਤਾਂ ਲਈ ਨਸ਼ੇ ਨੂੰ ਇਕ ਥਾਂ ਤੋਂ ਦੂਜੀ ਥਾਂ ਪਹੁੰਚਾਣਾ ਸੌਖਾ ਹੁੰਦਾ ਹੈ। ਸ਼ੱਕ ਘੱਟ ਹੁੰਦੀ ਹੈ ਅਤੇ ਪੁਲੀਸ ਦੀਆਂ ਨਜ਼ਰਾਂ ਤੋਂ ਬੱਚਣਾ ਸੌਖਾ ਹੁੰਦਾ ਹੈ। ਇਸ ਤੋਂ ਬਿਨਾਂ ਘਰਾਂ ਵਿੱਚ ਤੋਲ ਤੋਲ ਕੇ ਪੁੜੀਆਂ ਬਣਾਉਣਾ ਦਾ ਕੰਮ ਵੀ ਨਸ਼ਾ ਤਸ਼ਕਰੀ ਵਿੱਚ ਅਹਿਮ ਰੋਲ ਅਦਾ ਕਰਦਾ ਹੈ। ਮਹਿਲਾਂ ਵਰਗੇ ਘਰਾਂ 'ਚ ਬੈਠ ਨਸ਼ੇ ਦੀਆਂ ਪੁੜੀਆਂ ਗਾਹਕਾਂ ਨੂੰ ਫੜਾਉਣੀਆਂ ਤੇ ਪੈਸੇ ਵਟੋਰਨੇ ਉਹਨਾਂ ਦੀਆਂ ਨਜ਼ਰਾਂ ਵਿੱਚ ਆਸਾਨ ਧੰਦਾ ਹੈ ਪਰ ਉਹਨਾਂ ਨੂੰ ਇਸਦੇ ਨੁਕਸਾਨ ਦਾ ਪਤਾ ਓਦੋਂ ਲੱਗਦਾ ਹੈ ਜਦੋਂ ਉਹਨਾਂ 'ਚੋਂ ਕਿਸੇ ਦਾ ਆਪਣਾ ਬੱਚਾ ਓਵਰਡੋਜ਼ ਨਾਲ ਮਰਿਆ ਮਿਲਦਾ ਹੈ। ਅਜੇਹੇ ਵਰਤਾਰੇ ਅਗਾਂਹ ਜਾ ਕੇ ਗੈਂਗ ਕਲਚਰ ਨੂੰ ਜਨਮ ਦਿੰਦੇ ਹਨ।

ਔਰਤਾਂ ਵਿੱਚ ਨਸ਼ਿਆਂ ਦਾ ਵੱਧ ਰਿਹਾ ਰੁਝਾਨ ਕੇਵਲ ਤੇ ਕੇਵਲ ਪ੍ਰਦੇਸ਼ਾਂ ਵਿੱਚ ਹੀ ਨਹੀਂ ਸਗੋਂ ਸਾਡੇ ਪੰਜਾਬ ਵਿੱਚ ਵੀ ਲੱਤਾਂ ਬਾਹਾਂ ਖਿਲਾਰੀ ਫਿਰਦਾ ਹੈ। ਨਸ਼ਿਆਂ ਦੀ ਤਸਕਰੀ ਤੋਂ ਲੈਕੇ ਨਸ਼ੇ ਖਾਣ ਪੀਣ ਤੱਕ ਸਾਡੀਆਂ ਮੁਟਿਆਰਾਂ ਰੁੱਝੀਆਂ ਹੋਈਆਂ ਹਨ। ਘਰਾਂ ਵਿੱਚ ਪੇਂਡੂ ਔਰਤਾਂ ਦਾ ਘਰ ਦੀ ਕੱਢੀ ਸ਼ਰਾਬ ਵੇਚਣਾ ਪ੍ਰਚਲਤ ਹੈ। ਘਰੋਂ ਬਾਹਰ ਪੜ੍ਹਦੀਆਂ ਕੁੜੀਆਂ ਮੇਰਾ ਭਾਵ ਸਕੂਲਾਂ ਕਾਲਜਾਂ ਜਾਂ ਯੂਨੀਵਰਸਿਟੀਆਂ ਦੇ ਹੋਸਟਲਾਂ ਵਿੱਚ ਮੁੰਡਿਆਂ ਵਾਂਗ ਪੈਗ ਨਾਲ ਪੈਗ ਟਕਰਾ ਉਹ ਆਪਣੇ ਆਪ ਨੂੰ ਅਗਾਂਹ-ਵਧੂ ਅਖਵਾਉਣ ਵਿੱਚ ਮਾਣ ਮਹਿਸੂਸ ਕਰਦੀਆਂ ਹਨ। ਉਹਨਾਂ ਲਈ ਇਹ ਨਵੀਂ ਤਹਿਜ਼ੀਬ ਜਾਂ ਨਵੀਂ ਤਰਜ਼ ਦੀ ਜ਼ਿੰਦਗੀ ਹੁੰਦਾ ਹੈ। ਬਹੁਤ ਦੁੱਖ ਦੀ ਗੱਲ ਹੈ ਕਿ ਜਿਉਂ ਜਿਉਂ ਅਕਾਦਮਿਕ ਸਿਖਿਆ ਦਾ ਪਾਸਾਰ ਹੋ ਰਿਹਾ ਹੈ ਤਿਉਂ ਤਿਉਂ ਔਰਤਾਂ ਦਾ ਸ਼ਰਾਬ ਪੀਣਾ ਪੜ੍ਹੇ ਲਿਖੇ ਹੋਣ ਦਾ ਪੈਮਾਨਾ ਸਮਝਿਆਂ ਜਾਣ ਲੱਗ ਪਿਆ ਹੈ।

ਸ਼ਰਾਬ ਦੀ ਗੱਲ ਛੱਡ ਦੂਸਰੇ ਪਾਸੇ ਆਉਂਦੇ ਹਾਂ। ਪੰਜਾਬ ਦੇ ਵੱਡੇ ਸ਼ਹਿਰਾਂ ਵਿੱਚ ਵਿਦੇਸ਼ੀ ਤਰਜ਼ ਤੇ ਹੁੱਕਾਂ ਬਾਰਾਂ ਖੁਲ੍ਹ ਚੁੱਕੀਆਂ ਹਨ। ਸਕੂਲਾਂ ਕਾਲਜਾਂ ਦੀਆਂ ਕੁੜੀਆਂ ਦਾ ਵੀਕ-ਇੰਡ ਇਹਨਾਂ ਹੁੱਕਾਂ ਬਾਰਾਂ 'ਚ ਬੀਤਦਾ ਹੈ। ਜਿਹੜੇ ਸਮਾਜ ਵਿੱਚ ਕੁੜੀਆਂ ਦੇ ਹੋਸਟਲ ਮੂਹਰੇ ਖੁਲ੍ਹੇ ਮੈਡੀਕਲ ਸਟੋਰ ਚੋਂ ਖੰਘ ਦੀਆਂ ਦਵਾਈਆਂ ਹੀ ਖਤਮ ਹੋਈਆਂ ਰਹਿੰਦੀਆਂ ਹੋਣ, ਓਥੇ ਰੱਬ ਹੀ ਰਾਖਾ ਹੈ। ਫੈਂਸੀ ਵਰਗੀ ਖੰਘ ਦੀ ਦਵਾਈ ਨਸ਼ੇ ਦੀ ਲੋੜ ਲੈਣ ਲਈ ਵਰਤੀ ਜਾਂਦੀ ਹੈ। ਇਹ ਸਾਡੇ ਭਵਿੱਖ ਦੀਆਂ ਮਾਵਾਂ ਹਨ ਅਤੇ ਇਹਨਾਂ ਤੋਂ ਚੰਗੇ ਸਿਹਤਮੰਦ ਸਮਾਜ ਦੀ ਸਿਰਜਣਾ ਦੀ ਆਸ ਕਿਵੇਂ ਹੋ ਸਕਦੀ ਹੈ।

ਸਵਾਲ ਪੈਂਦਾ ਹੁੰਦਾ ਹੈ ਕਿ ਇਸ ਸਭ ਕਾਸੇ ਲਈ ਕੌਣ ਜ਼ੁੰਮੇਵਾਰ ਹੈ। ਅਸੀਂ ਖੁਦ ਜ਼ੁੰਮੇਵਾਰ ਹਾਂ। ਕਿਸੇ ਦੂਸਰੇ ਤੀਸਰੇ ਸਿਰ ਦੋਸ਼ ਮੜ੍ਹਨਾ ਮੂਰਖਤਾ ਹੋਵੇਗੀ। ਔਰਤ ਦੀ ਆਜ਼ਾਦੀ ਲਈ ਚੁੱਕਿਆ ਜਾ ਰਿਹਾ ਮਸਲਾ ਪੁੱਠਾ ਪੈਂਦਾ ਨਜ਼ਰ ਆਉਂਦਾ ਹੈ। ਮੇਰਾ ਭਾਵ ਹੈ ਕਿ ਇਸ ਨਾਹਰੇ ਅਧੀਨ ਔਰਤਾਂ ਅਸਲੀ ਆਜ਼ਾਦੀ ਦਾ ਰਾਹ ਛੱਡ ਕੇ ਵਿੰਗੇ ਟੇਡੇ ਰਾਹ ਅਖਤਿਆਰ ਕਰ ਰਹੀਆਂ ਹਨ। ਜਦੋਂ ਕਿਤੇ ਔਰਤਾਂ ਦੇ ਸ਼ਰਾਬ ਪੀਣ ਤੇ ਉਂਗਲ ਉਠਾਈ ਜਾਂਦੀ ਹੈ ਤਾਂ ਔਰਤਾਂ ਵਲੋਂ ਹੀ ਜਵਾਬ ਮਿਲਦਾ ਹੈ ਕਿ ਜੇਕਰ ਮਰਦ ਪੀ ਸਕਦੇ ਹਨ ਤਾਂ ਔਰਤਾਂ ਕਿਉਂ ਨਹੀਂ ਪੀ ਸਕਦੀਆਂ। ਉਹਨਾਂ ਦਾ ਤਰਕ ਇਹ ਹੁੰਦਾ ਹੈ ਕਿ ਅਜੋਕੇ ਸਮੇਂ ਵਿੱਚ ਜੀਵਨ ਦੇ ਹਰ ਪਹਿਲੂ ਵਿੱਚ ਔਰਤ ਮਰਦ ਦੇ ਬਰਾਬਰ ਹੈ। ਔਰਤ ਡਾਕਟਰ ਹੈ, ਇੰਜੀਨੀਅਰ ਹੈ, ਪਾਇਲਾਟ ਹੈ ਤੇ ਅਸਮਾਨੀ ਉਡਾਰੀਆਂ ਲਾਉਂਦੀ ਹੈ, ਮਰਦ ਵਾਂਗ ਕਮਾਉਂਦੀ ਹੈ ਤਾਂ ਫਿਰ ਮਰਦ ਵਾਂਗ ਸ਼ਰਾਬ ਕਿਉਂ ਨਹੀਂ ਪੀ ਸਕਦੀ। ਵਾਹ ਕਿੰਨਾ ਵਧੀਆ ਤਰਕ ਪੇਸ਼ ਕੀਤਾ ਜਾਂਦਾ ਹੈ ਤੇ ਉਹ ਵੀ ਪੜ੍ਹੀਆਂ ਲਿਖੀਆਂ ਔਰਤਾਂ ਵਲੋਂ। ਗੱਲ ਕੀ ਉਹਨਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਆਪਣੇ ਮਾਡਰਨ, ਗਿਆਨਵਾਨ ਤੇ ਬੁੱਧੀਜੀਵੀ ਹੋਣ ਦਾ ਸਬੂਤ ਦੇਣਾ ਹੁੰਦਾ ਹੈ ਅਤੇ ਇਸ ਤੋ ਇਲਾਵਾ ਔਰਤਾਂ ਦੀ ਹਮਦਰਦ ਅਖਵਾਉਣ ਦਾ ਸਰਟੀਫਿਕੇਟ ਵੀ ਚੈਨ ਨਹੀਂ ਲੈਣ ਦਿੰਦਾ।

ਸਭਿਆਚਾਰ ਤੇ ਜਦੋਂ ਮਾਰੂ ਟੱਕ ਵੱਜਦਾ ਹੈ ਤਾਂ ਪਤਾ ਹੀ ਨਹੀਂ ਲੱਗਦਾ। ਸਾਡੇ ਆਸੇ ਪਾਸੇ ਵਿਚਰਦੇ ਸਭਿਆਚਾਰ ਦਾ ਉਹ ਪੱਖ ਭਾਰੂ ਹੋ ਜਾਂਦਾ ਹੈ ਜਿਹੜਾ ਕਹਿੰਦਾ ਹੈ ਕਿ ਸਾਨੂੰ ਪੁਰਾਤਨ ਚੀਜ਼ਾਂ ਕਬੂਲ ਨਹੀਂ, ਅਸੀਂ ਪੂਰਨ ਤੌਰ ਤੇ ਨਵੇ ਤੌਰ ਤਰੀਕਿਆਂ ਵਿੱਚ ਯਕੀਨ ਰੱਖਦੇ ਹਾਂ। ਉਹਨਾਂ ਤੌਰ ਤਰੀਕਿਆਂ ਵਿੱਚ ਔਰਤ ਦੀ ਅਖੌਤੀ ਆਜ਼ਾਦੀ ਦਾ ਤੱਤ ਵੀ ਸਾਹਮਣੇ ਆ ਜਾਂਦਾ ਹੀ ਨਹੀਂ ਸਗੋਂ ਸਾਡੇ ਤੇ ਭਾਰੂ ਪੈ ਜਾਂਦਾ ਹੈ। ਅਸੀਂ ਆਪਣੀ ਵਾਹਵਾ ਲਈ ਬਾਲੜੀਆਂ ਦੇ ਰਾਹਾਂ ਵਿੱਚ ਅਜੇਹੀ ਗੰਦਗੀ ਬਿਖੇਰ ਜਾਂਦੇ ਹਾਂ ਕਿ ਉਹਨਾਂ ਦੇ ਪੈਰ ਲਿੱਬੜ ਜਾਂਦੇ ਹਨ। ਇਹ ਗੰਦਗੀ ਹੌਲੀ ਹੌਲੀ ਉਹਨਾਂ ਦੀਆਂ ਰੂਹਾਂ ਤੱਕ ਅੱਪੜ ਕੇ ਰੂਹਾਂ ਪਲੀਤ ਕਰ ਦਿੰਦੀ ਹੈ।

ਔਰਤਾਂ ਦੇ ਨਸ਼ਿਆਂ ਦੀ ਗੱਲ ਕਰਦਿਆਂ ਆਪਣੇ ਸਮਾਜਿਕ ਤਾਣੇ ਬਾਣੇ ਦਾ ਜ਼ਿਕਰ ਕਰਨਾ ਵੀ ਬਣਦਾ ਹੈ। ਘਰ ਵਿੱਚ ਕੁੜੀ ਨੂੰ ਮੁੰਡੇ ਨਾਲੋਂ ਭਾਵ ਕੁੜੀ ਨੂੰ ਉਸਦੇ ਭਰਾ ਨਾਲੋਂ ਘਟੀਆ ਸਮਝਣਾ, ਬਾਪ ਦਾ ਮਾਂ ਦੀ ਕੁੱਟ ਮਾਰ ਕਰਨਾ ਅਤੇ ਸਭ ਤੋਂ ਭਿਆਨਕ ਹਾਲਤ ਉਹ ਹੁੰਦੀ ਹੈ ਜਦੋਂ ਛੋਟੀ ਉਮਰ ਵਿੱਚ ਹੀ ਕਿਸੇ ਕੁੜੀ ਦਾ ਉਸਦੇ ਸੱਕੇ ਰਿਸ਼ਤੇਦਾਰਾਂ ਵਲੋਂ ਵਾਰ ਵਾਰ ਸਰੀਰਕ ਸੋਸ਼ਣ ਕੀਤਾ ਜਾਂਦਾ ਹੈ। ਉਹ ਆਪਣੀ ਪੀੜ ਨੂੰ ਆਪਣੇ ਅੰਦਰ ਹੀ ਸਮਾ ਲੈਂਦੀ ਹੈ ਅਤੇ ਬਹੁਤੀ ਵਾਰ ਇਸ ਪੀੜ ਤੋਂ ਛੁਟਕਾਰਾ ਪਾਉਣ ਲਈ ਨਸ਼ਿਆਂ ਦਾ ਸਹਾਰਾ ਲੈਣ ਲੱਗ ਜਾਂਦੀ ਹੈ। ਇਹ ਸਰੀਰਕ ਸ਼ੋਸ਼ਣ ਭਾਰਤੀ ਜਾਂ ਪੰਜਾਬੀ ਸਮਾਜ ਵਿੱਚ ਹੀ ਹੁੰਦਾ ਸਗੋਂ ਪੱਛਮੀ ਮੁਲਕਾਂ ਵਿੱਚ ਵੀ ਆਮ ਹੈ। ਮੇਰੇ ਨਾਲ ਕੰਮ ਕਰਦੀ ਇਕ ਗੋਰੀ ਕੁੜੀ ਨੇ ਮੈਨੂੰ ਇਹ ਕਹਾਣੀ ਆਪ ਸੁਣਾਈ ਕਿ ਉਸਦਾ ਮਤਰੇਆ ਬਾਪ ਉਸ ਨਾਲ ਸਰੀਰਕ ਸੋਸ਼ਣ ਕਰਦਾ ਸੀ ਪਰ ਉਸਦੀ ਸੱਕੀ ਮਾਂ ਇਹ ਮੰਨਣ ਨੂੰ ਤਿਆਰ ਨਹੀਂ ਸੀ। ਉਸਨੇ ਦੱਸਿਆ ਉਹ ਆਪਣੀ ਮਾਂ ਨੂੰ ਬਹੁਤ ਨਫਰਤ ਕਰਦੀ ਹੈ। ਭਾਵੇਂ ਡਾਕਟਰੀ ਸਹਾਇਤਾ ਨਾਲ ਉਹ ਕੁੜੀ ਪੂਰਨ ਤੌਰ ਤੇ ਠੀਕ ਹੋ ਚੁੱਕੀ ਸੀ ਪਰ ਉਸਦੇ ਦੱਸਣ ਮੁਤਾਬਕ ਇਕ ਵੇਲਾ ਅਜਿਹਾ ਵੀ ਸੀ ਕਿ ਸ਼ਰਾਬ ਨੇ ਉਸਨੂੰ ਪੂਰੀ ਤਰ੍ਹਾਂ ਉਸਨੂੰ ਜਕੜ ਲਿਆ ਸੀ। ਆਪਣੇ ਮਾੜੇ ਦਿਨ ਯਾਦ ਕਰਕੇ ਉਸ ਦੀਆਂ ਅੱਖਾਂ ਅਕਸਰ ਹੀ ਨਮ ਹੋ ਜਾਂਦੀਆਂ ਸਨ।

ਮੇਰਾ ਇਕ ਰਿਸ਼ਤੇਦਾਰ ਕੇਨੀਡੀਅਨ ਇਮੀਗਰਾਂਟ ਮੁੰਡਾ ਭਾਰਤ ਜਾ ਕੇ ਪੜ੍ਹੀ ਲਿਖੀ ਬੜੀ ਸੋਹਣੀ ਸੁਨੱਖੀ ਕੁੜੀ ਨਾਲ ਵਿਆਹ ਕਰਵਾ ਆਇਆ। ਕੁੜੀ ਸਾਧਾਰਨ ਕਿਸਾਨੀ ਜੱਟ ਪਰਿਵਾਰ ਧੀ ਸੀ ਪਰ ਉਸਦੇ ਮਾਪਿਆਂ ਨੇ ਆਪਣੀ ਧੀ ਨੂੰ ਹੋਸਟਲਾਂ ਵਿੱਚ ਰੱਖ ਕੇ ਚੰਗੀ ਤਾਲੀਮ ਦਿਵਾਈ। ਵਿਆਹ ਤੋਂ ਬਾਦ ਮੁੰਡੇ ਨੂੰ ਪਤਾ ਲੱਗਿਆ ਕਿ ਉਸਦੀ ਪਤਨੀ ਡਰੱਗ ਲੈਂਦੀ ਹੈ। ਉਹ ਮੁੰਡੇ ਤੋਂ ਜਾਣੀ ਆਪਣੇ ਪਤੀ ਤੋਂ ਡਰੱਗ ਦੀ ਮੰਗ ਕਰਨ ਲੱਗੀ। ਬਹਾਨੇ ਬਣਾ ਬਣਾ ਸਹੇਲੀਆਂ ਨਾਲ ਚਲੇ ਜਾਣਾ ਅਤੇ ਨਸ਼ਾ ਖਰੀਦ ਲਿਆਉਣਾ। ਏਥੋਂ ਤੱਕ ਕਿ ਉਸਦੀਆਂ ਸਹੇਲੀਆਂ ਘਰੇ ਆਕੇ ਅੱਖ ਬਚਾ ਕੇ ਨਸ਼ੇ ਵਾਲੀਆਂ ਗੋਲੀਆਂ ਦੇ ਜਾਇਆ ਕਰਦੀਆਂ ਸਨ। ਜਿਸ ਦਿਨ ਨਸ਼ਾ ਨਾ ਮਿਲਦਾ ਉਸ ਦਿਨ ਉਹ ਘਰ ਸਿਰ ਤੇ ਚੁੱਕ ਲੈਂਦੀ। ਉਸ ਮੁੰਡੇ ਨੇ ਆਪ ਮੈਨੂੰ ਦੱਸਿਆ ਕਿ ਕਈ ਵਾਰ ਉਸਨੇ ਆਪ ਉਸਨੂੰ ਮੈਡੀਕਲ ਸਟੋਰ ਤੋਂ ਨਸ਼ੇ ਦੀਆਂ ਗੋਲੀਆਂ ਲਿਆ ਕੇ ਦਿੱਤੀਆਂ ਸਨ। ਉਹ ਨਾ ਆਪ ਸੌਂਦੀ ਸੀ ਤੇ ਨਾ ਉਸਨੂੰ ਸੌਣ ਦਿੰਦੀ ਸੀ। ਨਸ਼ੇ ਦੀ ਤੋੜ ਵਿੱਚ ਉਹ ਲੱਤਾਂ ਮਾਰ ਮਾਰ ਉਸਦਾ ਬੁਰਾ ਹਾਲ ਕਰ ਦਿੰਦੀ ਸੀ। ਮੁੰਡਾ ਵਿਚਾਰਾ ਅਜੇਹਾ ਸਾਊ ਸੀ ਕਿ ਕਦੇ ਬੀਅਰ ਦਾ ਸਵਾਦ ਵੀ ਨਹੀਂ ਸੀ ਦੇਖਿਆ। ਉਸ ਮੁੰਡੇ ਨੇ ਮੈਨੂੰ ਦੱਸਿਆ ਕਿ ਉਸਦੇ ਮਾਪਿਆਂ ਨੂੰ ਉਸਦੀ ਆਦਤ ਦਾ ਪਤਾ ਨਹੀਂ ਸੀ। ਜਦੋਂ ਮੈਂ ਸਬੂਤਾਂ ਸਮੇਤ ਉਹਨਾਂ ਦੀ ਜਾਣਕਾਰੀ ਵਿੱਚ ਲਿਆਦਾਂ ਤਾਂ ਵਿਚਾਰਿਆ ਦੇ ਹੋਸ਼ ਉੱਡ ਗਏ। ਔਖੇ ਸੌਖੇ ਨੇ ਮਹੀਨਾ ਉਸ ਨਾਲ ਕੱਟਿਆ ਤੇ ਕੇਨੇਡਾ ਵਾਪਿਸ ਆ ਗਿਆ। ਅੰਤ ਦੋਨਾਂ ਪਰਿਵਾਰਾਂ ਦੀ ਖੱਜਲ ਖੁਆਰੀ ਪਿੱਛੋਂ ਤਲਾਕ ਹੋ ਗਿਆ ਤੇ ਉਹ ਕੁੜੀ ਕੈਨੇਡਾ ਨਾ ਆ ਸਕੀ।

ਮਰਦ ਅਤੇ ਔਰਤ ਜੀਵਨ ਦੀ ਗੱਡੀ ਦੇ ਦੋ ਪਹੀਏ ਹਨ। ਇਹ ਗੱਲ ਅਸੀਂ ਸਾਰੇ ਮੰਨਦੇ ਹਾਂ। ਪਰ ਕੁਦਰਤ ਨੇ ਮਰਦ ਅਤੇ ਔਰਤ ਦੇ ਜਿਸਮ ਅਤੇ ਸਰੀਰਕ ਅੰਗਾਂ ਵਿੱਚ ਅਜੇਹੀ ਭਿੰਨਤਾ ਦਰਸਾਈ ਹੈ ਜਿਸ ਕਰਕੇ ਮਰਦ ਮਰਦ ਹੈ ਅਤੇ ਔਰਤ ਔਰਤ ਹੈ। ਇਸ ਨੂੰ ਸਪਸ਼ਟ ਕਰਨ ਲਈ ਅਸੀਂ ਜੰਮਣ ਕਿਰਿਆ ਨੂੰ ਉਦਾਹਰਣ ਤੇ ਤੌਰ ਤੇ ਵਰਤ ਸਕਦੇ ਹਾਂ। ਬੱਚਾ ਮਾਂ ਦੀ ਕੁੱਖ ਵਿੱਚ ਨੌਂ ਮਹੀਨੇ ਪਲਦਾ ਹੈ ਨਾ ਕਿ ਮਰਦ ਦੀ ਕੁੱਖ ਵਿੱਚ। ਜਿਹੜੀ ਔਰਤ ਆਪ ਸ਼ਰਾਬ ਪੀਂਦੀ ਹੈ ਜਾਂ ਹੋਰ ਕਈ ਤਰ੍ਹਾਂ ਦਾ ਨਸ਼ਾ ਕਰਦੀ ਹੈ ਉਹ ਇਕ ਤੰਦਰੁਸਤ ਬੱਚੇ ਨੂੰ ਜਨਮ ਨਹੀਂ ਦੇ ਸਕਦੀ ਹੈ।

ਡਾ. ਹਰਸ਼ਿੰਦਰ ਕੌਰ ਪਟਿਆਲਾ ਦੇ ਅਨੁਸਾਰ ਇਕ ਮੈਡੀਕਲ ਤੱਥ ਇਹ ਵੀ ਹੈ ਕਿ ਮਰਦ ਅਤੇ ਔਰਤਾਂ ਦੇ ਸਰੀਰ ਵਿੱਚ ਅਲ਼ਕੋਹਲ ਡੀਹਾਈਡਰੋਜਨ ਇਨਜਾਈਮ (enzyme) ਹੁੰਦਾ ਹੈ ਜੋ ਔਰਤਾਂ ਵਿੱਚ ਮਰਦਾਂ ਦੇ ਮੁਕਾਬਲੇ ਕਿਤੇ ਘੱਟ ਮਾਤਰਾ ਵਿੱਚ ਪਾਇਆ ਜਾਂਦਾ ਹੈ । ਇਹ ਤੱਤ ਸ਼ਰਾਬ ਨੂੰ ਹਜ਼ਮ ਕਰਨ ਵਿੱਚ ਸਹਾਈ ਹੁੰਦਾ ਹੈ। ਕਿਉਂਕਿ ਔਰਤਾਂ ਵਿੱਚ ਇਹ ਘੱਟ ਮਾਤਰਾ ਵਿੱਚ ਹੁੰਦਾ ਹੈ, ਇਸ ਲਈ ਮਰਦਾਂ ਦੇ ਮੁਕਾਬਲੇ ਅਲਕੋਹਲ ਔਰਤਾਂ ਨੂੰ ਛੇਤੀ ਚੜ੍ਹ ਜਾਂਦੀ ਹੈ ਅਤੇ ਲਿਵਰ ਨੂੰ ਵੀ ਛੇਤੀ ਖਰਾਬ ਕਰ ਦਿੰਦੀ ਹੈ। ਸ਼ਰਾਬ ਵਿੱਚ ਅਜੇਹੇ ਤੱਤ ਵੀ ਮੌਜੂਦ ਹੁੰਦੇ ਹਨ ਜਿਹਨਾਂ ਦਾ ਅਸਰ ਕੁੱਖ ਵਿੱਚ ਪਲਦੇ ਬੱਚੇ ਤੇ ਬਹੁਤ ਹੁੰਦਾ ਹੈ। ਇਸ ਕਰਕੇ ਹੀ ਨਸ਼ਈ ਅਰਤਾਂ ਦੀ ਔਲਾਦ ਸਰੀਰਕ ਤੇ ਮਾਨਸਿਕ ਪੱਖੋਂ ਕਮਜ਼ੋਰ ਹੁੰਦੀ ਹੈ। ਬੱਚੇ ਦੇ ਨੈਣ ਨਕਸ਼ ਅਜੀਬ ਤਰ੍ਹਾਂ ਦੇ ਹੋ ਜਾਂਦੇ ਹਨ॥ ਬੱਚਾ ਸਮੇਂ ਤੋਂ ਪਹਿਲਾਂ ਵੀ ਜੰਮ ਸਕਦਾ ਹੈ ਅਤੇ ਮੰਦਬੁੱਧੀ ਵੀ ਹੋ ਸਕਦਾ ਹੈ। ਨਸ਼ਿਆਂ ਦੀ ਵਰਤੋਂ ਨੂੰ ਲੈ ਕੇ ਮਰਦ ਅਤੇ ਔਰਤ ਦੀ ਬਰਾਬਰੀ ਦਾ ਨਾਹਰਾ ਲਾਉਣ ਵਾਲੇ ਲੋਕ ਸ਼ਾਇਦ ਇਸ ਤੱਥ ਤੋਂ ਅਣਜਾਣ ਹੁੰਦੇ ਹਨ। ਔਰਤਾਂ ਮਰਦਾਂ ਦੀ ਬਰਾਬਰੀ ਕਰਦੀਆਂ ਕਰਦੀਆਂ ਸਮਾਜ ਜਾਂ ਸਭਿਆਚਾਰ ਵਿੱਚ ਅਜਿਹਾ ਵਿਗਾੜ ਪੈਦਾ ਕਰ ਰਹੀਆਂ ਹੁੰਦੀਆਂ ਹਨ ਜਿਸ ਨੂੰ ਠੀਕ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਵਰਤਮਾਨ ਦੇ ਨਾਲ ਨਾਲ ਆਉਣ ਵਾਲੀ ਪੌਦ ਵੀ ਨੁਕਸਾਨੀ ਜਾਂਦੀ ਹੈ।

ਮੇਰੇ ਸ਼ਬਦ ਕਦਾਚਿਤ ਮਰਦ ਦੀ ਨਸ਼ਿਆਂ ਪ੍ਰਤੀ ਖੁਲ੍ਹ ਦੀ ਵਕਾਲਤ ਨਹੀਂ ਕਰਦੇ। ਹਰ ਪ੍ਰਕਾਰ ਦਾ ਨਸ਼ਾ ਦੋਨਾਂ ਲਈ ਘਾਤਕ ਹੈ। ਪਰ ਇਸ ਲੇਖ ਵਿੱਚ ਗੱਲ ਔਰਤ ਦੀ ਹੋ ਰਹੀ ਹੈ ਇਸ ਲਈ ਮੈਂ ਔਰਤਾਂ ਤੇ ਹੀ ਕੇਂਦਰਿਤ ਰਹਾਂਗੀ। ਨਸ਼ੇ ਕਰਦੀ ਔਰਤ ਦਾ ਮਾਨਸਿਕ ਸੰਤੁਲਨ ਬਹੁਤ ਛੇਤੀ ਵਿਗੜ ਜਾਂਦਾ ਹੈ ਅਤੇ ਮਾਨਸਿਕ ਤੌਰ ਤੇ ਰੋਗੀ ਔਰਤ ਤੋਂ ਤੰਦਰੁਸਤ ਸਮਾਜ ਦੀ ਜਾਂ ਤੰਦਰੁਸਤ ਪੌਦ ਦੀ ਆਸ ਨਹੀਂ ਕੀਤੀ ਜਾ ਸਕਦੀ ।

ਤੇ ਹਾਂ ਇਹ ਗੱਲ ਦੱਸਣਾ ਜ਼ਰੂਰੀ ਸਮਝਦੀ ਹਾਂ ਕਿ ਮੈਂ ਕਦੇ ਵੀ ਔਰਤ ਦੀ ਆਜ਼ਾਦੀ, ਉਸਦੇ ਹੱਕਾਂ ਦੀ ਵਿਰੋਧਤਾ ਨਹੀਂ ਕਰਦੀ। ਮੈਂ ਜ਼ੋਰਦਾਰ ਸ਼ਬਦਾਂ ਵਿੱਚ ਔਰਤ ਦੇ ਮਾਣ ਸਨਮਾਨ ਦੀ ਹਾਮੀ ਭਰਦੀ ਹਾਂ ਅਤੇ ਭਰਦੀ ਰਹਾਂਗੀ। ਨਸ਼ਿਆਂ ਦੇ ਖੇਤਰ ਵਿੱਚ ਕਦੇ ਵੀ ਮਰਦ ਦੀ ਬਰਾਬਰੀ ਕਰਨ ਦੀ ਕਿਸੇ ਔਰਤ ਨੂੰ ਸਲਾਹ ਨਹੀਂ ਦੇਵਾਂਗੀ। ਦੂਸਰੀ ਗੱਲ ਇਹ ਕਿ ਮਰਦ ਅਤੇ ਔਰਤ ਨੂੰ ਇਕ ਦੂਸਰੇ ਦੇ ਚੰਗੇ ਗੁਣਾਂ ਦੀ ਰੀਸ ਕਰਨੀ ਚਾਹੀਦੀ ਹੈ ਨਾ ਕਿ ਇਹ ਕਿ ਜੇਕਰ ਮਰਦ ਨੇ ਖੂਹ ਵਿੱਚ ਛਾਲ ਮਾਰਨੀ ਹੈ ਤਾਂ ਔਰਤ ਨੇ ਬਰਾਬਰੀ ਦਾ ਦਾਵਾ ਕਰਕੇ ਖਾਤੇ ਵਿੱਚ ਜ਼ਰੂਰ ਗਰਕ ਹੋਣਾ ਹੈ।

ਵੇਖਣ ਵਿੱਚ ਆਉਂਦਾ ਹੈ ਕਿ ਔਰਤਾਂ ਕਈ ਪ੍ਰਕਾਰ ਦੀਆਂ ਮਾਰੂ ਸਥਿੱਤੀਆਂ ਦੀਆਂ ਬੜੀ ਆਸਾਨੀ ਨਾਲ ਸ਼ਿਕਾਰ ਹੋ ਜਾਂਦੀਆਂ ਹਨ ਜਿਹਨਾਂ 'ਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਉਦਾਹਰਣ ਦੇ ਤੌਰ ਤੇ ਇਕ ਘਟਨਾ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਇਕ 22-23 ਸਾਲ ਦੇ ਪੰਜਾਬੀ ਮੂਲ ਦੇ ਮੁੰਡੇ ਨੇ ਛੇਤੀ ਅਮੀਰ ਹੋਣ ਦੀ ਲਾਲਸਾ ਨਾਲ ਭੈੜਾ ਕਾਰੋਬਾਰ ਸ਼ੁਰੂ ਕਰ ਲਿਆ। ਉਸਨੇ ਸਕੂਲ ਪੜ੍ਹਦੀਆਂ ਕੁੜੀਆਂ ਨੂੰ ਆਪਣੇ ਝਾਂਸੇ ਵਿੱਚ ਲੈ ਡਰੱਗ ਨਮੂਨੇ ਦੇ ਤੌਰ 'ਤੇ ਪੇਸ਼ ਕਰਨੀ ਸ਼ੁਰੂ ਕਰ ਦਿੱਤੀ। ਕਈ ਨਸ਼ੇ ਅਜੇਹੇ ਹਨ ਕਿ ਜੇਕਰ ਉਹ ਦੋ ਤਿੰਨ ਵਾਰ ਸੰਘ ਚੋਂ ਲੰਘ ਜਾਣ ਤਾਂ ਛੁਟਕਾਰਾ ਪਾਉਣਾ ਮੁਸ਼ਕਿਲ ਹੋ ਜਾਂਦਾ ਹੈ। ਦੋ ਤਿੰਨ ਦਿਨ ਨਸ਼ਾ ਦਿੱਤਾ ਤੇ ਬੰਦ ਕਰ ਦਿੱਤਾ। ਏਨ੍ਹੇ ਚ ਜਵਾਨ ਛੋਟੀ ਉਮਰ ਦੀ ਕੁੜੀ ਨਸ਼ੇ ਦੀ ਆਦੀ ਹੋ ਗਈ। ਉਸਨੇ ਨਸ਼ੇ ਲਈ ਮੁੰਡੇ ਦੀਆਂ ਲੇਲੜੀਆਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਕੁੜੀ ਨੇ ਮਜ਼ਬੂਰੀ ਵੱਸ ਸਰੀਰ ਵੇਚਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਉਸ ਮੁੰਡੇ ਨੇ ਕੁੜੀਆਂ ਦੇ ਭਵਿੱਖ ਨੂੰ ਦਾਅ ਤੇ ਲਾ ਕੇ ਚੰਗੇ ਪੈਸੇ ਕਮਾਉਣੇ ਸ਼ੁਰੂ ਕਰ ਦਿੱਤੇ। ਪਰ ਅੰਤ ਪੁਲੀਸ ਦੇ ਕਾਬੂ ਆ ਗਿਆ ਪਰ ਉਸ ਸਮੇਂ ਤੱਕ ਉਹ ਬਹੁਤ ਨੁਕਸਾਨ ਕਰ ਚੁੱਕਾ ਸੀ। ਕਈ ਕੁੜੀਆਂ ਦਾ ਭਵਿੱਖ ਹਨੇਰਾ ਹੋ ਗਿਆ।

ਇਹ ਘਟਨਾ ਕਿਸੇ ਇਕ ਸ਼ਹਿਰ ਦੀ ਨਹੀਂ ਸਗੋਂ ਹਰ ਸ਼ਹਿਰ ਦੀ ਹੈ। ਜਿਹਨਾਂ ਦਿਨਾਂ ਵਿੱਚ ਇਹ ਘਟਨਾ ਹੋਈ, ਮੈਂ ਸ਼ਹਿਰ ਦੀ ਪੁਲੀਸ ਨਾਲ ਕੰਮ ਕਰਦੀ ਸਾਂ। ਉਸ ਮੁੰਡੇ ਨੂੰ ਪੁਲੀਸ ਨੇ ਜਿਸ ਤਰ੍ਹਾਂ ਕਾਬੂ ਕੀਤਾ ਉਹ ਬਹੁਤ ਹੀ ਨਾਟਕੀ ਸੀ। ਖੈਰ ਉਸ ਸਭ ਕਾਸੇ ਦਾ ਵਰਨਣ ਕਰਨਾ ਜ਼ਰੂਰੀ ਨਹੀਂ। ਜਿਸ ਦਿਨ ਉਹ ਮੁੰਡਾ ਪੁਲੀਸ ਦੇ ਹੱਥ ਆਇਆ ਉਸ ਦਿਨ ਮੈਂ ਭਰੇ ਮਨ ਨਾਲ ਦਫਤਰ ਵਿੱਚ ਬੈਠਕੇ ਹੀ ਇਕ ਕਵਿਤਾ ਲਿਖੀ ਜਿਸ ਦੀਆਂ ਅੰਤਿਮ ਸਤਰਾਂ ਇਸ ਤਰ੍ਹਾਂ ਸਨ -

ਕਿਸੇ ਜਿਸਮ ਵੇਚਿਆ
ਕਿਸੇ ਜਿਸਮ ਖਰੀਦਿਆ
ਤੇ ਜਿਸਨੇ ਮਾਲ ਸਮੇਟਿਆ
ਉਹ ਉਹਨਾਂ ਚੋਂ ਸੀ
ਜੋ ਹਰ ਪਰ ਨਾਰੀ ਨੂੰ
ਧੀ, ਭੈਣ ਜਾਂ ਮਾਂ ਕਹਿੰਦੇ ਨੇ।

ਸੋ ਛੇਤੀ ਅਮੀਰ ਹੋਣ ਦੇ ਚੱਕਰ ਵਿੱਚ ਵੀ ਆਦਮੀ ਕੁਰਾਹੇ ਪੈ ਜਾਂਦਾ ਹੈ ਅਤੇ ਆਪਣੇ ਘਿਨੌਣੇ ਕਾਰੇ ਵਿੱਚ ਕਈ ਨਿਰਦੋਸ਼ ਜਿੰਦਗੀਆਂ ਲਪੇਟ ਲੈਂਦਾ ਹੈ।

ਜਿੱਥੇ ਨਸ਼ਿਆਂ ਦਾ ਨਾਮ ਆ ਜਾਂਦਾ ਹੈ, ਓਥੇ ਕਿਸੇ ਕਿਸਮ ਦੀ ਭਲਾਈ ਦਾ ਤਾਂ ਸੁਪਨਾ ਵੀ ਨਹੀਂ ਲਿਆ ਜਾ ਸਕਦਾ। ਇਹਨਾਂ ਨਸ਼ਿਆਂ ਨੇ ਚੰਗੇ ਭਲੇ ਹੱਸਦੇ ਖੇਡਦੇ ਜੀਵਨ ਤਬਾਹ ਕੀਤੇ ਹਨ। ਜਿਹੜੇ ਘਰ ਵਿੱਚ ਆਦਮੀ ਤੇ ਔਰਤ ਦੋਨੋਂ ਹੀ ਨਸ਼ਿਆਂ ਦੇ ਆਦੀ ਹੋਣ ਤਾਂ ਜ਼ਰਾ ਦਿਲ ਤੇ ਹੱਥ ਰੱਖ ਕੇ ਸੋਚੋ ਕਿ ਇਸ ਘਰ ਦੀ ਕੀ ਹਾਲਤ ਹੋਵੇਗੀ। ਇਹਨਾਂ ਦੇ ਬੱਚਿਆਂ ਦਾ ਭਵਿੱਖ ਕਿਹੜੇ ਰਾਹ ਤੇ ਪਵੇਗਾ। ਆਮ ਕਰਕੇ ਔਰਤਾਂ ਵਲੋਂ ਕਿਹਾ ਜਾਂਦਾ ਹੈ ਕਿ ਥੋੜ੍ਹੀ ਜਿਹੀ ਪੀਤੀ ਸੀ । ਇਹ ਥੋੜ੍ਹੀ ਥੋੜ੍ਹੀ ਮਾੜੀ ਮਾੜੀ ਆਦਤ ਜੇਕਰ ਮਰਦ ਨੂੰ ਨਸ਼ਈ ਬਣਾ ਦਿੰਦੀ ਹੈ ਤਾਂ ਔਰਤ ਨੂੰ ਤਾਂ ਉਸ ਤੋਂ ਕਿਤੇ ਵੱਧ ਰਫਤਾਰ ਨਾਲ ਕਿਤੇ ਵੱਧ ਭਿਅੰਕਰ ਸਥਿੱਤੀ ਤੇ ਲਿਆਂ ਸੁੱਟਦੀ ਹੈ। ਔਰਤ ਦੀ ਬੱਚੇ ਪੈਂਦਾ ਕਰਨ ਦੀ ਸ਼ਕਤੀ ਖਤਮ ਹੋ ਜਾਂਦੀ ਹੈ। ਮਾਨਸਿਕ ਤੌਰ ਤੇ ਰੋਗੀ, ਵਿੰਗੇ ਟੇਡੇ ਨਕਸ਼ਾਂ ਵਾਲੇ ਬੱਚੇ ਜਨਮ ਲੈਂਦੇ ਹਨ ਨਸ਼ਈ ਮਾਵਾਂ ਦੀਆਂ ਕੁੱਖਾਂ ਵਿੱਚੋਂ। ਬੱਚੇ ਮਾਂ ਪਿਉ ਦੇ ਪਿਆਰ ਤੋਂ ਸੱਖਣੇ ਸੋਸ਼ਲ ਸਰਵਿਸਜ਼ (social services) ਦੇ ਰਹਿਮੋ ਕਰਮ ਤੇ ਛੱਡ ਦਿੱਤੇ ਜਾਂਦੇ ਹਨ।

ਨੌਬਤ ਏਥੋਂ ਤੱਕ ਆ ਜਾਂਦੀ ਹੈ ਕਿ ਔਰਤ ਨਸ਼ੇ ਦੀ ਪੂਰਤੀ ਲਈ ਜਿਸਮ ਵੇਚਣ ਲਈ ਮਜਬੂਰ ਹੋ ਜਾਂਦੀ ਹੈ। ਮੈਂ ਸੋਹਣੀਆਂ ਸੁਨੱਖੀਆਂ, ਸਿਰ ਤੇ ਚੁੰਨੀ ਲੈਣ ਵਾਲੀਆਂ ਔਰਤਾਂ ਨੂੰ ਕੁਰਾਹੇ ਪਈਆਂ ਤੱਕਿਆ ਹੈ। ਅਜੇਹੀ ਮਾਂ ਦੇ ਬੱਚੇ ਕੀ ਸੋਚਦੇ ਹੋਣਗੇ..। ਜ਼ਰਾ ਸੋਚ ਕੇ ਤਾਂ ਵੇਖੋ। ਕਾਂਬਾ ਛਿੜ ਜਾਂਦਾ ਹੈ।

ਅੰਤ ਵਿੱਚ ਸਵਾਲ ਦਾ ਉੱਠਣਾ ਸੁਭਾਵਿਕ ਹੈ ਕਿ ਔਰਤ ਨੂੰ ਨਸ਼ਿਆਂ ਤੋਂ ਕਿਵੇਂ ਬਚਾਇਆ ਜਾਵੇ। ਇਸ ਸਵਾਲ ਦੇ ਜਵਾਬ ਵਿੱਚ ਜੋ ਪਹਿਲਾ ਕਦਮ ਹੈ ਉਹ ਸਾਡੇ ਆਪਣੇ ਵੱਲ ਜਾਂਦਾ ਹੈ। ਮਾਂ ਪਿਉ ਦਾ ਫਰਜ਼ ਬਣਦਾ ਹੈ ਕਿ ਵੱਧ ਤੋਂ ਵੱਧ ਸਮਾਂ ਬੱਚਿਆਂ ਨੂੰ ਦਿੱਤਾ ਜਾਵੇ। ਮਾਂ ਪਿਉ ਦੇ ਸਮੇਂ ਤੋਂ ਵੱਧ ਬੱਚੇ ਲਈ ਕੋਈ ਹੋਰ ਚੀਜ਼ ਕੀਮਤੀ ਨਹੀਂ। ਕੁੜੀਆਂ ਨੂੰ ਤਾਹਨੇ ਮਿਹਣੇ ਹੀ ਨਾ ਮਾਰੇ ਜਾਣ ਕਿ ਫਲਾਣੇ ਦੀ ਧੀ ਆਹ ਬਣ ਗਈ, ਫਲਾਣੇ ਦੀ ਧੀ ਔਹ ਬਣ ਗਈ ਤੇ ਤੂੰ ਕੁਝ ਵੀ ਨਹੀਂ। ਸਗੋਂ ਉਸਨੂੰ ਗੱਲ ਨਾਲ ਲਾਵੋ। ਉਸਦੇ ਨੈਣਾਂ ਵਿੱਚ ਪਲਦੇ ਸੁਪਨਿਆਂ ਦੀ ਕਦਰ ਕਰੋ। ਉਹਨਾਂ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਮੱਦਦ ਕਰੋ। ਉਹ ਜੋ ਬਣਨਾ ਚਾਹੁੰਦੀ ਹੈ ਬਣਨ ਦੇਵੋ। ਕਦੇ ਵੀ ਉਸਦੀਆਂ ਉਡਾਣਾਂ ਤੇ ਕਰਫਿਊ ਨਾ ਲਗਾਵੋ। ਉਸਦੇ ਪਰਾਂ ਨੂੰ ਕੱਟਣ ਦਾ ਭੁੱਲ ਕੇ ਵੀ ਯਤਨ ਨਾ ਕਰੋ। ਮਾਂ ਪਿਉ ਦੇ ਨਾਲ ਨਾਲ ਆਪਣੀ ਧੀ ਦੇ ਦੋਸਤ ਵੀ ਬਣੋ ਤਾਂ ਜੋ ਉਹ ਆਪਣੇ ਮਨ ਦੀ ਗੱਲ ਕਿਸੇ ਹੋਰ ਨੂੰ ਦੱਸਣ ਤੋਂ ਪਹਿਲਾਂ ਤੁਹਾਡੇ ਨਾਲ ਸ਼ਾਂਝੀ ਕਰੇ। ਉਸਦੇ ਕੰਮ ਕਾਰਾਂ ਤੇ ਨਿਗਾਹ ਰੱਖਣ ਦੇ ਨਾਲ ਨਾਲ ਆਪਣੀ ਧੀ ਨੂੰ ਵੱਧਣ ਫੁੱਲਣ ਦਾ ਵੀ ਪੂਰਾ ਮੌਕਾ ਦੇਣਾ ਚਾਹੀਦਾ ਹੈ।

ਉਸਨੂੰ ਪੈਸੇ ਕਮਾਉਣ ਵਾਲੀ ਮਸ਼ੀਨ ਬਣਨ ਦੇ ਤਰੀਕੇ ਨਾ ਸਮਝਾਵੋ। ਉਸਨੂੰ ਮਹਿੰਗੀਆਂ ਕਾਰਾਂ, ਕੋਠੀਆਂ ਜਾਂ ਸੋਨੇ ਚਾਂਦੀ ਤੇ ਹੀਰੇ ਦੇ ਗਹਿਣਿਆਂ ਦੀਆਂ ਬਾਤਾਂ ਨਾ ਸੁਣਾਵੋ ਸਗੋਂ ਮਹਾਨ ਔਰਤਾਂ ਦੀਆਂ ਕਹਾਣੀਆਂ ਸੁਣਾਉ ਕਿ ਉਹਨਾਂ ਨੇ ਕਿਹੜੀਆਂ ਕਿਹੜੀਆਂ ਮੁਸ਼ਕਿਲਾਂ ਸਰ ਕਰਕੇ ਆਪਣੇ ਮਕਾਮ ਤੇ ਪੁੱਜ ਕੇ ਆਪਣੀ ਜਿੱਤ ਦਾ ਝੰਡਾ ਲਹਿਰਾਇਆ ਹੈ। ਬਚਪਨ ਵਿੱਚ ਹੀ ਆਪਣੀ ਧੀ ਨੂੰ ਆਪਣੇ ਰਾਹ ਆਪ ਬਣਾਉਣੇ ਸਿਖਾਉ। ਕੇਵਲ ਤੇ ਕੇਵਲ ਹੱਕਾਂ ਦੀ ਗੱਲ ਨਾ ਕਰੋ, ਫਰਜ਼ਾਂ ਦਾ ਪਾਠ ਵੀ ਪੜ੍ਹਾਓ। ਧੀਆਂ ਦੇ ਮਾਂ ਪਿਉ ਬਣੋ, ਉਹਨਾਂ ਲਈ ਉਦਾਹਰਣ ਬਣੋ। ਆਪਣੀ ਜੀਵਨ ਜੁਗਤ ਰਾਹੀਂ ਉਹਨਾਂ ਦੇ ਰਾਹ ਰੁਸ਼ਨਾਉ।

ਉਹਨਾਂ ਦੇ ਦਿਲਾਂ ਦੀ ਮਮਟੀ ਤੇ ਦੀਵੇ ਧਰੋ। ਉਹਨਾਂ ਦਾ ਚੌਗਿਰਦਾ ਰੌਸ਼ਨ ਕਰੋ। ਸ਼ਰਾਬ ਪੀਣ ਦਾ ਫੈਸ਼ਨ ਛੱਡ ਕੇ ਉਹਨਾਂ ਨੂੰ ਰੌਸ਼ਨ ਜੀਵਨ ਜਾਚ ਦਾ ਫੈਸ਼ਨ ਕਰਨਾ ਸਿਖਾਓ ਅਤੇ ਆਪ ਵੀ ਰੌਸ਼ਨ ਰੌਸ਼ਨ ਹੋ ਜਾਉ। ਸਾਡੀਆਂ ਧੀਆਂ ਕਦੇ ਵੀ ਨਸ਼ਿਆਂ ਵੱਲ ਮੂੰਹ ਨਹੀਂ ਕਰਨਗੀਆਂ।

ਸਾਡੀਆਂ ਧੀਆਂ ਜ਼ਰੂਰ ਕੋਈ ਪ੍ਰਧਾਨ ਮੰਤਰੀ, ਕੋਈ ਡੀ ਸੀ, ਕੋਈ ਏਅਰ ਮਾਰਸ਼ਲ, ਕੋਈ ਕਲਪਨਾ ਤੇ ਕੋਈ ਮਦਰ ਟਰੇਸਾ ਬਣ ਕੇ ਸਮਾਜ, ਸਭਿਆਚਾਰ, ਦੇਸ਼ ਅਤੇ ਸਮੁੱਚੀ ਮਨੁੱਖਤਾ ਦਾ ਸੁੱਖ ਬਣਨਗੀਆਂ। ਔਰਤ ਮਨੁੱਖਤਾ ਦਾ ਸੁੱਖ ਹੈ।

# Chile's millennial Leftist President Gabriel Boric -elect Allende's granddaughter Maya Fernandez Allende as Defence Minister.

Gabriel Boric, President-elect of Chile, has made Allende's granddaughter Maya Fernandez Allende as Defence Minister. This is the best way of paying tribute to the leftist president Salvador Allende who was overthrown by the rightist military in 1973. This is poetic justice. She will initiate reforms in the Chilean military which has been enjoying sweet heart deals and privileges inherited from the dictatorship-era. Maya Fernandez's family lived in exile in Cuba after the Chilean military coup and she returned to Chile in 1990. Her father was a Cuban diplomat.

In Chile, that was apparent with the election of Gabriel Boric, the candidate of the left-wing alliance Apruebo Dignidad (Approve Dignity), to the country's presidency in December 2021 assuming office in March 2022. He will be the youngest-ever president of Chile.

With the Boric's election to the country's top post could not be considered an act of the mainstream left coming to power. In Chile, the traditional Socialist Party appeared to collapse in the face of the new Apruebo Dignidad - an alliance of leftist groups like the Communist Party and Boric's Social Convergence group, a far-left political platform.

In this election it was the far-left versus the far-right - Boric faced up against Jose Antonio Kast, the founder and leader of the far-right Republican Party. But after the election both sides amicably accepted the results.

Boric, the youngest to become president at the age of 35, has chosen a young, inclusive and progressive team. He has announced a cabinet with women in majority. President Boric has given 14 cabinet posts to women out of the total 24.

The new Interior Minister is another woman Izkia Siches, ex-militant leader of Communist Party. She will oversee the police which used high handed methods against the student protestors.

The communist party firebrand and student protest leader Camila Vallejo (age 33) will be the spokesperson of the government. She was president of the University of Chile Student Federation and the main spokesperson of the Confederation of Chilean Students. Described as "the world's most glamorous revolutionary" by New York Times, she became an iconic figure in Latin America. Vallejo's father and mother were members of the Communist Party.

Camila Vallejo was a rival to Gabriel Boric in the student movement. She had lost a student union election to Boric.

Boric has chosen the 62 year- old Central Bank chief and socialist leader Mario Marcel as finance minister. This has given the right message and reassurance that he would not do anything drastic to upend the macroeconomic fundamentals of the country.

Boric's choice of women majority in the cabinet complements the gender parity of the Chilean Constitutional Assembly which has fifty percent women, the first of its kind in the world history to have such gender parity. It has 78 men and 77 women. The first president of the Assembly was a woman Elisa Loncon, member of the indigenous Mapuche group. She has now been replaced by another woman Maria Elisa Quinteros.



With his election to the top post, Boric will have to make good on his promises to his angry base, who expect to see the fruits of economic justice. That's not going to be an easy task in a country where foreign investments have long been one of the driving forces of Chilean growth due to its free trade model under centrist rule. Going toward the election, Boric, a non-centrist politician, already moderated some of his pledges such as the state's role in the country's economic sector.

But a lot of ordinary people angry about rising costs of living, which they see as a result of the country's neo-liberal-oriented policies, demand urgent measures from Boric to make their lives better and easier.

Boric is looking to execute a wider political agenda which is not just about economic justice but also ensuring rights for native people, gays and other marginalised groups. It's not the traditional left. His program is a very 21st century vision of the left.

He has recently appeared to distance himself from some of the more far-left positions regarding Venezuela and Nicaragua, where leftist leaders rule, offering criticism of those governments. But if he moderates his positions too sharply, his firebrand supporters could turn against him.

---



ਯਸ਼ ਪਾਲ
98145 35005

# ਮੌਜੂਦਾ ਸੰਦਰਭ 'ਚ ਵਿਧਾਨ ਸਭਾ ਚੋਣਾਂ

## ਮਜ਼ਦੂਰ-ਮੁਲਾਜ਼ਮ ਲਹਿਰ ਦੇ ਵਿਚਾਰਨਯੋਗ ਕੁੱਝ ਅਹਿਮ ਸਵਾਲ



ਪਾਰਲੀਮੈਂਟਰੀ ਚੋਣਾਂ ਦੌਰਾਨ ਭਾਵੇਂ ਚੋਣ ਲੜ ਰਹੀਆਂ ਵੱਖ ਵੱਖ ਹਾਕਮ ਜਮਾਤੀ ਪਾਰਟੀਆਂ ਆਪਣੀ ਚੋਣ ਸਰਗਰਮੀ ਰਾਹੀਂ ਇੱਕ ਦੂਜੀ ਤੋਂ ਹਕੂਮਤੀ ਕੁਰਸੀ ਖੋਹਣ ਜਾਂ ਬਚਾਉਣ ਦੇ ਯਤਨ ਤੇ ਉਪਰਾਲੇ ਕਰ ਰਹੀਆਂ ਹੁੰਦੀਆਂ ਹਨ, ਆਪਣੀ ਸਿਆਸੀ ਤਾਕਤ ਦਾ ਵਧਾਰਾ ਕਰਨ ਤੇ ਆਪਣੀ ਸ਼ਰੀਕ ਪਾਰਟੀ ਦੀ ਸਿਆਸੀ ਤਾਕਤ ਕਮਜ਼ੋਰ ਕਰਨ ਦਾ ਯਤਨ ਕਰ ਰਹੀਆਂ ਹੁੰਦੀਆਂ ਹਨ, ਪਰੰਤੂ ਜਮਾਤੀ ਨਜ਼ਰੀਏ ਤੋਂ ਦੇਖਿਆਂ, ਅਸਲ ਵਿੱਚ ਇਹ ਉਹਨਾਂ ਦੀ ਚੋਣ ਸਰਗਰਮੀ ਦਾ ਦੋਅਮ ਦਰਜੇ ਦਾ ਪੱਖ ਹੀ ਹੁੰਦਾ ਹੈ ਅਤੇ ਘੱਟ ਅਹਿਮੀਅਤ ਵਾਲਾ ਹੁੰਦਾ ਹੈ। ਉਹਨਾਂ ਦੀ ਚੋਣ ਸਰਗਰਮੀ ਦਾ ਮੁੱਖ ਤੇ ਬੁਨਿਆਦੀ ਪੱਖ ਜੋ ਸਮਝਣ ਵਾਲਾ ਹੈ ਕਿ ਉਹ ਇਸ ਸਰਗਰਮੀ ਦੌਰਾਨ ਜਾਤੀ ਦੂਸ਼ਣਬਾਜ਼ੀ, ਸਖਸ਼ੀਅਤ ਪ੍ਰਸਤੀ ਤੇ ਨਿੱਜੀ ਭ੍ਰਿਸ਼ਟਾਚਾਰ ਵਰਗੇ ਗੈਰ ਜਮਾਤੀ ਮੁੱਦਿਆਂ ਨੂੰ ਉਭਾਰਕੇ ਵੱਖ ਵੱਖ ਤਬਕਿਆਂ ਦੇ ਲੋਕਾਂ ਦੀ ਜ਼ਿੰਦਗੀ ਨਾਲ ਜੁੜੇ ਰੋਜੀ- ਰੋਟੀ, ਸਿੱਖਿਆ, ਸਿਹਤ, ਬਿਜਲੀ, ਪਾਣੀ, ਮਕਾਨ, ਮਹਿੰਗਾਈ ਆਦਿ ਬੁਨਿਆਦੀ ਜਮਾਤੀ ਮੁੱਦਿਆਂ/ਮਸਲਿਆਂ ਨੂੰ ਹਾਸ਼ੀਏ 'ਤੇ ਰੱਖਕੇ, ਇਹਨਾਂ ਨੂੰ ਘੱਟੇ-ਮਿੱਟੀ ਰੋਲਣ ਦੀ ਸਾਜ਼ਿਸ਼ੀ ਭੂਮਿਕਾ ਨਿਭਾ ਰਹੀਆਂ ਹੁੰਦੀਆਂ ਹਨ।

ਆਪਣੀ ਚੋਣ ਸਰਗਰਮੀ ਰਾਹੀਂ ਉਹ ਲੋਕਾਂ ਅੰਦਰ ਜਾਤ-ਪਾਤੀ, ਧਾਰਮਿਕ, ਫਿਰਕੂ ਤੇ ਇਲਾਕਾਈ ਵੰਡੀਆਂ ਪਾ ਕੇ, ਬੁਨਿਆਦੀ ਮਸਲਿਆਂ ਦੇ ਹੱਲ ਲਈ ਬੁਨਿਆਦੀ ਨੀਤੀਆਂ ਦੀ ਤਬਦੀਲੀ ਦੀ ਗੱਲ ਕਰਨ ਦੀ ਬਜਾਇ ਚੋਣਾਂ ਮੌਕੇ ਬਾਆਵਾਜ਼ ਜਥੇਬੰਦ ਤਬਕਿਆਂ ਲਈ ਰਿਆਇਤਾਂ ਤੇ ਖੈਰਾਤਾਂ ਦੀ ਝੜੀ ਲਾਉਂਦੀਆਂ ਹਨ। ਗੱਦੀ 'ਤੇ ਬੈਠਣ ਤੋਂ ਬਾਅਦ ਪੂਰੇ ਕਰਨ ਵਾਲੇ ਵਾਅਦਿਆਂ ਤੇ ਭਰੋਸਿਆਂ ਦੇ ਥਾਲ ਪਰੋਸਦੀਆਂ ਹਨ। ਆਪਣੇ ਚੋਣ ਮੈਨੀਫੈਸਟੋ ਅੰਦਰ ਵੱਖ ਵੱਖ ਤਬਕਿਆਂ ਦੀਆਂ ਮੰਗਾਂ/ਮਸਲਿਆਂ ਨੂੰ ਦਰਜ ਕਰਨ ਦਾ ਸਵਾਂਗ ਰਚਦੀਆਂ ਹਨ। ਇਉਂ ਕਰਕੇ ਉਹ ਇਹਨਾਂ ਤਬਕਿਆਂ ਦੀ ਜਮਾਤੀ ਚੇਤਨਤਾ ਨੂੰ ਖੁੰਢਾ ਕਰਦੀਆਂ ਹਨ ਅਤੇ ਜਮਾਤੀ ਏਕਤਾ ਵਿੱਚ ਸੰਨ੍ਹ ਲਾਉਂਦੀਆਂ ਹਨ। ਪਾੜ ਪਾਉਂਦੀਆਂ ਹਨ। ਉਹਨਾਂ ਨੂੰ ਇਹ ਝੂਠੀ ਆਸ ਬੰਨ੍ਹਾਉਂਦੀਆਂ ਹਨ ਕਿ ਇੱਕ ਜਾਂ ਦੂਜੀ ਸਰਕਾਰ ਬਦਲਣ ਨਾਲ ਉਹਨਾਂ ਦੇ ਬੁਨਿਆਦੀ ਮਸਲੇ ਹੱਲ ਹੋ ਜਾਣਗੇ। ਇਉਂ ਉਹ ਲੋਕਾਂ ਦੀ ਇਸ ਲੁਟੇਰੇ ਨਿਜ਼ਾਮ ਤੋਂ ਬਦਜ਼ਨ ਹੋਣ ਅਤੇ ਇਸ ਨੂੰ ਲੋਕ-ਪੱਖ ਵਿੱਚ ਬਦਲਣ ਦੀ ਇਹਨਾਂ ਅੰਦਰ ਪੈਦਾ ਹੋ ਰਹੀ ਸੂਝ ਨੂੰ ਧੁੰਦਲਾਉਣ ਅਤੇ ਤਾਂਘ ਨੂੰ ਮੁੱਠਾ ਪਾਉਣ ਦਾ ਕਾਰਜ ਨਿਭਾ ਰਹੀਆਂ ਹੁੰਦੀਆਂ ਹਨ। ਇਹ ਪੱਖ ਇਹਨਾਂ ਹਾਕਮ ਜਮਾਤੀ ਪਾਰਟੀਆਂ ਦੀ ਚੋਣ ਸਰਗਰਮੀ ਦਾ ਸਾਂਝਾ ਤੇ ਮੁੱਖ ਬੁਨਿਆਦੀ ਪੱਖ ਹੈ।

ਸਾਮਰਾਜੀ ਵਿਸ਼ਵੀਕਰਨ ਦੇ ਮੌਜੂਦਾ ਦੌਰ ਅੰਦਰ ਹਾਕਮ ਜਮਾਤੀ ਪਾਰਟੀਆਂ ਦੀ ਚੋਣ ਸਰਗਰਮੀ, ਅਸਲ ਵਿੱਚ ਸੰਸਾਰ ਬੈਂਕ, ਮੁਦਰਾ ਕੋਸ਼ ਤੇ ਵਿਸ਼ਵ ਵਪਾਰ ਸੰਸਥਾ ਦੀ ਤਿੱਕੜੀ ਵੱਲੋਂ ਨਿਰਦੇਸ਼ਤ 'ਕਾਰਪੋਰੇਟ ਪੱਖੀ ਆਰਥਿਕ ਵਿਕਾਸ ਮਾਡਲ' ਦੇ 'ਖੁੱਲ੍ਹੀ-ਮੰਡੀ, ਖੁੱਲ੍ਹਾ-ਵਪਾਰ ਦੇ ਨਵਉਦਾਰਵਾਦੀ ਏਜੰਡੇ ਨੂੰ ਹੀ ਅੱਗੇ ਵਧਾਉਣ ਦਾ ਕਾਰਜ ਕਰਦੀ ਹੈ। ਜਿਸ ਏਜੰਡੇ ਨੂੰ ਇਹ ਸਾਰੀਆਂ ਹਾਕਮ ਜਮਾਤੀ ਪਾਰਟੀਆਂ ਲਾਗੂ ਕਰਨ 'ਤੇ ਇੱਕ ਮੱਤ ਹਨ। ਤੇ ਇਹੋ ਏਜੰਡਾ ਹੀ ਅੱਜ ਲੋਕਾਂ ਦੇ ਬੁਨਿਆਦੀ ਮਸਲਿਆਂ ਦੀ ਜੜ੍ਹ ਹੈ ਤੇ ਉਹਨਾਂ ਦੀ ਜ਼ਿੰਦਗੀ 'ਤੇ ਬੁਰੀ ਤਰ੍ਹਾਂ ਅਸਰਅੰਦਾਜ਼ ਹੋ ਰਿਹਾ ਹੈ। ਮਜ਼ਦੂਰਾਂ-ਮੁਲਾਜ਼ਮਾਂ ਦੀ ਨਿਗੂਣੀ ਤਨਖਾਹ ਉੱਪਰ ਠੇਕਾ ਆਉਟ ਸੋਰਸਿੰਗ ਭਰਤੀ, ਤਨਖਾਹਾਂ-ਭੱਤਿਆਂ ਵਿੱਚ ਕਟੌਤੀ, ਪੈਨਸ਼ਨਬੰਦੀ ਆਦਿ ਰਾਹੀਂ ਮਿਲਦੀਆਂ ਸਮਾਜਿਕ ਸਹੂਲਤਾਂ 'ਤੇ ਡਾਕਾ, ਕਾਰਪੋਰੇਟ ਪੱਖੀ ਖੇਤੀ ਕਾਨੂੰਨ, ਕੌਮੀ ਸਿੱਖਿਆ ਨੀਤੀ-2020, ਕਿਰਤ ਕਾਨੂੰਨਾਂ ਵਿੱਚ ਮਜ਼ਦੂਰ ਵਿਰੋਧੀ ਸੋਧਾਂ ਰਾਹੀਂ ਛਾਂਟੀਆਂ ਦਾ ਕੁਹਾੜਾ ਅਤੇ ਯੂਏਪੀਏ ਵਰਗੇ ਕਾਲੇ ਕਾਨੂੰਨਾਂ ਰਾਹੀਂ ਲੋਕਾਂ ਦੀ ਜ਼ੁਬਾਨ ਬੰਦੀ ਤੇ ਸੰਘਰਸ਼ਬੰਦੀ ਕਰਨ ਦੇ ਉਪਰਾਲੇ, ਇਸੇ 'ਕਾਰਪੋਰੇਟ ਵਿਕਾਸ ਮਾਡਲ' ਦੀ ਹੀ ਦੇਣ ਹੈ। ਇਉਂ ਇਨ੍ਹਾਂ ਹਾਕਮ ਜਮਾਤੀ ਪਾਰਟੀਆਂ ਦੀ ਚੋਣ ਸਰਗਰਮੀ ਲੋਕਾਂ ਦੀਆਂ ਦੁਸ਼ਮਣ ਜਮਾਤਾਂ ਦੇ ਹਿਤਾਂ ਦੀ ਪੂਰਤੀ ਕਰਦੀ ਹੈ ਅਤੇ ਦੇਸੀ ਤੇ ਵਿਦੇਸ਼ੀ ਧਨ ਕੁਬੇਰਾਂ ਦੀ ਸੇਵਾ ਵਿੱਚ ਹੀ ਭੁਗਤਦੀ ਹੈ।

ਇਹਨਾਂ ਪਾਰਲੀਮੈਂਟਰੀ ਚੋਣਾਂ ਦੇ ਰੌਲੇ-ਗੌਲੇ ਵਿੱਚ ਜਦ ਹਾਕਮ ਜਮਾਤੀ ਪਾਰਟੀਆਂ ਆਪਣੀਆਂ ਸ਼ਰੀਕ ਪਾਰਟੀਆਂ ਨੂੰ ਪਟਕਾ ਮਾਰਨ ਦੀ ਆੜ ਹੇਠ, ਅਸਲ ਵਿੱਚ ਲੁਟੀਂਦੇ ਲੋਕਾਂ ਦੇ ਬੁਨਿਆਦੀ ਮੁੱਦਿਆਂ ਤੋਂ ਭਟਕਾ ਕੇ, ਉਹਨਾਂ ਦੀ ਜਮਾਤੀ ਏਕਤਾ ਨੂੰ ਸੰਨ੍ਹ ਲਾਉਣ ਵਾਲੀ ਚੋਣ ਸਰਗਰਮੀ ਵਿੱਚ ਜ਼ੋਰ-ਸ਼ੋਰ ਨਾਲ ਕੁੱਦੀਆਂ ਹੁੰਦੀਆਂ ਹਨ ਤਾਂ ਇਸ ਸਮੇਂ ਦੌਰਾਨ ਮੁਲਾਜ਼ਮਾਂ-ਮਜ਼ਦੂਰਾਂ ਤੇ ਹੋਰਨਾਂ ਤਬਕਿਆਂ ਵੱਲੋਂ ਆਪਣੀ ਜਥੇਬੰਦਕ ਏਕਤਾ ਨੂੰ ਕਾਇਮ ਰੱਖਣ ਤੇ ਸਗੋਂ ਹੋਰ ਪਸਾਰਾ ਕਰਦੇ ਹੋਏ ਆਪਣੀਆਂ ਫੌਰੀ ਮੰਗਾਂ/ਮਸਲਿਆਂ ਨੂੰ ਉਭਾਰਨ ਅਤੇ ਇਹਨਾਂ ਨੂੰ ਬੁਨਿਆਦੀ ਨੀਤੀਗਤ ਮੁੱਦਿਆਂ ਨਾਲ ਜੋੜਕੇ (ਨੀਤੀ ਤਬਦੀਲੀ ਤੇ ਸੰਦਰਭ ਵਿੱਚ ਰੱਖਕੇ) ਚਲਾਈ ਜਾਣ ਵਾਲੀ ਸਰਗਰਮੀ ਦੀ ਬੇਹੱਦ ਅਹਿਮੀਅਤ ਬਣ ਜਾਂਦੀ ਹੈ। ਅਜਿਹੀ ਸਰਗਰਮੀ ਹੀ ਇਸ ਸਮੇਂ ਦੌਰਾਨ, ਹਾਕਮ ਜਮਾਤੀ ਪਾਰਾਟੀਆਂ ਵੱਲੋਂ ਇਛਾਏ ਜਾਂਦੇ ਜਾਲ ਵਿੱਚ ਫਸਣ ਤੋਂ ਮਜ਼ਦੂਰ-ਮੁਲਾਜ਼ਮ ਵਰਗ ਨੂੰ ਬਚਾ ਸਕਦੀ ਹੈ।

ਉਕਤ ਵਿਚਾਰਕ ਚਰਚਾ ਦੀ ਰੋਸ਼ਨੀ ਵਿੱਚ, ਵੱਖ ਵੱਖ ਤਬਕਿਆਂ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਲਈ (ਜਿਹਨਾਂ ਅੰਦਰ ਵੱਖ ਵੱਖ ਵਿਚਾਰਾਂ ਨਾਲ ਜੁੜੇ ਮੈਂਬਰ ਸ਼ਾਮਲ ਹੁੰਦੇ ਹਨ) ਇਸ ਸਰਗਰਮੀ ਦੌਰਾਨ ਅਮਲੀ ਸੁਆਲ ਬਾਰੇ ਇਹ ਸਮਝ ਬਣਦੀ ਹੈ ਕਿ ਇਹਨਾਂ ਜਥੇਬੰਦੀਆਂ ਦੇ ਮੈਂਬਰਾਂ/ ਕਾਰਕੁੰਨਾਂ/ਆਗੂਆਂ ਵੱਲੋਂ ਚੋਣਾਂ ਵਿੱਚ ਵੋਟ ਪਾਉਣੀ ਹੈ ਜਾਂ ਨਹੀਂ, ਕਿਸ ਪਾਰਟੀ ਨੂੰ ਪਾਉਣੀ ਹੈ, ਕਿਸ ਨੂੰ ਨਹੀਂ, ਇਹ ਉਹਨਾਂ ਦਾ ਨਿੱਜੀ ਮਾਮਲਾ ਹੈ। ਪਰ ਜਨਤਕ ਜਥੇਬੰਦੀ ਵੱਲੋਂ ਨਾਂ ਹੀ ਜਥੇਬੰਦਕ ਤੌਰ 'ਤੇ ਅਜਿਹਾ ਕੋਈ ਫੈਸਲਾ ਕਰਨਾ ਚਾਹੀਦਾ ਹੈ ਅਤੇ ਨਾ ਹੀ ਇਸ ਦੇ ਆਗੂਆਂ/ਕਾਰਕੁੰਨਾਂ ਵੱਲੋਂ ਕਿਸੇ ਇੱਕ ਜਾਂ ਦੂਜੀ ਪਾਰਟੀ ਦੀ ਪ੍ਰਚਾਰ ਮੁਹਿੰਮ ਦਾ ਹਿੱਸਾ ਬਣਨਾ ਚਾਹੀਦਾ ਹੈ।



ਰਾਜਿੰਦਰ ਕੌਰ ਚੋਹਕਾ
ਹੁਸ਼ਿਆਰਪੁਰ
91=98725-44738
001-403-285-4208

## ਮਾਬ ਲਿੰਚਿਗ

# ਜਨੂੰਨੀ ਸ਼ਾਵਨਵਾਦੀ ਭੀੜ ਨੂੰ ਨੱਥ ਪਾਈ ਜਾਵੇ !

ਮੱਧ-ਯੁੱਗ 'ਚ ਨਵੇਂ ਰੂਪ ਰਾਹੀਂ ਸਾਮੰਤਵਾਦ ਦੇ ਯੂਰਪ ਦੇ ਕਈ ਵਿਕਸਤ ਦੇਸ਼ਾਂ ਅੰਦਰ ਆਪਣੇ ਪ੍ਰਸਾਰ ਲਈ ਬਸਤੀਵਾਦ ਅਤੇ ਅਗੋਂ ਨਵ ਬਸਤੀਵਾਦ ਨੂੰ ਜਨਮ ਦਿੱਤਾ ਜਿਸ ਨੇ ਗੁਲਾਮਦਾਰੀ ਯੁੱਗ ਵੇਲੇ ਆਪਣੀ ਲੁੱਟ ਲਈ ਪ੍ਰਸਾਰਵਾਦ ਰਾਹੀਂ ਗੁਲਾਮ ਤੇ ਪੱਛੜੇ ਦੇਸ਼ਾਂ-ਅਫ਼ਰੀਕਾ, ਉੱਤਰੀ ਅਤੇ ਦੱਖਣੀ ਅਮਰੀਕਾ ਅਤੇ ਏਸ਼ੀਆ ਅੰਦਰ ਆਪਣੇ ਸਾਮਰਾਜ ਦੀ ਮਜ਼ਬੂਤੀ ਲਈ ਲੋਕਾਂ 'ਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਬਹੁਤ ਸਾਰੇ ਅਮਾਨਵੀ ਜ਼ੁਲਮਾਂ ਭਰੇ ਅਤੇ ਬਰਬਰਤਾ ਵਾਲੇ ਢੰਗ-ਤਰੀਕੇ ਵਰਤੇ। ਇਹ ਵਰਤਾਰਾ ਅੱਗੋਂ ਵਿਕਾਸਸ਼ੀਲ ਤੇ ਅਜ਼ਾਦ ਹੋਏ ਦੇਸ਼ਾਂ ਅੰਦਰ ਪੂੰਜੀਵਾਦੀ ਸਰਕਾਰਾਂ ਨੇ, ਵੀ ਖੁਦ ਅਪਣਾ ਲਿਆ। ਹੱਕ ਮੰਗਦੇ ਲੋਕਾਂ 'ਤੇ ਅੱਜ ਹਾਕਮਾਂ ਵਲੋ ਲੋਕ-ਰੋਹ ਨੂੰ ਦਬਾਉਣ ਲਈ ਹਰ ਤਰ੍ਹਾਂ ਦੇ ਤਸ਼ਦਦ ਕੀਤੇ ਜਾ ਰਹੇ ਹਨ। ਖਾਸ ਤੌਰ ਤੇ ਜਿਨ੍ਹਾਂ ਦੇਸ਼ਾਂ ਅੰਦਰ ਹਾਕਮਾਂ ਨੇ, ਪੂੰਜੀਵਾਦੀ-ਧਾਰਮਿਕ ਭਾਵਨਾ ਦਾ ਲਿਬਾਸ ਪਾਇਆ ਹੋਇਆ ਹੈ। ਉੱਥੇ ਧਰਮ ਦੇ ਨਾਂ ਹੇਠ ਨਿੱਤ ਆਏ ਦਿਨ ਨਵੇਂ-ਨਵੇਂ ਢੰਗਾਂ ਨਾਲ ਨਸਲ, ਰੰਗ-ਭੇਦ ਭਾਵ, ਜਾਤ-ਪਾਤ 'ਤੇ ਘੱਟ ਗਿਣਤੀਆਂ ਉੱਪਰ ਹਮਲੇ ਹੋ ਰਹੇ ਹਨ। ਗੁਲਾਮੀ ਵੇਲੇ ਅਤੇ ਅੱਜ ਵੀ "ਭੀੜ-ਰਾਹੀਂ" ਲੋਕਾਂ 'ਤੇ ਅਤੇ ਖਾਸ ਕਰਕੇ ਘੱਟ ਗਿਣਤੀ ਫਿਰਕੇ ਦੇ ਲੋਕਾਂ 'ਤੇ ਹਮਲੇ ਹੋ ਰਹੇ ਹਨ। ਭਾਰਤ ਵਰਗੇ ਦੇਸ਼ ਅੰਦਰ ਹਿੰਦੂਤਵ ਬਹੁ-ਗਿਣਤੀ ਸੋਚ ਵਾਲੀ ਕਾਬਜ਼ ਰਾਜਨੀਤੀ ਵਲੋਂ ਸ਼ਰੇਆਮ ਅਜਿਹੇ ਹਮਲੇ ਹੋ ਰਹੇ ਹਨ ; ਜੋ ਭਾਰਤ ਵਰਗੇ ਲੋਕਤੰਤਰੀ ਦੇਸ਼ ਅੰਦਰ ਅਤਿ ਨਿੰਦਣ ਯੋਗ ਹੈ !

ਗੈਰ ਕਾਨੂੰਨੀ ਢੰਗ ਨਾਲ ਭੀੜ ਵਲੋਂ ਕਿਸੇ ਵਿਅਕਤੀ ਨੂੰ ਸਜ਼ਾ ਦੇਣੀ, ਕੁੱਟ-ਮਾਰ ਕਰਨੀ, ਜਾਨੋ ਮਾਰ ਦੇਣਾ (ਙਜਰ;ਕਅਵ ਸ਼ਚਅਜਤੀਠਕਅਵ) ਭੜਕਾਊ ਸਜ਼ਾ ਦਾ ਵਰਤਾਓ, ਇਹ ਸਾਰੇ ਦੇਸ਼ਾਂ ਵਿੱਚ ਹੀ ਚੱਲ ਰਿਹਾ ਹੈ। ਪਰ ! 19-ਵੀਂ ਸਦੀ ਦੇ ਸ਼ੁਰੂ 'ਚ "ਉੱਤਰੀ ਅਤੇ ਦੱਖਣੀ ਅਮਰੀਕਾ" ਅੰਦਰ ਗੁਲਾਮਦਾਰੀ ਵੇਲੇ ਵਿਰੋਧੀ ਲੋਕ ਜਿਹੜੇ ਗੁਲਾਮ ਜਾਂ ਅਧੀਨ ਸਨ ਖਾਸ ਕਰਕੇ (ਅਫਰੀਕੀ-ਅਮਰੀਕੀ) ਗੁਲਾਮਾਂ ਨੂੰ ਸਜਾ ਵਜੋਂ ਮਾਰ ਦਿੱਤਾ ਜਾਂਦਾ ਸੀ। ਇਹ ਕਾਰਾ ਦੱਖਣੀ ਅਮਰੀਕਾ 'ਚ 'ਸਪੇਨੀ ਅਤੇ ਪੁਰਤਗਾਲੀ ਹਾਕਮ' ਅਤੇ ਉੱਤਰੀ ਅਮਰੀਕਾ ਵਿੱਚ ਭੂਮੀ ਮਾਲਕ ਬਰਤਾਨਵੀ ਗੋਰੇ ਸਨ। ਗੁਲਾਮਾਂ ਨੂੰ ਸਜ਼ਾ ਦੇਣ ਵਜੋਂ ਫੜ ਕੇ ਮਾਰ ਦਿੰਦੇ ਸਨ। ਅਮਰੀਕਾ ਅੰਦਰ ਜਦੋਂ ਉੱਤਰ ਦੇ ਪੂੰਜੀਪਤੀ ਸਨਅਤਕਾਰਾਂ ਨੂੰ ਕਿਰਤੀ ਲੋਕਾਂ ਦੀ ਲੋੜ ਪਈ, ਜੋ ਉਨ੍ਹਾਂ ਨੂੰ ਦੱਖਣੀ ਭਾਗਾਂ ਦੇ ਭੂਮੀ ਮਾਲਕਾਂ ਪਾਸ ਕੰਮ ਕਰਦੇ ਕਿਰਤੀਆਂ ਤੋਂ ਪੂਰੀ ਹੋ ਸਕਦੀ ਸੀ। ਉਸ ਵੇਲੇ ਜਿਹੜੀ ਅਮਰੀਕਾ 'ਚ ਸਿਵਲ ਵਾਰ ਚਲੀ ਇਹ ਕਿਰਤ-ਸ਼ਕਤੀ ਦੀ ਲੁੱਟ ਲਈ ਉਦਯੋਗਪਤੀਆਂ ਤੇ ਭੂਮੀ ਮਾਲਕਾਂ ਵਿਚਕਾਰ ਲੜਾਈ ਸੀ। ਉੱਤਰ ਦੇ ਉਦਯੋਗਪਤੀ ਜਿੱਤ ਗਏ ਸਨ ਅਤੇ ਉਨਾਂ ਨੇ 14-ਵੀਂ ਸੰਵਿਧਾਨਕ ਸੋਧ ਰਾਹੀਂ ਗੁਲਾਮਦਾਰੀ ਪ੍ਰਥਾ ਖਤਮ ਕਰ ਦਿੱਤੀ ਸੀ। ਉਸ ਵੇਲੇ ਗੋਰਿਆਂ ਵਲੋਂ ਫਿਰਕੂ-ਨਸਲਵਾਦੀ ਲਹਿਰ, "ਕੂ, ਕਲੱਕਸ, ਕਲਾਨ" ਸ਼ੁਰੂ ਕੀਤੀ ਸੀ, "ਕਿ ਅਸੀ ਉਚੱਤਮ ਹਾਂ ਤੇ ਸਿਆਹ-ਫਾਮ ਸਾਡੇ ਬਰਾਬਰ ਨਹੀਂ ਹੋ ਸਕਦੇ ਸਨ ?"1880 ਤੋਂ 1930 ਤੱਕ 'ਮੋਬ ਲਿਚਿੰਗ' ਮਨਸੂਬਿਆਂ ਅੰਦਰ 2400 ਸਿਆਹ-ਫਾਮ ਜਿਨ੍ਹਾਂ ਵਿੱਚ 300 ਹੋਰ ਲੋਕ ਸਨ ਮਾਰ ਦਿੱਤੇ ਗਏ ਸਨ। ਇਸੇ ਤਰ੍ਹਾਂ ਅੱਜ ਭਾਰਤ ਅੰਦਰ ਵੀ ਭਾਰੂ ਬਹੁ-ਗਿਣਤੀ ਹਿੰਦੂਤਵ -ਰਾਜਨੀਤੀ ਵਾਲੀ ਰਾਜਸਤਾ 'ਤੇ ਕਾਬਜ ਜਮਾਤ ਬੀ.ਜੇ.ਪੀ., ਘੱਟ ਗਿਣਤੀ, ਦਲਿਤਾਂ ਅਤੇ ਇਸਤਰੀਆਂ ਤੇ ਅਜਿਹੇ ਘਿਨਾਉਣੇ ਹਮਲੇ ਕਰ ਰਹੀ ਹੈ; ਜੋ ਚਿੰਤਾ ਦਾ ਵਿਸ਼ਾ ਹੈ ?

ਕਿਸੇ ਵੀ ਵਿਕਸਤ ਜਾਂ ਵਿਕਾਸਸ਼ੀਲ ਦੇਸ਼ ਦੇ ਲੋਕਤੰਤਰੀ ਰਾਜ ਅੰਦਰ 'ਵਿਰੋਧ ਅਤੇ ਅਸਿਹਮਤੀ' ਕਰਨ ਦਾ ਕਿਸੇ ਵੀ ਨਾਗਰਿਕ ਦਾ ਅਧਿਕਾਰ ਹੁੰਦਾ ਹੈ। ਉਸ ਦੇ ਇਸ ਅਧਿਕਾਰ ਦੀ ਰੱਖਿਆ ਕਰਨੀ, ਉਸ ਦੇਸ਼, ਰਾਜ ਅਤੇ ਨਿਆਂ-ਕਾਨੂੰਨ ਨੇ ਹੀ ਵਿਵਸਥਾ ਕਰਨੀ ਹੁੰਦੀ ਹੈ, ਨਾ ਕਿ ਉਸ ਨਾਗਰਿਕ ਦੇ ਵਿਰੁੱਧ ਹਿੰਸਾ ਜਾਂ ਹਮਲਾਵਰੀ ਰੂਪ ਧਾਰਨ ਕਰਕੇ ਕੁੱਟਮਾਰ, ਗਾਲੀ-ਗਲੋਚ ਜਾਂ "ਧਮੀੜ" (ਮਾਬ ਲਿਚਿੰਗ) ਵਲੋਂ ਕੁੱਟ-ਕੁੱਟ, ਕੇ ਮੌਤ ਦੇ ਘਾਟ ਉਤਾਰ ਦੇਣਾ; ਇਹ ਇਕ ਤਰ੍ਹਾਂ ਦੇ ਨਾਲ ਮਨੁੱਖਤਾ ਦਾ ਘਾਣ ਕਰਨ ਦੇ ਬਰਾਬਰ ਹੈ। ਨੋਬਲ ਪੁਰਸਕਾਰ ਵਿਜੇਤਾ ਅਰਥ-ਸ਼ਾਸਤਰੀ "ਅਮ੍ਰੱਤਿਆ ਸੇਨ" ਨੇ ਇਸ ਤਰ੍ਹਾਂ ਦੀਆ ਦੇਸ਼ ਭਰ ਵਿੱਚ ਵਾਪਰ ਰਹੀਆਂ ਘਟਨਾਵਾਂ ਤੇ ਰੋਸ ਪ੍ਰਗਟ ਕਰਦਿਆਂ ਕਿਹਾ ਸੀ, "ਕਿ ਦੇਸ਼ ਅੰਦਰ "ਚਰਚਾ ਅਤੇ ਅਸਹਿਮਤੀ" ਦੀ ਭੂਮਿਕਾ ਘੱਟਦੀ ਜਾ ਰਹੀ ਹੈ ? ਸਾਨੂੰ ਇਹ ਵੀ ਫਿਕਰ ਹੋਣਾ ਚਾਹੀਦਾ ਹੈ, ਕਿ ਦੇਸ਼ ਵਿੱਚ ਇਹੋ ਜਿਹੀਆਂ ਮਾਬ ਲਿਚਿੰਗ ਨਾਲ ਮਾਰਨ ਜਿਹੀਆਂ ਘਟਨਾਵਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਉਥੇ ਪੁਲੀਸ ਦੀ ਹਿਰਾਸਤ ਵਿੱਚ ਵੀ ਇਸ ਤਰ੍ਹਾਂ ਦੀਆਂ ਘਟਨਾਵਾਂ ਵਾਪਰਨ ਤੇ ਵੀ ਚਿੰਤਾ ਹੋਣੀ ਚਾਹੀਦੀ ਹੈ ? ਕਿਸੇ ਦੀ ਬਿਨ੍ਹਾਂ ਤਫ਼ਤੀਸ਼ ਕੀਤਿਆਂ ਸ਼ੱਕ ਦੀ ਬਿਨਾਂ ਤੇ ਹੀ ਕਿਸੇ ਨਾਗਰਿਕ ਨੂੰ ਭੀੜ ਰਾਹੀਂ ਕੁੱਟ-ਕੁੱਟ ਕੇ ਮਾਰ ਦੇਣ ਅਤੇ ਉਨ੍ਹਾਂ ਹੁੜਦੁੰਗਾਂ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਵੀ ਨਾ ਹੋਣੀ, ਭਾਰਤ ਦੇਸ਼ ਦੇ ਲੋਕਤੰਤਰੀ ਰਾਜ ਵਿੱਚ ਇਕ ਘਾਤਕ ਕਾਰਨਾਮਾ ਹੈ ?"

ਭਾਰਤ ਵਿੱਚ ਪਿਛਲੇ ਕੁਝ ਸਮੇਂ ਤੋਂ, ਜਦੋਂ ਦੀ ਕੇਂਦਰ ਵਿੱਚ ਮੋਦੀ ਦੀ ਭਾਜਪਾ ਸਰਕਾਰ ਆਈ ਹੈ; ਤਾਂ ! "ਮਾਬ ਲਿੰਚਿਗ" ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ। ਕਦੀ ਧਰਮ ਦੇ ਨਾਂ ਤੇ, ਚੋਰੀ ਦੇ ਨਾਂ 'ਤੇ, ਅਣਖ ਦੇ ਨਾਂ 'ਤੇ, ਗਊ ਮਾਸ ਦੇ ਨਾਂ 'ਤੇ ਅਤੇ ਲਵ-ਜੇਹਾਦ ਦੇ ਨਾਂ 'ਤੇ ਭੀੜ ਵਲੋਂ ਬਿਨ੍ਹਾਂ ਤਫ਼ਤੀਫ਼ ਕੀਤਿਆਂ ਭੀੜ ਵਲੋਂ ਕੁੱਟ-ਕੁੱਟ ਕੇ ਮਾਰ ਦੇਣ ਦੀਆਂ ਖਬਰਾਂ ਦੇਸ਼ ਭਰ ਵਿੱਚ ਤੇਜ਼ੀ ਨਾਲ ਫੈਲ ਰਹੀਆਂ ਹਨ। ਇਹ ਇਕ ਅਫਸੋਸਨਾਕ ਵਾਕਿਆਤ ਹਨ।

26-ਮਈ, 2017 ਨੂੰ ਭਾਰਤ ਸਰਕਾਰ ਨੇ 'ਪ੍ਰੋਵੈਸ਼ਨਲ ਆਫ ਕਰੂਇਲਟੀ ਅਗੇਂਸਟ ਐਨੀਮਲ" ਕਾਨੂੰਨ ਦੇਸ਼ ਭਰ ਵਿੱਚ ਮਾਸ ਖਰੀਦਣ ਵਾਲੇ ਚਾਰ ਪੈਰਾਂ ਵਾਲੇ ਪਸ਼ੂਆਂ ਦੀ ਖਰੀਦੋ-ਫਰੋਖਤ ਤੇ ਰੋਕ ਲਾਉਣ ਵਾਲਾ ਕਾਨੂੰਨ ਬਣਾਇਆ ਸੀ। ਉਸ ਸਮੇਂ ਸਾਰੇ ਦੇਸ਼ ਵਿੱਚ ਗਊ-ਹੱਤਿਆ ਦੇ ਵਿਰੋਧ ਵਿਚ ਇਕ ਸਨਸਨੀ ਫੈਲਾਅ ਕੇ, ਜਿਹੜੇ ਗਊਆਂ ਮੁੱਲ ਲੈ ਕੇ ਵੀ ਜਾ ਰਹੇ ਸਨ, ਉਨ੍ਹਾਂ ਨੂੰ ਵੀ ਗਊ ਹੱਤਿਆ ਦੇ ਨਾਂ ਤੇ ਕੁੱਟ-ਕੁੱਟ ਕੇ ਮਾਰਨ ਦੀਆਂ ਹੱਤਿਆਵਾਂ ਦੀਆਂ ਵੀ ਸਨਸਨੀ-ਖੇਜ਼ ਖਬਰਾਂ ਅਖਬਾਰਾਂ ਵਿੱਚ ਛੱਪੀਆਂ ਸਨ। ਇਹੋ ਜਿਹੀਆਂ ਹਿੰਸਾ ਨਾਲ ਮਰਨ ਵਾਲੇ ਨਾਗਰਿਕਾਂ ਦੀਆਂ ਵਾਰਦਾਤਾਂ ਵੱਧਣ ਨਾਲ ਮਾਣਯੋਗ ਸੁਪਰੀਮ ਕੋਰਟ ਨੇ ਜੁਲਾਈ 2017 'ਚ ਇਸ ਕਾਨੂੰਨ ਤੇ ਲਗਾਈ ਰੋਕ ਨੂੰ ਹਟਾ ਦਿੱਤਾ ਸੀ।

"ਮਾਬ ਲਿੰਚਿਗ" ਕੀ ਹੈ, ਇਸ ਸ਼ਬਦਾਵਲੀ ਬਾਰੇ ਵੀ ਜਾਨਣਾ ਜ਼ਰੂਰੀ ਹੈ ? ਲਿੰਚਿਗ ਸ਼ਬਦ ਅਮਰੀਕਾ ਦੀ ਦੇਣ ਹੈ। ਇਹ ਸ਼ਬਦ ਹੁਣ ਸਾਰੀ ਦੁਨੀਆਂ 'ਚ ਪ੍ਰਚਾਰਿਆ ਜਾਣ ਲਗ ਪਿਆ ਹੈ।ਜਿਸ ਵਿੱਚ ਹੁਣ ਕੋਈ ਹੈਰਾਨੀ ਵਾਲੀ ਗੱਲ ਵੀ ਨਹੀਂ ਹੈ। ਮਾਬ ਲਿੰਚਿਗ ਵੀ ਅਮਰੀਕਾ ਦੇਸ਼ ਤੋਂ ਹੀ ਸ਼ੁਰੂ ਹੋਈ, ਜਦੋਂ ਉਥੇ ਗੁਲਾਮ ਪ੍ਰਥਾ ਸੀ। ਪਰ! ਜਦੋਂ ਅਮਰੀਕਾ 'ਚ ਕ੍ਰਾਂਤੀ ਆਈ ਸੀ ਤਾਂ! ਵਰਜੀਨੀਆ ਦੇ 'ਵੇਡਫਰਡ ਕਾਂਉਟੀ ਚਾਰਲਸ ਲਿੰਚ' ਨੇ ਇਕ ਵਿਲੱਖਣ, ਪਰ! ਬਹੁਤ ਘੱਟੀਆ ਤੇ ਘਿਨਾਉਣਾ ਫੈਸਲਾ ਕੀਤਾ ਸੀ। ਉਸ ਨੇ ਅਪਰਾਧੀਆਂ ਨੂੰ ਸਜ਼ਾ ਦੇਣ ਲਈ ਸਾਰੇ ਕਾਇਦੇ-ਕਾਨੂੰਨ ਛਿੱਕੇ ਟੰਗ ਕੇ, ਆਪਣੀਆਂ ਨਿੱਜੀ ਅਦਾਲਤਾਂ ਦਾ ਗਠਨ ਕਰਕੇ ਅਪਰਾਧਿਕ ਵਿਰਤੀ ਵਾਲੇ ਲੋਕਾਂ ਅਤੇ ਅਪਰਾਧੀਆਂ ਨੂੰ, ਜਾਂ ਸ਼ੱਕੀ ਲੋਕਾਂ ਨੂੰ ਵੀ ਫੜ ਕੇ, ਬਿਨ੍ਹਾਂ ਪੁੱਛ-ਪੜਤਾਲ ਕੀਤਿਆਂ ਸਜ਼ਾਵਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਪਰਾਧੀਆਂ ਨੂੰ ਸਜ਼ਾਵਾਂ ਦੇਣ ਸਮੇਂ ਲੋਕਾਂ ਦਾ ਇੱਕ ਇਕੱਠ (ਇਕ ਭੀੜ ਦੀ ਤਰ੍ਹਾਂ) ਕਰਕੇ 'ਤੇ ਉਨ੍ਹਾਂ ਲੋਕਾਂ ਦੇ ਸਾਹਮਣੇ ਹੀ ਅਪਰਾਧੀਆਂ ਨੂੰ ਦਰੱਖਤਾਂ, ਪੁਲਾਂ ਜਾਂ ਕੋਈ ਹੋਰ ਇਹੋ ਜਿਹੀ ਥਾਂ ਤੇ ਵਿਵਸਥਾ (ਪ੍ਰਬੰਧ) ਕੀਤੀ ਜਾਂਦੀ ਸੀ; ਜਿਥੇ ਉਨ੍ਹਾਂ ਨੂੰ ਜਿਊਦਿਆਂ ਨੂੰ ਹੀ ਟੰਗ ਕੇ ਕੁੱਟਿਆ, ਮਾਰਿਆ ਤੇ ਪੁੱਠਿਆਂ ਕਰਕੇ ਲਟਕਾਇਆ ਜਾਦਾ ਸੀ ਤੇ ਫਿਰ ਜਿਊਦਿਆਂ ਦੇ ਹੀ ਅੰਗ ਵੱਢ ਕੇ ਤੇ ਜਿਊਦਿਆਂ ਨੂੰ ਹੀ ਸਾੜ ਦਿੱਤਾ ਜਾਂਦਾ ਸੀ।

ਅਮਰੀਕਾ ਦੀ ਇਕ ਸਿਆਹ-ਫਾਮ ਲੋਕਾਂ ਦੀ ਸੰਸਥਾਂ "ਨੈਸ਼ਨਲ ਐਸੋਸੀਏਸ਼ਨ ਦੀ ਐਡਵਾਂਸਮੈਂਟ ਆਫ ਕਲਰਡ ਪੀਪਲ" ਦੇ ਅੰਕੜਿਆਂ ਅਨੁਸਾਰ 1882 ਤੋਂ ਲੈ ਕੇ 1968 ਤੱਕ ਅਮਰੀਕਾ ਵਿੱਚ 4743 ਲੋਕਾਂ ਦੀ ਹੱਤਿਆ ਇਹੋ ਜਿਹੀ ਭੀੜ (ਜਿਸ ਨੂੰ ਚਾਰਲਸ ਲਿੰਚ ਦੇ ਸ਼ਬਦ ਨਾਲ ਜੋੜ ਕੇ ਲਿੰਚਿਗ ਕਰ ਦਿੱਤਾ ਗਿਆ) ਰਾਂਹੀ ਕੀਤੀ ਗਈ ਸੀ। ਲਿੰਚਿਗ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਵਿੱਚ 3446 ਸਿਆਹ-ਫਾਮ ਅਫਰੀਕੀ-ਅਮਰੀਕੀ ਸਨ ਅਤੇ 1297 ਗੈਰ ਸਿਆਹ-ਫਾਮ ਲੋਕ ਸ਼ਾਮਲ ਸਨ।

ਮੌਜੂਦਾ ਸੰਦਰਭ ਵਿੱਚ ਅੱਜ ਦੇ ਸਮਾਜਿਕ ਵਰਤਾਰੇ ਅੰਦਰ ਭੀੜ ਦੀ ਹਿੰਸਾਂ ਰਾਹੀਂ (ਮਾਬ ਲਿੰਚਿਗ) ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦੇਣ ਜਾਣ ਦੀਆਂ ਘਟਨਾਵਾਂ ਦੇ ਕਈ ਰੂਪ ਹਨ। ਮਾਬ ਲਿੰਚਿਗ ਦੀਆਂ ਘਟਨਾਵਾਂ ਭਾਂਵੇ! ਪਿਛਲੇ ਸਮਿਆਂ ਅੰਦਰ ਵੀ ਹੁੰਦੀਆਂ ਰਹੀਆਂ ਹਨ; ਪ੍ਰਤੂੰ ਅੱਜ! ਜਦੋਂ ਸਮਾਜ ਨੇ ਕਾਫੀ ਤਰੱਕੀ ਕਰ ਲਈ ਹੈ; ਤਾਂ ਇਹੋ ਜਿਹੀਆਂ ਘਿਨਾਉਣੀਆਂ ਘਟਨਾਵਾਂ ਦਾ ਕਿਸੇ ਨਾ ਕਿਸੇ ਰੂਪ ਵਿੱਚ ਸਾਰੇ ਹੀ ਦੇਸ਼ਾਂ ਵਿੱਚ ਵਾਪਰਨਾ ਇਕ ਚਿੰਤਾ ਦਾ ਵਿਸ਼ਾ ਹੈ। ਭਾਰਤ ਜਿਹੇ ਲੋਕਤੰਤਰੀ ਕਹਾਉਣ ਵਾਲੇ ਬਹੁਲਤਾਵਾਦੀ ਦੇਸ਼ ਵਿੱਚ ਜਿਥੇ ਭਿੰਨ-ਭਿੰਨ ਜਾਤਾਂ, ਵਰਗਾ, ਧਰਮਾਂ ਤੇ ਬਹੁ-ਭਾਸ਼ਾਈ ਲੋਕਾਂ ਦੀ ਗਿਣਤੀ ਹੈ ਤਾਂ ! ਉਥੇ ਇਹੋ ਜਿਹੀਆਂ ਘਟਨਾਵਾਂ ਦਾ ਵਾਪਰਨਾ ਮੰਦਭਾਗਾ ਹੈ। ਝਾਰਖੰਡ ਵਿੱਚ ਸਭ ਤੋਂ ਪਹਿਲਾਂ ਭੀੜ ਨੇ "ਡਾਇਣ" ਕਹਿ ਕੇ ਇਸਤਰੀਆਂ ਨੂੰ ਆਪਣਾ ਨਿਸ਼ਾਨਾ ਬਣਾਇਆ ਸੀ, 'ਤੇ ਇਸ ਤਰ੍ਹਾਂ ਕਈ ਇਸਤਰੀਆਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਸੀ। ਜਿਸ ਦਾ ਨਤੀਜਾ ਇਹ ਹੋਇਆ, ਕਿ ਇਨ੍ਹਾਂ ਘਟਨਾਵਾਂ ਨੂੰ ਸੁਰਖੀਆਂ ਰਾਂਹੀ ਅਖਬਾਰਾਂ ਵਿੱਚ ਦੇ ਕੇ ਫੈਲਾਇਆ ਗਿਆ ਅਤੇ ਕਈਆਂ ਘਟਨਾਵਾਂ ਨੂੰ "ਧਾਰਮਿਕ ਰੰਗ" ਵੀ ਦਿੱਤੇ ਗਏ, ਜੋ ਅੰਧ-ਵਿਸ਼ਵਾਸ਼ ਅਤੇ ਜਗੀਰੂ ਰਹਿੰਦ-ਖੂਹੰਦ ਦਾ ਨਤੀਜਾ ਸੀ।

"ਇੰਡੀਸਪੈਂਡ ਵੈਬਸਾਈਟ" ਦੇ ਅਨੁਸਾਰ 2010 ਤੋਂ 2017 ਵਿੱਚ 63 ਮਾਮਲਿਆਂ ਵਿਚੋਂ 97 ਫੀ-ਸੱਦ ਮਾਮਲੇ ਪਿਛਲੇ ਤਿੰਨਾਂ ਸਾਲਾਂ 'ਚ ਦਰਜ ਹੋਏ। ਜੇਕਰ ਰਿਪੋਰਟ ਦਾ ਅੰਕੜਾ ਮਿੱਥਿਆ ਜਾਵੇ ਤਾਂ 2012 ਤੋਂ ਹੁਣ ਤੱਕ ਫਿਰਕਾਪ੍ਰਸਤੀ ਦੀਆਂ ਅਜਿਹੀਆਂ 168 ਘਟਨਾਵਾਂ ਹੋ ਚੁੱਕੀਆਂ ਹਨ। ਜਿਨ੍ਹਾਂ ਵਿਚੋਂ 47 ਲੋਕਾਂ ਦੀਆਂ ਮੌਤਾਂ ਹੋਈਆਂ ਤੇ 175 ਲੋਕ ਗੰਭੀਰ ਰੂਪ 'ਚ ਜ਼ਖ਼ਮੀ ਹੋਏ। ਜਨਵਰੀ-2017 ਤੋਂ 2018 ਤੱਕ ਦਰਜ ਕੀਤੇ ਗਏ ਮਾਮਲਿਆਂ ਵਿਚੋਂ ਕੇਵਲ "ਬੱਚੇ-ਚੋਰੀ" ਕਰਨ ਦੀਆਂ ਅਫ਼ਵਾਹਾਂ 'ਚ 33-ਲੋਕਾਂ ਦੀ ਮੌਤ ਭੀੜ-ਹਿੰਸਾ ਦੇ ਦੌਰਾਨ ਹੋਈ।

"ਰਾਸ਼ਟਰੀ ਅਪਰਾਧ ਬਿਊਰੋ" ਅਨੁਸਾਰ 2001 ਤੋਂ 2014 ਤੱਕ ਦੇਸ਼ ਵਿੱਚ 2290 ਇਸਤਰੀਆਂ ਦੀਆਂ ਹਤਿਆਵਾਂ 'ਡਾਇਣ' ਕਹਿ ਕੇ ਕੁੱਟ-ਕੁੱਟ ਕੇ ਭੀੜ ਵਲੋਂ ਕੀਤੀਆਂ ਗਈਆਂ। ਜਿਨ੍ਹਾਂ ਵਿਚੋਂ 464 ਮੌਤਾਂ ਕੇਵਲ ਝਾਰਖੰਡ ਵਿੱਚ ਹੀ ਹੋਈਆਂ। ਇਸੇ ਤਰ੍ਹਾਂ ਉੜੀਸਾ 'ਚ 415, ਆਂਧਰਾਪ੍ਰਦੇਸ਼ 'ਚ 383 ਅਤੇ ਹਰਿਆਣਾ 'ਚ 209 ਮੌਤਾਂ ਭੀੜ ਵਲੋਂ ਕੁੱਟ-ਮਾਰ ਕਰਕੇ ਹੋਈਆਂ। 'ਸਟੇਪਸ ਫਾਊਡੇਸ਼ਨ' ਦੇ ਅਨੁਸਾਰ 28 ਸਤੰਬਰ 2018 ਤੋਂ 7 ਜੂਨ 2019 ਤੱਕ ਇਹੋ ਜਿਹੀਆਂ ਘਟਨਾਵਾਂ ਜੋ ਵਾਪਰੀਆਂ ਸਨ, ਵਿੱਚ 141 ਲੋਕਾਂ ਦੀ ਜਾਨ ਗਈ। ਇਨ੍ਹਾਂ ਵਿਚੋਂ ਮਰਨ ਵਾਲਿਆਂ ਵਿਚ 70 ਲੋਕ ਮੁਸਲਿਮ ਅਤੇ 71ਗੈਰ ਮੁਸਲਿਮ ਸਨ। ਜਿਥੋਂ ਇਹ ਸਿੱਧ ਹੁੰਦਾ ਹੈ, ਕਿ ਭੀੜ ਵਿੱਚ (ਮਾਬ ਲਿੰਚਿਗ) ਆਏ ਇਕ ਖਾਸ ਫਿਰਕੇ ਦੇ ਲੋਕਾਂ ਵਲੋਂ ਫੜਕੇ ਦੂਸਰੇ ਖਾਸ ਧਰਮ, ਜਾਤ ਦਾ ਕੋਈ ਵੀ ਬੰਦਾ ਹੋਵੇ ਫਿਰਕੂ ਨਾਹਰਿਆਂ ਰਾਹੀਂ ਕੁੱਟ-ਕੁੱਟ ਕੇ ਮਾਰ ਦਿਓ ? ਉਪਰੋਕਤ ਘਟਨਾਵਾਂ ਦੇ ਅੰਕੜਿਆਂ ਮੁਤਾਬਿਕ ਸਭ ਤੋਂ ਜ਼ਿਆਦਾ ਘਟਨਾਵਾਂ 2018 'ਚ ਹੋਈਆਂ ਹਨ ਜਦੋਂ "ਹਿੰਦੂਤਵ ਬੁਖਾਰ ਚੜ੍ਹਾਈ ਤੇ ਸੀ ?"

ਭਾਂਵ ! 2018 'ਚ ਮਾਨਯੋਗ ਸੁਪਰੀਮ ਕੋਰਟ ਨੇ ਮਾਬ ਲਿੰਚਿਗ 'ਤੇ ਰੋਕ ਲਾਉਣ ਤੇ ਜਾਂਚ ਕਰਨ ਦੇ ਕਾਰਨਾਂ ਦਾ ਪਤਾ ਲਾਉਣ ਲਈ ਇਕ ਡੀ.ਐਸ.ਪੀ. ਦੇ ਪੱਧਰ ਤੇ ਕੰਮ ਕਰਦੀ ਪੁਲਿਸ ਅਧਿਕਾਰੀਆਂ ਦੀ ਜਿੰਮੇਵਾਰੀ ਹਰ ਜ਼ਿਲ੍ਹੇ 'ਚ ਭੀੜ ਹਿੰਸਾਂ ਦੀ ਜਾਂਚ ਕਰਨ ਦੇ ਹੁਕਮ (ਆਦੇਸ਼) ਦਿੱਤੇ ਗਏ ਸਨ; ਜਾਂ ! ਇਕ ਵਿਸ਼ੇਸ਼ ਫੋਰਸ ਨੂੰ, ਜੋ ਇਹੋ ਜਿਹੀਆਂ ਵਾਰਦਾਤਾਂ ਦੇਣ ਨੂੰ ਅੰਜਾਮ ਦੇ ਰਹੇ ਹਨ ਜਾਂ ਅਫਵਾਹਾਂ ਫੈਲਾ ਰਹੇ ਹਨ ਵਿਰੁਧ ਗਠਨ ਕਰਨ ਲਈ ਕਿਹਾ ਸੀ। ਮਾਣ-ਯੋਗ ਸੁਪਰੀਮ ਕੋਰਟ ਨੇ ਉਸ ਸਮੇਂ ਟਿੱਪਣੀ ਕੀਤੀ ਸੀ, 'ਕਿ ਦੇਸ਼ ਦਾ ਕੋਈ ਵੀ ਨਾਗਰਿਕ ਆਪਣੇ ਆਪ ਕੋਈ ਵੀ ਕਾਨੂੰਨ ਨਹੀਂ ਬਣਾ ਸਕਦਾ ਅਤੇ ਨਾ ਹੀ ਇਸ ਲੋਕਤੰਤਰ ਦੇਸ਼ ਵਿੱਚ ਇਹੋ ਜਿਹੀ ਭੀੜ ਨੂੰ ਇਜ਼ਾਜ਼ਤ ਹੀ ਦਿੱਤੀ ਜਾਵੇਗੀ ?' ਪ੍ਰਤੂੰ ਅਫਸੋਸ ਹੈ ਕਿ 2018 'ਚ ਇਹੋ ਜਿਹੀਆਂ ਮਾਬ ਲਿੰਚਿਗ ਤੇ ਰੋਕ ਲਾਉਣ ਦੀ ਇਨਕੁਆਰੀ ਦਾ ਕੀ ਬਣਿਆ; ਅਜੇ ਤੱਕ ਕੋਈ ਪਤਾ ਨਹੀਂ ਹੈ ?

ਇਸ ਦੇ ਬਾਵਜੂਦ ਵੀ ਪਿਛਲੇ ਕਾਫੀ ਲੰਬੇ ਸਮੇਂ ਤੋਂ ਪੰਜਾਬ ਵਿਚ ਵੀ, ਜਿਥੇ ਇਹੋ ਜਿਹੀਆਂ ਘਟਨਾਵਾਂ ਕਦੇ ਵਾਪਰੀਆਂ ਹੀ ਨਹੀਂ ਸਨ, ਅੱਜ! ਇਹੋ ਜਿਹੇ ਹੁੜਦੁੰਗਾਂ ਨੇ ਇਥੇ ਵੀ ਪੈਰ ਪਸਾਰ ਲਏ ਲਗਦੇ ਹਨ। "ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ" ਦੀਆਂ ਹੋ ਰਹੀਆਂ ਬੇ-ਅਦਬੀਆਂ ਦੇ ਕਾਰਨ ਅਤੇ ਦੋਸ਼ੀਆਂ ਨੂੰ ਫੜਨ ਜਾਂ ਸਜ਼ਾ ਨਾ ਦਿੱਤੇ ਜਾਣ ਕਾਰਨ ਇਹੋ ਜਿਹੀ ਭੀੜ ਵਲੋਂ ਹੁਣ ਸ਼ੱਕ ਵਿੱਚ ਆਏ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰਨ ਦੀਆਂ ਖਬਰਾਂ ਤੇਜ਼ੀ ਨਾਲ ਫੈਲਣ ਕਾਰਨ ਪੰਜਾਬ ਦਾ ਮਹੌਲ ਖਰਾਬ ਕੀਤਾ ਜਾ ਰਿਹਾ ਹੈ। ਪੰਜਾਬ ਦੀ ਧਰਤੀ ਗੁਰੂਆਂ, ਪੀਰਾਂ, ਯੋਧਿਆਂ, ਸੂਫ਼ੀ-ਸੰਤਾਂ, ਮਹਾਂਪੁਰਸ਼ਾਂ, ਇਨਕਲਾਬੀਆਂ ਤੇ ਗਦਰੀ ਬਾਬਿਆਂ ਦੀ ਧਰਤੀ ਹੈ। ਸਾਡੇ ਗੁਰੂਆਂ ਨੇ ਲੋਕਾਈ ਨੂੰ ਸਹਿਣ-ਸ਼ੀਲਤਾ ਦਾ ਉਪਦੇਸ਼ ਦਿੱਤਾ ਸੀ। ਪਰ! ਅੰਜ ਪੰਜਾਬ 'ਚ ਵੀ ਜਾਤਾਂ-ਧਰਮਾਂ ਅਤੇ ਬੇਅਦਬੀਆਂ ਦੇ ਨਾਂ ਤੇ, ਬਿਨ੍ਹਾਂ ਕਿਸੇ ਦੀ ਸ਼ਨਾਖਤ ਕੀਤਿਆਂ ਪਿਛਲੇ ਦਿਨੀ ਕਪੂਰਥਲਾ ਵਿਖੇ ਇਕ ਨਾਗਰਿਕ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ। ਇਸ ਤੋਂ ਪਹਿਲਾਂ ਵੀ ਅੰਮ੍ਰਿਤਸਰ ਦਰਬਾਰ ਸਾਹਿਬ ਵਿਖੇ ਵੀ ਇਕ ਇਹੋ ਜਿਹੀ ਮੰਦਭਾਗੀ ਘਟਨਾ ਵਾਪਰੀ ਸੀ। ਜੋ ਨਿੰਦਣਯੋਗ ਹੈ। ਅਜਿਹੀਆਂ ਘਟਨਾਵਾਂ ਸਿਰਫ ਮੰਦਭਾਗੀਆਂ ਹੀ ਨਹੀਂ ਹਨ; ਸਗੋਂ ਤੇ ਹਾਕਮਾਂ ਲਈ ਵੀ ਇਕ ਚੁਨੌਤੀ ਹੈ ਅਤੇ ਅਮਨ ਪਸੰਦ ਲੋਕ ਇਹੋ ਜਿਹੀਆਂ ਦੋਨੋਂ ਪੱਖ ਦੀਆਂ ਘਟਨਾਵਾਂ ਵਾਪਰਨ ਤੇ ਚਿੰਤਾਂ ਜਾਹਿਰ ਕਰ ਰਹੇ ਹਨ। "ਪਛਤਾਂਵਾ ਸਮਾਗਮ" ਕਰਕੇ ਹੀ ਇਹੋ ਜਿਹੀਆਂ ਘਟਨਾਵਾਂ ਨਹੀਂ ਰੁੱਕ ਸਕਦੀਆਂ, ਸਗੋਂ ਭੀੜ ਵਲੋਂ ਮਾਰਨ ਵਾਲੇ ਲੋਕਾਂ ਨੂੰ ਸੱਖਤ ਸਜ਼ਾਵਾਂ ਦਿੱਤੀਆਂ ਜਾਣ। ਪਹਿਲਾਂ ਵੀ ਸਾਲ 2015 ਦੌਰਾਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਲਈ ਦੋਸ਼ੀਆਂ ਨੂੰ ਸਜਾਵਾਂ ਨਾ ਮਿਲਣ ਕਾਰਨ ਹਾਲਾਤਾਂ 'ਚ ਅਜੇ ਗੁੱਸਾ ਪੂਰੀ ਤਰ੍ਹਾਂ ਭਰਿਆ ਪਿਆ ਹੈ। ਜਿਸ ਲਈ ਸਰਕਾਰਾਂ ਵੀ ਖੁੱਦ ਜਿੰਮੇਵਾਰ ਹਨ।

ਅਜਿਹੀਆਂ ਘਟਨਾਵਾਂ ਕਾਰਨ ਅੱਜ! ਦੇਸ਼ ਦਾ ਹਰ ਨਾਗਰਿਕ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਨਾ ਤਾਂ, ਦੇਸ਼ ਦੇ ਹਾਕਮ ਤੇ ਨਾ ਹੀ ਰਾਜ ਸਰਕਾਰਾਂ ਨੂੰ ਲੋਕਾਂ ਦੇ ਮਸੱਲਿਆਂ ਨੂੰ ਹੱਲ ਕਰਨ ਦੀ ਚਿੰਤਾ ਹੈ। ਲੋਕਾਂ 'ਚ ਰੋਹ ਫੈਲ ਰਿਹਾ ਹੈ, ਕਿ ਇਨ੍ਹਾਂ ਹਾਲਾਂਤਾ ਲਈ ਰਾਜਨੀਤਕ ਪਾਰਟੀਆਂ ਹੀ ਜੁੰਮੇਵਾਰ ਹਨ ਕਿਉਂਕਿ ਉਹ ਲੋਕਾਂ ਦੇ ਮਸਲੇ ਹੱਲ ਕਰਨ ਦੀ ਥਾਂ ਆਪਣੀ ਗਦੀ ਕਾਇਮ ਰੱਖਣ ਲਈ ਇਹੋ ਜਿਹੀ ਭੀੜ ਦਾ ਸਹਾਰਾ ਲੈ ਕੇ ਲੋਕਾਂ ਨੂੰ ਧਰਮ, ਜਾਤ ਤੇ ਫਿਰਕਾਪ੍ਰਸਤੀ ਦੇ ਨਾਂ ਤੇ ਲੜਾ ਕੇ, ਆਪਸੀ ਕੁੱਟ-ਮਾਰ ਕਰਾ ਕੇ, ਮਾਰਾ-ਮਾਰੀ ਕਰਾ ਰਹੀਆਂ ਹਨ। ਇਹੋ ਜਿਹੀਆਂ ਵਾਪਰੀਆਂ ਦੁੱਖਦਾਈ ਘਟਨਾਵਾਂ ਦੇ ਪੀੜਤ ਲੋਕਾਂ ਨਾਲ ਸਗੋਂ ਰਾਜਨੀਤਕ ਪਾਰਟੀਆਂ ਵਲੋਂ ਹਮਦਰਦੀ ਵੀ ਨਹੀਂ ਪ੍ਰਗਟਾਈ ਜਾ ਰਹੀ ਹੈ। ਇਹੋ ਜਿਹੀ ਹੀ ਇਕ ਸਨਸਨੀ ਖੇਜ਼ ਘਟਨਾ ਪਿਛਲੇ ਦਿਨੀ ਕਿਸਾਨੀ ਮੋਰਚੇ ਦੌਰਾਨ ਵੀ ਘਟੀ ਸੀ। ਜੋ ਸਿਰਫ਼ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਦੀ ਇਕ ਸਾਜਿਸ਼ ਸੀ। 2021 ਦੇ ਕ੍ਰਿਸਮਿਸ ਮੌਕੇ 'ਤੇ ਵੀ ਅੰਬਾਲਾ ਕੈਂਟ ਦੇ ਚਰਚ, ਆਸਾਮ ਤੇ ਆਗਰਾ ਵਿੱਚ ਵੀ ਈਸਾਈ ਭਾਈਚਾਰੇ ਦੇ ਲੋਕਾਂ ਤੇ ਹੋਏ ਹਮਲਿਆਂ ਤੇ "ਯਿਸ਼ੂ ਮਸੀਹ ਦੇ ਬੁੱਤ" ਦੀ ਤੋੜ-ਭੰਨ ਕੀਤੀ ਗਈ। ਅਸਾਮ ਵਿੱਚ ਚਰਚ ਵਿੱਚ ਹੋ ਰਹੇ ਸਮਾਰੋਹ ਸਮੇਂ "ਭਗਵੇਂ ਮਫ਼ਲਰ" ਵਾਲੇ ਇਕ ਸਮੂਹ ਨੇ ਵੀ ਵੱਡਾ ਹੁੜਦੁੰਗ ਮਚਾਇਆ ਸੀ। ਇਸੇ ਤਰ੍ਹਾਂ ਆਗਰੇ ਦੀ ਘਟਨਾ ਵਿੱਚ ਬਜਰੰਗ-ਦੱਲ ਦੇ ਆਗੂਆਂ ਦੀ ਭੂਮਿਕਾ ਵੀ ਨੰਗੀ ਹੋ ਗਈ ਜੋ ਅਜਿਹੀਆਂ ਘਟਨਾਵਾਂ ਅਤਿ ਨਿੰਦਣਯੋਗ ਹਨ।

ਗੈਰ ਸਰਕਾਰੀ ਜੱਥੇਬੰਦੀਆਂ "ਯੂਨਾਈਟਿਡ ਅਗੈਂਸਟ-ਹੇਟ, ਐਸੋਸੀਏਸ਼ਨ ਫਾਰ ਪ੍ਰੋਟੈਕਸ਼ਨ ਆਫ ਸਿਵਲ ਰਾਈਟਸ ਅਤੇ ਯੂਨਾਈਟਿਡ ਕ੍ਰਿਸਚਿਅਨ ਫੋਰਸ" ਵਲੋਂ ਜਾਰੀ ਇਕ ਖੋਜ਼ ਰਿਪੋਰਟ 'ਚ ਇਸ ਸਾਲ ਈਸਾਈਆਂ 'ਤੇ ਭੀੜ ਵਲੋਂ ਕੀਤੇ ਹਮਲਿਆਂ 'ਚ 300 ਤੋਂ ਵੀ ਵੱਧ ਮਾਮਲੇ ਦਰਜ ਹੋਏ ਹਨ। ਪਹਿਲੇ ਨੰਬਰ ਤੇ ਉਤਰ ਪ੍ਰਦੇਸ਼ (ਕਰਮਵਾਰ) ਛੱਤੀਸਗੜ੍ਹ, ਉਤਰਾਖੰਡ, ਕਰਨਾਟਕ, ਹਰਿਆਣਾ ਅਤੇ ਛੇਵਾਂ ਦਿੱਲੀ ਵਿੱਚ ਲਗਾਤਾਰ ਹਮਲੇ ਹੋਏ ਹਨ।

ਭਾਂਵੇ! ਭਾਰਤ ਦੇ ਸੰਵਿਧਾਨ ਵਿੱਚ "ਅਸੀਂ" ਸ਼ਬਦ ਦੇਸ਼ ਵਿੱਚ ਵਸਦੇ ਸਾਰੇ ਨਾਗਰਿਕਾਂ ਲਈ ਹੀ ਵਰਤਿਆ ਜਾ ਰਿਹਾ ਹੈ; ਪਰ ! ਜਦੋਂ "ਮਾਬ ਲਿੰਚਿਗ" ਜਿਹੀਆਂ ਘਟਨਾਵਾਂ ਵਾਪਰਦੀਆਂ ਹਨ ਤਾਂ ਇਸ "ਅਸੀਂ" ਸ਼ਬਦ ਤੇ ਪ੍ਰਸ਼ਨ-ਚਿੰਨ੍ਹ ਲਗ ਜਾਂਦਾ ਹੈ ? ਦੇਸ਼ ਵਿੱਚ ਅੱਜ ਜਾਤਾਂ, ਧਰਮਾਂ, ਭਾਸ਼ਾਵਾਂ, ਖਿੱਤਿਆਂ ਤੇ ਭੜਕਾਊ ਨਾਅਰੇ ਲਾ ਕੇ ਇਕ ਫਿਰਕੇ ਦੇ ਲੋਕਾਂ ਵਲੋਂ ਘੱਟ-ਗਿਣਤੀਆਂ ਤੇ ਰਾਜਨੀਤੀ ਦੀ ਆੜ ਹੇਠ ਭੀੜ ਰਾਹੀਂ ਬਿਨ੍ਹਾਂ ਤਸਦੀਕ ਕੀਤਿਆਂ ਕੁੱਟ-ਮਾਰ ਤੇ ਜਾਨੋ ਮਾਰਨ ਦੀਆਂ ਅਜਿਹੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਜੋ ਦੇਸ਼ ਦੀ ਏਕਤਾ-ਅਖੰਡਤਾ ਲਈ ਖਤਰਾ ਹੈ।

ਮਨੋਵਿਗਿਆਨੀ "ਜੀ.ਲੀ.ਬਾਨ" ਨੇ 19-ਵੀ-ਸਦੀ ਦੇ ਅੰਤ ਵਿੱਚ ਆਪਣੀ ਲਿੱਖੀ ਪ੍ਰਸਿੱਧ ਕਿਤਾਬ "ਦੀ ਕਰਾਊਡ" 'ਚ ਬਹੁਤ ਹੀ ਚੰਗੀ ਤਰ੍ਹਾਂ ਸਮਝਾਇਆ ਹੈ, "ਕਿ ਭੀੜ ਵਿੱਚ ਸ਼ਾਮਲ ਲੋਕ ਭਾਵੇਂ! ਕਿਸੇ ਵੀ ਤਰ੍ਹਾਂ ਦੇ ਹੋਣ, ਪਰ! ਸਚਾਈ ਇਹ ਹੈ; ਕਿ ਉਹ ਭੀੜ ਦਾ ਹਿੱਸਾ ਬਣ ਚੁੱਕੇ ਹਨ। ਭਾਵ! ਉਨ੍ਹਾਂ ਦੀ ਸੋਚਣ ਸਮਝਣ ਦੀ ਮਨੋਦਸ਼ਾ ਸਮੂਹਿਕ ਭੀੜ ਨਾਲ ਜੁੜ ਜਾਂਦੀ ਹੈ। ਇਹ ਇਕੱਠ ਤੈਅ ਕਰਦਾ ਹੈ; ਕਿ ਉਹ ਵਿਅਕਤੀ ਕਿਵੇਂ ਸੋਚੇਗਾ। ਮਹਿਸੂਸ ਕਰੇਗਾ ਤੇ ਕਿਸੇ ਖਾਸ ਸਮੇਂ ਤੇ ਕਿਸ ਤਰ੍ਹਾਂ ਦੀ ਪ੍ਰੀਕ੍ਰਿਆ ਦੇਵੇਗਾ।"

ਬੁੱਧੀਜੀਵੀਆਂ ਦਾ ਮੰਨਣਾ ਹੈ;"ਕਿ ਇਹ ਇਕ "ਰਾਜਨੀਤਕ ਹੱਥਕੰਡਾ" ਹੈ। ਜਿਸ ਵਿੱਚ ਦੇਸ਼ ਦੇ ਵੱਖ-ਵੱਖ ਗੁੱਟਾਂ ਦੇ ਲੋਕ ਧਰਮ ਦੇ ਨਾਂ ਤੇ ਫਿਰਕਿਆਂ ਨੂੰ ਲੜਾਉਣ ਦੀ ਕੋਸ਼ਿਸ਼ ਵਿੱਚ ਹਨ। ਜਿਵੇਂ ਰਾਸ਼ਟਰਵਾਦ, ਗਊ ਰੱਖਿਆ, ਲਵ-ਜਿਹਾਦ, ਡਾਇਣ, ਜਾਦੂਗਰਨੀ, ਬੱਚਾ ਚੋਰ, ਧਾਰਮਿਕ, ਅਫ਼ਵਾਹਾਂ ਫੈਲਾ ਕੇ ਤੇ ਹੋਰ ਕਈ ਮਾਮਲਿਆ ਵਿੱਚ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਜਾਣਾ। ਤਾਂ! ਜੋ ਉਹ ਆਪਸ 'ਚ ਲੜਨ ਤੇ ਰਾਜਨੀਤਕ ਦਲ ਉਨ੍ਹਾਂ ਉਪੱਰ ਰਾਜ ਕਰਨ। ਮਸਲਨ (ਡੀਵਾਈਡ ਐਂਡ ਰੂਲ) ਪਾੜੋ ਤੇ ਰਾਜ ਕਰੋ ਦੀ ਨੀਤੀ। ਇਨ੍ਹਾਂ ਲੋਕਾਂ 'ਚ ਫੁੱਟ ਪਾਓ ਤੇ ਰਾਜ ਕਰੋ, ਇਹ 21-ਵੀਂ ਸਦੀ ਦਾ ਤਰੀਕਾ ਹੈ।"

ਭਾਰਤ "ਸੰਸਾਰ ਸੁੱਖ ਸ਼ਾਂਤੀ ਦੇ ਇੰਡੈਕਸ" ਦੇ 163 ਦੇਸ਼ਾਂ ਦੇ ਅੰਦਰ 137ਵੇਂ ਥਾਂ ਤੇ ਆਉਂਦਾ ਹੈ। ਲੋਕਾਂ ਨੂੰ ਸੁਰੱਖਿਆ ਤੇ ਬਚਾਅ, ਝਗੜਿਆਂ ਤੋਂ ਮੁਕਤ ਰੱਖਣ ਲਈ ਅਸੀਂ ਬਹੁਤ ਪਿਛੇ ਹਾਂ। ਸਾਲ 2013 ਤੋਂ ਲੈ ਕੇ 2021 ਤੱਕ ਅਜਿਹੀਆਂ ਘਟਨਾਵਾਂ 'ਚ ਵਾਧਾ ਹੋਣਾ, ਜਿਥੇ ਇਕ ਪਾਸੇ ਅੰਧ-ਵਿਸ਼ਵਾਸ਼ ਨੂੰ ਫੈਲਾਇਆ ਜਾ ਰਿਹਾ ਹੈ; ਉਥੇ ਦੇਸ਼ ਅੰਦਰ ਵਿਗਿਆਨਕ ਸੋਚ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ; ਜੋ ਹਿੰਦੂਤਵ ਦੀ ਯੋਜਨਾ ਦੀ ਪੂਰਤੀ ਦਾ ਮੁੱਖ ਹਿੱਸਾ ਹੈ।

ਪਿਛਾਂਹ-ਖਿੱਚੂ, ਸ਼ਾਵਨਵਾਦੀ ਅਤੇ ਧਾਰਮਿਕ ਕਟੜਵਾਦੀ ਵਿਚਾਰ ਧਾਰਾ ਤੇ ਤਾਕਤਾਂ ਵਿਰੁੱਧ ਸਾਰੀਆਂ ਹੀ ਧਰਮ-ਨਿਰਪੱਖ ਤੇ ਜਮਹੂਰੀ ਸ਼ਕਤੀਆਂ ਨੂੰ ਇਕ ਜੁੱਟ ਹੋ ਕੇ ਇਨਾਂ ਵਹਿਸ਼ੀ ਤੇ ਭੜਕਾਊ ਨਾਅਰੇ ਦੇਣ ਵਾਲੀਆਂ ਸ਼ਕਤੀਆਂ ਵਿਰੁੱਧ ਲਾਮਬੰਦ ਹੋਣਾ ਚਾਹੀਦਾ ਹੈ।

ਗਣਤੰਤਰ ਦਿਵਸ 'ਤੇ ਵਿਸ਼ੇਸ਼

# ਰੰਗੋਂ ਬੇਰੰਗ ਹੋਇਆ ਪੰਜਾਬ



ਡੰਗ ਅਤੇ ਚੋਭਾਂ
ਗੁਰਮੀਤ ਸਿੰਘ ਪਲਾਹੀ
98158-02070



ਪੰਜਾਬ ਆਪਣੇ ਪਿੰਡੇ 'ਤੇ ਡੂੰਘੇ ਦਰਦ ਹੰਢਾ ਬੈਠਾ ਹੈ। ਪੰਜਾਬ ਦਾ ਪਿੰਡਾ ਤਾਰ ਤਾਰ ਹੋਇਆ ਪਿਆ ਹੈ। ਪੰਜਾਬ 47 ਦੀ ਮਾਰ ਸਹਿ ਬੈਠਾ ਹੈ, ਪੰਜਾਬ '84 ਭੁਗਤ ਬੈਠਾ ਹੈ। ਪੰਜਾਬ ਗਰਮ-ਸਰਦ ਲਹਿਰਾਂ ਨਾਲ ਝੁਲਸ ਚੁੱਕਾ ਹੈ। ਪੰਜਾਬ ਨਸ਼ੇ, ਬੇਰੁਜ਼ਗਾਰੀ, ਪ੍ਰਵਾਸ ਦੀ ਮਾਰ ਹੇਠ ਹੈ। ਪੰਜਾਬ ਬਦਰੰਗ ਹੋਇਆ ਦਿਸਦਾ ਹੈ।

**ਨਾ ਰਹੇ ਪੰਜ ਦਰਿਆ :** ਪੰਜਾਬ ਜਿਹੜਾ ਵਸਦਾ ਸੀ ਗੁਰਾਂ ਦੇ ਨਾ ਉੱਤੇ, ਕਦੇ ਪੰਜਾਂ ਦਰਿਆਵਾਂ ਦੀ ਧਰਤੀ ਸੀ, ਹੁਣ ਨਾ ਪੰਜਾਬ ਦੇ ਪੰਜ ਦਰਿਆ ਰਹੇ ਹਨ, ਨਾ ਪੰਜਾਬ ਦੇ ਛੈਲ-ਛਬੀਲੇ ਗੱਭਰੂ-ਮੁਟਿਆਰਾਂ, ਗਿੱਧੇ-ਭੰਗੜੇ ਅਤੇ ਘੁੱਗ ਵਸਦੇ ਪਿੰਡ! ਪਿੰਡ ਉੱਜੜਨ ਦੇ ਰਾਹ ਹੈ, ਕੁਝ ਨਸ਼ੇ ਨੇ ਖਾ ਲਿਆ, ਕੁਝ ਬੇਰੁਜ਼ਗਾਰੀ ਕਾਰਨ ਪ੍ਰਵਾਸ ਨੇ ਨਿਗਲ ਲਿਆ। ਰਹਿੰਦਾ ਖੂੰਹਦਾ ਸਵਾਰਥੀ ਸਿਆਸਤਦਾਨਾਂ ਨੇ ਆਪਣੀ ਬਗਲ 'ਚ ਕਰ ਲਿਆ।

**ਕੀ ਖੱਟਿਆ ਪੰਜਾਬ ਨੇ :** ਅਜ਼ਾਦੀ ਦੇ 74 ਵਰ੍ਹੇ ਦੇਸ਼ ਦੇ ਨਾਲ-ਨਾਲ ਪੰਜਾਬ ਨੇ ਵੀ ਗੁਜ਼ਾਰ ਲਏ ਹਨ। ਭਾਰਤ ਦੇ ਨਾਲ ਪੰਜਾਬ ਨੂੰ ਗਣਤੰਤਰ ਦਾ ਦਰਜਾ ਮਿਲਿਆਂ 71 ਵਰ੍ਹੇ ਹੋ ਗਏ। ਪੰਜਾਬ ਨੇ ਕੀ ਖੱਟਿਆ? ਨਾ ਕੋਈ ਵੱਡਾ ਉਦਯੋਗ, ਨਾ ਕੋਈ ਵੱਡਾ ਬੁਨਿਆਦੀ ਢਾਂਚਾ, ਨਾ ਗੁਆਂਢੀ ਸੂਬਿਆਂ ਵਾਂਗਰ ਸਿਹਤ ਸਹੂਲਤਾਂ, ਨਾ ਸਿੱਖਿਆ ਦਾ ਯੋਗ ਪ੍ਰਬੰਧ। ਵਾਤਾਵਰਨ ਤਾਂ ਪੰਜਾਬ ਦਾ ਕੱਥੋਂ ਹੌਲਾ ਹੋਇਆ ਪਿਆ ਹੈ। ਦਰਿਆ ਪ੍ਰਦੂਸ਼ਤ, ਹਵਾ ਗੰਧਲੀ, ਨਾਲੇ-ਖਾਲੇ ਸਭ ਬਰਬਾਦ। ਪੰਜਾਬ ਦੀ ਕੁਖੋਂ ਜੰਮੇ ਹਰਿਆਣੇ 'ਚ ਉਦਯੋਗ ਭਰਿਆ ਪਿਆ ਹੈ। ਗੁਆਂਢੀ ਹਿਮਾਚਲ ਉਦਯੋਗ ਦੇ ਪੈਕੇਜ ਕੇਂਦਰ ਤੋਂ ਲੈ ਰਿਹਾ ਹੈ। ਪੰਜਾਬ ਕੇਂਦਰ ਤੋਂ ਮਤਰੇਈ ਮਾਂ ਵਾਲਾ ਸਲੂਕ ਹੰਢਾ ਰਿਹਾ ਹੈ। ਉਦਾਹਰਨ ਵੇਖੋ ਹਰਿਆਣਾ 'ਚ ਬਾਰਾਂ ਸਰਕਾਰੀ ਮੈਡੀਕਲ ਕਾਲਜ ਹਨ, ਹਿਮਾਚਲ ਪ੍ਰਦੇਸ਼ 'ਚ ਸੱਤ ਮੈਡੀਕਲ ਕਾਲਜ ਹਨ, ਪਰ ਪੰਜਾਬ 'ਚ ਸਿਰਫ਼ ਚਾਰ ਮੈਡੀਕਲ ਕਾਲਜ ਹਨ।

**ਡਰ ਪੰਜਾਬੀਆਂ ਤੋਂ :** ਦੇਸ਼ ਦੇ ਪ੍ਰਧਾਨ ਮੰਤਰੀ 5 ਜਨਵਰੀ 2022 ਨੂੰ ਫਿਰੋਜ਼ਪੁਰ ਰੈਲੀ ਸਮੇਂ ਦੋ ਮੈਡੀਕਲ ਕਾਲਜ ਪੰਜਾਬ ਨੂੰ ਭੇਂਟ ਕਰਨ ਆਏ, ਪਰ ਰੈਲੀ ਫੇਲ੍ਹ ਹੋਣ 'ਤੇ ਪੰਜਾਬੀਆਂ ਨੂੰ ਮੇਹਣਾ ਮਾਰ ਗਏ, ਕਹਿੰਦੇ "ਉਨ੍ਹਾਂ ਨੂੰ ਪੰਜਾਬ ਤੋਂ, ਪੰਜਾਬੀਆਂ ਤੋਂ ਜਾਨ ਦਾ ਖ਼ਤਰਾ ਹੈ, ਮਸਾਂ ਜਾਨ ਬਚਾ ਕੇ ਪੰਜਾਬੋਂ ਆਇਆ ਹਾਂ।" ਕੇਹਾ ਦੁਪਰਿਆਰਾ ਸਲੂਕ ਹੈ ਪੰਜਾਬ ਨਾਲ। ਉਸ ਪੰਜਾਬ ਨਾਲ ਜਿਹੜਾ ਸਰਹੱਦਾਂ 'ਤੇ ਦੇਸ਼ ਦੀ ਰਾਖੀ ਕਰਦਾ ਹੈ। ਜਿਹੜਾ ਵਰ੍ਹਿਆਂ ਦੀ ਵਰ੍ਹੇ ਆਪਣੀ ਕੁਖੋਂ ਅਨਾਜ ਕੱਢ ਕੇ ਦੇਸ਼ ਦਾ ਢਿੱਡ ਪਾਲਦਾ ਰਿਹਾ ਹੈ। ਜਿਸ ਦੇ ਹਰੇ ਇਨਕਲਾਬ ਨੇ ਦੇਸ਼ ਬਚਾਇਆ। ਸਿੱਟਾ ਪੰਜਾਬ ਮਾਰੂਥਲ ਵੱਲ ਵੱਧ ਰਿਹਾ ਹੈ। ਇੱਕ ਨਵਾਂ ਸਰਵੇ ਪੰਜਾਬ ਦੇ ਉਜਾੜੇ ਦੀ ਦਾਸਤਾਨ ਬਿਆਨਦਾ ਹੈ। ਵਾਤਾਵਰਨ ਮਾਹਰਾਂ ਇਕ ਰਿਪੋਰਟ ਛਾਇਆ ਕੀਤੀ ਹੈ ਕਿ ਪੰਜਾਬ ਦੀ ਕੁੱਖ 'ਚ ਆਉਂਦੇ 9 ਜਾਂ 10 ਵਰ੍ਹਿਆਂ ਲਈ ਹੀ ਸਿੰਚਾਈ ਤੇ ਪੀਣ ਲਈ ਪਾਣੀ ਪੰਜਾਬ ਕੋਲ ਬਚਿਆ ਹੈ। ਇਕ ਹੋਰ ਸੰਕਟ ਪੰਜਾਬ ਦੇ ਸਾਹਮਣੇ ਹੈ। ਸਰਕਾਰੇ-ਪੰਜਾਬ ਚੁੱਪ ਹੈ। ਸਰਕਾਰੇ-ਹਿੰਦ ਸਾਜ਼ਿਸ਼ੀ ਚੁੱਪੀ ਧਾਰੀ ਬੈਠੀ ਹੈ। ਉਸ ਕੋਲ ਜਿਹਨਾਂ ਆਪਣਾ ਆਪ ਦੇਸ਼-ਅਰਪਨ ਕੀਤਾ, ਉਹ ਆਪਣੇ ਪੱਲੇ ਖੁਦਕੁਸ਼ੀਆਂ ਪਾ ਬੈਠ ਗਏ ਹਨ ਜਾਂ ਫਿਰ ਕਾਲੇ ਖੇਤੀ ਕਾਨੂੰਨ, ਜਿਹਨਾਂ ਨੂੰ ਸੈਂਕੜੇ ਜਾਨਾਂ ਵਾਰ ਕੇ, ਆਪਣੀ ਵੱਡੀਆਂ ਸਿਦਕੀ ਕੁਰਬਾਨੀਆਂ ਕਰਕੇ ਵਾਪਿਸ ਕਰਵਾਇਆ ਅਤੇ ਇਤਿਹਾਸ ਵਿਚ "ਧੰਨ ਕੁਬੇਰਾਂ, ਜ਼ਿੱਦੀ ਹਾਕਮਾਂ" ਨੂੰ ਝੁਕਾ ਕੇ ਆਪਣਾ ਨਾਮ ਦਰਜ ਕਰਵਾਇਆ।

**ਮੰਦੜੇ ਹਾਲ ਪਿੰਡਾਂ ਦੇ :** ਆਉ ਵੇਖੀਏ, ਪਿੰਡਾਂ 'ਚ ਰਹਿਣ ਵਾਲੇ ਇਹਨਾਂ ਛੋਟੇ ਕਿਸਾਨਾਂ, ਮਜ਼ਦੂਰਾਂ ਦੇ ਕੀ ਹਾਲ ਹਨ। ਪੰਜਾਬ ਦਾ ਪਿੰਡ ਦੇਸ਼ ਨੂੰ ਕੀ ਦੇਂਦਾ ਹੈ ਤੇ ਮੋੜਵੇਂ ਰੂਪ 'ਚ ਹਾਕਮ-ਜਮਾਤ ਉਹਦੇ ਪੱਲੇ ਕੀ ਪਾਉਂਦੀ ਹੈ? ਉਦਾਹਰਨ ਲਵੋ।

ਫਗਵਾੜਾ ਤਹਿਸੀਲ ਦਾ ਇਕ ਪਿੰਡ ਹੈ ਬੱਬੇਲੀ। ਪਿੰਡ ਵੱਡਾ ਨਹੀਂ। ਦਰਮਿਆਨੇ ਤੋਂ ਵੀ ਛੋਟਾ ਹੈ। ਮਜ਼ਦੂਰੀ ਵੱਸ ਲੋਕ ਪਰਾਈਆਂ ਧਰਤੀਆਂ ਨੂੰ ਜਾ ਰਹੇ ਹਨ, ਜਿਨ੍ਹਾਂ ਦੀ ਦੂਜੀ ਪੀੜ੍ਹੀ ਤੋਂ ਬਾਅਦ ਕਿਸੇ ਨਹੀਂ ਮੁੜਨਾ। ਪਿੰਡ ਦੀ ਆਬਾਦੀ ਲਗਭਗ ਡੇਢ ਹਜ਼ਾਰ ਹੈ। (200 ਪਰਿਵਾਰ ਜਾਂ ਰਾਸ਼ਨ ਕਾਰਡ ਹਨ) ਵੋਟਰ ਹਜ਼ਾਰ ਦੇ ਕਰੀਬ। 200 ਏਕੜ ਵਾਹੀਯੋਗ ਰਕਬਾ ਹੈ। ਮੁੱਦੇ ਤੇ ਆਉਂਦੇ ਹਾਂ ਕਿ ਪਿੰਡ ਸਰਕਾਰ ਨੂੰ ਕੀ ਦਿੰਦਾ ਹੈ ਤੇ ਸਰਕਾਰ ਉਹਦੇ ਪੱਲੇ ਕੀ ਪਾਉਂਦੀ ਹੈ?

ਅੰਕੜੇ ਭਾਵੇਂ ਅੰਦਾਜ਼ਨ ਹਨ ਪਰ ਸੱਚਾਈ ਦੇ ਨੇੜੇ ਹਨ। ਇਕ ਏਕੜ ਜ਼ਮੀਨ 50000 ਰੁਪਏ ਦੀ ਹੁੰਦੀ ਹੈ। ਚਲੋ ਸਾਲ ਦੀਆਂ ਦੋ-ਤਿੰਨ ਫਸਲਾਂ ਦਾ ਇਕ ਲੱਖ ਹੀ ਮੰਨ ਲਵੋ, ਜਿਣਸ ਦਾ ਜਿਹੜਾ ਹਿੱਸਾ ਮੰਡੀ ਜਾਂਦਾ ਹੈ। ਇਸ ਉਪਰ ਮੰਡੀ ਬੋਰਡ ਦਾ ਟੈਕਸ 1 ਲੱਖ ਪਿੱਛੇ 5000 ਰੁਪਏ ਸਲਾਨਾ ਬਣਦਾ ਹੈ। ਪਿੰਡ ਦੀ ਕੁਲ ਵਾਹੀਯੋਗ 200 ਏਕੜ ਜ਼ਮੀਨ ਸਰਕਾਰ ਦੀ ਝੋਲੀ ਦਸ ਲੱਖ ਰੁਪਏ ਟੈਕਸ ਦਿੰਦੀ ਹੈ।

ਪਿੰਡ ਦੇ ਲਗਭਗ 15 ਕੁ ਸਰਕਾਰੀ ਮੁਲਾਜ਼ਮ ਹਨ। ਜੋ ਸਰਕਾਰ ਨੂੰ ਲਗਭਗ ਸਲਾਨਾ 2 ਲੱਖ ਟੈਕਸ ਦਿੰਦੇ ਹਨ। ਔਸਤਨ ਇਕ ਪਰਿਵਾਰ ਇਕ ਲੱਖ ਰੁਪਏ ਸਲਾਨਾ ਲੋੜੀਂਦੀਆਂ ਵਸਤੂਆਂ ਉਪਰ ਖਰਚ ਕਰਦਾ ਹੈ ਅਤੇ ਹੋਰ ਖਰਚਿਆਂ ਉੱਤੇ ਵੀ ਇੱਕ ਲੱਖ ਖਰਚਦਾ ਹੈ। ਅੰਦਾਜ਼ਨ 18ਫੀਸਦੀ ਜੀ.ਐਸ.ਟੀ. ਭਾਵ 36000 ਰੁਪਏ ਪ੍ਰਤੀ ਪਰਿਵਾਰ ਜੀ.ਐਸ.ਟੀ. ਸਰਕਾਰ ਕੋਲ ਜਾਂਦਾ ਹੈ। ਕੁਲ 200 ਪਰਿਵਾਰਾਂ ਦਾ ਪਰਿਵਾਰ 72 ਲੱਖ ਰੁਪਏ ਸਲਾਨਾ ਸਰਕਾਰ ਨੂੰ ਟੈਕਸ ਦਿੰਦਾ ਹੈ। ਇਸ ਤਰ੍ਹਾਂ ਕੁਲ ਮਿਲਾ ਕੇ ਸਰਕਾਰ ਨੂੰ 10 ਲੱਖ + 2 ਲੱਖ + 72 ਲੱਖ = 84 ਲੱਖ ਰੁਪਏ ਸਲਾਨਾ ਦਿੰਦਾ ਹੈ। ਇਹੀ ਨਹੀਂ, ਪਿੰਡ ਨਿੱਜੀ ਅਤੇ ਸਾਂਝੇ ਖੁਸ਼ੀ ਸਮਾਗਮਾਂ ਉੱਤੇ ਇਮਾਰਤਾਂ-ਸਮਾਗਮਾਂ ਤੇ ਵੀ ਸਾਲ ਭਰ ਖਰਚੇ ਭਰਦਾ ਹੈ। ਮੰਨ ਲਵੋ ਇਵਜ਼ ਵਿਚ 16 ਲੱਖ ਰੁਪਏ ਅਦਾ ਕਰਦਾ ਹੈ ਤਾਂ ਕੁਲ ਮਿਲਾ ਕੇ ਇਕ ਸਾਲ ਵਿਚ 84 ਲੱਖ + 16 ਲੱਖ ਇਕ ਕਰੋੜ ਰੁਪਏ ਅਤੇ 5 ਸਾਲਾਂ ਵਿਚ 5 ਕਰੋੜ ਰੁਪਏ 200 ਪਰਿਵਾਰਾਂ ਵਾਲਾ ਪਿੰਡ ਸਰਕਾਰ ਦੀ ਝੋਲੀ ਪਾਉਂਦਾ ਹੈ। (ਧੰਨਵਾਦ ਸਰਵੇ ਵਿਜੈ ਬੱਬੇਲੀ)

**ਕੀ ਮਿਲਦਾ ਸਰਕਾਰ ਵੱਲੋਂ :** ਇਵਜ਼ ਵਿਚ ਪਿੰਡ ਗਲੀਆਂ-ਨਾਲੀਆਂ ਦੀ, ਛੱਪੜ ਦੀ ਪੁਟਾਈ, ਧਰਮਸ਼ਾਲਾ ਨੂੰ ਰੰਗ, ਸਿਵਿਆਂ ਦੀ ਕੰਧ ਦੀ ਗ੍ਰਾਂਟ ਤੋਂ ਬਿਨਾਂ ਕੁਝ ਵੀ ਪ੍ਰਾਪਤ ਨਹੀਂ ਕਰਦਾ। ਇਸ ਪਿੰਡ 'ਚ ਪਿਛਲੇ 20 ਸਾਲਾਂ ਤੋਂ ਸਕੂਲ ਟੀਚਰਾਂ ਦੀ ਕਮੀ ਹੈ। 15 ਸਾਲਾਂ ਤੋਂ ਡੰਗਰਾਂ ਦੇ ਹਸਪਤਾਲ 'ਚ ਕੋਈ ਡੰਗਰ ਡਾਕਟਰ ਨਹੀਂ ਕੋਈ ਕੰਪੋਡਰ ਨਹੀਂ। ਸਰਕਾਰੀ ਹਸਪਤਾਲ ਵਿਚ ਦਸ ਸਾਲਾਂ ਤੋਂ ਕੋਈ ਡਾਕਟਰ ਨਹੀਂ, ਪੰਜ ਸਾਲਾਂ ਤੋਂ ਡਿਸਪੈਂਸਰ ਨਹੀਂ ਹੈ।

ਆਪਣੇ ਭਰੇ ਜਾਂਦੇ ਟੈਕਸਾਂ-ਬਿੱਲਾਂ ਵਿਰੁੱਧ, ਦੋ-ਦੋ ਸੇਰ ਕਣਕ ਜਾਂ ਮੁੱਠ-ਮੁੱਠ ਦਾਲ ਜਾਂ ਮੁਫ਼ਤ ਖੋਰੀ ਜਾਂ ਰਿਆਇਤਾਂ, ਸਿਆਸਤਦਾਨ ਜਾਂ ਹਾਕਮ ਪਿੰਡ ਦੇ ਗਰੀਬ-ਗੁਰਬੇ ਦੇ ਪੱਲੇ ਉਹਨਾਂ ਨੂੰ ਅਹਿਸਾਨਮੰਦ ਕਰਦਿਆਂ ਪਾਉਂਦੇ ਹਨ। ਹਾਲਾਂਕਿ ਲੀਡਰ-ਪਾਰਟੀਆਂ ਇਹ ਵੀ ਪੱਲਿਉਂ ਨਹੀਂ ਦਿੰਦੇ, ਇਕ ਪਾਸਿਓਂ ਖੋਹ ਕੇ, ਮਹਿੰਗਾ ਕਰਕੇ, ਟੈਕਸ ਲੱਦ ਕੇ ਦੂਜੇ ਪਾਸੇ ਨਿਗੂਣਾ ਦੇ ਕੇ ਨਿਰਾ ਅੱਖੀਂ ਘੱਟਾ ਪਾਉਂਦੇ ਹਨ। ਅਸਲ ਵਿਚ ਜੋ ਉਹਨਾਂ ਦਾ ਅਧਿਕਾਰ ਹੈ ਕਿ ਉਹਨਾਂ ਨੂੰ ਮੁਫ਼ਤ ਵਿਦਿਆ ਮਿਲੇ, ਸਿਹਤ ਸਹੂਲਤਾਂ ਮਿਲਣ, ਰੁਜ਼ਗਾਰ ਮਿਲੇ, ਬਿਜਲੀ-ਪਾਣੀ, ਖਾਦ ਬੀਜ ਤੇਲ, ਸਾਫ਼ ਸੁਥਰਾ ਵਾਤਾਵਰਨ ਮਿਲੇ, ਮਿਆਰੀ ਸੜਕਾਂ ਮਿਲਣ, ਉਸ ਤੋਂ ਉਹਨਾਂ ਨੂੰ ਵਿਰਵੇ ਰੱਖਦੇ ਹਨ।

**ਗੰਧਲਾ ਸਿਆਸੀ ਮਾਹੌਲ :** ਇੱਕ ਪਿੰਡ ਬੱਬੇਲੀ ਦੀ ਕਹਾਣੀ, ਪੂਰੇ ਪੰਜਾਬ ਦੀ ਕਹਾਣੀ ਹੈ। ਸ਼ਹਿਰਾਂ ਦੀ ਦਾਸਤਾਨ ਵੀ ਇਸ ਤੋਂ ਵੱਖਰੀ ਨਹੀਂ ਹੈ। ਜਿਵੇਂ ਪਿੰਡ ਗੰਦਗੀ ਦੇ ਢੇਰਾਂ ਨਾਲ ਭਰੇ ਹਨ, ਸ਼ਹਿਰ ਦਾ ਸਲੱਮ ਏਰੀਏ ਵੀ ਉਵੇਂ ਦਾ ਹੈ। ਟੁੱਟੀਆਂ ਸੜਕਾਂ, ਭੈੜੀਆਂ ਸਰਕਾਰੀ ਇਮਾਰਤਾਂ, ਦਫ਼ਤਰਾਂ, ਸਕੂਲ ਟੀਚਰਾਂ, ਕਰਮਚਾਰੀਆਂ ਦੀ ਥੁੜ, ਭੈੜਾ ਪ੍ਰਸ਼ਾਸਨ, ਸਿਆਸਤਦਾਨਾਂ ਅਤੇ ਉਹਨਾਂ ਦੇ ਦਲਾਲਾਂ ਦਾ ਰੋਹਬ-ਦਾਹਬ ਪੰਜਾਬ ਦੇ ਸੁਖਾਵੇਂ ਮਾਹੌਲ ਨੂੰ ਗੰਦਲਾ ਕਰੀ ਬੈਠਾ ਹੈ। ਇਸ ਵੇਰ ਤਾਂ ਗਣਤੰਤਰ ਦਿਹਾੜੇ ਤੋਂ ਬਾਅਦ ਹੋਣ ਵਾਲੀਆਂ ਪੰਜਾਬ ਵਿਚਲੀਆਂ ਚੋਣਾਂ ਨੇ ਤਾਂ ਸਿਆਸੀ ਮਾਹੌਲ ਦਲਦਲ ਵਰਗਾ ਕੀਤਾ ਹੋਇਆ ਹੈ। ਜਿਸ ਵਿਚ ਕੇਂਦਰੀ ਹਾਕਮ ਧਿਰ ਨੇ ਦਲ-ਬਦਲ ਦੀ ਇਹੋ ਜਿਹੀ ਸਿਆਸਤ ਸ਼ੁਰੂ ਕੀਤੀ ਹੈ, ਜਿਹੜੀ ਸ਼ਾਇਦ ਪੰਜਾਬ ਦੇ ਇਤਿਹਾਸ ਵਿਚ ਕਦੇ ਵੇਖਣ ਨੂੰ ਨਹੀਂ ਮਿਲੀ। ਲੋਕ ਸਵਾਲ ਪੁੱਛਣ ਲੱਗ ਪਏ ਹਨ ਕਿ ਨੇਤਾ ਲੋਕ ਇੰਨੇ ਵਿਕਾਊ ਅਤੇ ਸਵਾਰਥੀ ਕਿਵੇਂ ਹੋ ਗਏ ਹਨ? ਇਹ ਵੀ ਪੁੱਛ ਰਹੇ ਹਨ ਕਿ ਨੇਤਾ ਲੋਕ ਉਹਨਾਂ ਨੂੰ ਸਿਰਫ਼ ਤੇ ਸਿਰਫ਼ ਵੋਟਰ ਹੀ ਕਿਉਂ ਸਮਝਦੇ ਹਨ ਅਤੇ ਇਹ ਵੀ ਕਿ ਉਹਨਾਂ ਨੂੰ ਅਧੀਏ-ਪਊਏ ਦਾ ਲਾਲਚ ਜਾਂ ਹਜ਼ਾਰ-ਪੰਜ ਸੌ ਦੇ ਛਿੱਲੜ ਦੇ ਕੇ ਖਰੀਦਿਆ ਜਾ ਸਕਦਾ ਹੈ। ਉਂਜ ਸੂਬੇ ਪੰਜਾਬ ਵਿਚ ਵੋਟਾਂ ਦੇ ਇਹਨਾਂ ਦਿਨਾਂ 'ਚ ਭੰਬਲਭੂਸਾ ਹੈ, ਕਿਉਂਕਿ 71 ਗਣਤੰਤਰਾਂ ਸਾਲਾਂ 'ਚ ਸ਼ਾਇਦ ਪਹਿਲੀ ਵੇਰ 4 ਜਾਂ 5 ਧਿਰੀ ਚੋਣ ਦੰਗਲ ਹੋਏਗਾ। ਲੋਕ ਨਿਰਾਸ਼ ਹੋ ਕੇ ਨੋਟਾਂ ਦੀ ਵਰਤੋਂ ਕਰਨਗੇ ਜਾਂ ਕਿਸੇ ਵੀ ਧਿਰ ਨੂੰ ਵੋਟ ਨਹੀਂ ਪਾਉਣਗੇ।

**ਦਿਲ ਲੱਗਣੋਂ ਹੱਟ ਗਿਆ ਪੰਜਾਬੀਆਂ ਦਾ ਪੰਜਾਬ 'ਚ :** ਅਸਲ ਵਿਚ 74 ਵਰ੍ਹਿਆਂ 'ਚ ਪੰਜਾਬ ਦੀ ਹਾਲਤ, ਸਿਆਸਤਦਾਨਾਂ, ਚੋਬਰਾਂ, ਹਾਕਮਾਂ ਇੰਨੀ ਮੰਦੜੀ ਕਰ ਦਿੱਤੀ ਹੈ ਕਿ ਪੰਜਾਬੀਆਂ ਦਾ ਪੰਜਾਬ 'ਚ ਦਿਲ ਲਗਣੋਂ ਹੱਟ ਗਿਆ ਹੈ। ਉਹ ਬੋਝਿਆਂ, ਬਸਤਿਆਂ, ਝੋਲਿਆਂ 'ਚ ਪਾਸਪੋਰਟ ਘੁਸੇੜੀ ਅਣਦਿਸਦੇ ਵਤਨਾਂ ਨੂੰ ਤੁਰ ਪੈਂਦੇ ਹਨ। ਕਿਧਰੇ ਉਹਨਾਂ ਨੂੰ ਢੋਈ ਮਿਲਦੀ ਹੈ, ਕਿਧਰੇ ਨਹੀਂ ਅਤੇ ਕਈ ਵੇਰ ਵਰ੍ਹਿਆਂ ਦੀ ਖੱਜਲ ਖੁਆਰੀ, ਸੱਭੋ ਕੁਝ ਉਜਾੜ ਦਿੰਦੀ ਹੈ, ਘਰ-ਪਰਿਵਾਰ, ਜ਼ਮੀਨ-ਜਾਇਦਾਦ ਅਤੇ ਮਨੁੱਖ ਦਾ ਆਪਣਾ ਮਨ ਵੀ।

ਪਿਛਲੇ ਭਾਰਤੀ ਲੋਕ ਸਭਾ ਸੈਸ਼ਨ ਵਿਚ ਦੱਸਿਆ ਗਿਆ ਕਿ ਸਾਲ 2016 ਤੋਂ 26 ਮਾਰਚ 2021 ਤੱਕ 4.7 ਲੱਖ ਪੰਜਾਬ ਦੇ ਵਸਨੀਕ ਦੇਸ਼ ਛੱਡ ਕੇ ਵਿਦੇਸ਼ਾਂ ਨੂੰ ਨੌਕਰੀ ਖਾਤਰ ਤੁਰ ਗਏ। ਇਕ ਹੋਰ ਰਿਪੋਰਟ ਅਨੁਸਾਰ ਡੇਢ ਲੱਖ ਤੋਂ ਦੋ ਲੱਖ ਪੰਜਾਬੀ ਯੁਵਕ ਵਿਦਿਆਰਥੀ ਆਈਲਿਟਸ ਪਾਸ ਕਰਕੇ ਕੈਨੇਡਾ, ਅਮਰੀਕਾ, ਯੂ.ਕੇ. ਅਤੇ ਹੋਰ ਮੁਲਕਾਂ ਨੂੰ ਪੰਜਾਬ ਵਿਚੋਂ ਹਰ ਸਾਲ ਜਾ ਰਹੇ ਹਨ। ਸਾਲ 2019 'ਚ ਇਹ ਗਿਣਤੀ ਇਕੱਲੇ ਕੈਨੇਡਾ ਜਾਣ ਵਾਲਿਆਂ ਦੀ ਡੇਢ ਲੱਖ ਸੀ, ਜਿਨ੍ਹਾਂ ਵਿੱਚੋਂ ਲਗਭਗ ਹਰੇਕ ਨੇ ਪਹਿਲੇ ਸਾਲ ਦੀ ਕੈਨੇਡਾ ਯੂਨੀਵਰਸਿਟੀਆਂ ਲਈ ਫੀਸ ਅਤੇ ਹੋਰ ਖਰਚੇ ਵਜੋਂ 15 ਲੱਖ ਤੋਂ 22 ਲੱਖ ਰੁਪਏ ਖਰਚੇ। ਭਾਵ ਕੁਲ ਮਿਲਾ ਕੇ 27000 ਕਰੋੜ ਰੁਪਏ ਪੰਜਾਬ ਵਿਚੋਂ ਬਾਹਰ ਕੈਨੇਡਾ ਚਲੇ ਗਏ। ਜਦਕਿ ਪਹਿਲੀਆਂ 'ਚ ਇਹ ਵਰਤਾਰਾ ਉਲਟ ਸੀ। ਜਦੋਂ ਬਾਹਰਲੇ ਮੁਲਕਾਂ ਤੋਂ ਪ੍ਰਵਾਸੀ ਰਕਮਾਂ, ਆਪਣੇ ਰਿਸ਼ਤੇਦਾਰਾਂ ਲਈ ਭੇਜਦੇ ਸਨ, ਆਪਣੀ ਜਾਇਦਾਦ ਬਣਾਉਂਦੇ ਸਨ। ਪੰਜਾਬ 'ਚ ਆਪਣੇ ਕਾਰੋਬਾਰ ਖੋਲ੍ਹਦੇ ਸਨ। ਪਰ ਇਹ ਵਰਤਾਰਾ ਮੌਜੂਦਾ ਸਰਕਾਰਾਂ ਦੇ ਭੈੜੇ ਵਤੀਰੇ ਅਤੇ ਪ੍ਰਬੰਧ ਕਾਰਨ ਲਗਭਗ ਬੰਦ ਹੋ ਚੁੱਕਾ ਹੈ।

ਪੰਜਾਬ ਨੇ '47 'ਚ ਕੀ ਕੁਝ ਨਹੀਂ ਗੁਆਇਆ? ਵੰਡ ਹੋਈ। ਇਧਰਲੇ ਉਧਰਲੇ ਲੱਖਾਂ ਮਰੇ, ਲੱਖਾਂ ਉਜੜੇ। ਔਰਤਾਂ ਉਧਾਲੀਆਂ ਗਈਆਂ, ਬੱਚੇ ਅਨਾਥ ਹੋਏ। ਪੰਜਾਬ ਨੇ ਢਾਈ ਦਰਿਆ ਗਵਾ ਲਏ। ਆਰਥਿਕਤਾ ਹਾਲੋਂ ਬੇਹਾਲ ਹੋ ਗਈ।

ਇਹ ਇਤਿਹਾਸਕਾਰ ਸੁਗਾਤਾ ਬੋਸ ਨੇ ਆਪਣੀ ਪੁਸਤਕ "ਦੀ ਨੇਸ਼ਨ ਐਜ਼ ਮਦਰ ਐਂਡ ਅਦਰ ਵਿਜ਼ਨਜ਼ ਆਫ਼ ਨੈਸ਼ਨਲਹੁਡ" 'ਚ ਲਿਖਿਆ ਹੈ ਕਿ 1947 ਦੇ ਫਸਾਦਾਂ ਵਿਚ ਇਕ ਮਿਲੀਅਨ (10 ਲੱਖ) ਲੋਕ (ਮੁਸਲਮਾਨ, ਸਿੱਖ, ਹਿੰਦੀ) ਮਾਰੇ ਗਏ। ਦਸ ਮਿਲੀਅਨ (ਇਕ ਕਰੋੜ) ਲੋਕਾਂ ਨੂੰ ਸਰਹੱਦਾਂ ਪਾਰ ਕੇ ਘਰੋਂ ਬੇਘਰ ਹੋਣਾ ਪਿਆ।

ਸਾਲ 1947 'ਚ ਪੰਜਾਬ 'ਚ ਹਰ ਵਰਗ, ਧਰਮ, ਕਬੀਲੇ, ਜਾਤ ਦੇ ਲੋਕ ਵਸਦੇ ਸਨ। ਆਪਸੀ ਮਿਲਵਰਤੋਂ ਸੀ। ਖੁਲ੍ਹਾ ਡੁਲ੍ਹਾ ਵਾਤਾਵਰਨ ਸੀ। ਸਾਲ 1941 ਦੀ ਮਰਦਮਸ਼ੁਮਾਰੀ ਅਨੁਸਾਰ ਇਥੇ ਦੀ ਆਬਾਦੀ 3 ਕਰੋੜ 40 ਲੱਖ ਸੀ। ਜਿਹਨਾਂ 'ਚ ਮੁਸਲਮਾਨ 53.2 ਫੀਸਦੀ, ਹਿੰਦੂ ਸਮੇਤ ਦਲਿਤ 29.1 ਫੀਸਦੀ, ਸਿੱਖ 14.9 ਫੀਸਦੀ ਅਤੇ ਇਸਾਈ 1.9 ਫੀਸਦੀ ਸੀ। ਬਟਵਾਰੇ ਕਾਰਨ ਖਿੱਚੀ ਲਕੀਰ ਨੇ ਘੱਟ ਗਿਣਤੀਆਂ ਨੂੰ ਦੁੜਾਇਆ, ਘਰੋਂ ਬੇਘਰ ਕੀਤਾ, ਔਰਤਾਂ ਦੇ ਬਲਾਤਕਾਰਾਂ ਅਤੇ ਉਧਾਲਿਆਂ ਨੇ ਮਨੁੱਖ ਨੂੰ ਸ਼ਰਮਸਾਰ ਕੀਤਾ। ਇਹ ਦੰਗੇ, ਯਕਦਮ ਨਹੀਂ ਹੋਏ, ਇਹ ਕਰਵਾਏ ਗਏ। ਜਿਨ੍ਹਾਂ ਨੂੰ ਸਿਆਸਤਦਾਨਾਂ ਦੀ ਸ਼ਹਿ ਸੀ। ਮੁਸਲਿਮ ਲੀਗ, ਅਕਾਲੀਆਂ, ਆਰ.ਐਸ.ਐਸ. ਅਤੇ ਹਿੰਦੂ ਮਹਾਸਭਾ ਨੇ ਆਪੋ-ਆਪਣੇ ਹਿੱਤ ਪੂਰਨ ਦੀ ਖ਼ਾਤਰ ਹਥਿਆਰਬੰਦ ਗੁੰਡਿਆਂ, ਕ੍ਰਿਮੀਨਲਾਂ, ਸਾਬਕਾ ਸੈਨਿਕਾਂ ਅਤੇ ਸਿੱਖਿਅਤ ਮੁਝਾਲੀਆਂ ਨੂੰ ਵਰਤਿਆ। ਉਸ ਵੇਲੇ ਦੇ ਗਵਰਨਰ ਈਵਾਨ ਜਿਨਕਿਨਸ ਅਨੁਸਾਰ ਇਸ ਸ਼ਕਤੀ ਸੰਘਰਸ਼ ਵਿਚ ਹਿੰਦੂ, ਸਿੱਖ, ਮੁਸਲਿਮ ਸਾਰੇ ਹੀ ਜੁਝੇ ਅਤੇ ਪੰਜਾਬ ਦੇ 29 ਜ਼ਿਲ੍ਹੇ ਪ੍ਰਭਾਵਤ ਹੋਏ। ਸ਼ਾਇਦ ਇਹ ਦੁਨੀਆਂ ਦਾ ਇਕ ਵੱਡਾ ਸ਼ਰਮਨਾਕ ਦੁਖਾਂਤ ਸੀ।

ਸਮਾਂ ਬੀਤਿਆ। ਪੰਜਾਬ ਦੇ ਲੋਕਾਂ ਸੌਖਾ ਸਾਹ ਲਿਆ। ਢਾਈ ਸੂਬਿਆਂ ਵਾਲਾ ਪੰਜਾਬ, ਬੋਲੀ ਦੇ ਅਧਾਰ 'ਤੇ ਫਿਰ 1966 'ਚ ਵੰਡਿਆ ਗਿਆ। ਹਰਿਆਣਾ ਹੋਂਦ 'ਚ ਆਇਆ। ਫਿਰਕਾਪ੍ਰਸਤ ਕੇਂਦਰੀ ਹਾਕਮਾਂ ਪੰਜਾਬ ਨੂੰ ਰਾਜਧਾਨੀ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਤੋਂ ਵਿਰਵਾ ਕੀਤਾ। ਪੰਜਾਬ ਦੇ ਹਿੱਸੇ ਦਾ ਪਾਣੀ ਖੋਹ ਲਿਆ। ਪਾਣੀ ਦੇ ਮਸਲੇ ਨੂੰ ਅਦਾਲਤੀ ਚੱਕਰਾਂ 'ਚ ਪਾ ਦਿੱਤਾ ਗਿਆ।

**ਸੁਪਨੇ ਗੁਆਏ :** ਸਮਾਂ ਬੀਤਿਆ। ਪੰਜਾਬ ਦੇ ਲੋਕਾਂ ਥੋੜ੍ਹਾ ਸੌਖਾ ਸਾਹ ਲਿਆ। ਸਾਲ 1965 ਦੇ ਹਰੇ ਇਨਕਲਾਬ ਨੇ ਪੰਜਾਬੀਆਂ ਨੂੰ ਨਵਾਂ ਸੁਪਨਾ ਦਿੱਤਾ। ਪਰ ਖਾਦਾਂ, ਕੀੜੇਮਾਰ ਦਵਾਈਆਂ ਦੀ ਬੇਹੱਦ ਵਰਤੋਂ ਅਤੇ ਝੋਨੇ ਦੀ ਫਸਲ ਨੇ ਪੰਜਾਬ ਦਾ ਪਾਣੀ ਅਤੇ ਸਿਹਤ ਖ਼ਤਰੇ 'ਚ ਲੈ ਆਂਦੀ। ਕਿਸਾਨ ਕਰਜ਼ਾਈ ਹੋਏ। ਪੰਜਾਬੀਆਂ ਦੇਸ਼ ਦਾ ਢਿੱਡ ਭਰਿਆ ਆਪ ਤਬਾਹ ਹੋਏ। ਹਰੇ ਇਨਕਲਾਬ ਦੀ ਪੰਜਾਬ ਨੂੰ ਦੇਣ ਕੈਂਸਰ ਹੀ ਨਹੀਂ, ਕਮਜ਼ੋਰ ਬੱਚਿਆਂ ਦੀ ਪੈਦਾਇਸ਼ ਅਤੇ ਜਨਨ ਪ੍ਰਕਿਰਿਆ ਦੀ ਕਮੀ ਬਣੀ ਹੈ। ਜਿਸ ਨਾਲ ਖਿੱਤੇ 'ਚ ਸੁਡੌਲ ਜੁੱਸਿਆਂ ਅਤੇ ਤਾਕਤਵਰ ਸਰੀਰਾਂ ਦੀ ਘਾਟ ਦਿੱਸਣ ਲੱਗੀ ਹੈ।

**ਆਰਥਿਕ ਪੱਖੋਂ ਕਮਜ਼ੋਰ ਹੋਇਆ ਸੂਬਾ :** ਪੰਜਾਬ ਇਸ ਵੇਲੇ ਆਰਥਿਕ ਪੱਖੋਂ ਕਮਜ਼ੋਰ ਸੂਬਾ ਬਣਿਆ ਹੈ। ਦੇਸ਼ 'ਚ ਇਹ ਆਰਥਿਕ ਪੱਖੋਂ 16ਵੇਂ ਥਾਂ ਹੈ ਅਤੇ ਜੀ.ਡੀ.ਪੀ. 'ਚ ਇਸ ਦੀ ਰੈਂਕਿੰਗ 19ਵੀਂ ਹੈ। ਸਾਲ 2020 'ਚ ਪੰਜਾਬ ਦੀ ਬੇਰੁਜ਼ਗਾਰੀ ਦੀ ਦਰ 30.7 ਫੀਸਦੀ ਤੋਂ 33.6 ਫੀਸਦੀ ਹੋ ਗਈ ਹੈ। ਭਾਰਤ ਵਿਚ ਜਦਕਿ ਬੇਰੁਜ਼ਗਾਰੀ ਵਜੋਂ ਦੀ ਦਰ 4.8 ਫੀਸਦੀ ਹੈ ਜਦਕਿ ਪੰਜਾਬ 'ਚ ਇਹ ਦਰ 7.3 ਫੀਸਦੀ ਹੈ ਜੋ ਕਿ ਆਪਣੇ ਖਿੱਤੇ ਵਿਚ ਸਭ ਤੋਂ ਜ਼ਿਆਦਾ ਹੈ। ਉਪਰੰਤ ਹਰਿਆਣਾ ਦਾ ਨੰਬਰ ਹੈ ਜਿਥੇ 6.4 ਫੀਸਦੀ ਅਤੇ ਚੰਡੀਗੜ੍ਹ 'ਚ 6.3 ਫੀਸਦੀ ਜਦਕਿ ਹਿਮਾਚਲ 'ਚ ਇਹ ਦਰ 3.7 ਫੀਸਦੀ ਹੈ। ਇਹ ਅੰਕੜੇ 27 ਜੁਲਾਈ 2021 ਨੂੰ ਇਕੱਤਰ ਕੀਤੇ ਗਏ ਸਨ। ਪੰਜਾਬ 'ਚ ਬੇਰੁਜ਼ਗਾਰੀ ਦਰ 'ਚ ਵਾਧਾ ਘਾਟੇ ਦੀ ਖੇਤੀ, ਖੇਤੀ ਖੇਤਰਾਂ 'ਚ ਫਸਲਾਂ ਦੀ ਡਾਇਵਰਸੀਫੀਕੇਸ਼ਨ ਨਾ ਹੋਣਾ ਅਤੇ ਗ਼ੈਰ ਖੇਤੀ ਖੇਤਰ 'ਚ ਨੌਕਰੀਆਂ ਦੀ ਕਮੀ ਹੈ। ਪਿਛਲੇ ਦੋ ਦਹਾਕਿਆਂ ਵਿਚਲੀਆਂ ਪੰਜਾਬ ਸਰਕਾਰ ਦੀਆਂ ਸਿੱਖਿਆ ਨੀਤੀਆਂ ਇਸ ਦਾ ਕਾਰਨ ਹੈ, ਜਿਸ ਵਿਚ ਹੱਥੀਂ ਕਿੱਤਾ ਸਿਖਲਾਈ ਅਤੇ ਚੰਗੇਰੀ-ਉਚੇਰੀ ਸਿੱਖਿਆ ਦੀ ਘਾਟ ਕਾਰਨ ਹੈ। ਉਪਰੋਂ ਸੂਬੇ ਦੇ ਸਿਆਸਤਦਾਨਾਂ ਦੀ, ਸੂਬੇ ਦੇ ਲੋਕਾਂ ਪ੍ਰਤੀ ਲਗਾਅ 'ਚ ਕਮੀ, ਸੂਬੇ ਲਈ ਕੁਝ ਕਰ ਗੁਜ਼ਰਨ ਦੀ ਤਾਂਘ 'ਚ ਕਮੀ ਅਤੇ ਲੋਕਾਂ ਪ੍ਰਤੀ ਪ੍ਰਤੀਬੱਧਤਾ 'ਚ ਘਾਟ ਸੂਬੇ ਨੂੰ ਨਿਮਾਣਾਂ ਵੱਲ ਲੈ ਜਾਣ ਦਾ ਕਾਰਨ ਬਣਦੀ ਜਾ ਰਹੀ ਹੈ। ਸੂਬੇ 'ਚ ਯੋਗ ਪ੍ਰਬੰਧਨ ਦੀ ਘਾਟ, ਮਾਫ਼ੀਏ ਦੇ ਬੋਲਬਾਲੇ ਨੇ ਵੀ ਪੰਜਾਬ ਪਿੰਜ ਸੁੱਟਿਆ ਹੈ। ਜਿਸ ਦਾ ਕਾਰਨ ਭੈੜੀ ਸਿੱਖਿਆ, ਭ੍ਰਿਸ਼ਟਾਚਾਰ ਨੂੰ ਗਿਣਿਆ ਜਾ ਰਿਹਾ ਹੈ। ਪੰਜਾਬ ਉੱਤੇ ਮੰਨਿਆ ਜਾ ਰਿਹਾ ਹੈ ਕਿ ਵਿਧਾਨ ਸਭਾ ਚੋਣਾਂ ਉਪਰੰਤ 2.82 ਲੱਖ ਕਰੋੜ ਰੁਪਿਆ ਕਰਜ਼ਾ ਹੋਏਗਾ, ਕਿਉਂਕਿ ਪੰਜਾਬ ਦੇ ਹਾਕਮਾਂ ਨੇ ਗ਼ੈਰ-ਜ਼ਰੂਰੀ ਰਿਆਇਤਾਂ ਦੀ ਛਹਿਬਰ ਲਾ ਕੇ, ਪਹਿਲੋਂ ਹੀ ਕਰਜ਼ਾਈ ਸੂਬੇ ਨੂੰ ਹੋਰ ਵੀ ਕਰਜ਼ੇ ਹੇਠ ਦੱਬ ਦਿੱਤਾ ਹੈ।

ਪੰਜਾਬ ਦਾ ਉਦਯੋਗ ਤਬਾਹੀ ਕੰਢੇ ਹੈ। ਬਟਾਲਾ ਦੀ ਫਾਊਂਡਰੀ ਇੰਡਸਟਰੀ ਖਤਮ ਹੋ ਗਈ ਹੈ, ਜਲੰਧਰ ਦਾ ਖੇਡ ਉਦਯੋਗ ਹੋਰ ਸੂਬਿਆਂ ਹਥਿਆ ਲਿਆ। ਗੋਬਿੰਦਗੜ੍ਹ ਮੰਡੀ ਦੀਆਂ ਸਟੀਲ ਰੋਲਿੰਗ ਫੈਕਟਰੀਆਂ ਦਾ ਬੁਰਾ ਹਾਲ ਹੋ ਗਿਆ। ਲੁਧਿਆਣਾ ਦਾ ਹੌਜਰੀ ਉਦਯੋਗ ਕਰੋਨਾ ਦੀ ਭੇਟ ਚੜ੍ਹ ਗਿਆ। ਲੁਧਿਆਣਾ ਦੀ ਬਾਈਸਾਈਕਲ ਇੰਡਸਟਰੀ ਨੂੰ ਗ੍ਰਹਿਣ ਲੱਗ ਗਿਆ। ਇਸ ਸਮੇਂ ਭਾਵੇਂ 1,94,000 ਸਮਾਲ ਸਕੇਲ ਯੂਨਿਟ ਅਤੇ 586 ਵੱਡੇ ਅਤੇ ਦਰਮਿਆਨੇ ਦਰਜੇ ਦੇ ਉਦਯੋਗ ਪੰਜਾਬ ਵਿਚ ਹਨ। ਪਰ ਇਹ ਇੰਡਸਟਰੀ ਸਾਲ 2018-19 ਦੀ ਇੱਕ ਰਿਪੋਰਟ ਅਨੁਸਾਰ 25 ਜੀ.ਡੀ.ਪੀ. ਪੈਦਾ ਕਰਦੀ ਹੈ। ਭਾਵੇਂ ਕਿ ਇਹ ਸੂਬਾ ਭਾਰਤ ਦੇ ਸੂਤੀ ਕੱਪੜੇ ਦਾ 25 ਫੀਸਦੀ ਪੈਦਾ ਕਰਦਾ ਹੈ। ਸੂਤੀ ਕੱਪੜੇ ਦੇ ਉਦਯੋਗ ਅਬੋਹਰ, ਮਲੋਟ, ਫਗਵਾੜਾ, ਅੰਮ੍ਰਿਤਸਰ ਆਦਿ ਸ਼ਹਿਰਾਂ 'ਚ ਹਨ ਅਤੇ ਇਸ ਇੰਡਸਟਰੀ ਵਲੋਂ 2 ਮਿਲੀਅਨ ਲੋਕਾਂ ਨੂੰ ਸਿੱਧਾ-ਅਸਿੱਧਾ ਰੁਜ਼ਗਾਰ ਵੀ ਦਿੱਤਾ ਹੈ। ਪਰ ਇਸਦੇ ਉਲਟ ਸੂਬੇ ਦੀਆਂ ਕੁਲ 22 ਸ਼ੂਗਰ ਮਿੱਲਾਂ ਜਿਹਨਾਂ ਵਿਚੋਂ 15 ਸਹਿਕਾਰੀ ਖੇਤਰ

ਅਤੇ 7 ਪ੍ਰਾਈਵੇਟ ਹਨ। ਇਹਨਾਂ ਵਿਚ 6 ਸਹਿਕਾਰੀ ਮਿੱਲਾਂ ਬੰਦ ਹਨ, ਜਦਕਿ ਬਾਕੀ ਸ਼ੂਗਰ ਮਿੱਲਾਂ ਨੇ ਕਰੋੜਾਂ ਰੁਪਏ ਦੇ ਬਕਾਏ ਕਿਸਾਨਾਂ ਦੇ ਦੇਣੇ ਹਨ। ਅੰਕੜਿਆਂ ਅਨੁਸਾਰ ਘਾਟੇ 'ਚ ਚਲਦੀਆਂ ਇਹ ਮਿੱਲਾਂ 31-1-21 ਨੂੰ 16,883 ਕਰੋੜ ਦੀਆਂ ਕਿਸਾਨਾਂ ਦੀਆਂ ਦੇਣਦਾਰ ਹਨ। ਪੰਜਾਬ ਦੀ ਡੇਰੀ (ਦੁੱਧ ਅਤੇ ਹੋਰ ਉਤਪਾਦਨ) ਨੇ ਪੰਜਾਬ ਅਤੇ ਦੇਸ਼ ਦੀਆਂ ਲੋੜਾਂ ਦੀ ਪੂਰਤੀ ਕਰਨ ਦਾ ਬੀੜਾ ਚੁੱਕਿਆ ਹੈ, ਪਰ ਕਿਸਾਨ ਇਸ ਧੰਦੇ ਦਾ ਪੂਰਾ ਲਾਹਾ ਨਹੀਂ ਲੈ ਸਕੇ।

**ਦਰਦ ਪੰਜਾਬੀਆਂ ਦਾ** : ਪੰਜਾਬ ਦੇ ਲੋਕਾਂ ਦਾ ਦਰਦ ਅੱਜ ਅੱਖਾਂ 'ਚੋਂ ਛਲਕਦਾ ਹੈ। ਉਹਨਾਂ ਅੱਗੇ ਕੋਈ ਸੁਖਾਵਾਂ ਰਾਹ ਨਹੀਂ ਹੈ। ਦਿੱਲੀ ਦਰਬਾਰ ਪੰਜਾਬ ਦੇ ਲੋਕਾਂ ਨਾਲ ਧੱਕਾ-ਧ੍ਰੋਹ ਕਰਦਾ ਹੈ। ਕਿਉਂ ਨਹੀਂ ਸਰਹੱਦੀ ਸੂਬੇ ਪੰਜਾਬ ਨੂੰ ਪਾਕਿਸਤਾਨੀ ਪੰਜਾਬ ਨਾਲ ਵਪਾਰ ਖੋਲ੍ਹਣ ਦੀ ਆਗਿਆ ਮਿਲਦੀ, ਜਿਸ ਨਾਲ ਇਸਦੀ ਆਰਥਿਕਤਾ ਵਧੇ ਫੁਲੇ। ਕਿਉਂ ਨਹੀਂ ਸਰਹੱਦੀ ਸੂਬਾ ਹੋਣ ਨਾਤੇ ਇਥੇ ਆਧੁਨਿਕ ਬੁਨਿਆਦੀ ਸਹੂਲਤਾਂ ਮਿਲਦੀਆਂ। ਕਿਉਂ ਨਹੀਂ ਅੰਤਰਰਾਸ਼ਟਰੀ ਰਿਪੇਅਰੀਅਨ ਕਾਨੂੰਨ ਅਨੁਸਾਰ ਸੂਬਿਆਂ 'ਚ ਪਏ ਪਾਣੀ ਦੇ ਝਗੜੇ ਨੂੰ ਹੱਲ ਕਰਕੇ ਪੰਜਾਬ ਨੂੰ ਇਨਸਾਫ਼ ਮਿਲਦਾ ਅਤੇ ਰਾਜਸਥਾਨ ਨੂੰ ਗੈਰ ਵਾਜਿਬ ਦਿੱਤਾ ਜਾ ਰਿਹਾ ਪਾਣੀ ਦੇ ਹਿੱਸੇ ਦਾ ਮੁੱਲ ਜੋ ਅਰਬਾਂ ਖਰਬਾਂ ਬਣਦਾ ਹੈ, ਉਹ ਪੰਜਾਬ ਨੂੰ ਦੁਆਇਆ ਜਾਂਦਾ। ਕਿਉਂ ਨਹੀਂ ਪੰਜਾਬ 'ਚ ਖੇਤੀ ਅਧਾਰਤ ਵੱਡੇ ਉਦਯੋਗ ਲਗਾ ਕੇ ਪੰਜਾਬ ਦੇ ਕਿਸਾਨਾਂ ਦੀ ਹਾਲਤ ਸੁਧਾਰੀ ਜਾਂਦੀ ਅਤੇ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਦਿੱਤਾ ਜਾਂਦਾ।

**ਮਤਰੇਆ ਸਲੂਕ** : ਅਸਲ 'ਚ ਅਣਖੀ ਸੂਬਾ ਪੰਜਾਬ, ਕੇਂਦਰ ਦੀਆਂ ਮਾੜੀਆਂ ਨੀਤੀਆਂ ਦੇ ਸਦਾ ਵਿਰੋਧ 'ਚ ਖੜ੍ਹਿਆ ਹੈ। ਦੇਸ਼ 'ਚ ਮੌਕੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਲਗਾਈ ਦੇਸ਼ 'ਚ ਐਮਰਜੈਂਸੀ ਵੇਲੇ ਵੀ ਅਤੇ ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵੀ ਕਿਸਾਨਾਂ ਦੀ ਜ਼ਮੀਨ ਹਥਿਆਉਣ ਅਤੇ ਧੰਨ ਕੁਬੇਰਾਂ ਹੱਥ ਫੜਾਉਣ ਅਤੇ ਸੂਬਿਆਂ ਦੇ ਅਧਿਕਾਰਾਂ ਦੀ ਸੰਘੀ ਘੁੱਟਣ ਵਾਲੇ ਖੇਤੀ ਕਾਨੂੰਨਾਂ ਦਾ ਵਿਰੋਧ ਕਰਨ ਵੇਲੇ ਵੀ। ਪੰਜਾਬ ਦੇਸ਼ ਲਈ ਸਦਾ ਰਾਹ ਦਸੇਰਾ ਬਣਿਆ ਤੇ ਇਸੇ ਕਰਕੇ ਉਹ ਹਾਕਮਾਂ ਦੀਆਂ ਅੱਖਾਂ 'ਚ ਰੜਕਦਾ ਰਿਹਾ ਹੈ। ਬਾਵਜੂਦ ਇਹ ਤੱਥ ਪ੍ਰਵਾਨ ਕਰਦਿਆਂ ਵੀ ਕਿ ਪੰਜਾਬ ਤੇ ਪੰਜਾਬੀਆਂ ਦਾ ਦੇਸ਼ ਦੀ ਆਜ਼ਾਦੀ 'ਚ ਵੱਡਾ ਯੋਗਦਾਨ ਸੀ ਅਤੇ ਹੁਣ ਵੀ ਪੰਜਾਬ ਅਤੇ ਪੰਜਾਬੀ ਦੇਸ਼ ਦੀਆਂ ਸਰਹੱਦਾਂ ਦੇ ਮਜ਼ਬੂਤ ਪਹਿਰੇਦਾਰ ਹਨ।

**ਅਣਗੌਲਿਆ ਪੰਜਾਬ** : ਪਰ ਇਸ ਸਭ ਕੁਝ ਦੇ ਬਾਵਜੂਦ ਪੰਜਾਬ ਅਣਗੌਲਿਆ ਜਾ ਰਿਹਾ ਹੈ। ਇਸਦਾ ਖੁਸ਼ਨੁਮਾ ਰੰਗ, ਬਦਰੰਗ ਹੋ ਰਿਹਾ ਹੈ। ਇਸ ਦੀ ਚਮਕ ਮੱਠੀ ਪੈ ਰਹੀ ਹੈ। ਸਵਾਲ ਪੈਦਾ ਹੋਣ ਲੱਗ ਪਿਆ ਹੈ ਕਿ ਕੀ ਘੁੱਗ ਵਸਦਾ ਪੰਜਾਬ ਮਾਰੂਥਲ ਬਣਾ ਦਿੱਤਾ ਜਾਏਗਾ?

ਇਸ ਧਰਤੀ ਦੇ ਲੋਕ ਕੀ "ਸੋਹਣੇ ਦੇਸ਼ਾਂ ਵਿਚੋਂ ਦੇਸ਼ ਪੰਜਾਬ ਨੀ ਸਈਓਂ, ਜਿਵੇਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਈਓਂ" ਵਾਲਾ ਹਰਮਨ ਪਿਆਰਾ ਗੀਤ ਜਿਉਂਦਾ ਰੱਖ ਸਕਣਗੇ!

# ਚਿੱਲੀ ਵਿਚ ਖੱਬੇ ਪੱਖ ਦਾ ਮੁੜ ਉਭਾਰ



ਮਨਦੀਪ
+54-9381-338-9246
mandeepsaddowal@gmail.com



ਲਾਤੀਨੀ ਅਮਰੀਕੀ ਮੁਲਕ ਚਿੱਲੀ ਵਿਚ 1970 ਵਿਚ ਸਲਵਾਦੋਰ ਅਲੈਂਦੇ ਸਮਾਜਵਾਦੀ ਸਰਕਾਰ ਦੇ 28ਵੇਂ ਰਾਸ਼ਟਰਪਤੀ ਬਣੇ ਸਨ ਜਿਨ੍ਹਾਂ ਦੀ ਹੱਤਿਆ, ਅਮਰੀਕੀ ਸਹਾਇਤਾ ਪ੍ਰਾਪਤ ਜਨਰਲ ਅਗੁਸਤੋ ਪਿਨੋਸ਼ੇ ਨੇ ਫੌਜੀ ਤਖਤਾ ਪਲਟ ਦੌਰਾਨ ਕਰ ਦਿੱਤੀ ਸੀ। 1973 ਤੋਂ 1990 ਤੱਕ ਚਿੱਲੀ ਵਿਚ 17 ਸਾਲ ਫੌਜੀ ਤਾਨਾਸ਼ਾਹ ਰਾਜ ਰਿਹਾ। 1990 ਵਿਚ ਲੋਕਤੰਤਰ ਦੀ ਬਹਾਲੀ ਹੋਈ ਪਰ ਕੁੱਲ ਜਮ੍ਹਾਂ-ਜੋੜ ਵਿਚ ਦੱਖਣਪੰਥੀ ਸਰਕਾਰਾਂ ਦਾ ਹੀ ਬੋਲਬਾਲਾ ਰਿਹਾ। ਹੁਣ ਤੱਕ ਚਿੱਲੀ ਅੰਦਰ ਤਾਨਾਸ਼ਾਹੀ ਦੌਰ ਵੇਲੇ ਦਾ ਸੰਵਿਧਾਨ ਹੀ ਚੱਲ ਹੈ। ਹੁਣ ਚਿੱਲੀ ਦੀਆਂ ਤਾਜ਼ਾ ਰਾਸ਼ਟਰਪਤੀ ਚੋਣਾਂ ਵਿਚ 35 ਸਾਲਾ ਖੱਬੇ ਪੱਖੀ ਨੌਜਵਾਨ, ਵਿਦਿਆਰਥੀ ਆਗੂ ਗਾਬਰੀਅਲ ਬੋਰਿਸ਼ ਨੇ 56% ਵੋਟ ਹਾਸਲ ਕਰਕੇ ਦੱਖਣਪੰਥੀ ਜੋਸ ਐਂਤੋਨਿਓ ਕਾਸਟ ਨੂੰ ਹਰਾ ਕੇ ਇਤਿਹਾਸਕ ਜਿੱਤ ਪ੍ਰਾਪਤ ਕੀਤੀ ਹੈ। ਉਸ ਨੇ ਚਿੱਲੀ ਅੰਦਰ ਗਰੀਬੀ ਅਤੇ ਨਾ-ਬਰਾਬਰੀ ਲਈ ਦਹਾਕਿਆਂ ਪਹਿਲਾਂ ਦੱਖਣਪੰਥੀ ਤਾਨਾਸ਼ਾਹ ਅਗੁਸਤੋ ਪਿਨੋਸ਼ੇ ਦੀਆਂ ਸਾਮਰਾਜੀ ਪੱਖੀ ਮੁਕਤ ਬਾਜ਼ਾਰ ਆਰਥਿਕ ਨੀਤੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

2018 ਵਿਚ ਚਿੱਲੀ ਦੀਆਂ ਕੁਝ ਖੱਬੇ ਪੱਖੀ ਪਾਰਟੀਆਂ ਦੇ ਗੱਠਜੋੜ ਨਾਲ 'ਸਮਾਜਿਕ ਤਬਦੀਲੀ' ਨਾਮ ਦੀ ਸਾਂਝੀ ਪਾਰਟੀ ਹੋਂਦ ਵਿਚ ਆਈ ਸੀ। ਚਿੱਲੀ ਦੀ ਕਮਿਊਨਿਸਟ ਪਾਰਟੀ ਸਮੇਤ ਇਸ ਪਾਰਟੀ ਦੇ ਝੰਡੇ ਹੇਠ ਸੱਤਾ ਧਿਰ ਖਿਲਾਫ ਵਾਤਾਵਰਨ, ਖਣਨ ਨੀਤੀ, ਸਬਵੇਅ ਕਿਰਾਇਆਂ ਵਿਚ ਵਾਧਾ, ਗਰੀਬੀ ਤੇ ਨਾ-ਬਰਾਬਰੀ ਦੇ ਮੁੱਦਿਆਂ ਨੂੰ ਲੈ ਕੇ ਲਗਾਤਾਰ ਸੰਘਰਸ਼ ਚੱਲ ਰਿਹਾ ਸੀ। ਬੋਰਿਸ਼ ਇਸ ਸੰਘਰਸ਼ ਦਾ ਪਾਪੂਲਰ ਨੌਜਵਾਨ ਚਿਹਰਾ ਰਿਹਾ। ਉਹ 2006 ਦੇ ਵਿਦਿਆਰਥੀ ਅੰਦੋਲਨ ਜਿਸ ਨੂੰ ਚਿੱਲੀ ਵਿਚ 'ਪੇਂਗੁਇਨ ਕ੍ਰਾਂਤੀ' ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਦੇ ਜਾਰੀ ਰੂਪ ਵਜੋਂ 2011-13 ਦੇ ਬਹੁ-ਚਰਚਿਤ ਵਿਦਿਆਰਥੀ ਸੰਘਰਸ਼ ਦਾ ਆਗੂ ਰਿਹਾ। ਉਸ ਸਮੇਂ ਹੋਰ ਵਿਦਿਆਰਥੀ ਮੰਗਾਂ ਤੋਂ ਇਲਾਵਾ ਮੁਫ਼ਤ ਅਤੇ ਸਭ ਲਈ ਬਰਾਬਰ ਸਿੱਖਿਆ ਦੀ ਮੰਗ ਮੁੱਖ ਸੀ, ਤੇ ਇਹ ਮੰਗ ਮੌਜੂਦਾ ਚੋਣ ਮੁਹਿੰਮ ਦਾ ਵੀ ਹਿੱਸਾ ਸੀ। ਚਿੱਲੀ ਨੂੰ ਸਮਾਜਿਕ ਹੱਕ ਮੁਹੱਈਆ ਕਰਨ ਲਈ ਮੁਲਕ ਦੀ ਨਿੱਜੀ ਪੈਨਸ਼ਨ ਪ੍ਰਣਾਲੀ ਖਤਮ ਕਰਨ, 'ਸੁਪਰ ਅਮੀਰਾਂ' ਉੱਤੇ ਟੈਕਸ ਵਧਾਉਣ ਅਤੇ ਮੂਲ ਨਿਵਾਸੀਆਂ ਅਤੇ ਵਾਤਾਵਰਨ ਦੀ ਸੁਰੱਖਿਆ ਨੂੰ ਮਜ਼ਬੂਤ ਕਰਨਾ ਬੋਰਿਸ਼ ਦੀ ਚੋਣ ਮੁਹਿੰਮ ਦੇ ਮੁੱਖ ਮੁੱਦੇ ਸਨ।

ਦੂਜੇ ਪਾਸੇ, ਦੱਖਣਪੰਥੀ ਲੀਡਰ ਕਾਸਟ ਸੁਰੱਖਿਆ ਅਤੇ ਪਰਵਾਸ ਵਰਗੇ ਮੁੱਦਿਆਂ ਤੇ ਸਖਤ ਰੁਖ਼ ਨਾਲ ਚੱਲ ਰਿਹਾ ਸੀ। ਉਹ ਪਰਵਾਸੀਆਂ ਨੂੰ ਚਿੱਲੀ ਵਿਚ ਦਾਖਲ ਹੋਣ ਤੋਂ ਰੋਕਣ ਲਈ 'ਸੁਰੱਖਿਆ ਰੁਕਾਵਟ' ਦੀ ਮੰਗ ਕਰਦਾ ਰਿਹਾ। ਉਸ ਨੇ ਸਾਬਕਾ ਤਾਨਾਸ਼ਾਹ ਅਗੁਸਤੋ ਪਿਨੋਸ਼ੇ ਦੀ 'ਆਰਥਿਕ ਵਿਰਾਸਤ' ਦੀ ਪ੍ਰਸ਼ੰਸਾ ਕੀਤੀ ਅਤੇ ਟੈਕਸ ਨਿਯਮ ਘਟਾਉਣ ਲਈ ਮੁਹਿੰਮ ਚਲਾਈ।

ਚੋਣ ਜਿੱਤਣ ਤੋਂ ਬਾਅਦ ਬੋਰਿਸ਼ ਨੇ ਸਮਾਜਿਕ ਅਧਿਕਾਰਾਂ ਦਾ ਵਿਸਤਾਰ ਕਰਨ ਦਾ ਵਾਅਦਾ ਕਰਦਿਆਂ ਚਿੱਲੀ ਦੀ ਪੈਨਸ਼ਨ ਅਤੇ ਸਿਹਤ ਸੰਭਾਲ ਪ੍ਰਣਾਲੀ ਵਿਚ ਸੁਧਾਰ ਕਰਨ, ਕੰਮ ਦਾ ਹਫ਼ਤਾ 45 ਤੋਂ 40 ਘੰਟਿਆਂ ਤੱਕ ਘਟਾਉਣ, ਨਿਵੇਸ਼ ਨੂੰ ਉਤਸ਼ਾਹਤ ਕਰਕੇ ਇਸ ਵਿਚਲੀ ਅਸਮਾਨਤਾ ਹੱਲ ਕਰਨ, ਮੂਲ ਨਿਵਾਸੀਆਂ ਤੇ ਰਾਸ਼ਟਰੀ ਵਾਤਾਵਰਨ ਤਬਾਹ ਕਰ ਦੇਣ ਵਾਲੇ ਵਿਵਾਦਪੂਰਨ ਤਜਵੀਜ਼ਸ਼ੁਦਾ ਖਣਨ ਪ੍ਰਾਜੈਕਟ ਰੋਕਣ, ਔਰਤਾਂ ਦੀ ਸਰਕਾਰ ਵਿਚ ਬਰਾਬਰ ਹਿੱਸੇਦਾਰੀ ਬਣਾ ਕੇ ਪਿੱਤਰਸੱਤਾ ਨਕਾਰਨ, ਚਿੱਲੀ ਦੀ ਨਵ-ਉਦਾਰਵਾਦੀ ਮੁਕਤ ਬਾਜ਼ਾਰ ਦੀ ਆਰਥਿਕਤਾ ਤੇ ਰੋਕ ਲਗਾਉਣ, ਲੋਕਤੰਤਰ ਦੀ ਦੇਖਭਾਲ ਕਰਨ ਅਤੇ ਨਾ-ਬਰਾਬਰੀ ਤੇ ਗਰੀਬੀ ਖਤਮ ਕਰਨ ਦਾ ਐਲਾਨ ਕੀਤਾ ਹੈ। ਚਿੱਲੀ ਦੇ ਚੋਣ ਨਤੀਜੇ ਦੱਸਦੇ ਹਨ ਕਿ ਲੋਕਾਂ ਨੇ ਮੁਲਕ ਅੰਦਰ ਤਾਨਾਸ਼ਾਹੀ ਦੇ ਪ੍ਰਸ਼ੰਸਕ ਕਾਸਟ ਨੂੰ ਨਕਾਰਦਿਆਂ ਆਪਣੇ ਬੁਨਿਆਦੀ ਮੁੱਦਿਆਂ ਨੂੰ ਮਹੱਤਵ ਦਿੱਤਾ ਹੈ। ਇਸ ਤੋਂ ਇਲਾਵਾ ਬੋਰਿਸ਼ ਨੇ ਦਲੇਰਾਨਾ ਦਾਅਵਾ ਕੀਤਾ ਕਿ "ਜੇ ਚਿੱਲੀ ਨਵ-ਉਦਾਰਵਾਦ ਦਾ ਪੰਘੂੜਾ ਸੀ ਤਾਂ ਇਹ ਉਸ ਦੀ ਕਬਰ ਵੀ ਹੋਵੇਗਾ।"

ਇਸ ਜਿੱਤ ਨਾਲ ਜਿੱਥੇ ਲੋਕਾਂ ਅੰਦਰ ਆਸ ਦੀ ਨਵੀਂ ਕਿਰਨ ਦੇਖਣ ਨੂੰ ਮਿਲ ਰਹੀ ਹੈ, ਉੱਥੇ ਲਾਤੀਨੀ ਅਮਰੀਕਾ ਦੇ ਖੱਬੇ ਪੱਖੀਆਂ ਅੰਦਰ ਵੀ ਬਦਲ ਰਹੇ ਸਿਆਸੀ ਮੂਡ ਅਤੇ 'ਗੁਲਾਬੀ ਲਹਿਰ' ਦੀ ਅੰਗੜਾਈ ਬਾਰੇ ਹੁਲਾਸ ਹੈ। ਅਰਜਨਟੀਨਾ, ਪੇਰੂ, ਬੋਲੀਵੀਆ ਤੇ ਵੈਨੇਜ਼ੁਏਲਾ ਤੋਂ ਬਾਅਦ ਚਿੱਲੀ ਅੰਦਰ ਖੱਬਾ ਪੱਖ ਮਜ਼ਬੂਤ ਹੋਣਾ ਆਉਂਦੇ ਸਾਲ ਦੀਆਂ ਬਰਾਜ਼ੀਲ ਚੋਣਾਂ ਅੰਦਰ ਖੱਬੇ ਪੱਖੀਆਂ ਲਈ ਸਾਜ਼ਗਰ ਹੋ ਸਕਦਾ ਹੈ। ਲੂਲਾ ਦਿ ਸਿਲਵਾ ਬਰਾਜ਼ੀਲ ਦਾ ਵੱਡਾ ਖੱਬੇ ਪੱਖੀ ਲੀਡਰ ਹੈ ਅਤੇ ਬਰਾਜ਼ੀਲ ਦੇ ਲੋਕ ਦੱਖਣਪੰਥੀ ਜਾਇਰ ਬੋਲਸੋਨਾਰੋ ਦੀਆਂ ਨਵ-ਉਦਾਰਵਾਦੀ ਨੀਤੀਆਂ ਤੋਂ ਅੱਕੇ ਹੋਏ ਹਨ। ਕਿਊਬਾ, ਪੇਰੂ, ਕੋਲੰਬੀਆ ਸਮੇਤ ਬਾਕੀ ਲਾਤੀਨੀ ਮੁਲਕਾਂ ਦੀਆਂ ਖੱਬੇ ਪੱਖੀ ਸਰਕਾਰਾਂ ਨੇ ਜਿੱਥੇ ਬੋਰਿਸ਼ ਨੂੰ ਜਿੱਤ ਦੀਆਂ ਵਧਾਈਆਂ ਦੇ ਸੰਦੇਸ਼ ਭੇਜੇ ਹਨ, ਉੱਥੇ ਵਪਾਰਕ ਸੰਬੰਧ ਵਧਾਉਣ ਅਤੇ ਸਾਥ ਦੇਣ ਦਾ ਭਰੋਸਾ ਵੀ ਦਿੱਤਾ ਹੈ।

ਲਾਤੀਨੀ ਅਮਰੀਕੀ ਮੁਲਕਾਂ ਅੰਦਰ ਦਹਾਕਿਆਂ ਤੋਂ ਸਾਮਰਾਜੀ ਵਿੱਤੀ ਸਰਮਾਏ ਦੀ ਚੌਧਰ ਰਹੀ ਹੈ। ਖੱਬੇ ਪੱਖੀਆਂ ਲਈ ਚੋਣਾਂ ਜਿੱਤਣ ਤੋਂ ਬਾਅਦ ਹੋਰ ਵੀ ਵੱਡੀ ਚੁਣੌਤੀ ਖੜ੍ਹੀ ਹੁੰਦੀ ਰਹੀ ਹੈ। ਪੱਛੜੀ ਆਰਥਿਕਤਾ ਵਾਲੇ ਇਹ ਮੁਲਕ ਜਿੱਥੇ ਕੌਮਾਂਤਰੀ ਮੁਦਰਾ ਫੰਡ ਅਤੇ ਸੰਸਾਰ ਵਪਾਰ ਸੰਸਥਾ ਵਰਗੀਆਂ ਅਮਰੀਕੀ ਵਿੱਤੀ ਸੰਸਥਾ ਦੇ ਕਰਜ਼ ਬੋਝ ਹੇਠ ਫਸੇ ਹੋਏ ਹਨ, ਉੱਥੇ ਇਨ੍ਹਾਂ ਦੀ ਆਰਥਿਕਤਾ ਵੱਡੀਆਂ ਸਾਮਰਾਜੀ ਬਹੁਕੌਮੀ ਕਾਰਪੋਰੇਸ਼ਨਾਂ ਅਤੇ ਵਿਦੇਸ਼ੀ ਨਿਵੇਸ਼ ਨਾਲ ਬੱਝੀ ਹੋਈ ਹੈ, ਤੇ ਇਹ ਵੱਡੇ ਆਰਥਿਕ-ਸਿਆਸੀ ਦਾਬੇ ਹੇਠ ਪਿਸ ਰਹੇ ਹਨ। ਬੋਰਿਸ਼ ਦੀ ਜਿੱਤ ਤੋਂ ਬਾਅਦ ਚਿੱਲੀ ਦੀ ਕਰੰਸੀ ਪੇਸੋ ਅਮਰੀਕੀ ਡਾਲਰ ਦੇ ਮੁਕਾਬਲੇ ਰਿਕਾਰਡ ਹੇਠਲੇ ਪੱਧਰ ਤੇ ਡਿੱਗ ਗਈ, ਸਟਾਕ ਮਾਰਕੀਟ 10% ਡਿੱਗ ਗਈ, ਮਾਈਨਿੰਗ ਸਟਾਕਾਂ ਨੇ ਬੇਹੱਦ ਬੁਰਾ ਪ੍ਰਦਰਸ਼ਨ ਕੀਤਾ। ਨਿਵੇਸ਼ਕ ਸਥਿਰਤਾ ਨੂੰ ਲੈ ਕੇ ਫ਼ਿਕਰਮੰਦ ਹਨ। ਉਹ ਸੋਚਦੇ ਹਨ ਕਿ ਉੱਚ ਟੈਕਸਾਂ ਅਤੇ ਕਾਰੋਬਾਰ ਦੇ ਸਖ਼ਤ ਸਰਕਾਰੀ ਨਿਯਮਾਂ ਦੇ ਨਤੀਜੇ ਵਜੋਂ ਉਨ੍ਹਾਂ ਦੇ ਮੁਨਾਫੇ ਨੂੰ ਨੁਕਸਾਨ ਹੋਵੇਗਾ। ਇਸ ਨਾਲ ਨਿਵੇਸ਼ ਪ੍ਰਭਾਵਿਤ ਹੋ ਰਿਹਾ ਹੈ ਅਤੇ ਬੇਰੁਜ਼ਗਾਰੀ ਵਧਣ, ਆਮਦਨ ਘਟਣ ਅਤੇ ਮਹਿੰਗਾਈ ਤੇ ਗਰੀਬੀ ਵਧਣ ਦੇ ਅਨੁਮਾਨ ਲਗਾਏ ਜਾ ਰਹੇ ਹਨ। ਅਮਰੀਕਾ ਵੱਲੋਂ ਆਰਥਿਕ ਤੇ ਵਪਾਰਕ ਰੋਕਾਂ ਲਗਾਉਣ ਅਤੇ ਉਸ ਦੀਆਂ ਵਿੱਤੀ ਸੰਸਥਾਵਾਂ ਵੱਲੋਂ ਕਰਜ਼ ਮੋੜਨ ਦੇ ਦਬਾਅ ਨਵੀਂ ਸਰਕਾਰ ਅੱਗੇ ਚੁਣੌਤੀਆਂ ਖੜ੍ਹੀਆਂ ਕਰ ਸਕਦੇ ਹਨ। ਇਹੀ ਹਸ਼ਰ ਪਹਿਲਾਂ ਅਰਜਨਟੀਨਾ ਅਤੇ ਬਾਅਦ ਵਿਚ ਵੈਨੇਜ਼ੁਏਲਾ ਅੰਦਰ ਵਾਪਰ ਚੁੱਕਾ ਹੈ। ਇਨ੍ਹਾਂ ਦੋਵਾਂ ਦੇਸ਼ਾਂ ਅੰਦਰ ਖੱਬੇ ਪੱਖੀ ਸਰਕਾਰਾਂ ਹੋਂਦ ਵਿਚ ਆਉਣ ਤੋਂ ਬਾਅਦ ਸਾਲ ਦੇ ਅੰਦਰ ਅੰਦਰ ਆਰਥਿਕਤਾ ਨੂੰ ਪੰਗੂ ਬਣਾ ਦਿੱਤਾ ਗਿਆ ਅਤੇ ਇਹ ਦੋਵੇਂ ਦੇਸ਼ ਬੁਰੀ ਤਰ੍ਹਾਂ ਆਰਥਿਕ ਸੰਕਟ ਵਿਚ ਘਿਰ ਗਏ ਸਨ। ਸਾਮਰਾਜੀ ਸਰਮਾਇਆ ਇਹੀ ਖੇਡ ਚਿੱਲੀ ਅੰਦਰ ਵੀ ਖੇਡੇਗਾ। ਚਿੱਲੀ ਦੀ ਆਰਥਿਕਤਾ ਦੀ ਰੀੜ੍ਹ ਤਾਂਬਾ ਬਰਾਮਦ ਹੈ ਜੋ ਚਿੱਲੀ ਦੀ ਕੁੱਲ ਘਰੇਲੂ ਪੈਦਾਵਾਰ ਦਾ 20% ਬਣਦਾ ਹੈ। ਇਹ ਬਰਾਮਦ ਸੰਸਾਰ ਮੰਡੀ ਨਾਲ ਜੁੜੀ ਹੋਈ ਹੈ। ਸੰਸਾਰ ਮੰਡੀ ਵਿਚ ਤਾਂਬੇ ਦੀਆਂ ਕੀਮਤਾਂ ਵਿਚ ਆਇਆ ਉਤਰਾਅ-ਚੜ੍ਹਾਅ ਚਿੱਲੀ ਦੀ ਆਰਥਿਕਤਾ ਉੱਤੇ ਆਪਣਾ ਚੰਗਾ-ਮਾੜਾ ਪ੍ਰਭਾਵ ਪਾਉਂਦਾ ਹੈ। ਸਾਮਰਾਜੀ ਏਕਾਧਿਕਾਰ ਸੰਸਾਰ ਮੰਡੀ ਵਿਚ ਤਾਂਬੇ ਦੀਆਂ ਕੀਮਤਾਂ ਕੰਟਰੋਲ ਕਰਦਾ ਹੈ। ਨਤੀਜੇ ਵਜੋਂ ਚਿੱਲੀ ਵਿਚੋਂ ਸਾਮਰਾਜੀ ਚੌਧਰ ਅੱਗੇ ਉੱਠੀ ਨਵੀਂ ਵੰਗਾਰ ਨੂੰ ਇਸ ਦੀ ਕੀਮਤ ਚੁਕਾਉਣੀ ਪੈ ਸਕਦੀ ਹੈ। ਅਮਰੀਕੀ ਸਾਮਰਾਜੀ ਪ੍ਰਭਾਵ ਵਾਲੇ ਮੁਲਕ ਵਿਚ ਖੱਬੇ ਪੱਖ ਦੇ ਉਭਾਰ ਨੂੰ ਅਮਰੀਕਾ ਆਪਣੀ ਸਿਆਸੀ ਚੌਧਰ ਦੇ ਖੋਰੇ ਦੇ ਨਾਲ ਨਾਲ ਆਪਣੀ ਮੰਡੀ ਅਤੇ ਮੁਨਾਫ਼ੇ ਲਈ ਵੀ ਚੁਣੌਤੀ ਸਮਝਦਾ ਹੈ।

ਅਮਰੀਕਾ ਨੇ ਚਿੱਲੀ ਅੰਦਰ ਮਹਿੰਗੇ ਕਰਜ਼ੇ, ਅਸਾਵੇਂ ਵਪਾਰ, ਅਸਾਵੇਂ ਮੁਦਰਾ ਤਬਾਦਲੇ ਅਤੇ ਵਪਾਰ ਰਾਹੀਂ ਅੰਨ੍ਹੀ ਲੁੱਟ-ਖਸੁੱਟ ਕੀਤੀ ਹੈ। ਸਿੱਟੇ ਵਜੋਂ ਕਰਜ਼ ਜਾਲ ਵਿਚ ਫਸੇ ਲੋਕਾਂ ਨੂੰ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਤੇ ਮਹਿੰਗਾਈ ਦਾ ਸਾਹਮਣਾ ਕਰਨਾ ਪਿਆ। ਕੁਝ ਦਹਾਕਿਆਂ ਤੋਂ ਅਮਰੀਕੀ ਸਾਮਰਾਜ ਨੇ ਆਰਥਿਕ ਸੁਧਾਰਾਂ ਦੇ ਨਾਮ ਹੇਠ ਆਪਣੀਆਂ ਪਿੱਠੂ ਸਰਕਾਰਾਂ ਰਾਹੀਂ ਚਿੱਲੀ ਅੰਦਰ ਉਸਰੇ ਪਬਲਿਕ ਸੈਕਟਰ ਨੂੰ 'ਘਾਟੇਵੰਦਾ' ਤੇ 'ਚਿੱਟਾ ਹਾਥੀ' ਕਹਿ ਕੇ ਭੰਡਿਆ। ਹੌਲੀ ਹੌਲੀ ਪਬਲਿਕ ਸੈਕਟਰ ਤੋੜ ਕੇ ਅਨੇਕਾਂ ਜਨਤਕ ਸੇਵਾਵਾਂ ਦਾ ਭੋਗ ਪਾ ਦਿੱਤਾ ਅਤੇ ਇਸ ਨੂੰ ਕੌਡੀਆਂ ਦੇ ਭਾਅ ਪ੍ਰਾਈਵੇਟ ਦੇਸੀ ਵਿਦੇਸ਼ੀ ਕੰਪਨੀਆਂ ਹਵਾਲੇ ਕਰ ਦਿੱਤਾ। ਲਾਤੀਨੀ ਅਮਰੀਕਾ ਦੇ ਬਾਕੀ ਮੁਲਕਾਂ ਵਾਂਗ ਚਿੱਲੀ ਨਵ-ਉਦਾਰਵਾਦੀ ਨੀਤੀਆਂ ਦੀ ਪ੍ਰਯੋਗਸ਼ਾਲਾ ਰਿਹਾ ਹੈ। ਭਾਰਤ ਵਿਚ ਤਿੰਨ ਖੇਤੀ ਕਾਨੂੰਨ ਵੀ ਨਵ-ਉਦਾਰਵਾਦੀ ਨੀਤੀਆਂ ਦੀ ਹੀ ਦੇਣ ਸਨ। ਜਿੰਨੀ ਤੀਬਰਤਾ ਨਾਲ ਨਵ-ਉਦਾਰਵਾਦੀ ਹਮਲਿਆਂ ਦੀ ਮਾਰ ਅੱਜ ਭਾਰਤ ਸਹਿ ਰਿਹਾ ਹੈ, ਚਿੱਲੀ ਦੇ ਲੋਕਾਂ ਨੇ ਪੰਜ ਦਹਾਕਿਆਂ ਤੋਂ ਵੱਧ ਸਮੇਂ ਤੋਂ ਇਸ ਨੂੰ ਆਪਣੇ ਪਿੰਡੇ ਉਪਰ ਹੰਢਾਇਆ ਹੈ।

ਇਸ ਵਕਤ ਬੋਰਿਸ਼ ਸਰਕਾਰ ਅੱਗੇ ਵੱਡੀਆਂ ਚੁਣੌਤੀਆਂ ਹਨ: ਮੁਫ਼ਤ ਸਿੱਖਿਆ ਤੇ ਸਿਹਤ, ਤਾਨਾਸ਼ਾਹ ਪਿਨੋਸ਼ੇ ਦੇ ਦੌਰ ਦਾ ਪੁਰਾਣਾ ਸੰਵਿਧਾਨ ਬਦਲ ਕੇ ਨਵਾਂ ਸੰਵਿਧਾਨ ਬਣਾਉਣਾ, ਵਿਵਾਦਪੂਰਨ ਤਜਵੀਜ਼ਸ਼ੁਦਾ ਖਣਨ ਪ੍ਰਾਜੈਕਟ ਰੋਕਣਾ ਅਤੇ ਆਰਥਿਕ ਵਿਕਾਸ ਦੇ ਮਾਰਗ ਤੇ ਚੱਲਦਿਆਂ ਆਰਥਿਕ ਸਥਿਰਤਾ ਕਾਇਮ ਕਰਨਾ। ਇਸ ਤੋਂ ਬਿਨਾ ਗਰੀਬੀ ਅਤੇ ਨਾ-ਬਰਾਬਰੀ ਖਤਮ ਕਰਨਾ ਵੀ ਦੋ ਵੱਡੇ ਮੁੱਦੇ ਹਨ ਜਿਨ੍ਹਾਂ ਦੁਆਲੇ ਚੋਣ ਮੁਹਿੰਮ ਚਲਾਈ ਗਈ ਸੀ। ਚਿੱਲੀ ਵਿਚ ਨਾ-ਬਰਾਬਰੀ ਦੀ ਇੰਤਹਾ ਹੈ। ਸੰਯੁਕਤ ਰਾਸ਼ਟਰ ਅਨੁਸਾਰ ਲਾਤੀਨੀ ਅਮਰੀਕਾ ਵਿਚੋਂ ਦੁਨੀਆ ਦਾ ਸਭ ਤੋਂ ਵੱਡਾ ਆਮਦਨੀ ਪਾੜਾ ਚਿੱਲੀ ਵਿਚ ਹੈ। ਮੁਲਕ ਵਿਚ 1% ਆਬਾਦੀ ਮੁਲਕ ਦੀ 25% ਦੌਲਤ ਦੀ ਮਾਲਕ ਹੈ। ਚਿੱਲੀ ਵੱਡੇ ਕਰਜ਼ ਬੋਝ ਹੇਠ ਹੈ। ਸੈਂਟਰਲ ਬੈਂਕ ਆਫ ਚਿੱਲੀ ਦੇ ਪਿਛਲੇ ਸਾਲ ਦੇ ਸਰਵੇਖਣ ਅਨੁਸਾਰ ਤਿੰਨ ਚੌਥਾਈ ਆਬਾਦੀ ਭਾਰੀ ਕਰਜ਼ੇ ਹੇਠ ਹੈ। ਜਨਤਕ ਸਿੱਖਿਆ ਅਤੇ ਸਿਹਤ ਸੇਵਾਵਾਂ ਢਹਿ-ਢੇਰੀ ਹੋ ਗਈਆਂ ਹਨ। ਇਸ ਹਾਲਤ ਵਿਚ ਸੁਧਾਰ ਬੋਰਿਸ਼ ਸਰਕਾਰ ਲਈ ਵੱਡੀ ਚੁਣੌਤੀ ਹੈ। ਚਿੱਲੀ ਦੀ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਜੇ ਬੋਰਿਸ਼ ਸਰਕਾਰ ਵਿਦੇਸ਼ੀ ਨਿਵੇਸ਼ ਅਨੁਕੂਲ ਨੀਤੀਆਂ ਬਣਾਉਂਦੀ ਹੈ ਤਾਂ ਨਿਵੇਸ਼ਕਾਂ ਨੂੰ ਟੈਕਸ ਛੋਟਾਂ ਦੇਣੀਆਂ ਪੈਣਗੀਆਂ। ਇਸ ਲਈ ਨਿਵੇਸ਼ਕਾਂ ਉੱਤੇ ਟੈਕਸ ਕਟੌਤੀ ਵੱਡੀ ਸਮੱਸਿਆ ਖੜ੍ਹੀ ਕਰੇਗੀ ਕਿਉਂਕਿ ਬੋਰਿਸ਼ ਦਾ ਦਾਅਵਾ ਸੁਪਰ ਅਮੀਰਾਂ ਉੱਤੇ ਟੈਕਸ ਵਧਾਉਣ ਦਾ ਹੈ। ਦੂਜੇ ਪਾਸੇ, ਜੇ ਇਹ ਟੈਕਸ ਵਧਾਏ ਜਾਂਦੇ ਹਨ ਤਾਂ ਵਿਦੇਸ਼ੀ ਨਿਵੇਸ਼ਕ ਚਿੱਲੀ ਵਿਚ ਨਿਵੇਸ਼ ਕਰਨ ਤੋਂ ਕਤਰਾਉਣਗੇ। ਇਸ ਸੂਰਤ ਵਿਚ ਨਵੀਂ ਸਰਕਾਰ ਨੂੰ ਸਵੈ-ਨਿਰਭਰ ਆਰਥਿਕਤਾ ਦੇ ਔਖੇ ਪੈਂਡੇ ਉੱਤੇ ਚੱਲਣਾ ਹੋਵੇਗਾ ਜਿਸ ਲਈ ਮਹੱਤਵਪੂਰਨ ਉਦਯੋਗਾਂ, ਬੈਂਕਾਂ ਅਤੇ ਹੋਰ ਵਪਾਰਕ ਕੇਂਦਰਾਂ ਦੇ ਕੌਮੀਕਰਨ ਦਾ ਵੱਡਾ ਫੈਸਲਾ ਕਰਨਾ ਪਵੇਗਾ। ਇਸ ਤੋਂ ਬਿਨਾ ਨਵੀਂ ਖੱਬੇ ਪੱਖੀ ਬੋਰਿਸ਼ ਸਰਕਾਰ ਲੋਕਾਂ ਦੇ ਵਾਅਦਿਆਂ ਉੱਤੇ ਖਰੀ ਨਹੀਂ ਉੱਤਰ ਸਕਦੀ। ਨਵੀਂ ਸਰਕਾਰ ਨੂੰ ਅਮਰੀਕੀ ਸਾਮਰਾਜ, ਚਿੱਲੀ ਅਤੇ ਗਵਾਂਢੀ ਮੁਲਕਾਂ ਦੀਆਂ ਦੱਖਣਪੰਥੀ ਤਾਕਤਾਂ ਦੇ ਵਿਰੋਧ ਦਾ ਸਾਹਮਣਾ ਕਰਨ ਲਈ ਵੀ ਤਿਆਰ ਰਹਿਣਾ ਹੋਵੇਗਾ।

ਦੱਖਣੀ ਅਮਰੀਕੀ ਮੁਲਕਾਂ ਦੀ ਸਾਮਰਾਜੀ ਵਿਰੋਧੀ ਸੰਘਰਸ਼ ਦੀ ਆਪਣੀ ਸ਼ਾਨਾਮੱਤੀ ਵਿਰਾਸਤ ਹੈ। ਚੇ ਗੁਵੇਰਾ ਲਾਤੀਨੀ ਸਮਾਜ ਦਾ ਵੱਡਾ ਇਨਕਲਾਬੀ ਨੌਜਵਾਨ ਨਾਇਕ ਹੈ। ਇਸ ਤੋਂ ਬਿਨਾ ਅਮਰੀਕੀ ਸਾਮਰਾਜ ਨਾਲ ਟੱਕਰ ਲੈਣ ਵਾਲਿਆਂ ਵਿਚੋਂ ਕਿਊਬਾ ਦਾ ਫੀਦਲ ਕਾਸਤਰੋ, ਵੈਨੇਜ਼ੁਏਲਾ ਦਾ ਹਿਊਗੋ ਸ਼ਾਵੇਜ਼, ਪੇਰੂ ਦਾ ਆਗੂ ਗੰਜ਼ਾਲੋ, ਚਿੱਲੀ ਦਾ ਸਲਵਾਦੋਰ ਅਲੈਂਦੇ ਆਦਿ ਕੌਮੀ ਮੁਕਤੀ ਲਹਿਰ ਦੇ ਵੱਡੇ ਖੱਬੇ ਪੱਖੀ ਆਗੂ ਸਨ। ਗਾਬਰੀਅਲ ਬੋਰਿਸ਼ ਇਸੇ ਵਿਰਾਸਤ ਦੀ ਪੈਦਾਇਸ਼ ਹੈ ਅਤੇ ਉਸ ਦੀ ਜਿੱਤ ਚਿੱਲੀ ਦੇ ਲੋਕਾਂ ਦੁਆਰਾ ਨਵ-ਉਦਾਰਵਾਦੀ ਨੀਤੀਆਂ ਉੱਤੇ ਦਿੱਤਾ ਸਿੱਧਾ ਪ੍ਰਤੀਕਰਮ ਹੈ। ਲਾਤੀਨੀ ਅਮਰੀਕਾ ਦੇ ਇਨ੍ਹਾਂ ਮੁਲਕਾਂ ਦਾ ਸਾਮਰਾਜ ਵਿਰੋਧੀ ਆਮ ਰੁਝਾਨ ਰਿਹਾ ਹੈ। ਇਉਂ ਚਿੱਲੀ ਅੰਦਰ ਸਾਮਰਾਜ ਅਤੇ ਉਸ ਦੀਆਂ ਨਵ-ਉਦਾਰਵਾਦੀ ਨੀਤੀਆਂ ਨੂੰ ਪਿਛਲਮੋੜਾ ਦੇਣ ਲਈ ਖੱਬੇ ਪੱਖੀ ਕਾਂਗ ਦਾ ਉਭਾਰ ਹਾਂ-ਪੱਖੀ ਵਰਤਾਰਾ ਹੈ।

## 1973: ਵਤਨ ਨੂੰ ਫਿਰ ਧੋਖਾ ਦੇ ਦਿੱਤਾ ਸੀ...



ਚਿੱਲੀ ਵਿਚ 1970 ਦੀਆਂ ਰਾਸ਼ਟਰਪਤੀ ਚੋਣਾਂ ਸਮੇਂ ਸੰਸਾਰ ਪ੍ਰਸਿੱਧ ਕਵੀ ਪਾਬਲੋ ਨੇਰੂਦਾ, ਵਿਕਟਰ ਜਾਰਾ ਅਤੇ ਸਲਵਾਦੋਰ ਅਲੈਂਦੇ ਤਿੰਨ ਹਰਮਨ ਪਿਆਰੇ ਖੱਬੇ ਪੱਖੀ ਚਿਹਰੇ ਸਨ। ਉਸ ਵਕਤ ਪਾਬਲੋ ਨੇਰੂਦਾ ਰਾਸ਼ਟਰਪਤੀ ਅਹੁਦੇ ਦੇ ਮੁੱਖ ਦਾਅਵੇਦਾਰ ਸਨ ਪਰ ਉਨ੍ਹਾਂ ਆਪਣੀ ਇਹ ਦਾਅਵੇਦਾਰੀ ਆਪਣੇ ਮਿੱਤਰ ਸਲਵਾਦੋਰ ਅਲੈਂਦੇ ਨੂੰ ਸੌਂਪ ਦਿੱਤੀ। ਜਿੱਤ ਤੋਂ ਬਾਅਦ ਅਲੈਂਦੇ ਸਰਕਾਰ ਨੇ ਨਵ-ਉਦਾਰਵਾਦੀ ਨੀਤੀਆਂ ਦੇ ਉਲਟ ਸਿਹਤ, ਸਿੱਖਿਆ, ਖੇਤੀਬਾੜੀ ਤੇ ਉਦਯੋਗਿਕ ਖੇਤਰ ਵਿਚ ਕਈ ਇਨਕਲਾਬੀ ਸੁਧਾਰ ਕੀਤੇ। ਅਮਰੀਕੀ ਸ਼ਹਿ ਪ੍ਰਾਪਤ ਫੌਜੀ ਜਨਰਲ ਪਿਨੋਸ਼ੇ ਨੇ ਚਿੱਲੀ ਵਿਚ ਭਿਆਨਕ ਕਤਲੇਆਮ ਰਚਾ ਕੇ ਨਵੀਂ ਸਮਾਜਵਾਦੀ ਸਰਕਾਰ ਦਾ ਤਖਤਾ ਪਲਟ ਦਿੱਤਾ। 11 ਸਤੰਬਰ 1973 ਨੂੰ ਰਾਸ਼ਟਰਪਤੀ ਸਲਵਾਦੋਰ ਅਲੈਂਦੇ ਦੀ ਰਿਹਾਇਸ਼ ਉੱਤੇ ਬੰਬਾਰੀ ਕਰਕੇ ਉਸ ਦਾ ਬੇਤਰਸੀ ਹਾਲਤ ਵਿਚ ਕਤਲ ਕਰ ਦਿੱਤਾ ਗਿਆ। ਉਸ ਦੇ ਹਜ਼ਾਰਾਂ ਸਮਰਥਕਾਂ ਨੂੰ ਬੇਤਰਸੇ ਹਾਲਤ ਵਿਚ ਕਤਲ ਅਤੇ ਹਜ਼ਾਰਾਂ ਨੂੰ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਸੱਤਾ ਹਥਿਆਉਣ ਤੋਂ ਬਾਰਾਂ ਦਿਨਾਂ ਬਾਅਦ (23 ਸਤੰਬਰ 1973) ਪਿਨੋਸ਼ੇ ਦੇ ਗੁਰਗਿਆਂ ਨੇ ਪਾਬਲੋ ਨੇਰੂਦਾ ਨੂੰ ਮਾਰ ਦਿੱਤਾ। ਵਿਕਟਰ ਜਾਰਾ ਨੂੰ ਚਿੱਲੀ ਦੇ ਇਕ ਸਟੇਡੀਅਮ ਵਿਚ ਬੰਦੀ ਬਣਾਏ ਪੰਜ ਹਜ਼ਾਰ ਕੈਦੀਆਂ ਸਾਹਮਣੇ ਗੋਲੀਆਂ ਮਾਰ ਕੇ ਮਾਰ ਦਿੱਤਾ। ... ਅਲੈਂਦੇ ਦੇ ਕਤਲ ਬਾਰੇ ਪਾਬਲੋ ਨੇਰੂਦਾ ਨੇ ਲਿਖਿਆ ਸੀ,

"ਸਲਵਾਦੋਰ ਅਲੈਂਦੇ (ਰਾਸ਼ਟਰਪਤੀ) ਉਨ੍ਹਾਂ (ਅਮਰੀਕਾ ਦੀ ਸ਼ਹਿ ਤੇ ਬਗਾਵਤ ਕਰ ਰਹੀਆਂ ਫ਼ੌਜਾਂ) ਦਾ ਆਪਣੇ ਦਫ਼ਤਰ ਵਿਚ ਇੰਤਜ਼ਾਰ ਕਰ ਰਿਹਾ ਸੀ। ਉਸ ਦੇ ਵੱਡੇ ਦਿਲ ਤੋਂ ਬਿਨਾ ਉਸ ਦਾ ਕੋਈ ਹੋਰ ਸਾਥੀ ਨਹੀਂ ਸੀ। ਉਹ ਅੱਗ ਦੀਆਂ ਲਾਟਾਂ ਤੇ ਧੂੰਏਂ ਨਾਲ ਘਿਰਿਆ ਹੋਇਆ ਸੀ। ਉਸ (ਅਲੈਂਦੇ) ਨੂੰ ਮਸ਼ੀਨਗੰਨ ਨਾਲ ਗੋਲੀਆਂ ਮਾਰ ਕੇ ਮਾਰਨਾ ਪਿਆ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਉਹਨੇ ਕਦੇ ਵੀ ਅਸਤੀਫ਼ਾ ਨਹੀਂ ਦੇਣਾ। ਉਸ ਦੀ ਮ੍ਰਿਤਕ ਦੇਹ ਨੂੰ ਲੁਕਾ ਛਿਪਾ ਕੇ ਕਿਸੇ ਗੁਮਨਾਮ ਥਾਂ ਤੇ ਦਫ਼ਨ ਕਰ ਦਿੱਤਾ ਗਿਆ। ਲਾਸ਼ ਦੇ ਪਿੱਛੇ ਇਕ ਔਰਤ ਸੀ ਜਿਸ ਦੇ ਦਿਲ ਵਿਚ ਸਾਰੀ ਦੁਨੀਆ ਦਾ ਗ਼ਮ ਸੀ। ਚਿੱਲੀ ਦੇ ਫ਼ੌਜੀਆਂ ਜਿਨ੍ਹਾਂ ਆਪਣੇ ਵਤਨ ਨੂੰ ਫਿਰ ਧੋਖਾ ਦੇ ਦਿੱਤਾ ਸੀ, ਨੇ ਉਸ ਪ੍ਰਤਾਪੀ ਮ੍ਰਿਤਕ ਸਰੀਰ ਦੇ ਚੀਥੜੇ ਚੀਥੜੇ ਕਰ ਦਿੱਤੇ ਸਨ।"

# ਚੋਣਾਂ, ਬਦਲ ਦਾ ਸਵਾਲ ਅਤੇ ਸਾਂਝਾ ਸੰਘਰਸ਼

ਕਰ ਸਕਦੇ ਸਨ। ਇਸ ਦੀ ਬਜਾਏ ਚੋਣਾਂ ਲੜਨ ਜਾਂ ਨਾ ਲੜਨ ਦੇ ਸਵਾਲ ਉੱਪਰ ਸੰਯੁਕਤ ਮੋਰਚੇ ਦੀ ਹੋਂਦ ਹੀ ਖ਼ਤਰੇ 'ਚ ਪਾ ਦਿੱਤੀ ਗਈ। ਹਨਨ ਮੁੱਲਾ ਅਤੇ ਯੋਗੇਂਦਰ ਯਾਦਵ ਵਰਗੇ ਰਾਜਨੀਤਕ ਆਗੂ ਪਹਿਲਾਂ ਵੀ ਸੰਯੁਕਤ ਕਿਸਾਨ ਮੋਰਚੇ ਵਿਚ ਮਹੱਤਵਪੂਰਨ ਆਗੂ ਪੁਜੀਸ਼ਨਾਂ ਉੱਪਰ ਰਹਿ ਚੁੱਕੇ ਹਨ ਤਾਂ ਚੋਣਾਂ ਲੜਨ ਵਾਲੀਆਂ ਹੋਰ ਜਥੇਬੰਦੀਆਂ ਨੂੰ ਵੀ ਨਿਸ਼ਚਿਤ ਨਿਯਮ ਤੈਅ ਕਰਕੇ ਮੋਰਚੇ ਵਿਚ ਰੱਖਿਆ ਜਾ ਸਕਦਾ ਹੈ।

ਸੰਘਰਸ਼ ਦੌਰਾਨ ਵੀ ਇਨ੍ਹਾਂ ਵੰਨ-ਸੁਵੰਨੀਆਂ ਜਥੇਬੰਦੀਆਂ ਨੂੰ ਮੁੱਖ ਮੰਗ ਦੀ ਪ੍ਰਾਪਤੀ ਤੱਕ ਇਕੱਠੇ ਰੱਖਣ 'ਚ ਲੋਕਾਂ ਦੇ ਜ਼ੋਰਦਾਰ ਦਬਾਓ ਦੀ ਵੱਡੀ ਭੂਮਿਕਾ ਸੀ। ਲੋਕਾਂ ਨੂੰ ਇਹ ਜਚ ਗਿਆ ਸੀ ਕਿ ਉਨ੍ਹਾਂ ਦੇ ਹਿਤਾਂ ਦੀ ਰਾਖੀ ਲਈ ਇਸ ਨਿਵੇਕਲੇ ਸੰਘਰਸ਼ ਦਾ ਜਿੱਤਣਾ ਬੇਹੱਦ ਜ਼ਰੂਰੀ ਹੈ ਜਿਸ ਸੰਘਰਸ਼ ਨੇ ਕੁਝ ਨਾ ਕੁਝ ਨਵਾਂ ਸਿਰਜਣਾ ਸ਼ੁਰੂ ਕਰ ਦਿਤਾ ਸੀ। ਜਥੇਬੰਦੀਆਂ ਜੋ ਹੁਕਮਰਾਨ ਧਿਰ ਦੀਆਂ ਤਮਾਮ ਘਿਨਾਉਣੀਆਂ ਸ਼ਾਤਰ ਚਾਲਾਂ ਅਤੇ ਸਾਜ਼ਿਸ਼ਾਂ ਦੇ ਬਾਵਜੂਦ ਸੰਘਰਸ਼ 'ਚ ਇਕਜੁੱਟ ਰਹੀਆਂ, ਉਪਰੋਕਤ ਹਕੀਕਤ ਦੇ ਮੱਦੇਨਜ਼ਰ ਉਨ੍ਹਾਂ ਦਾ ਚੋਣਾਂ ਦੇ ਸਵਾਲ ਉੱਪਰ ਵੱਖੋ-ਵੱਖਰੇ ਰਾਹ ਤੁਰ ਪੈਣਾ ਸੁਭਾਵਿਕ ਸੀ। ਏਕਤਾ ਅਤੇ ਸਾਂਝ ਸਿਰਫ਼ ਸੀਮਤ ਮੁੱਦਿਆਂ ਉੱਪਰ ਹੀ ਹੋ ਸਕਦੀ ਹੈ। ਹਾਲੀਆ ਪਾਲਾਬੰਦੀ ਹੈਰਾਨੀਜਨਕ ਸਿਰਫ਼ ਉਨ੍ਹਾਂ ਲਈ ਹੈ ਜੋ ਉਪਰਕੋਤ ਹਕੀਕਤ ਨੂੰ ਨਜ਼ਰਅੰਦਾਜ਼ ਕਰਕੇ ਇਨ੍ਹਾਂ ਜਥੇਬੰਦੀਆਂ ਤੋਂ ਬਾਕੀ ਸਵਾਲਾਂ ਅਤੇ ਚੋਣਾਂ ਵਰਗੇ ਰਾਜਨੀਤਕ ਮੁੱਦਿਆਂ ਉੱਪਰ ਵੀ ਇਕਜੁੱਟ ਰਹਿਣ ਦੀ ਤਵੱਕੋ ਕਰਦੇ ਹਨ। ਬੇਹੱਦ ਪੇਚੀਦਾ ਮਸਲੇ ਦਾ ਆਗੂਆਂ ਦੀ ਚੌਧਰ ਦੀ ਲੜਾਈ ਤੱਕ ਸਰਲੀਕਰਨ ਕਰਕੇ ਇਕ ਜਥੇਬੰਦੀ ਬਣਾ ਲੈਣ ਦੀ ਨੇਕ ਆਦਰਸ਼ਵਾਦੀ ਭਾਵਨਾ ਵੀ ਇਸੇ ਚੋਂ ਪ੍ਰਗਟਾਈ ਜਾਂਦੀ ਹੈ।

ਜਿੱਥੋਂ ਤੱਕ ਬਦਲ ਦਾ ਸਵਾਲ ਹੈ, ਇਹ ਬੇਹੱਦ ਮਹੱਤਵਪੂਰਨ ਹੋਣ ਦੇ ਬਾਵਜੂਦ ਯਥਾਸਥਿਤੀਵਾਦੀ ਰਾਜਨੀਤਕ ਕੋੜਮੇ ਅਤੇ ਲੋਕਾਈ ਲਈ ਇਸ ਦੇ ਮਾਇਨੇ ਵੱਖੋ-ਵੱਖਰੇ ਹਨ। ਪਹਿਲੇ ਲਈ ਕਥਿਤ ਬਦਲ ਆਪਣੀਆਂ ਮੂਲ ਪਾਰਟੀਆਂ ਨਾਲ ਨਾਰਾਜ਼ਗੀ 'ਚੋਂ ਕਿਸੇ ਹੋਰ ਝੰਡੇ ਹੇਠ ਸੱਤਾ ਹਾਸਲ ਕਰਨ ਲਈ ਮਹਿਜ਼ ਹੋਰ ਵਾਧੂ ਮੌਕੇ ਨੂੰ ਵਰਤਣ ਦਾ ਸਵਾਲ ਹੁੰਦਾ ਹੈ। ਇਨ੍ਹਾਂ ਵਿਚ ਮੁੱਖਧਾਰਾ ਕਹਾਉਣ ਵਾਲੀ ਸਮੁੱਚੀ ਹਾਕਮ ਜਮਾਤੀ ਸਿਆਸਤ ਅਤੇ ਉਸ ਦਾ ਰਾਜਨੀਤਕ ਹਮਾਇਤੀ ਘੇਰਾ ਸ਼ਾਮਿਲ ਹੈ। ਬਾਕੀ ਲੋਕਾਈ ਵੱਲੋਂ ਚੋਣਾਂ ਦੇ ਮੌਕੇ ਕਿਸੇ ਨਾ ਕਿਸੇ ਨਵੇਂ ਰਾਜਨੀਤਕ ਸਮੂਹ/ਬਰੈਂਡ ਨੂੰ ਬਦਲ ਵਜੋਂ ਦੇਖਣਾ ਉਨ੍ਹਾਂ ਦੀ ਰਵਾਇਤੀ ਰਾਜਨੀਤਕ ਪਾਰਟੀਆਂ ਤੋਂ ਮਾਯੂਸੀ ਅਤੇ ਬੇਉਮੀਦੀ ਦਾ ਇਜ਼ਹਾਰ ਹੁੰਦਾ ਹੈ। ਲੋਕਾਈ ਦੀ ਉਪਰੋਕਤ ਭਾਵਨਾ ਕਿਸੇ ਸੱਚੇ ਬਦਲਾਓ ਲਈ ਟਿਕਾਊ ਸੰਘਰਸ਼ 'ਚ ਸਾਕਾਰ ਨਹੀਂ ਹੁੰਦੀ ਸਗੋਂ ਮੁੱਖਧਾਰਾਈ ਘੁੰਮਣਘੇਰੀ ਦੀ ਇਕ ਨਵੀਂ ਰਾਜਨੀਤਕ ਛੱਲ 'ਤੇ ਸਵਾਰ ਹੋ ਕੇ ਮੁੜ ਮਾਯੂਸ ਹੋ ਜਾਣ ਲਈ ਸਰਾਪੀ ਜਾਂਦੀ ਹੈ। ਪਿਛਲੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਨੂੰ ਲੋਕਾਈ ਵੱਲੋਂ ਰਵਾਇਤੀ ਚੋਣ ਸਿਆਸਤ ਦੀ ਮੁਤਵਾਜ਼ੀ ਸਿਆਸਤ ਵਜੋਂ ਦੇਖਿਆ ਗਿਆ ਜਿਸ ਨੇ ਸਿਆਸਤ ਨੂੰ ਬਦਲਣ ਦਾ ਝੂਠ ਬੋਲ ਕੇ ਲੋਕ ਭਾਵਨਾਵਾਂ ਨੂੰ ਵਰਤਿਆ। ਆਮ ਆਦਮੀ ਪਾਰਟੀ ਦਾ 'ਇਨਕਲਾਬ' ਚੋਣਾਂ ਦੀ ਰੁੱਤੇ ਟਿਕਟਾਂ ਬਟੋਰਨ ਦੇ ਚਾਹਵਾਨ ਦਲ-ਬਦਲੂਆਂ ਦੇ ਸਵਾਗਤ, ਟਿਕਟਾਂ ਦੀ ਕੇਂਦਰੀਕ੍ਰਿਤ ਮਨਮਾਨੀ ਗ਼ੈਰਪਾਰਦਰਸ਼ੀ ਵੰਡ ਅਤੇ ਟਿਕਟਾਂ ਵੇਚਣ ਦੇ ਥੋਕ ਇਲਜ਼ਾਮ (ਕੇਜਰੀਵਾਲ ਵੱਲੋਂ ਹੁਣ ਤੱਕ ਦੂਜੀਆਂ ਪਾਰਟੀਆਂ 'ਚੋਂ ਆਏ 53 ਦਲਬਦਲੂਆਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ), ਮਿਹਨਤੀ ਵਰਕਰਾਂ ਨੂੰ ਦਰਕਿਨਾਰ ਕਰਕੇ ਰਵਾਇਤੀ ਪਾਰਟੀਆਂ 'ਚੋਂ ਆਏ ਮੌਕਾ ਤਾੜੂਆਂ ਨੂੰ ਪਹਿਲ ਦੇਣ ਅਤੇ ਬੁਨਿਆਦੀ ਮੁੱਦਿਆਂ ਬਾਰੇ ਚੁੱਪ ਵੱਟ ਕੇ ਧਿਆਨ ਭਟਕਾਊ ਭਰਮਾਊ ਵਾਅਦਿਆਂ ਦੇ ਰੂਪ 'ਚ ਸਾਕਾਰ ਹੁੰਦਾ ਆ ਰਿਹਾ ਹੈ। 'ਆਪ' ਵੱਲੋਂ ਸੰਯੁਕਤ ਸਮਾਜ ਮੋਰਚੇ ਨਾਲ ਗੱਠਜੋੜ ਦੀਆਂ ਕੋਸ਼ਿਸ਼ਾਂ ਦੌਰਾਨ ਹੀ ਆਪਣੇ ਉਮੀਦਵਾਰ ਲਗਾਤਾਰ ਐਲਾਨਦੇ ਰਹਿਣ ਤੋਂ ਇਹ ਸਾਬਤ ਹੋ ਗਿਆ ਕਿ ਉਨ੍ਹਾਂ ਦਾ ਮਨੋਰਥ ਬਦਲ ਪੇਸ਼ ਕਰਨਾ ਨਹੀਂ ਸਗੋਂ ਵੱਧ ਤੋਂ ਵੱਧ ਸੀਟਾਂ ਉੱਪਰ ਕਬਜ਼ਾ ਕਰਕੇ ਗੱਠਜੋੜ ਕਰਨਾ ਲੋਚਦੇ ਸੰਯੁਕਤ ਸਮਾਜ ਮੋਰਚੇ ਦੇ ਆਗੂਆਂ ਦੀ ਦਾਅਵੇਦਾਰੀ ਨੂੰ ਠੁੱਸ ਕਰਨਾ ਸੀ। ਇਸ ਵਾਰ ਬਦਲ ਦੀ ਉਮੀਦ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਤੋਂ ਕੀਤੀ ਗਈ। ਉਹ ਵੀ ਲੋਕਾਂ ਦੀਆਂ ਉਮੀਦਾਂ 'ਤੇ ਖ਼ਰੇ ਨਹੀਂ ਉੱਤਰੇ। ਉਮੀਦਵਾਰਾਂ ਦੀ ਚੋਣ ਅਤੇ ਟਿਕਟਾਂ ਦੀ ਵੰਡ ਨਾਲ ਕਹਿਣੀ ਅਤੇ ਕਰਨੀ ਦਾ ਜ਼ਮੀਨ-ਆਸਮਾਨ ਦਾ ਫ਼ਰਕ ਸਾਹਮਣੇ ਆ ਗਿਆ। ਸੰਯੁਕਤ ਸਮਾਜ ਮੋਰਚੇ ਵੱਲੋਂ ਅਜੇ ਉਮੀਦਵਾਰ ਹੀ ਲੱਭੇ ਅਤੇ ਐਲਾਨੇ ਜਾ ਰਹੇ ਹਨ (ਉਮੀਦਵਾਰਾਂ ਦੀ ਚੋਣ, ਟਿਕਟਾਂ ਦੀ ਵੰਡ ਅਤੇ ਇਸ ਦਾ ਅਮਲ ਪਹਿਲੇ ਦਿਨ ਤੋਂ ਹੀ ਸਵਾਲਾਂ ਦੇ ਘੇਰੇ 'ਚ ਹੈ)। ਇਹ ਖ਼ੁਲਾਸਾ ਤਾਂ ਚੋਣ ਮੈਨੀਫੈਸਟੋ ਜਨਤਕ ਕੀਤੇ ਜਾਣ ਤੋਂ ਬਾਦ ਹੀ ਹੋਵੇਗਾ ਕਿ ਉਨ੍ਹਾਂ ਕੋਲ ਰਵਾਇਤੀ ਸਿਆਸਤ ਦਾ ਠੋਸ ਬਦਲ, ਦਰਵੇਸ਼ ਬੁਨਿਆਦੀ ਮਸਲਿਆਂ ਦਾ ਠੋਸ ਹੱਲ ਅਤੇ ਵਿਕਾਸ ਦਾ ਵੱਖਰਾ ਰੋਡਮੈਪ ਕੀ ਹੈ। ਲੇਕਿਨ ਕੁਝ ਦਿਨ ਜਾਂ ਕੁਝ ਹਫ਼ਤੇ ਪਹਿਲਾਂ ਦਲ-ਬਦਲੀਆਂ ਕਰਕੇ ਆਏ ਵਿਅਕਤੀਆਂ ਨੂੰ ਉਮੀਦਵਾਰ ਬਣਾਏ ਜਾਣ ਤੋਂ (ਜਿਨ੍ਹਾਂ 'ਚੋਂ ਕੁਝ ਨੇ ਪੁਰਾਣੀਆਂ ਪਾਰਟੀਆਂ 'ਚ 'ਘਰ ਵਾਪਸੀ' ਵੀ ਕਰ ਲਈ ਹੈ) ਇਹ ਸੰਦੇਸ਼ ਤਾਂ ਸਪਸ਼ਟ ਹੈ ਕਿ ਉਨ੍ਹਾਂ ਵੱਲੋਂ ਪੇਸ਼ ਕੀਤੇ ਜਾ ਰਹੇ ਬਦਲ ਅੰਦਰ ਜਮਹੂਰੀ ਲੋਕ ਰਾਇ ਦੀ ਕਦਰ ਮਨਫ਼ੀ ਹੈ। ਬੇਦਾਗ਼ ਆਗੂ ਸੰਘਰਸ਼ਾਂ 'ਚ ਉੱਭਰਦੇ ਅਤੇ ਸਥਾਪਤ ਹੁੰਦੇ ਹਨ। ਕੁਝ ਇਕ ਮੁੱਖ ਆਗੂਆਂ ਤੋਂ ਸਿਵਾਏ ਸੰਯੁਕਤ ਸਮਾਜ ਮੋਰਚੇ ਦੀਆਂ ਜਥੇਬੰਦੀਆਂ ਕੋਲ ਚੋਣ ਹਲਕਿਆਂ 'ਚ ਚੋਖੇ ਸਥਾਪਤ ਆਗੂ ਨਹੀਂ ਹਨ। ਉਮੀਦਵਾਰ ਲੱਭਣ ਲਈ ਅੱਕੀ-ਪਲਾਹੀਂ ਹੱਥ ਮਾਰੇ ਜਾ ਰਹੇ ਹਨ ਅਤੇ ਦਲ-ਬਦਲੂਆਂ ਜਾਂ ਆਪਣੇ ਖ਼ਾਸ-ਮ-ਖ਼ਾਸ ਨੂੰ ਸੀਟਾਂ ਦੇ ਕੇ ਨਿਵਾਜ਼ਣ ਨਾਲ ਇਹ ਮੋਰਚਾ ਸਵਾਲਾਂ ਅਤੇ ਇਲਜ਼ਾਮਾਂ 'ਚ ਘਿਰ ਗਿਆ ਹੈ।

ਸਵਾਲ ਇਹ ਹੈ ਕਿ ਬਦਲਾਓ ਦੇ ਦਾਅਵੇਦਾਰ ਰਾਜਨੀਤਕ ਸਮੂਹ ਮੁੱਢਲੇ ਜਮਹੂਰੀ ਤੌਰ-ਤਰੀਕਿਆਂ ਦੀ ਪਾਲਣਾ ਕਰਨ ਦੀ ਜ਼ਰੂਰਤ ਕਿਉਂ ਨਹੀਂ ਸਮਝਦੇ? ਉਨ੍ਹਾਂ 'ਚ ਜਮਹੂਰੀ ਰਾਜਨੀਤਕ ਵਚਨਬੱਧਤਾ ਦੀ ਅਣਹੋਂਦ ਕਿਉਂ ਹੈ? ਕੀ ਇਹ ਮਹਿਜ਼ ਕੁਝ ਰਾਜਨੀਤਕ ਲੋਕਾਂ 'ਚ ਇੱਛਾ ਸ਼ਕਤੀ ਦੀ ਅਣਹੋਂਦ ਕਾਰਨ ਹੈ? ਜਿਸ ਰਾਜਸੀ ਪ੍ਰਬੰਧ ਨੂੰ ਦੁਨੀਆ ਦਾ 'ਸਭ ਤੋਂ ਵੱਡਾ' ਲੋਕਤੰਤਰ ਕਿਹਾ ਜਾਂਦਾ ਹੈ, ਉਹ ਸੱਚੇ ਮਾਇਨਿਆਂ 'ਚ ਲੋਕਾਂ ਦੀ ਤਰਜ਼ਮਾਨੀ ਕਰਨ 'ਚ ਅਸਫ਼ਲ ਕਿਉਂ ਹੈ? ਦਰਅਸਲ, ਨਾ ਇਹ ਰਾਜਸੀ ਪ੍ਰਬੰਧ ਲੋਕ ਰਾਇ ਨੂੰ ਸਵੀਕਾਰਦਾ ਅਤੇ ਸਤਿਕਾਰਦਾ ਹੈ ਨਾ ਲੋਕ ਹਿਤਾਂ ਦੀ ਨੁਮਾਇੰਦਗੀ ਕਰਦਾ ਹੈ। ਚੋਣਾਂ ਅਤੇ ਚੋਣ ਪ੍ਰਕਿਰਿਆ ਉਸ ਸਮਾਜ ਵਿਚ ਹੀ ਮਹੱਤਵ ਅਖ਼ਤਿਆਰ ਕਰ ਸਕਦੀ/ਕਰਦੀ ਹੈ, ਅਤੇ ਰਾਜਨੀਤਕ ਨੈਤਿਕਤਾ ਵੀ ਉੱਥੇ ਹੀ ਸੰਭਵ ਹੈ ਜੋ ਸੱਚੇ ਬੁਨਿਆਦੀ ਬਦਲਾਓ ਰਾਹੀਂ ਸਹੀ ਮਾਇਨਿਆਂ 'ਚ ਜਮਹੂਰੀ ਬਣ ਚੁੱਕਾ ਹੋਵੇ ਅਤੇ ਸਮਾਜੀ ਤਰੱਕੀ ਦੀ ਸੱਚੀ ਭਾਵਨਾ ਨਾਲ ਗੜੁੱਚ ਹੋਵੇ। ਆਧੁਨਿਕ ਲੋਕਤੰਤਰ ਦੀ ਧਾਰਨਾ ਪੱਛਮੀ ਮੁਲਕਾਂ 'ਚ ਜਗੀਰੂ ਸਮਾਜੀ ਢਾਂਚੇ ਨੂੰ ਮੁਕੰਮਲ ਰੂਪ 'ਚ ਤਹਿਸ-ਨਹਿਸ ਕਰਕੇ ਯੁਗ ਪਲਟਾਊ ਬਦਲਾਓ ਰਾਹੀਂ ਨਵੇਂ ਸਮਾਜੀ ਢਾਂਚੇ ਨੂੰ ਹੋਂਦ ਵਿਚ ਲਿਆ ਕੇ ਸਥਾਪਤ ਅਤੇ ਮਕਬੂਲ ਹੋਈ। ਮਨੁੱਖੀ ਸੋਚ, ਪਰਿਵਾਰ, ਮਨੁੱਖੀ ਰਿਸ਼ਤਿਆਂ, ਰਾਜ ਢਾਂਚੇ, ਹਾਕਮ ਜਮਾਤ ਦੀ ਬਣਤਰ, ਹੁਕਮਰਾਨਾਂ ਨਾਲ ਪਰਜਾ ਦੇ ਰਿਸ਼ਤੇ ਸਮੇਤ ਸਮੁੱਚੇ ਸਮਾਜੀ ਢਾਂਚੇ ਵਿਚ ਬੁਨਿਆਦੀ ਬਦਲਾਓ ਹੋਏ। ਇਸੇ ਦੇ ਹਿੱਸੇ ਵਜੋਂ ਜਮਹੂਰੀ ਚੇਤਨਾ ਆਈ ਅਤੇ ਵੋਟ ਦਾ ਸਰਵ-ਵਿਆਪਕ ਹੱਕ ਸਥਾਪਤ ਹੋਇਆ। ਲੋਕਤੰਤਰ ਦੀ ਧਾਰਨਾ ਵੋਟਾਂ ਰਾਹੀਂ ਸਰਕਾਰ ਨੂੰ ਬਦਲਣ ਤੱਕ ਸੀਮਤ ਨਹੀਂ, ਸਹੀ ਮਾਇਨਿਆਂ 'ਚ ਇਹ ਆਪਣੇ ਹਿਤਾਂ ਵਿਰੁੱਧ ਜਾਂਦੇ ਨਿਜ਼ਾਮ ਨੂੰ ਸਮੂਹਿਕ ਲੋਕ ਤਾਕਤ ਨਾਲ ਉਲਟਾਉਣ ਦੇ ਹੱਕ ਦੀ ਪ੍ਰਵਾਨਗੀ ਤੱਕ ਵਸੀਹ ਹੈ।

ਦੂਜੇ ਪਾਸੇ, ਇਨ੍ਹਾਂ ਹੀ ਪੱਛਮੀ ਜਮਹੂਰੀ ਮੁਲਕਾਂ ਦੀਆਂ ਗ਼ੁਲਾਮ ਸਾਬਕਾ ਬਸਤੀਆਂ 'ਚ ਪ੍ਰਤੱਖ ਰਾਜਨੀਤਕ ਬਦਲਾਓ ਤਾਂ ਹੋਏ ਲੇਕਿਨ ਉਹ ਉੱਥੋਂ ਦੇ ਸਮਾਜਾਂ ਦੇ ਬੁਨਿਆਦੀ ਜਮਹੂਰੀਕਰਨ ਰਾਹੀਂ ਨਹੀਂ ਹੋਏ। ਭਾਰਤ ਵਿਚ ਸਿੱਧੇ ਬਸਤੀਵਾਦੀ ਰਾਜ ਦੀ ਜਗ੍ਹਾ ਸੰਵਿਧਾਨਕ ਵੋਟਤੰਤਰ ਨੇ ਲੈ ਲਈ। ਬਸਤੀਵਾਦੀ ਹੁਕਮਰਾਨਾਂ ਦੀ ਥਾਂ ਸਥਾਨਕ ਕੁਲੀਨ ਵਰਗ ਹੁਕਮਰਾਨ ਜਮਾਤ ਬਣ ਗਿਆ ਜਿਸ ਦਾ ਬਸਤੀਵਾਦੀ ਰਾਜ ਨਾਲ ਰਿਸ਼ਤਾ ਜੀ-ਹਜ਼ੂਰੀ ਵਾਲਾ ਸੀ। ਸੰਵਿਧਾਨ ਬਣਾਇਆ ਗਿਆ ਜਿਸ ਤਹਿਤ ਆਮ ਨਾਗਰਿਕ ਨੂੰ ਵੋਟ ਪਾਉਣ ਦਾ ਰਾਜਨੀਤਕ ਹੱਕ ਰਸਮੀਂ ਤੌਰ 'ਤੇ ਮਿਲ ਗਿਆ ਜਿਸ ਦੀ ਬੁਨਿਆਦ 1935 ਦਾ ਗਵਰਨਮੈਂਟ ਆਫ਼ ਇੰਡੀਆ ਐਕਟ ਅਤੇ ਰਾਜ ਢਾਂਚੇ ਦੀ ਬੁਨਿਆਦ ਬਸਤੀਵਾਦੀ ਰਾਜ ਢਾਂਚੇ ਨੂੰ ਬਣਾਇਆ ਗਿਆ। ਬੁਨਿਆਦੀ ਸਮਾਜੀ ਢਾਂਚੇ ਅਤੇ ਉਸ ਦੇ ਵਜੂਦ-ਸਮੋਈਆਂ ਨਾਬਰਾਬਰੀਆਂ, ਬੇਇਨਸਾਫ਼ੀਆਂ ਅਤੇ ਵਾਂਝਾਪਣ ਉਸੇ ਤਰ੍ਹਾਂ ਬਰਕਰਾਰ ਰਹੇ। ਇਸ

(ਸਫ਼ਾ 1 ਦੀ ਬਾਕੀ)

ਸਮਾਜੀ ਢਾਂਚੇ ਵਿਚ ਵੋਟ ਦਾ ਰਾਜਨੀਤਕ ਹੱਕ ਸੁਤੰਤਰ ਰਾਜਨੀਤਕ ਰਾਇ (ਵੋਟ) ਦੇ ਰੂਪ 'ਚ ਸਾਕਾਰ ਨਹੀਂ ਹੁੰਦਾ ਅਤੇ ਹੋ ਵੀ ਨਹੀਂ ਸਕਦਾ ਸਗੋਂ ਆਰਥਕ ਨਾਬਰਾਬਰੀ ਦੇ ਨਾਲ-ਨਾਲ ਮਰਦਾਵੀਂ ਸੱਤਾ, ਜਾਤੀਵਾਦ ਅਤੇ ਸਮਾਜੀ ਸਮੂਹਾਂ ਦੇ ਹੋਰ ਸੰਕੀਰਣ ਸਮਾਜੀ ਢਾਂਚਿਆਂ ਸਮੇਤ ਪਿਛਾਂਹਖਿਚੂ ਜਗੀਰੂ ਦਸਤੂਰ ਰਾਹੀਂ ਤੈਅ ਹੁੰਦਾ ਹੈ। ਜਿਸ ਦਾ ਕੰਟਰੋਲ ਧਨ-ਦੌਲਤ ਦੀ ਤਾਕਤ ਅਤੇ ਬੇਲਗਾਮ ਰਾਜਨੀਤਕ ਮਾਫ਼ੀਆ ਦੇ ਹੱਥ 'ਚ ਹੈ। ਆਰਥਕ ਬਰਾਬਰੀ ਅਤੇ ਸਮਾਜੀ ਨਿਆਂ ਦੀ ਅਣਹੋਂਦ 'ਚ ਰਾਜਨੀਤਕ ਲੋਕਤੰਤਰ ਰਸਮੀਂ ਬਣ ਕੇ ਰਹਿ ਗਿਆ। ਸੱਤ ਦਹਾਕੇ ਦੇ ਫਰੇਬੀ ਰਾਜਨੀਤਕ ਅਮਲ ਦੁਆਰਾ ਮਹਿਜ਼ ਚੋਣਾਂ ਰਾਹੀਂ ਲੋਕਤੰਤਰ ਦੀ ਧਾਰਨਾ ਨੂੰ ਇਸ ਤਰੀਕੇ ਨਾਲ ਲੋਕ ਮਨਾਂ 'ਚ ਬਿਠਾ ਕੇ ਪੱਕੇ ਪੈਰੀਂ ਕਰ ਲਿਆ ਗਿਆ ਹੈ ਕਿ ਪੜ੍ਹੇਲਿਖੇ ਹਿੱਸੇ ਵੀ ਮਹਿਜ਼ ਵੋਟਾਂ ਪੈਣ ਨੂੰ ਹੀ ਲੋਕਤੰਤਰ ਸਮਝੀ ਬੈਠੇ ਹਨ। ਚੋਣਾਂ ਮੁਕੰਮਲ ਜਮਹੂਰੀ ਢਾਂਚੇ ਦਾ ਬਹੁਤ ਨਿੱਕਾ ਜਿਹਾ ਹਿੱਸਾ ਹੀ ਹੁੰਦੀਆਂ ਹਨ, ਫਿਰ ਵੀ ਚੋਣਾਂ ਅਤੇ ਸਰਕਾਰ ਬਦਲੀ ਨੂੰ ਹੀ ਰਾਜ ਬਦਲੀ ਸਮਝਿਆ ਜਾ ਰਿਹਾ ਹੈ। ਹੁਕਮਰਾਨ ਜਮਾਤ ਦਾ ਇਹ ਢੌਂਗ ਤਾਂ ਸਮਝ ਆਉਂਦਾ ਹੈ ਲੇਕਿਨ ਬੁੱਧੀਮਾਨ ਕਹਾਉਣ ਵਾਲੇ ਹਿੱਸੇ ਵੱਲੋਂ ਭਰਮਾਊ ਪੇਸ਼ਕਾਰੀ ਉਨ੍ਹਾਂ ਦੀ ਬੌਧਿਕ ਕੰਗਾਲੀ ਜਾਂ ਬੇਈਮਾਨੀ ਕਾਰਨ ਹੈ। ਬੁਨਿਆਦੀ ਸਵਾਲ ਇਹ ਹੈ ਕਿ ਮੁਲਕ ਦੀ ਇਸ 'ਲੋਕਤੰਤਰੀ' ਰਾਜਨੀਤਕ ਪ੍ਰਣਾਲੀ ਨਾਲ ਲੋਕਾਂ ਨੂੰ ਜੋ ਵੋਟ ਦਾ ਰਾਜਨੀਤਕ ਹੱਕ ਮਿਲਿਆ ਉਸ ਤਹਿਤ ਆਮ ਨਾਗਰਿਕ ਕੋਲ ਰਸਮੀਂ ਵੋਟ ਤੋਂ ਸਿਵਾਏ ਕੀ ਤਾਕਤ ਹੈ। ਇਹ ਤਾਕਤ ਰਸਮੀਂ ਹੈ ਜਾਂ ਹਕੀਕੀ ਹੈ, ਇਸ ਨੂੰ ਸੱਤ ਦਹਾਕੇ ਦੇ 'ਮੁੱਖਧਾਰਾਈ' ਰਾਜਨੀਤਕ ਅਮਲ ਦੇ ਹਵਾਲੇ ਨਾਲ ਸਮਝਣਾ ਜ਼ਰੂਰੀ ਹੈ।

ਚੋਣਾਂ ਲੋਕ ਨੁਮਾਇੰਦਗੀ ਦੀ ਬਜਾਏ ਨਿੱਜ ਕਰੀਅਰ ਬਣਾਉਣ ਦਾ ਸਾਧਨ ਹਨ। ਪਾਰਟੀਆਂ ਤੋਂ ਉੱਪਰ ਉੱਠ ਕੇ ਮੁਲਕ 'ਚ ਇਕ ਮਾਫ਼ੀਆ ਤਰਜ਼ ਦਾ ਸੱਤਾ ਭੋਗੀ ਵਰਗ ਹੋਂਦ ਆ ਚੁੱਕਾ ਹੈ ਜੋ ਸਮਾਜ ਦੇ ਧੁਰ ਅੰਦਰ ਤੱਕ ਕੈਂਸਰ ਦੀ ਤਰ੍ਹਾਂ ਫੈਲ ਗਿਆ ਹੈ। ਇਸ ਨੇ ਸਮਾਜ ਦੇ ਬੁਨਿਆਦੀ ਮੁੱਦਿਆਂ ਨੂੰ ਲੋਕ ਚੇਤਿਆਂ 'ਚੋਂ ਮਿਟਾਉਣ, ਭਰਮਾਊ ਵਾਅਦਿਆਂ ਅਤੇ ਭਟਕਾਊ ਮੁੱਦਿਆਂ ਰਾਹੀਂ ਲੋਕ ਰਾਇ ਨੂੰ ਪ੍ਰਭਾਵਿਤ ਹੀ ਨਹੀਂ ਸਗੋਂ ਨਿਰਧਾਰਤ ਕਰਨ ਦੀ ਅਤਿਅੰਤ ਮੁਹਾਰਤ ਅਤੇ ਤਾਕਤ ਹਾਸਲ ਕਰ ਲਈ ਹੈ। ਇਸ ਨੇ ਪਿੰਡ ਸ਼ਹਿਰ ਦੇ ਗਲੀ-ਮੁਹੱਲੇ ਤੋਂ ਲੈ ਕੇ ਮੁਲਕ ਪੱਧਰ 'ਤੇ ਐਸਾ ਰਾਜਨੀਤਕ ਮਾਫ਼ੀਆ ਤੰਤਰ ਉਸਾਰ ਲਿਆ ਹੈ ਜਿਸ ਨੇ ਲੋਕਾਂ ਨੂੰ ਮਾਮੂਲੀ ਖ਼ੈਰਾਤਾਂ ਅਤੇ ਗਲੀਆਂ-ਸੜਕਾਂ, ਧਰਮਸ਼ਾਲਾਵਾਂ ਲਈ ਗਰਾਂਟਾਂ ਦੇ ਝੂਠੇ ਵਿਕਾਸ ਦੀ ਚਾਟ 'ਤੇ ਲਾ ਲਿਆ ਹੈ। ਇਸ ਕੋਲ ਆਪਣੇ ਝੂਠੇ ਵਾਅਦਿਆਂ ਅਤੇ ਲਾਰਿਆਂ ਨੂੰ ਮੈਨੀਫੈਸਟੋ ਅਤੇ ਤਰ੍ਹਾਂ-ਤਰ੍ਹਾਂ ਦੀ ਮਹਿੰਗੀ ਇਸ਼ਤਿਹਾਰਬਾਜ਼ੀ 'ਚ ਲਪੇਟ ਕੇ ਮਾਰਕੀਟਿੰਗ ਕਰਨ ਦੀ ਮੁਹਾਰਤ ਅਤੇ ਤੰਤਰ ਹੈ। ਇਹ ਜਾਤੀ, ਧਰਮ, ਫਿਰਕੇ ਅਤੇ ਹੋਰ ਸੰਕੀਰਣ ਵੰਡੀਆਂ ਰਾਹੀਂ, ਨਸ਼ਿਆਂ ਅਤੇ ਹੋਰ ਛੋਟੇ-ਛੋਟੇ ਲਾਲਚਾਂ ਰਾਹੀਂ ਅਤੇ ਜਾਅਲੀ ਵਿਕਾਸ ਦੇ ਬਿਰਤਾਂਤ ਰਾਹੀਂ ਵੱਖੋ-ਵੱਖਰੇ ਸਮਾਜੀ ਸਮੂਹਾਂ ਦੀ ਲੋਕਾਈ ਨੂੰ ਵੋਟ ਬੈਂਕ 'ਚ ਬਦਲਣ ਦੇ ਸਮਰੱਥ ਹੈ। ਆਪਣੀ ਕਥਿਤ ਵਿਚਾਰਧਾਰਾ ਅਤੇ ਰਾਜਨੀਤਕ ਪ੍ਰੋਗਰਾਮ ਇਨ੍ਹਾਂ ਪਾਰਟੀਆਂ ਲਈ ਕੋਈ ਮਾਇਨੇ ਨਹੀਂ ਰੱਖਦੇ, ਸਮਾਜੀ ਹਿਤਾਂ ਅਤੇ ਸਰੋਕਾਰਾਂ ਦੀ ਤਾਂ ਗੱਲ ਹੀ ਛੱਡੋ। ਇਨ੍ਹਾਂ ਦਾ ਇੱਕੋਇਕ ਮਨੋਰਥ ਵੱਧ ਤੋਂ ਵੱਧ ਧਨ-ਦੌਲਤ ਇਕੱਠਾ ਕਰਨਾ ਅਤੇ ਵੱਧ ਤੋਂ ਵੱਧ ਸਮੇਂ ਲਈ ਸੱਤਾ ਭੋਗਣਾ ਹੈ। ਧਨ-ਦੌਲਤ ਦੀ ਤਾਕਤ ਅਤੇ ਸੱਤਾ ਦੇ ਗਲਿਆਰਿਆਂ 'ਚ ਪ੍ਰਗਤ ਅਤੇ ਰਸੂਖ਼ ਦੇ ਜ਼ੋਰ ਇਹ ਕਿਸੇ ਕਾਨੂੰਨੀ ਜਾਂ ਸੰਵਿਧਾਨਕ ਜਵਾਬਦੇਹੀ ਤੋਂ ਉੱਪਰ ਹਨ। ਕਾਨੂੰਨ ਅਤੇ ਸੰਵਿਧਾਨ ਨੂੰ ਲਾਗੂ ਕਰਨ ਵਾਲੀ ਰਾਜ ਮਸ਼ੀਨਰੀ ਇਨ੍ਹਾਂ ਦੀ ਮੁੱਠੀ 'ਚ ਹੈ। ਉਪਰੋਕਤ ਮੁਹਾਰਤ ਅਤੇ ਬਾਹੂਬਲ ਦੇ ਜ਼ੋਰ ਇਹ ਲੋਕਾਂ ਦੀਆਂ ਜਮਹੂਰੀ ਰੀਝਾਂ ਦਾ ਗਲਾ ਘੁੱਟਣ ਅਤੇ ਲੋਕ ਮਾਨਸਿਕਤਾ ਨੂੰ ਸਹਿਜੇ ਹੀ ਵੋਟਾਂ 'ਚ ਢਾਲਣ ਦੇ ਸਮਰੱਥ ਹੈ। ਸੱਤਾ ਹਾਸਲ ਕਰਨ ਦੀ ਸਹੂਲਤ ਅਤੇ ਸੰਭਾਵਨਾ ਅਨੁਸਾਰ ਰਾਜਨੀਤਕ ਮਾਫ਼ੀਏ ਦੀਆਂ ਪਾਰਟੀਆਂ ਆਪਣੀ ਕਥਿਤ ਵਿਚਾਰਧਾਰਾ ਅਤੇ ਰਾਜਨੀਤਕ ਪ੍ਰੋਗਰਾਮਾਂ ਦੀ ਖਿੱਲੀ ਉਡਾ ਕੇ ਚੋਣ ਗੱਠਜੋੜ ਕਰਦੀਆਂ ਹਨ। ਇਸੇ ਨਮੂਨੇ 'ਤੇ ਇਨ੍ਹਾਂ ਦੇ ਛੋਟੇ-ਵੱਡੇ ਆਗੂ ਸੱਤਾ 'ਚ ਹਿੱਸੇਦਾਰੀ ਲਈ ਦਲ-ਬਦਲੀਆਂ ਕਰਦੇ ਹਨ। ਵਾਅਦਿਆਂ ਉੱਪਰ ਖ਼ਰਾ ਨਾ ਉੱਤਰਨ ਵਾਲੇ ਚੁਣੇ ਹੋਏ ਨੁਮਾਇੰਦਿਆਂ ਨੂੰ ਵਾਪਸ ਬੁਲਾਉਣ ਦਾ ਹੱਕ ਨਾ ਹੋਣ ਕਾਰਨ ਵੋਟਰ ਵਾਅਦਾਖ਼ਿਲਾਫ਼ੀ ਕਰਨ ਵਾਲੇ ਜੇਤੂਆਂ ਨੂੰ ਸਬਕ ਸਿਖਾਉਣਾ ਤਾਂ ਦੂਰ ਅਗਲੀ ਚੋਣ ਤੱਕ ਸਮੂਹਿਕ ਤੌਰ 'ਤੇ ਸਵਾਲ ਵੀ ਨਹੀਂ ਕਰ ਸਕਦੇ। ਜੇ ਸਵਾਲ ਕਰਦੇ ਹਨ ਤਾਂ ਸੜਕਾਂ ਉੱਪਰ ਡਾਂਗਾਂ ਖਾਂਦੇ ਅਤੇ ਜ਼ਲੀਲ ਹੁੰਦੇ ਹਨ।

ਰਾਜਨੀਤਕ ਮਾਫ਼ੀਆ ਨੇ ਰਾਜਨੀਤੀ ਨੂੰ ਸਭ ਤੋਂ ਸਫ਼ਲ ਕਰੀਅਰ ਦੇ ਰੂਪ 'ਚ ਸਥਾਪਤ ਕਰ ਲਿਆ ਹੈ। ਇਸ ਦੀ ਤਾਕਤ ਅਤੇ ਚਮਕ-ਦਮਕ ਨਵੇਂ ਹਿੱਸਿਆਂ ਨੂੰ ਚੁੰਬਕੀ ਖਿੱਚ ਦੀ ਤਰ੍ਹਾਂ ਖਿੱਚਦੀ ਹੈ। ਰਾਜਨੀਤਕ ਸਮੀਕਰਣ ਖ਼ਾਸ ਰਾਜਨੀਤਕ ਬਰੈਕਟਾਂ ਦੇ ਅੰਦਰ ਹੀ ਜੋੜ-ਘਟਾਓ ਹੁੰਦੇ ਦੇਖੇ ਜਾ ਸਕਦੇ ਹਨ। ਕਿਸੇ ਵਿਰਲੇ ਅੱਪਵਾਦ ਨੂੰ ਛੱਡ ਕੇ ਵੋਟ-ਸਮੂਹ ਸੁਤੰਤਰ ਲੋਕ ਰਾਇ ਦੀ ਬਜਾਏ ਮੁੱਖ ਤੌਰ 'ਤੇ ਸਾਲਮ ਬਲਾਕ ਦੇ ਰੂਪ 'ਚ ਇਕ ਜਾਂ ਦੂਜੀ 'ਮੁੱਖਧਾਰਾ' ਪਾਰਟੀ ਜਾਂ ਇਨ੍ਹਾਂ 'ਤੇ ਆਧਾਰਿਤ ਚੋਣ ਗੱਠਜੋੜਾਂ ਦੇ ਹੱਕ 'ਚ ਭੁਗਤਾ ਲਏ ਜਾਂਦੇ ਹਨ। ਧਨ-ਦੌਲਤ ਅਤੇ ਸੱਤਾ ਦੀ ਤਾਕਤ ਅਸਲ ਲੋਕ ਰਾਇ ਨੂੰ ਪੁੰਗਰਨ ਹੀ ਨਹੀਂ ਹੁੰਦੀ। ਉੱਘੇ ਗ਼ਦਰੀ ਸੰਗਰਾਮੀਏ ਬਾਬਾ ਸੋਹਣ ਸਿੰਘ ਭਕਨਾ ਤੋਂ ਲੈ ਕੇ ਮਨੀਪੁਰੀ ਲੋਕਾਂ ਦੇ ਹੱਕਾਂ ਲਈ ਡੇਢ ਦਹਾਕਾ ਭੁੱਖ ਹੜਤਾਲ ਕਰਨ ਵਾਲੀ ਇਰੋਮ ਸ਼ਰਮੀਲਾ ਵਰਗੇ ਸੱਚੇ ਲੋਕ ਨੁਮਾਇੰਦਿਆਂ ਨੂੰ ਵੀ ਭ੍ਰਿਸ਼ਟਾਚਾਰੀ ਜਰਵਾਣੇ ਧਨ-ਦੌਲਤ ਅਤੇ ਸੱਤਾ ਦੀ ਤਾਕਤ ਦੇ ਜ਼ੋਰ ਬੁਰੀ ਤਰ੍ਹਾਂ ਹਰਾਉਣ 'ਚ ਕਾਮਯਾਬ ਹੋਏ। ਜੋ ਜਿੱਤ ਵੀ ਜਾਂਦੇ ਹਨ ਉਹ ਵੀ ਰਾਜ ਸੱਤਾ ਦੇ ਨਿੰਰਕੁਸ਼ ਦਸਤੂਰ 'ਚ ਚਿੱਬ ਪਾਉਣ 'ਚ ਨਾਕਾਮ ਰਹਿੰਦੇ ਹਨ। ਰਵਾਇਤੀ ਕਮਿਊਨਿਸਟਾਂ ਸਮੇਤ ਭਾਰਤ ਵਿਚ ਬਦਲ ਪੇਸ਼ ਕਰਨ ਦੇ ਦਾਅਵੇਦਾਰ 'ਮੁਤਵਾਜ਼ੀ' ਨੁਮਾਇੰਦਿਆਂ ਵਿਚ ਤਾਂ ਐਨੀ ਇਖ਼ਲਾਕੀ ਰਾਜਨੀਤਕ ਹਿੰਮਤ ਵੀ ਨਹੀਂ ਹੈ ਕਿ ਹਕੂਮਤੀ ਧਿਰ ਵੱਲੋਂ ਮਨਮਾਨੇ ਤਰੀਕੇ ਨਾਲ ਥੋਪੇ ਜਾ ਰਹੇ ਲੋਕ ਵਿਰੋਧੀ ਫ਼ੈਸਲਿਆਂ ਨੂੰ ਨਾ ਰੋਕ ਸਕਣ ਦੀ ਸੂਰਤ 'ਚ ਉਹ ਰੂਸ ਦੇ 'ਬਾਲਸ਼ਵਿਕਾਂ' ਦੀ ਤਰ੍ਹਾਂ ਵਿਧਾਨ-ਸਭਾ/ਸੰਸਦ ਵਿੱਚੋਂ ਸਮੂਹਿਕ ਅਸਤੀਫ਼ੇ ਦੇ ਕੇ ਬਾਹਰ ਆ ਜਾਣ ਅਤੇ ਲੋਕ ਰਾਇ ਦੀ ਨੁਮਾਇੰਦਗੀ ਕਰਦਿਆਂ ਸੜਕਾਂ ਉੱਪਰ ਆ ਕੇ ਹੁਕਮਰਾਨ ਧਿਰ ਦੀਆਂ ਮਨਮਾਨੀਆਂ ਨੂੰ ਪ੍ਰਭਾਵਸ਼ਾਲੀ ਰਾਜਨੀਤਕ ਟੱਕਰ ਦੇਣ। ਸਰਕਾਰ ਨੂੰ ਟੁੱਟਣ ਦੀ ਦਲੀਲ ਦੇ ਕੇ, ਦਰਅਸਲ ਵਿਧਾਇਕੀ ਖ਼ੁੱਸ ਜਾਣ ਦੇ ਡਰੋਂ ਇਹ ਆਪਣੇ ਚੋਣ ਮੈਨੀਫੈਸਟੋ ਨੂੰ ਪੰਜ ਸਾਲ ਲਈ ਠੰਡੇ ਬਸਤੇ 'ਚ ਬੰਦ ਕਰਕੇ ਬੈਠੇ ਦੇਖੇ ਜਾ ਸਕਦੇ ਹਨ।

ਹੁਕਮਰਾਨ ਧਿਰ ਦੇ ਨਿੰਰਕੁਸ਼ ਦਸਤੂਰ ਨੂੰ ਹਕੀਕੀ ਚੁਣੌਤੀ ਹਮੇਸ਼ਾ ਕਿਸੇ ਵਿਰੋਧੀ ਧਿਰ ਨੇ ਨਹੀਂ ਸਗੋਂ ਲੋਕ ਅੰਦੋਲਨਾਂ ਨੇ ਦਿੱਤੀ ਹੈ। ਇੰਦਰਾ ਦੀ ਤਾਨਾਸ਼ਾਹੀ ਵਿਰੁੱਧ 1974 ਦੇ ਇਤਿਹਾਸਕ ਲੋਕ ਉਭਾਰ ਦੇ ਕੇਂਦਰ 'ਚ ਵਿਰੋਧੀ ਧਿਰ ਨਹੀਂ ਸਗੋਂ ਲੋਕਾਂ ਦਾ ਆਪਮੁਹਾਰਾ ਗੁੱਸਾ ਸੀ। ਸ਼ਾਹੀਨ ਬਾਗ਼ ਦੇ ਮੋਰਚੇ ਅਤੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਅੰਦੋਲਨ ਨੇ ਲੋਕ ਰਾਇ ਦੀ ਜਮਹੂਰੀ ਤਾਕਤ ਪ੍ਰਭਾਵਸ਼ਾਲੀ ਤਰੀਕੇ ਨਾਲ ਦਰਸਾਈ ਹੈ। ਮੋਦੀ ਹਕੂਮਤ ਵੱਲੋਂ ਨਾਗਰਿਕਤਾ ਸੋਧ ਕਾਨੂੰਨ ਅਤੇ ਖੇਤੀ ਕਾਨੂੰਨ ਥੋਪੇ ਜਾਣ 'ਤੇ ਪਾਰਲੀਮੈਂਟਰੀ ਵਿਰੋਧੀ ਧਿਰ ਰਸਮੀਂ ਅਸਹਿਮਤੀ ਦੀ ਬੁੜਬੁੜ ਤੋਂ ਅੱਗੇ ਨਹੀਂ ਵਧੀ। ਉਨ੍ਹਾਂ ਦੀ ਅਸਹਿਮਤੀ ਵੀ ਜ਼ਿਆਦਾਤਰ ਰਾਜਨੀਤਕ ਢੌਂਗ ਸੀ। ਬੁੱਧੀਜੀਵੀ, ਵਿਦਿਆਰਥੀ, ਕੁਝ ਭਾਈਚਾਰਕ ਸੰਸਥਾਵਾਂ ਅਤੇ ਲੋਕ ਜਥੇਬੰਦੀਆਂ ਇਨ੍ਹਾਂ ਫਾਸ਼ੀਵਾਦੀ ਫ਼ਰਮਾਨਾਂ ਵਿਰੁੱਧ ਸੜਕਾਂ ਉੱਪਰ ਅਣਮਿੱਥੇ ਸਮੇਂ ਦੇ ਮੋਰਚੇ ਲਗਾ ਕੇ ਡੱਟ ਗਏ ਅਤੇ ਕਥਿਤ ਵਿਰੋਧੀ-ਧਿਰ ਨੂੰ ਆਪਣੀ ਹਮਾਇਤ 'ਚ ਬਿਆਨ ਦੇਣ ਲਈ ਮਜਬੂਰ ਕੀਤਾ। ਸ਼ਾਹੀਨ ਬਾਗ਼ ਮੋਰਚਾ ਫਾਸ਼ੀਵਾਦੀ ਕਾਨੂੰਨ ਵਿਰੁੱਧ ਲੋਕ ਰਾਇ ਉਸਾਰਨ ਦਾ ਮਹੱਤਵਪੂਰਨ ਜ਼ਰੀਆ ਬਣਿਆ। ਕਿਸਾਨ ਅੰਦੋਲਨ 'ਚ ਮੁਤਵਾਜ਼ੀ ਕਿਸਾਨ ਸੰਸਦ ਦੇ ਦਬਾਓ ਨਾਲ ਵਿਰੋਧੀ-ਧਿਰ ਦੇ ਸੰਸਦ ਮੈਂਬਰ ਕਿਸਾਨ ਵ੍ਹਿਪ ਲਾਗੂ ਕਰਨ ਲਈ ਮਜਬੂਰ ਹੋਏ। ਪੰਜਾਬ ਅਤੇ ਹਰਿਆਣਾ ਵਿਚ ਕਿਸਾਨ ਜਥੇਬੰਦੀਆਂ ਨੇ ਰਾਜਨੀਤਕ ਪਾਰਟੀਆਂ ਦੀ ਚੋਣਾਂ ਦੀ ਲਾਲਸਾ ਨੂੰ ਕਈ ਮਹੀਨੇ ਪ੍ਰਭਾਵਸ਼ਾਲੀ ਤਰੀਕੇ ਨਾਲ ਲਗਾਮ ਪਾਈ ਰੱਖੀ। ਸੱਤਾਧਾਰੀ ਆਰ.ਐੱਸ.ਐੱਸ.-ਬੀ.ਜੇ.ਪੀ. ਨੂੰ ਪੰਜਾਬ ਦੇ ਨਾਲ-ਨਾਲ ਹਰਿਆਣਾ ਅਤੇ ਪੱਛਮੀ ਯੂ.ਪੀ. 'ਚ ਵੀ ਤਿੱਖੇ ਲੋਕ ਵਿਰੋਧ ਦਾ ਸਾਹਮਣਾ ਕਰਨਾ ਪਿਆ। ਸਮਾਜੀ ਤਰੱਕੀ ਦਾ ਰਾਹ ਰੋਕੀ ਬੈਠੇ ਸੜਿਆਂਦ ਮਾਰਦੇ ਰਾਜਨੀਤਕ ਦਸਤੂਰ ਦੇ ਮੁਕਾਬਲੇ ਸੱਚੇ ਲੋਕਤੰਤਰੀ ਮੁੱਲਾਂ ਦੀਆਂ ਕਰੂੰਬਲਾਂ ਐਸੇ ਇਤਿਹਾਸ ਰਚੇਤਾ ਅੰਦੋਲਨਾਂ 'ਚ ਹੀ ਫੁੱਟਦੀਆਂ ਹਨ। ਜੇ ਐਸੇ ਲੋਕ ਅੰਦੋਲਨ ਯੁਗ ਪਲਟਾਊ ਰਾਜਨੀਤਕ ਉੱਥਲ-ਪੁੱਥਲ 'ਚ ਵਟ ਜਾਣ ਅਤੇ ਇਨ੍ਹਾਂ ਦੀ ਅਗਵਾਈ ਕਰਦਿਆਂ ਇਕ ਕਾਬਿਲ ਸਮਰਪਿਤ ਲੀਡਰਸ਼ਿਪ ਉੱਭਰ ਜਾਵੇ ਤਾਂ ਸੱਤਾ ਦੇ ਪੁਰਾਣੇ ਢਾਂਚੇ ਤਹਿਸ-ਨਹਿਸ ਕਰ ਦਿੱਤੇ ਜਾਂਦੇ ਹਨ ਅਤੇ ਸਮਾਜੀ ਕਾਇਆਪਲਟੀ ਦਾ ਅਮਲ ਚੱਲਦਾ ਹੈ।

ਭਾਰਤ ਦਾ ਰਾਜ ਢਾਂਚਾ ਅਤੇ ਇਸ ਦੀ ਚੋਣ ਪ੍ਰਣਾਲੀ ਐਸੀ ਸੜਿਆਂਦ ਮਾਰਦੀ ਰਾਜਸੀ ਮਰਜ਼ ਬਣ ਚੁੱਕੀ ਹੈ ਜਿਸ ਦਾ ਇਲਾਜ ਕਿਸੇ ਯੁਗ ਪਲਟਾਊ ਰਾਜਨੀਤਕ ਅੰਦੋਲਨ ਤੋਂ ਬਗ਼ੈਰ ਸੰਭਵ ਨਹੀਂ ਹੈ। ਕੁਝ 'ਚੰਗੇ ਬੰਦਿਆਂ' ਨੂੰ ਚੁਣ ਕੇ ਭੇਜਣ ਜਾਂ ਐਸੇ ਬੰਦਿਆਂ 'ਤੇ ਆਧਾਰਿਤ ਪਾਰਟੀ ਦੀ ਸਰਕਾਰ ਬਣ ਜਾਣ ਨਾਲ ਮਾਮੂਲੀ ਮਹੱਤਵ ਵਾਲੀ ਆਰਜ਼ੀ ਰਾਹਤ ਤਾਂ ਮਿਲ ਸਕਦੀ ਹੈ ਲੇਕਿਨ ਇਸ ਨਾਲ ਮੁਲਕ ਦੀ ਦੱਬੀਕੁਚਲੀ ਅਤੇ ਬੁਰੀ ਤਰ੍ਹਾਂ ਪਿਸ ਰਹੀ ਬੇਵੱਸ ਲੋਕਾਈ ਨੂੰ ਮੁੱਖਧਾਰਾਈ ਰਾਜਨੀਤਕ ਮਾਫ਼ੀਆ ਤੋਂ ਆਜ਼ਾਦ ਕਰਵਾ ਕੇ ਮੁਲਕ ਨੂੰ ਸੱਚੇ ਵਿਕਾਸ ਦੇ ਮਾਰਗ ਉੱਪਰ ਨਹੀਂ ਤੋਰਿਆ ਜਾ ਸਕਦਾ। ਕੇਰਲਾ, ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਿਚ ਰਵਾਇਤੀ ਕਮਿਊਨਿਸਟ ਪਾਰਟੀਆਂ ਦੀ ਅਗਵਾਈ ਹੇਠ ਦਹਾਕਿਆਂ ਤੱਕ ਰਹੀਆਂ ਖੱਬੇ ਮੋਰਚੇ ਦੀਆਂ ਸਰਕਾਰਾਂ ਦੇ ਤਜ਼ਰਬੇ ਇਸ ਦੇ ਗਵਾਹ ਹਨ। ਵਿਧਾਇਕ ਅਤੇ ਸੰਸਦ ਮੈਂਬਰ ਚੁਣੇ ਜਾਣ ਵਾਲੇ ਦਲਿਤ ਅਤੇ ਆਦਿਵਾਸੀ ਆਗੂਆਂ ਦੀ ਕਾਰਗੁਜ਼ਾਰੀ ਵੀ ਸਭ ਦੇ ਸਾਹਮਣੇ ਹੈ।

ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ 'ਚ ਲੜੇ ਗਏ ਸੰਘਰਸ਼ ਨੇ ਭਵਿੱਖ 'ਚ ਕਿਸੇ ਵੱਡੇ ਰਾਜਨੀਤਕ ਅੰਦੋਲਨ ਦੀ ਉਠਾਣ ਲਈ ਮੁੱਢਲੇ ਹਾਲਾਤ ਬਣਾ ਦਿੱਤੇ ਸਨ। ਸੱਚਾ ਬਦਲਾਓ ਚਾਹੁੰਦੀਆਂ ਰਾਜਨੀਤਕ ਤਾਕਤਾਂ ਨੇ ਇਨ੍ਹਾਂ ਹਾਲਾਤ ਦਾ ਲਾਹਾ ਲੈ ਕੇ ਲੋਕਾਂ ਨੂੰ ਰਾਜਨੀਤਕ ਤੌਰ 'ਤੇ ਲਾਮਬੰਦ ਕਰਨ ਲਈ ਨਾ ਕੋਈ ਠੋਸ ਵਿਉਂਤਬੰਦੀ ਕੀਤੀ ਅਤੇ ਨਾ ਇਸ ਪਾਸੇ ਕੋਈ ਖ਼ਾਸ ਯਤਨ ਕੀਤੇ। ਕੁਝ ਹਿੱਸੇ ਮਹਾਂਅੰਦੋਲਨ 'ਚ ਆਪੋ ਆਪਣੇ ਰਾਜਨੀਤਕ ਏਜੰਡੇ ਘੁਸੇੜਨ ਦੀਆਂ ਸਾਜ਼ਿਸ਼ਨੁਮਾ ਕੋਸ਼ਿਸ਼ਾਂ 'ਚ ਜੁੱਟੇ ਰਹੇ ਅਤੇ ਬਾਕੀ ਹਿੱਸਿਆਂ ਨੇ ਆਪਣੀ ਸਾਰੀ ਤਾਕਤ ਮੋਰਚੇ ਨੂੰ ਕਾਮਯਾਬ ਬਣਾਉਣ ਤੱਕ ਸੀਮਤ ਕਰ ਦਿੱਤੀ। ਮੋਰਚੇ ਨੂੰ ਕਾਮਯਾਬ ਬਣਾਉਣਾ ਜ਼ਰੂਰੀ ਸੀ ਲੇਕਿਨ ਇਸ ਦੇ ਨਾਲ ਨਾਲ ਲੋਕਾਂ ਨੂੰ ਰਾਜਨੀਤਕ ਮੰਚ ਤੋਂ ਰਾਜਨੀਤਕ ਤਬਦੀਲੀ ਲਈ ਤਿਆਰ ਕਰਨ ਲਈ ਸਿਲਸਿਲੇਵਾਰ ਯਤਨ ਜੁਟਾਉਣੇ ਵੀ ਜ਼ਰੂਰੀ ਸਨ। ਇਸ ਦੌਰਾਨ ਬਦਲਾਓ ਦੇ ਝੰਡਾਬਰਦਾਰ ਕਿਸਾਨੀ ਦੇ ਨਾਲ ਨਾਲ ਬਾਕੀ ਹਿੱਸਿਆਂ ਨੂੰ ਲਾਮਬੰਦ ਕਰਨ ਲਈ ਰਾਜਨੀਤਕ ਕੰਮ ਕਰ ਸਕਦੇ ਸਨ ਲੇਕਿਨ ਐਸੇ ਸੁਚੇਤ ਯਤਨ ਬੱਝਵੇਂ ਤੌਰ 'ਤੇ ਨਹੀਂ ਹੋਏ। ਇਸੇ ਦੌਰਾਨ, ਕਿਸਾਨ ਆਗੂਆਂ ਦੇ ਇਕ ਹਿੱਸੇ ਨੇ ਲੋਕਾਂ 'ਚ ਮਿਲੇ ਮਾਣ-ਤਾਣ ਨੂੰ ਸੱਤਾ 'ਚ ਹਿੱਸੇਦਾਰੀ ਦੀ ਪੌੜੀ ਬਣਾ ਕੇ ਵਰਤਣ ਦੀ ਰਾਜਨੀਤਕ ਲਾਲਸਾ ਪਾਲਣੀ ਸ਼ੁਰੂ ਕਰ ਦਿੱਤੀ ਅਤੇ ਇਸ ਨੂੰ ਲੋਕਾਂ ਦੇ ਦਬਾਓ ਦੇ ਨਾਂ 'ਤੇ ਪਰੋਸਣਾ ਸ਼ੁਰੂ ਕਰ ਦਿੱਤਾ। ਨਤੀਜਾ ਇਹ ਹੋਇਆ ਕਿ ਜੋ ਇਤਿਹਾਸਕ ਭੂਮਿਕਾ ਉਹ ਭਵਿੱਖ 'ਚ ਹੋਰ ਵਿਸ਼ਾਲ ਸੰਘਰਸ਼ ਉਸਾਰਨ 'ਚ ਨਿਭਾ ਸਕਦੇ ਸਨ ਉਸ ਸੰਭਾਵਨਾ ਦਾ ਉਨ੍ਹਾਂ ਨੇ ਖ਼ੁਦ ਹੀ ਗਰਭਪਾਤ ਕਰ ਲਿਆ। ਸੰਯੁਕਤ ਮੋਰਚੇ ਦਾ ਉਹ ਪਹਿਲਾਂ ਜਾਹੋ-ਜਲਾਲ, ਵਿਆਪਕ ਰਸੂਖ਼ ਅਤੇ ਦਬਾਓ ਨਹੀਂ ਰਿਹਾ। ਸੰਯੁਕਤ ਸਮਾਜ ਮੋਰਚਾ ਬਣਾਉਣ ਵਾਲਿਆਂ 'ਚ ਵੀ ਚੋਣਾਂ ਵਿਚ ਕੋਈ ਪ੍ਰਭਾਵਸ਼ਾਲੀ ਰਾਜਨੀਤਕ ਕਾਰਗੁਜ਼ਾਰੀ ਦਿਖਾ ਸਕਣ ਦੀ ਤਾਕਤ ਨਹੀਂ ਹੈ। ਨੇੜ ਭਵਿੱਖ 'ਚ ਰਾਜਨੀਤਕ ਸੰਭਾਵਨਾਵਾਂ ਵਾਲੇ ਅੰਦੋਲਨ ਦੇ ਉੱਠਣ ਲਈ ਸਾਜ਼ਗਾਰ ਹਾਲਾਤ ਇਕ ਵਾਰ ਫਿਰ ਸੌੜੀਆਂ ਚੋਣ ਗਿਣਤੀਆਂ-ਮਿਣਤੀਆਂ ਦੀ ਭੇਟ ਚੜ੍ਹ ਗਏ ਹਨ।

ਚੋਣਾਂ ਹੋ ਜਾਣਗੀਆਂ, ਸਮਾਜ ਦੇ ਅਸਲ ਮਸਲਿਆਂ ਲਈ ਸਾਂਝਾ ਸੰਘਰਸ਼ ਲੜਨ ਦੀ ਜ਼ਰੂਰਤ ਹੋਰ ਵੀ ਜ਼ੋਰਦਾਰ ਰੂਪ 'ਚ ਮਹਿਸੂਸ ਹੋਵੇਗੀ। ਜੇ ਚੋਣਾਂ ਲੜਨ ਵਾਲੇ ਅਤੇ ਚੋਣਾਂ ਤੋਂ ਬਾਹਰ ਰਹਿਣ ਵਾਲੇ ਹਿੱਸੇ ਪੰਜਾਬ ਸਮੇਤ ਭਾਰਤ ਦੇ ਲੋਕ ਹਿਤਾਂ ਨੂੰ ਮੁੱਖ ਰੱਖਦਿਆਂ ਸੰਯੁਕਤ ਮੋਰਚੇ ਨੂੰ ਬਰਕਰਾਰ ਰੱਖਣ ਦੀ ਸੱਚੀ ਭਾਵਨਾ ਤਹਿਤ ਹਾਲੀਆ ਘਟਨਾਕ੍ਰਮ ਬਾਰੇ ਸੰਜੀਦਗੀ ਨਾਲ ਮੁੜ ਵਿਚਾਰ ਕਰਨ ਲਈ ਸਿਰ ਜੋੜ ਕੇ ਬੈਠਣ ਤਾਂ ਅਜੇ ਵੀ ਬਹੁਤ ਕੁਝ ਬਚਾਇਆ ਜਾ ਸਕਦਾ ਹੈ।

# ਨਫ਼ਰਤ ਦੇ ਸੌਦਾਗਰ ਦਾ ਸੁਰੱਖਿਆ 'ਚ ਸੰਨ੍ਹ ਦਾ ਝੂਠਾ ਬਿਰਤਾਂਤ

(ਸਫ਼ਾ 3 ਦੀ ਬਾਕੀ)

ਜਾਣ ਦਾ ਪ੍ਰੋਗਰਾਮ ਤੈਅ ਕੀਤਾ ਗਿਆ ਅਤੇ ਵਿਸ਼ੇਸ਼ ਗੱਡੀਆਂ ਦੇ ਕਾਫ਼ਲੇ ਰਾਹੀਂ 106 ਕਿਲੋਮੀਟਰ ਸਫ਼ਰ ਸ਼ੁਰੂ ਕੀਤਾ ਗਿਆ। ਮੋਦੀ ਸਰਕਾਰ ਵੱਲੋਂ ਪਿਛੇ ਜਹੇ ਪਾਕਿਸਤਾਨ ਨਾਲ ਲੱਗਦੀ ਸਰਹੱਦ ਉੱਪਰ ਬੀ.ਐੱਸ.ਐੱਫ. ਦਾ ਅਧਿਕਾਰ-ਖੇਤਰ 15 ਕਿਲੋਮੀਟਰ ਤੋਂ 50 ਕਿਲੋਮੀਟਰ ਤੱਕ ਵਧਾ ਲੈਣ ਕਰਕੇ ਇਹ ਇਲਾਕਾ ਪਹਿਲਾਂ ਹੀ ਕੇਂਦਰੀ ਗ੍ਰਹਿ ਮੰਤਰਾਲੇ ਦੇ ਕੰਟਰੋਲ ਹੇਠ ਹੈ। ਜਦੋਂ ਪਹਿਲਾਂ ਹੀ ਕਿਸਾਨ ਜਥੇਬੰਦੀਆਂ ਨੇ ਮੋਦੀ ਦੀ ਆਮਦ ਅਤੇ ਰੈਲੀ 'ਚ ਸ਼ਾਮਲ ਹੋਣ ਵਾਲੇ ਭਾਜਪਾਈਆਂ ਦਾ ਵਿਰੋਧ ਕਰਨ ਦਾ ਪ੍ਰੋਗਰਾਮ ਐਲਾਨ ਕੀਤਾ ਹੋਇਆ ਸੀ ਅਤੇ ਕੁਝ ਥਾਵਾਂ ਉੱਪਰ ਕਿਸਾਨ ਕਾਫ਼ਲੇ ਇਕ ਦਿਨ ਪਹਿਲਾਂ ਹੀ ਸੜਕਾਂ ਉੱਪਰ ਆ ਬੈਠੇ ਸਨ ਅਤੇ ਉਨ੍ਹਾਂ ਨੇ ਸਵੇਰ ਤੋਂ ਹੀ ਫ਼ਿਰੋਜ਼ਪੁਰ ਨੂੰ ਜਾਂਦੀਆਂ ਮੁੱਖ ਸੜਕਾਂ ਉੱਪਰ ਧਰਨੇ ਲਗਾ ਦਿੱਤੇ ਸਨ ਤਾਂ ਪਲ ਪਲ ਦੀ ਰਿਪੋਰਟ ਰੱਖ ਰਹੀਆਂ ਕੇਂਦਰੀ ਖ਼ੁਫ਼ੀਆ ਏਜੰਸੀਆਂ ਮੋਦੀ ਦੇ ਕਾਫ਼ਲੇ ਨੂੰ ਉਸ ਰੂਟ ਉੱਪਰ ਕਿਉਂ ਲੈ ਕੇ ਗਈਆਂ। ਐਸਾ ਰੂਟ ਕਿਉਂ ਨਹੀਂ ਚੁਣਿਆ ਗਿਆ ਜਿੱਥੇ ਸੜਕ ਜਾਮ ਨਹੀਂ ਸੀ ਜਾਂ ਜਾਮ ਦੀ ਅਗਾਊਂ ਜਾਣਕਾਰੀ ਦੇ ਆਧਾਰ 'ਤੇ ਰੂਟ ਤਬਦੀਲ ਕੀਤਾ ਜਾ ਸਕਦਾ ਸੀ। ਲਿਹਾਜ਼ਾ, ਕਥਿਤ ਕੋਤਾਹੀ ਦੀ ਮੁੱਖ ਜ਼ਿੰਮੇਵਾਰੀ ਕੇਂਦਰੀ ਗ੍ਰਹਿ ਮੰਤਰਾਲੇ ਦੀ ਬਣਦੀ ਹੈ। ਪਰ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਸਥਾਨਕ ਪੁਲਿਸ ਅਧਿਕਾਰੀਆਂ ਸਿਰ ਸੁੱਟ ਕੇ 'ਜਾਨ ਬਚ ਗਈ' ਦਾ ਹਊਆ ਖੜ੍ਹਾ ਕਰਨ ਦਾ ਨਿਸ਼ਾਨਾ ਹੋਰ ਹੈ। ਇਹ ਪੰਜਾਬ ਵਿਚ ਮੁੱਖ ਰਾਜਨੀਤਕ ਸ਼ਰੀਕ ਕਾਂਗਰਸ ਪਾਰਟੀ ਨੂੰ ਘੇਰਨ ਅਤੇ ਇਸ ਘਟਨਾਕ੍ਰਮ ਦਾ ਲਾਹਾ ਬਾਕੀ ਮੁਲਕ 'ਚ ਹਮਦਰਦੀ ਬਟੋਰਨ ਲਈ ਲੈਣ ਦੀ ਘਿਨਾਉਣੀ ਰਾਜਨੀਤਕ ਚਾਲ ਤੋਂ ਸਿਵਾਏ ਕੁਝ ਨਹੀਂ ਹੈ। ਦਿੱਲੀ, ਯੂ.ਪੀ ਵਗੈਰਾ 'ਚ ਸੜਕੀ ਸਫ਼ਰ ਦੌਰਾਨ ਕੁਝ ਮੌਕਿਆਂ 'ਤੇ ਮੋਦੀ ਦਾ ਕਾਫ਼ਲਾ ਪਹਿਲਾਂ ਵੀ ਜਾਮ ਵਿਚ ਫਸਦਾ ਰਿਹਾ ਹੈ, ਉਦੋਂ ਇਸ ਨੂੰ ਮੋਦੀ ਦੀ ਵਡੱਤਣ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ ਕਿ ਦੇਖੋ ਪ੍ਰਧਾਨ ਮੰਤਰੀ 'ਵੀ.ਆਈ.ਪੀ.ਕਲਚਰ' ਨੂੰ ਤੋੜ ਕੇ ਆਮ ਆਦਮੀ ਵਾਂਗ ਵਿਚਰਦਾ ਹੈ। ਪੰਜਾਬ ਦੇ ਮਾਮਲੇ 'ਚ ਇਸ ਨੂੰ ਫ਼ਿਰਕੂ ਪਾਲਾਬੰਦੀ ਦਾ ਸੰਦ ਬਣਾ ਲਿਆ। ਕੈਪਟਨ ਅਮਰਿੰਦਰ ਨੂੰ ਵੀ ਹੁਣ ਨਵਾਂ ਬਹਾਨਾ ਮਿਲ ਗਿਆ ਹੈ ਜੋ ਪੰਜਾਬ ਦੀ ਸੱਤਾ ਤੋਂ ਲਾਂਭੇ ਕੀਤੇ ਜਾਣ ਦੇ ਸਮੇਂ ਤੋਂ ਹੀ 'ਰਾਸ਼ਟਰ ਦੀ ਸੁਰੱਖਿਆ ਨੂੰ ਖ਼ਤਰੇ' ਦੀ ਦੁਹਾਈ ਦੇਣ 'ਚ ਜੁੱਟਿਆ ਹੋਇਆ ਹੈ।

ਕਾਮਯਾਬ ਹੋਣ ਦੀ ਸੂਰਤ 'ਚ ਫ਼ਿਰੋਜ਼ਪੁਰ ਰੈਲੀ ਨੂੰ ਮੋਦੀ ਅਤੇ ਉਸ ਦੀਆਂ ਨੀਤੀਆਂ ਦੀ ਹਰਮਨਪਿਆਰਤਾ ਵਜੋਂ ਪ੍ਰਚਾਰ ਕੇ ਬਾਕੀ ਰਾਜਾਂ ਵਿਚ ਬੀ.ਜੇ.ਪੀ. ਸਰਕਾਰਾਂ ਵਿਰੁੱਧ ਫੈਲੀ ਵਿਆਪਕ ਅਸੰਤੁਸ਼ਟੀ ਨੂੰ ਬੇਅਸਰ ਕਰਨ ਲਈ ਵਰਤਿਆ ਜਾਣਾ ਸੀ। ਅਸਫ਼ਲਤਾ ਦੀ ਨਮੋਸ਼ੀ ਦਾ ਬਦਲਾ ਲੈਣ ਲਈ ਸ਼ਾਤਰ ਦਿਮਾਗਾਂ ਨੇ ਬੇਰੰਗ ਵਾਪਸੀ ਨੂੰ ਪੰਜਾਬ ਵਿਰੁੱਧ ਨਫ਼ਰਤ ਭੜਕਾਉਣ ਦਾ ਹਥਿਆਰ ਬਣਾ ਲਿਆ। 106 ਕਿਲੋਮੀਟਰ ਦੇ ਪੈਂਡੇ ਅਤੇ 15-20 ਮਿੰਟ ਫਲਾਈਓਵਰ ਉੱਪਰ ਲੱਗੇ ਜਾਮ ਦੇ ਨੇੜੇ ਰੁਕਣ ਦੌਰਾਨ ਕਿਸੇ ਵੀ ਤਰ੍ਹਾਂ ਦੀ ਕੋਈ ਹਿੰਸਕ ਜਾਂ ਸ਼ਰਾਰਤਪੂਰਨ ਹਰਕਤ ਨਹੀਂ ਹੋਈ। ਕੋਈ ਮੁਜ਼ਾਹਰਾਕਾਰੀ ਉਸ ਦੇ ਕਾਫ਼ਲੇ ਦੇ ਨੇੜੇ ਨਹੀਂ ਗਿਆ, ਸਿਰਫ਼ ਬੀ.ਜੇ.ਪੀ. ਦੇ ਝੰਡੇ ਚੁੱਕੀ ਮੋਦੀ ਭਗਤ ਹੀ ਉਸ ਦੀ ਗੱਡੀ ਦੇ ਨੇੜੇ 'ਜ਼ਿੰਦਾਬਾਦ', 'ਮੋਦੀ-ਮੋਦੀ' ਕਰ ਰਹੇ ਸਨ। ਵੀਡੀਓ ਕਲਿੱਪ ਤੋਂ ਪੰਜਾਬ ਭਾਜਪਾ ਦੇ ਉਸ ਵਰਕਰ ਦੀ ਪਛਾਣ ਵੀ ਹੋ ਗਈ ਜਿਸ ਦੀਆਂ ਤਸਵੀਰਾਂ ਅਜੈ ਮਿਸ਼ਰਾ ਟੈਨੀ ਅਤੇ ਹੋਰ ਬੀ.ਜੇ.ਪੀ. ਆਗੂਆਂ ਨਾਲ ਮੌਜੂਦ ਹਨ। ਜ਼ਾਹਿਰ ਹੈ ਕਿ ਸੁਰੱਖਿਆ ਦਾ ਚੀਕ-ਚਿਹਾੜਾ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਨਿਰੋਲ ਰਾਜਨੀਤਕ ਸਟੰਟ ਹੈ। ਜਾਂਚ ਤਾਂ ਇਹ ਹੋਣੀ ਚਾਹੀਦੀ ਹੈ ਕਿ ਇਸ ਭਾਜਪਾਈ ਹਜੂਮ ਨੂੰ ਉੱਥੇ ਕਿਸ ਵੱਲੋਂ ਲਿਆਂਦਾ ਗਿਆ।

ਤਾਨਾਸ਼ਾਹ ਹੁਕਮਰਾਨ ਆਪਣੇ ਹੀ ਪ੍ਰਛਾਵੇਂ ਤੋਂ ਵੀ ਤ੍ਰਭਕਦਾ ਹੈ। ਉੱਘੇ ਸਾਹਿਤਕਾਰ ਹਰੀਸ਼ੰਕਰ ਪ੍ਰਸਾਈ ਦਾ ਕਥਨ ਹੈ - "ਤਾਨਾਸ਼ਾਹ ਇਕ ਡਰਪੋਕ ਆਦਮੀ ਹੁੰਦਾ ਹੈ। ਜੇ ਪੰਜ ਗਧੇ ਵੀ ਨੇੜੇ ਤੇੜੇ ਘਾਹ ਚਰ ਰਹੇ ਹੋਣ ਤਾਂ ਤਾਨਾਸ਼ਾਹ ਨੂੰ ਡਰ ਪੈ ਜਾਂਦਾ ਹੈ ਕਿ ਗਧੇ ਵੀ ਮੇਰੇ ਖ਼ਿਲਾਫ਼ ਸਾਜ਼ਿਸ਼ ਕਰ ਰਹੇ ਹਨ।" ਸ਼ਾਇਦ ਮੋਦੀ ਨੂੰ ਆਪਣੇ ਕਾਰਿਆਂ ਦਾ ਡਰ ਵੀ ਸਤਾ ਰਿਹਾ ਹੋਵੇ। ਹੋਛੀ ਵਡਿਆਈ ਦੇ ਭੁੱਖੇ 'ਕਰੋੜਾਂ ਭਗਤਾਂ ਦੇ ਹਿਰਦੈ ਸਮਰਾਟ' ਦੀ ਹਉਮੈ ਉੱਪਰ ਖਾਲੀ ਪੰਡਾਲ ਬਹੁਤ ਵੱਡੀ ਸੱਟ ਵੀ ਸੀ। ਮੋਦੀ ਵੱਲੋਂ ਬਠਿੰਡਾ ਏਅਰ ਪੋਰਟ ਦੇ ਅਧਿਕਾਰੀਆਂ ਨੂੰ 'ਅਪਨੇ ਸੀ.ਐੱਮ. ਕੋ ਥੈਂਕਸ ਕਹਿਨਾ ਕਿ ਬਠਿੰਡਾ ਏਅਰ ਪੋਰਟ ਤੱਕ ਜ਼ਿੰਦਾ ਲੌਟ ਆਇਆ ਹੂੰ" ਦਾ ਮਿਹਣਾ ਮਾਰਨਾ ਕਿਸਾਨ ਅੰਦੋਲਨ ਰਾਹੀਂ ਪੂਰੇ ਮੁਲਕ 'ਚ ਪੰਜਾਬੀਆਂ ਦੇ ਬਣੇ ਵਧੀਆ ਅਕਸ ਨੂੰ ਢਾਹ ਲਾਉਣ ਅਤੇ ਡਰ ਪੈਦਾ ਕਰਨ ਦੀ ਮਨਸ਼ਾ ਨਾਲ ਜ਼ਹਿਰੀਲਾ ਮਾਹੌਲ ਭੜਕਾਉਣ ਲਈ ਸੁੱਟੀ ਬੇਹੱਦ ਖ਼ਤਰਨਾਕ ਫ਼ਿਰਕੂ ਤੀਲੀ ਹੈ। ਮੋਦੀ ਦਾ ਇਹ ਮਿਹਣਾ ਸ਼ੱਕੀ ਕਿਰਦਾਰ ਵਾਲੀ ਖ਼ਬਰ ਏਜੰਸੀ 'ਆਈ.ਐੱਨ.ਏ.' ਦੇ ਹਵਾਲੇ ਨਾਲ ਪ੍ਰਚਾਰਿਆ ਗਿਆ, ਜਿਸ ਨੂੰ ਬੀ.ਜੇ.ਪੀ. ਦੇ ਅਧਿਕਾਰਕ ਬੁਲਾਰਿਆਂ ਨੇ ਰੱਦ ਨਹੀਂ ਕੀਤਾ। ਇਸ ਦਾ ਭਾਵ ਹੈ ਕਿ ਇਹ ਸੁਰੱਖਿਆ 'ਚ ਕੋਤਾਹੀ ਦੇ ਬਹਾਨੇ ਹਮਦਰਦੀ ਬਟੋਰਨ ਲਈ ਗਿਣ-ਮਿਥ ਕੇ ਬੋਲਿਆ ਝੂਠ ਸੀ।

ਪੱਛਮੀ ਯੂ.ਪੀ. 'ਚ ਸਿੱਖ/ਪੰਜਾਬੀ ਕਿਸਾਨਾਂ ਦੀ ਅਗਵਾਈ ਹੇਠ ਉੱਠੇ ਕਿਸਾਨ ਉਭਾਰ ਨੇ ਯੂ.ਪੀ. ਅਤੇ ਉਤਰਖੰਡ ਵਿਚ ਅਤੇ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦੀ ਸੰਗਰਾਮੀ ਜੋਟੀ ਦੇ ਨਿੱਗਰ ਸੰਦੇਸ਼ ਨੇ ਪੂਰੇ ਮੁਲਕ 'ਚ ਭਾਈਚਾਰਕ ਸਾਂਝ ਨੂੰ ਹੁਲਾਰਾ ਦੇ ਕੇ ਆਰ.ਐੱਸ.ਐੱਸ.-ਬੀ.ਜੇ.ਪੀ. ਦੇ ਫ਼ਿਰਕੂ ਪ੍ਰੋਜੈਕਟ ਨੂੰ ਤਕੜੀ ਸੱਟ ਮਾਰੀ ਹੈ। 'ਮਸਾਂ ਜਾਨ ਬਚੀ' ਦਾ ਡਰ ਪੈਦਾ ਕਰਕੇ ਗ਼ੈਰਪੰਜਾਬੀ ਲੋਕਾਂ 'ਚ ਪੰਜਾਬੀਆਂ, ਖ਼ਾਸ ਕਰਕੇ ਸਿੱਖ ਭਾਈਚਾਰੇ ਬਾਰੇ 1980ਵਿਆਂ ਵਾਲਾ ਖ਼ਤਰਨਾਕ ਬਿਰਤਾਂਤ ਸਿਰਜਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਾਲਤੂ ਚੈਨਲਾਂ ਸਮੇਤ ਗੋਦੀ ਮੀਡੀਆ ਅਤੇ ਭਗਵੇਂ ਆਈ.ਟੀ. ਸੈੱਲ ਵੱਲੋਂ ਸਿਰਜੇ ਜਾ ਰਹੇ ਜ਼ਹਿਰੀਲੇ ਬਿਰਤਾਂਤ ਅਤੇ "1984 ਦੁਹਰਾਉਣ" ਦੀਆਂ ਧਮਕੀ ਭਰੀਆਂ ਪੋਸਟਾਂ ਤੋਂ ਇਹ ਸਾਫ਼ ਦੇਖਿਆ ਜਾ ਸਕਦਾ ਹੈ। ਪਿਛਲੇ ਸਾਲ ਨਵੰਬਰ 'ਚ ਦਿੱਲੀ ਦੀਆਂ ਹੱਦਾਂ ਉੱਪਰ ਪੱਕੇ ਕਿਸਾਨ ਮੋਰਚੇ ਲਗਾਏ ਜਾਣ ਤੋਂ ਲੈ ਕੇ ਪੰਜਾਬ ਦੇ ਕਿਸਾਨਾਂ ਨੂੰ ਅੱਤਵਾਦੀ, ਖ਼ਾਲਸਤਾਨੀ, ਮਾਓਵਾਦੀ, ਅੰਦੋਲਨਜੀਵੀ ਆਦਿ ਦਾ ਠੱਪਾ ਲਗਾ ਕੇ ਬਦਨਾਮ ਕਰਨ ਦੀ ਕੋਸ਼ਿਸ਼ ਖ਼ੁਦ ਮੋਦੀ ਵੱਲੋਂ ਅਤੇ ਉਸ ਦੀ ਵਜ਼ਾਰਤ ਵੱਲੋਂ ਸਿੱਧੇ ਤੌਰ 'ਤੇ ਲਗਾਤਾਰ ਕੀਤੀ ਜਾਂਦੀ ਰਹੀ ਹੈ। ਰੈਲੀ ਦੀ ਅਸਫ਼ਲਤਾ ਨਾਲ ਪੰਜਾਬ ਦੇ ਭਗਵੇਂ ਕੈਂਪ 'ਚ ਮਾਯੂਸੀ ਸਿਰਫ਼ ਇਕ ਪਾਸਾ ਹੈ। ਦੂਜਾ ਪਾਸਾ ਵਧੇਰੇ ਤਵੱਜੋ ਦੇਣ ਦੀ ਮੰਗ ਕਰਦਾ ਹੈ। ਰੈਲੀ ਦੀ ਤਿਆਰੀ ਅਤੇ ਅਸਫ਼ਲਤਾ ਨਾਲ ਆਰ.ਐੱਸ.ਐੱਸ.-ਬੀ.ਜੇ.ਪੀ. ਲੋਕਾਂ ਦੇ ਇਕ ਹਿੱਸੇ 'ਚ ਆਪਣਾ ਪਾਟਕ ਪਾਊ ਸੰਦੇਸ਼ ਲੈ ਕੇ ਜਾਣ 'ਚ ਕਾਮਯਾਬ ਹੋਈ ਹੈ। ਖ਼ਤਰਨਾਕ ਵਿਚਾਰਧਾਰਾ ਨੂੰ ਨਜ਼ਰਅੰਦਾਜ਼ ਕਰਕੇ ਸੱਤਾ ਦੀ ਲਾਲਸਾ ਰੱਖਦੇ ਖ਼ੁਦਗਰਜ਼ ਅਨਸਰ ਸੰਘ ਬ੍ਰਗੇਡ 'ਚ ਸ਼ਾਮਲ ਹੋਣ ਲਈ ਬੁਰੀ ਤਰ੍ਹਾਂ ਤਰਲੋਮੱਛੀ ਹੋ ਰਹੇ ਹਨ। ਇਨ੍ਹਾਂ ਅਨਸਰਾਂ ਦਾ ਚਾਹੇ ਖ਼ਾਸ ਜਨਤਕ ਰਸੂਖ਼ ਨਹੀਂ ਹੈ, ਪਰ ਇਹ ਰਾਜਨੀਤਕ ਤੌਰ 'ਤੇ ਆਮ ਲੋਕਾਂ 'ਚ ਬੀ.ਜੇ.ਪੀ. ਦੇ ਪੰਜਾਬ 'ਚ ਵਧ ਰਹੇ ਰਸੂਖ਼ ਦਾ ਭਰਮ ਪੈਦਾ ਕਰਨ ਦਾ ਸੰਦ ਹਨ। ਮੋਦੀ ਦਾ 'ਜਾਨ ਬਚ ਗਈ' ਵਾਲਾ ਬਿਆਨ ਆਈ.ਟੀ. ਸੈੱਲ ਅਤੇ ਪਾਲਤੂ ਮੀਡੀਆ ਦੇ ਜ਼ਹਿਰੀਲੇ ਪ੍ਰਚਾਰ ਨਾਲ ਮਲਟੀਪਲਾਈ ਹੋ ਕੇ ਪੰਜਾਬ ਦੇ ਹਿੰਦੂ ਭਾਈਚਾਰੇ ਵਿਚ ਅਸੁਰੱਖਿਆ ਅਤੇ ਭੈਅ ਦਾ ਮਾਹੌਲ ਪੈਦਾ ਕਰ ਸਕਦਾ ਹੈ ਅਤੇ ਉਨ੍ਹਾਂ 'ਚ ਹਿੰਦੁਤਵ ਦੀ ਛੱਤਰੀ ਹੇਠ ਸੁਰੱਖਿਅਤ ਹੋਣ ਦੀ ਸੋਚ ਬਣਾ ਸਕਦਾ ਹੈ। ਇਸ ਖ਼ਤਰਨਾਕ ਬਿਰਤਾਂਤ ਨੂੰ ਜ਼ੋਰਦਾਰ ਚੁਣੌਤੀ ਦੇਣੀ ਜ਼ਰੂਰੀ ਹੈ।

ਇਸ ਵਰਤਾਰੇ ਦਾ ਇਕ ਹੋਰ ਖ਼ਤਰਨਾਕ ਪਹਿਲੂ 'ਆਪ', ਬਾਦਲ ਦਲ, ਕਾਂਗਰਸ ਦੇ ਚੰਨੀ ਵਿਰੋਧੀ ਧੜੇ ਅਤੇ ਕਥਿਤ ਉਦਾਰਵਾਦੀ ਹਿੱਸਿਆਂ ਦਾ ਇਹ ਕਹਿ ਕੇ ਭਗਵੇਂ ਬਿਰਤਾਂਤ ਦੀ ਸੁਰ 'ਚ ਸੁਰ ਮਿਲਾਉਣਾ ਹੈ ਕਿ 'ਰਾਜਨੀਤਕ ਮੱਤਭੇਦਾਂ ਦੇ ਬਾਵਜੂਦ ਪ੍ਰਧਾਨ ਮੰਤਰੀ ਦੀ ਸੁਰੱਖਿਆ ਦੇ ਮੁੱਦੇ ਉੱਪਰ ਸਮਝੌਤਾ ਨਹੀਂ ਕੀਤਾ ਜਾ ਸਕਦਾ'। ਇਹ ਹੈਰਾਨੀਜਨਕ ਨਹੀਂ ਹੈ ਜੇ ਸੁਖਬੀਰ ਬਾਦਲ, ਕੈਪਟਨ ਅਮਰਿੰਦਰ, ਮਾਇਆਵਤੀ, ਬਲਰਾਮ ਜਾਖੜ ਤੋਂ ਲੈ ਕੇ 'ਆਪ' ਦਾ ਰਾਘਵ ਚੱਢਾ ਅਤੇ ਭਗਵੰਤ ਮਾਨ ਵਰਗੇ ਮੌਕਾਪ੍ਰਸਤ ਆਗੂ 'ਸੁਰੱਕਸ਼ਾ ਮੇਂ ਚੂਕ' ਤੋਂ ਪ੍ਰੇਸ਼ਾਨ ਹਨ। ਪਹਿਲਾਂ ਭਾਰਤੀ ਹਾਕਮ ਜਮਾਤੀ ਪਾਰਟੀਆਂ ਵੱਲੋਂ ਮੁਲਕ ਦੀ ਸੁਰੱਖਿਆ ਵਿੱਚੋਂ ਲੋਕਾਂ ਨੂੰ ਮਨਫ਼ੀ ਕਰ ਕੇ ਕਥਿਤ ਰਾਸ਼ਟਰ ਦੇ ਰੂਪ 'ਚ ਇਸ ਨੂੰ ਭਾਰਤੀ ਰਾਜ-ਢਾਂਚੇ ਅਤੇ ਹਾਕਮ ਜਮਾਤਾਂ ਦੇ ਹਿਤਾਂ ਤੱਕ ਸੁੰਗੇੜ ਦਿੱਤਾ ਗਿਆ। ਹੁਣ ਉਸ 'ਰਾਸ਼ਟਰੀ' ਸੁਰੱਖਿਆ ਨੂੰ ਵੀ ਸਵੈ-ਕੇਂਦਰਤ ਤਾਨਾਸ਼ਾਹ ਦੀ ਸੁਰੱਖਿਆ ਤੱਕ ਮਹਿਦੂਦ ਕਰ ਦਿੱਤਾ ਗਿਆ ਹੈ। ਉਪਰੋਕਤ ਰਾਜਨੀਤਕ ਕੋੜਮਾ ਇਸ ਸਚਾਈ ਨੂੰ ਪੂਰੀ ਬੇਹਯਾਈ ਅਤੇ ਮੌਕਾਪ੍ਰਸਤੀ ਨਾਲ ਲੁਕੋ ਰਿਹਾ ਹੈ ਕਿ ਮੋਦੀ ਪੰਜਾਬ ਵਿਚ ਪ੍ਰਧਾਨ ਮੰਤਰੀ ਦੀ ਹੈਸੀਅਤ 'ਚ ਨਹੀਂ ਸਗੋਂ ਬੀ.ਜੇ.ਪੀ ਦੇ ਪ੍ਰਮੁੱਖ ਚੋਣ-ਪ੍ਰਚਾਰਕ ਦੀ ਹੈਸੀਅਤ 'ਚ ਆਇਆ ਸੀ। ਜਦੋਂ ਪੰਜਾਬ, ਹਰਿਆਣਾ ਅਤੇ ਹੋਰ ਰਾਜਾਂ ਦੇ ਲੱਖਾਂ ਕਿਸਾਨ-ਮਜ਼ਦੂਰ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਕਰਾਉਣ ਲਈ ਸਵਾ ਸਾਲ ਦੇ ਕਰੀਬ ਸੜਕਾਂ ਉੱਪਰ ਅਕਹਿ ਮੁਸੀਬਤਾਂ ਝੱਲ ਰਹੇ ਸਨ ਉਦੋਂ ਸੁਰੱਖਿਆ ਦੀ ਦੁਹਾਈ ਦੇਣ ਵਾਲੇ ਇਹ ਮੌਕਾਪ੍ਰਸਤ ਆਗੂ ਖ਼ਾਮੋਸ਼ ਰਹੇ। ਸਾਢੇ ਸੱਤ ਸੌ ਦੇ ਕਰੀਬ ਕਿਸਾਨਾਂ-ਮਜ਼ਦੂਰਾਂ ਦੀਆਂ ਜਾਨਾਂ ਦੀ ਬਲੀ ਕਦੇ ਸੁਰੱਖਿਆ ਦਾ ਮੁੱਦਾ ਨਹੀਂ ਬਣੀ। ਪੂਰਾ ਦਿਨ ਪੰਜਾਬ ਵਿਚ ਚੋਣ ਰੈਲੀ ਦੇ ਲੇਖੇ ਲਾਉਣ ਵਾਲੇ ਮਨਮੋਜੀ ਮੋਦੀ ਨੂੰ ਇਕ ਵਾਰ ਵੀ ਲੱਖਾਂ ਕਿਸਾਨਾਂ-ਮਜ਼ਦੂਰਾਂ ਦੀ ਨੁਮਾਇੰਦਗੀ ਕਰਦੇ ਆਗੂਆਂ ਨਾਲ ਚੰਦ ਮਿੰਟ ਗੱਲਬਾਤ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ। ਜਦੋਂ ਕਿਸਾਨਾਂ ਨੂੰ ਸਿੱਧਾ ਮੁਖ਼ਾਤਿਬ ਹੋਣ ਦੀ ਜ਼ਰੂਰਤ ਸੀ, ਉਦੋਂ ਤਿੰਨ ਖੇਤੀ ਕਾਨੂੰਨਾਂ ਬਾਰੇ ਸਮਝਾਉਣ ਲਈ ਪੰਜਾਬ ਵਿਚ ਰੈਲੀ ਕਰਨ ਆਉਂਦਾ ਤਾਂ ਸ਼ਾਇਦ ਕੋਈ ਮੰਨ ਵੀ ਲੈਂਦਾ ਕਿ ਉਹ ਪ੍ਰਧਾਨ ਮੰਤਰੀ ਦੀ ਹੈਸੀਅਤ 'ਚ ਕਿਸਾਨਾਂ ਨਾਲ ਸੰਵਾਦ ਰਚਾਉਣ ਆਇਆ ਹੈ। ਹੁਣ ਸੰਘ ਬਰਗੇਡ ਅਤੇ ਬਾਕੀ ਹਾਕਮ ਜਮਾਤੀ ਰਾਜਨੀਤਕ ਕੋੜਮਾ 'ਚੁਣਿਆ ਹੋਇਆ ਪ੍ਰਧਾਨ ਮੰਤਰੀ' ਦਾ ਕੁਤਰਕ ਦੇ ਕੇ ਪੰਜਾਬ ਦੇ ਲੋਕਾਂ ਨੂੰ ਬੇਵਕੂਫ਼ ਨਹੀਂ ਬਣਾ ਸਕਦੇ।

ਜਿੱਥੋਂ ਤੱਕ ਕਥਿਤ ਵਿਕਾਸ ਪ੍ਰੋਜੈਕਟਾਂ ਦਾ ਸਵਾਲ ਹੈ, ਜੋ ਵੇਰਵੇ ਜਨਤਕ ਹੋਏ ਉਨ੍ਹਾਂ ਅਨੁਸਾਰ ਐਲਾਨੇ ਜਾਣ ਵਾਲੇ ਪ੍ਰੋਜੈਕਟ ਮਹਿਜ਼ ਦਿੱਲੀ-ਕੱਟੜਾ ਨੈਸ਼ਨਲ ਹਾਈਵੇਅ ਅਤੇ ਕੁਝ ਰੇਲਵੇ ਲਾਈਨਾਂ ਦੇ ਵਿਸਤਾਰ ਦੇ ਪ੍ਰੋਜੈਕਟ ਸਨ। ਰੇਲਵੇ ਅਤੇ ਸੜਕੀ ਆਵਾਜਾਈ ਦੇ ਤਰਕਹੀਣ ਨਿੱਜੀਕਰਨ ਅਤੇ ਵਪਾਰੀਕਰਨ ਕਾਰਨ ਇਹ ਕਾਰੋਬਾਰੀ ਲੋੜਾਂ ਦੇ ਨਜ਼ਰੀਏ ਤੋਂ ਕਾਰਪੋਰੇਟ ਅਤੇ ਕੁਲੀਨ ਵਰਗ ਦੇ ਹਿਤ 'ਚ ਤਾਂ ਹਨ ਪਰ ਆਮ ਲੋਕਾਂ ਲਈ ਇਨ੍ਹਾਂ ਦਾ ਕੋਈ ਖ਼ਾਸ ਮਹੱਤਵ ਨਹੀਂ ਹੈ। ਪੰਜਾਬ ਦੇ ਮੁੱਖ ਮਸਲਿਆਂ ਖੇਤੀ ਸੰਕਟ, ਉਦਯੋਗੀਕਰਨ ਅਤੇ ਨੌਕਰੀਆਂ ਰਾਹੀਂ ਰੋਜ਼ਗਾਰ, ਸਸਤੀ ਪੜ੍ਹਾਈ, ਤਿੰਨ ਲੱਖ ਕਰੋੜ ਦੇ ਕਰਜ਼ੇ ਵਰਗੇ ਮਹੱਤਵਪੂਰਨ ਮੁੱਦਿਆਂ ਲਈ ਮੋਦੀ ਕੋਲ ਕੋਈ ਪੈਕੇਜ ਨਹੀਂ ਹੈ। ਸੈਟੇਲਾਈਟ ਪੀ.ਜੀ.ਆਈ. ਦੇ ਉਦਘਾਟਨ ਦੇ ਕੀ ਮਾਇਨੇ ਰਹਿ ਜਾਂਦੇ ਹਨ ਜਦੋਂ ਪੰਜਾਬ 'ਚ ਚੱਲ ਰਹੇ ਸਰਕਾਰੀ ਮੈਡੀਕਲ ਕਾਲਜ ਅਤੇ ਮੁੱਖ ਸਰਕਾਰੀ ਹਸਪਤਾਲਾਂ ਸਮੇਤ ਸਿਹਤ ਸੇਵਾਵਾਂ ਵਪਾਰੀਕਰਨ ਦੀ ਨੀਤੀ ਤਹਿਤ ਫੰਡਾਂ ਦੀ ਤੋਟ ਕਾਰਨ ਖ਼ਤਮ ਹੋਣ ਕਿਨਾਰੇ ਹਨ।

ਰਹੀ ਗੱਲ ਸੜਕਾਂ ਉੱਪਰ ਮੁਜ਼ਾਹਰੇ ਕਰਨ ਦੀ, ਇਹ ਦੁਨੀਆ ਭਰ ਦੇ ਲੋਕਾਂ ਵੱਲੋਂ ਮੱਧਯੁਗੀ ਤਾਨਾਸ਼ਾਹੀਆਂ ਅਤੇ ਕਥਿਤ ਲੋਕਤੰਤਰੀ ਰਾਜਾਂ ਵਿਰੁੱਧ, ਜਿਸ ਵਿਚ ਬਰਤਾਨਵੀ ਸਲਤਨਤ ਸਮੇਤ ਸਮੂਹ ਬਸਤੀਵਾਦੀ ਸਰਮਾਏਦਾਰਾ ਰਾਜ ਸ਼ਾਮਿਲ ਹਨ, ਜਾਨ-ਹੂਲਵੇਂ ਸੰਘਰਸ਼ ਕਰਕੇ ਲਿਆ ਜਮਹੂਰੀ ਹੱਕ ਹੈ। ਇਹ ਐਸਾ ਜਮਹੂਰੀ ਹੱਕ ਹੈ ਜਿਸ ਨੂੰ ਲੈ ਕੇ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਲੋਕ ਵੋਟਾਂ ਪਾ ਕੇ ਪੰਜ ਸਾਲ ਲਈ ਆਪਣੇ ਹੱਥ ਵੱਢ ਕੇ ਦਿੰਦੇ ਆ ਰਹੇ ਸਨ। ਹੁਣ ਉਨ੍ਹਾਂ ਨੇ ਫੋਕੇ ਲੋਕਤੰਤਰ ਦੇ ਭਰਮ 'ਚੋਂ ਨਿਕਲਕੇ ਅਸਲ ਲੋਕ ਤਾਕਤ ਰਾਹੀਂ ਆਪਣੇ ਹੱਕ ਜਤਾਉਣ ਅਤੇ ਅਸਲ ਲੋਕਤੰਤਰ ਨੂੰ ਅਮਲ 'ਚ ਲਿਆਉਣ ਦੀ ਮੁੱਢਲੀ ਚੇਤਨਾ ਹਾਸਲ ਕਰ ਲਈ ਹੈ। ਜੇ ਸੰਘਰਸ਼ਸ਼ੀਲ ਲੋਕ ਆਪਣੇ ਇਸ ਜਮਹੂਰੀ ਹੱਕ ਦਾ ਇਸਤੇਮਾਲ ਕਰਦੇ ਹੋਏ ਸੜਕਾਂ ਜਾਮ ਕਰਕੇ ਮੋਦੀ ਦੇ ਕਾਫ਼ਲੇ ਨੂੰ ਕੁਝ ਮਿੰਟ ਦੀ ਬਜਾਏ ਕੁਝ ਘੰਟੇ ਵੀ ਰੋਕੀ ਰੱਖਦੇ ਅਤੇ ਉਸ ਨੂੰ ਘੇਰ ਕੇ ਆਪਣਾ ਪੱਖ ਸੁਨਣ ਲਈ ਮਜਬੂਰ ਕਰਦੇ, ਉਦੋਂ ਵੀ ਇਹ ਕਾਰਵਾਈ ਸੁਰੱਖਿਆ ਲਈ ਕੋਈ ਖ਼ਤਰਾ ਨਹੀਂ ਸੀ ਸਗੋਂ ਪੂਰੀ ਤਰ੍ਹਾਂ ਹੱਕ ਵਜਾਨਬ ਹੋਣੀ ਸੀ। ਜੇ ਮਨਮਾਨੀਆਂ ਕਰਨ ਵਾਲੇ ਹੁਕਮਰਾਨਾਂ ਵਿਰੁੱਧ ਮੁਜ਼ਾਹਰੇ ਕਰਨ ਜਾਂ ਉਨ੍ਹਾਂ ਨੂੰ ਸੜਕਾਂ ਉੱਪਰ ਰੋਕ ਕੇ ਜਵਾਬਦੇਹੀ ਮੰਗਣ ਨਾਲ ਫਾਸ਼ੀਵਾਦ ਦਾ ਅਜੋਕਾ ਮੁਜੱਸਮਾ ਅਤੇ ਮੁੱਖਧਾਰਾਈ ਰਾਜਨੀਤਕ ਕੋੜਮਾ ਅਸੁਰੱਖਿਆ ਮਹਿਸੂਸ ਕਰਦੇ ਹਨ ਤਾਂ ਇਹ ਉਲੰਘਣਾ ਵਾਰ-ਵਾਰ ਕੀਤੀ ਜਾਣੀ ਚਾਹੀਦੀ ਹੈ। ਕਿਉਂਕਿ ਮੁਲਕ ਨੂੰ ਅਸਲ ਖ਼ਤਰਾ ਇਨ੍ਹਾਂ ਦੇ ਝੂਠੇ ਅਸੁਰੱਖਿਆ ਬਿਰਤਾਂਤ ਤੋਂ ਹੈ। ਹੰਕਾਰੇ ਹੋਏ ਤਾਨਾਸ਼ਾਹ ਨੂੰ ਪੰਡਾਲ ਖਾਲੀ ਰੱਖ ਕੇ ਉਸ ਦੀ ਔਕਾਤ ਦਿਖਾਉਣ ਲਈ ਪੰਜਾਬ ਦੇ ਲੋਕ ਵਧਾਈ ਦੇ ਹੱਕਦਾਰ ਹਨ।

# ਪੀਰੂ ਦਾ ਚੀ ਗੁਵੇਰਾ-ਚੇਅਰਮੈਨ "ਗੁੰਜ਼ਾਲੋ"

(ਸਫ਼ਾ 2 ਦੀ ਬਾਕੀ)

ਕੀਤਾ ਜਿਹੜਾ ਹਨੇਰੇ ਸਵੇਰੇ, ਲੁੱਟਾਂ ਖੋਹਾਂ ਬਲਾਤਕਾਰ ਕਰਕੇ ਸ਼ਾਈਨਿੰਗ ਪਾਥ ਦੇ ਸਿਰ ਮੜ੍ਹਨ ਲੱਗਾ ਦੂਜੇ ਪਾਸੇ ਸਰਕਾਰੀ ਮੀਡੀਆ ਵੀ ਦਿਨੇ ਰਾਤ ਹਰ ਮਾੜੀ ਘਟਨਾਂ ਨੂੰ ਸ਼ਾਈਨਿੰਗ ਪਾਥ ਦੇ ਖਾਤੇ ਪਾਉਣ ਲੱਗਾ। ਸ਼ਾਈਨਿੰਗ ਪਾਥ ਦੀ ਵਿਚਾਰਧਾਰਾ ਦੇ ਵਿਰੋਧੀ ਕਾਮਰੇਡਾਂ ਦੇ ਕਤਲ ਵੀ 'ਰੋਡਾਸ' ਗਰੁੱਪ ਨੇ ਕੀਤੇ ਅਤੇ ਪਾਰਟੀ ਵਿੱਚ ਦੁਫੜ ਪਾਉਣ ਲਈ ਪੂਰਾ ਜੋਰ ਲਾਉਣ ਲੱਗਾ, ਬਹੁਤ ਵਾਰੀ ਆਮ ਲੋਕਾਂ ਦੇ ਇੱਕਠ ਵਿੱਚ ਬੰਬ ਚਲਾ ਕੇ, ਸ਼ਾਈਨਿੰਗ ਪਾਥ ਨੂੰ ਬਦਨਾਮ ਕਰਨ ਤੇ ਪੂਰਾ ਜੋਰ ਲਾਇਆ। ਸ਼ਾਈਨਿੰਗ ਪਾਥ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਵੀ ਲੋਕਲ ਅਖ਼ਬਾਰਾਂ ਨੇ ਸਰਕਾਰ ਤੋਂ ਡਰਦਿਆ ਛਾਪਣੇ ਬੰਦ ਕਰ ਦਿੱਤੇ । ਇਸ ਨਾਲ ਪੀਰੂ ਦੇ ਲੋਕਾਂ ਵਿੱਚ ਇੱਕ ਕਿਸਮ ਦੀ ਖ਼ਾਨਾਜੰਗੀ ਚੱਲ ਪਈ ਜਿਸ ਨਾਲ਼ 70,000 ਲੋਕ ਮਾਰੇ ਗਏ। ਅਮਰੀਕੀ ਦਬਾਅ ਹੇਠ ਇੰਟਰਨੈਸ਼ਨਲ ਮੀਡੀਏ ਨੇ ਵੀ ਗੁਜਮੈਨ ਜਿਹੜਾ ਕਿ ਹੁਣ ਚੇਅਰਮੈਨ ਗੁੰਜੈਲੋ ਦੇ ਨਾਂ ਤੇ ਮਸ਼ਹੂਰ ਹੋ ਗਿਆ ਸੀ ਅਤੇ ਸ਼ਾਈਨਿੰਗ ਪਾਥ ਦੀ ਭੰਡੀ ਕਰਨ ਵਿੱਚ ਕੋਈ ਕਸਰ ਨਾਂ ਛੱਡੀ ਪਰ ਫਿਰ ਵੀ "ਚੇਅਰਮੈਨ ਗੁੰਜੈਲੋ" ਦਾ ਨਾਂ ਲੁੱਟੇ ਲਿਤਾੜੇ ਲੋਕਾਂ ਦੇ ਦਿਲਾਂ ਵਿੱਚੋਂ ਨਾਂ ਨਿਕਲ ਸਕਿਆ। ਸਨ 1992 ਵਿੱਚ ਸਰਕਾਰੀ ਦਸਤਿਆਂ ਨੇ ਲੀਮਾਂ ਦੇ ਬਿਜ਼ੀ ਕਮੱਰਸ਼ੀਅਲ ਏਰੀਏ ਵਿੱਚ ਕਾਰ ਬੰਬ ਧਮਾਕਾ ਕਰਕੇ ਸ਼ਾਈਨਿੰਗ ਪਾਥ ਦਾ ਨਾਂ ਲਾ ਦਿੱਤਾ, ਜਿਸ ਵਿੱਚ 25 ਵਿਅਕਤੀ ਮਾਰੇ ਗਏ। ਚੇਅਰਮੈਨ ਗੁੰਜੈਲੋ ਤੋਂ ਅਮਰੀਕਾ ਬੁਰੀ ਤਰਾਂ ਡਰ ਰਿਹਾ ਸੀ, ਉਹਨਾਂ ਨੂੰ ਲੱਗਦਾ ਸੀ ਕਿ ਇੱਕ 'ਚੀ ਗੁਵੇਰਾ' ਤਾਂ ਅਸੀਂ ਮਸਾਂ ਖਤਮ ਕੀਤਾ ਇਹ ਦੂਜਾ ਕਿੱਥੋਂ ਜੰਮ ਪਿਆ। ਅਮਰੀਕਾ ਨੂੰ ਲੱਗਦਾ ਸੀ ਕਿ ਸ਼ਾਈਨਿੰਗ ਪਾਥ ਸਿਰਫ ਪੀਰੂ ਦੀ ਲੜਾਈ ਨਾਂ ਰਹਿ ਕੇ, ਕਿਤੇ ਦੱਖਣੀ ਅਮਰੀਕੀ ਦੇਸ਼ਾਂ ਦੀ ਲੋਕ ਲਹਿਰ ਨਾਂ ਬਣ ਜਾਵੇ ਕਿਉਂਕਿ ਕੋਲੰਬੀਆ ਵਿੱਚ ਵੀ ਸ਼ਾਈਨਿੰਗ ਪਾਥ ਦੀ ਲਹਿਰ ਪਹੁੰਚ ਚੁੱਕੀ ਸੀ। ਸਤੰਬਰ 1992 ਵਿੱਚ ਸਰਕਾਰੀ ਅਤੇ ਅਮਰੀਕੀ ਤੰਤਰ ਦੀ ਬੇਹੱਦ ਕੋਸ਼ਿਸ਼ ਨਾਲ 'ਚੇਅਰਮੈਨ ਗੁੰਜੈਲੋ' ਲੀਮਾਂ ਵਿੱਚੋਂ ਫੜਿਆ ਗਿਆ ਕਿਉਂਕਿ ਬਹੁਤੇ ਸਰਕਾਰੀ ਟਾਊਟ ਸ਼ਾਈਨਿੰਗ ਪਾਥ ਵਿੱਚ ਘੁਸਪੈਠ ਕਰਨ ਵਿੱਚ ਕਾਮਯਾਬ ਹੋ ਗਏ ਸਨ।

ਮੁਕੱਦਮਾ : ਚੇਅਰਮੈਨ ਗੁੰਜੈਲੋ ਨੂੰ ਫੜ ਕੇ ਅਦਾਲਤੀ ਡਰਾਮਾ ਕੀਤਾ ਗਿਆ ਅਤੇ ਤਿੰਨ ਦਿਨਾਂ ਦੀ ਅਦਾਲਤੀ ਕਾਰਵਾਈ ਕਰਕੇ ਬਿਨਾਂ ਕਿਸੇ ਸਬੂਤ ਦੇ ਗੁੰਜੈਲੋ ਨੂੰ ਉਮਰਕੈਦ ਦੀ ਸਜਾ ਸੁਣਾਈ ਗਈ। ਗੁੰਜੈਲੋ ਨੂੰ ਕਈ ਵਾਰ ਟੀ ਵੀ ਤੇ ਪੇਸ਼ ਕੀਤਾ ਗਿਆ ਅਤੇ ਉਸਦੀ ਇੰਟਰਵਿਊ ਨੂੰ ਇਸਤਰਾਂ ਫੈਬਰੀਕੇਟ ਕੀਤਾ ਗਿਆ ਕਿ ਗੁੰਜੈਲੋ ਨੇ ਗੁਰੀਲਿਆਂ ਨੂੰ ਅਪੀਲ ਕੀਤੀ ਹੈ ਕਿ ਹਥਿਆਰ ਬੰਦ ਇਨਕਲਾਬ ਦਾ ਰਾਹ ਬੰਦ ਕੀਤਾ ਜਾਵੇ। ਪਰ ਐਨੇ ਕੂੜ ਪਰਚਾਰ ਦੇ ਬਾਵਜੂਦ ਉਹ ਐਨਾ ਹਰਮਨ ਪਿਆਰਾ ਸੀ ਕਿ ਹਜਾਰਾਂ ਲੋਕਾਂ ਨੇ ਸਾਈਨ ਕਰਕੇ ਪਟੀਸ਼ਨ ਪਾਈ ਕਿ 'ਚੇਅਰਮੈਨ ਗੁੰਜੈਲੋ' ਅਤੇ ਉਸਦੇ ਸਾਥੀਆਂ ਨੂੰ ਰਿਹਾ ਕੀਤਾ ਜਾਵੇ ਯਾਦ ਰਹੇ ਕਿ ਪਹਿਲਿਆਂ ਸਜਾਵਾਂ ਮਿਲਟਰੀ ਕੋਰਟ ਨੇ ਸੁਣਾਈਆਂ ਸਨ ਪਰ ਹੁਣ ਸਿਵਲ ਕੋਰਟ ਦਾ ਡਰਾਮਾ ਸ਼ੁਰੂ ਕੀਤਾ ਗਿਆ। ਇਸ ਸਿਵਿਲ ਕੋਰਟ ਵਾਲ਼ੇ ਡਰਾਮੇ ਵਿੱਚ ਇੰਟਰਨੈਸ਼ਨਲ ਮੀਡੀਆ ਸੱਦਿਆ ਗਿਆ, ਸ਼ਾਈਨਿੰਗ ਪਾਥ ਦੇ ਗੁਰੀਲਿਆਂ ਨੂੰ ਜਦ ਜੱਜਾਂ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਹਨਾਂ ਨੇ ਜੱਜਾਂ ਵੱਲ ਪਿੱਠ ਕਰ ਲਈ ਅਤੇ ਉਚੀ ਉਚੀ ਨਾਹਰੇ ਮਾਰਨੇ ਸ਼ੁਰੂ ਕਰ ਦਿੱਤੇ "ਲੌਂਗ ਲਿਵ ਦਾ ਰੈਵੋਲੂਸ਼ਨ" "ਪੀਰੂ ਦੇ ਲੋਕਾਂ ਦਾ ਸੰਘਰਸ਼ ਜ਼ਿੰਦਾਬਾਦ" "ਸ਼ਾਈਨਿੰਗ ਪਾਥ ਜਿੰਦਾਬਾਦ" । ਸਰਕਾਰੀ ਤੰਤਰ ਇੱਕ ਦਮ ਘਬਰਾ ਗਿਆ ਅਤੇ ਕਾਹਲੀ ਕਾਹਲੀ ਵਿੱਚ ਚੇਅਰਮੈਨ ਗੁੰਜੈਲੋ ਨੂੰ ਪੇਸ਼ ਕੀਤਾ ਗਿਆ, ਗੁੰਜਾਲੋ ਨੇ ਬਿਮਾਰ ਅਤੇ ਬਜ਼ੁਰਗ ਹੋਣ ਦੇ ਬਾਵਜੂਦ ਨਾਹਰਿਆ ਨਾਲ ਅਦਾਲਤ ਦੀਆਂ ਕੰਧਾਂ ਕੰਬਣ ਲਾ ਦਿੱਤੀਆਂ "ਮਾਰਕਸਵਾਦ, ਲੈਨਿਨਵਾਦ, ਮਾਓਵਾਦ ਜ਼ਿੰਦਾਬਾਦ" "ਪੀਰੂ ਦੇ ਲੋਕਾਂ ਦਾ ਸੰਘਰਸ਼ ਜ਼ਿੰਦਾਬਾਦ" "ਅਮਰੀਕਾ ਦੀ ਦਲਾਲ ਸਰਕਾਰ ਮੁਰਦਾਬਾਦ" । ਸਰਕਾਰੀ ਅਫਸਰਾਂ ਨੇ ਸਾਰੇ ਮਾਈਕਰੋਫੂਨ ਬੰਦ ਕਰ ਦਿੱਤੇ। ਇੰਟਰਨੈਸ਼ਨਲ ਪਰੈਸ ਨੂੰ ਕੁੱਝ ਵੀ ਸੁਣਾਈ ਨਹੀਂ ਦਿੱਤਾ। ਨਵੰਬਰ 2005 ਵਿੱਚ ਫੇਰ ਕੇਸ ਚਲਾਇਆ ਗਿਆ ਤੇ ਸਭ ਤਰਾਂ ਦਾ ਮੀਡੀਆ ਅੰਦਰ ਨਹੀ ਜਾਣ ਦਿੱਤਾ ਗਿਆ, 13 ਅਕਤੂਬਰ 2008 ਨੂੰ ਗੁੰਜੈਲੋ ਨੂੰ ਫੇਰ ਉਮਰਕੈਦ ਦੀ ਸਜਾ ਸੁਣਾਈ ਗਈ ਅਤੇ ਫਿਰ ਅਮਰੀਕਾ ਦੇ ਦਬਾਅ ਹੇਠ 1992 ਵਾਲ਼ਾ ਕਾਰ ਧਮਾਕੇ ਵਾਲ਼ਾ ਕੇਸ ਵੀ ਗੁੰਜੈਲੋ ਸਿਰ ਪਾ ਕੇ ਉਮਰਕੈਦ ਨੂੰ ਦੁਗਣੀ ਕਰ ਦਿੱਤਾ ਗਿਆ । ਜੁਲਾਈ 13, 2021 ਨੂੰ ਗੁੰਜੈਲੋ ਨੇ ਭੁੱਖ ਹੜਤਾਲ਼ ਕਰ ਦਿੱਤੀ। ਜੁਲਾਈ 17, 2021 ਨੂੰ ਉਸ ਨੂੰ ਹਸਪਤਾਲ਼ ਭੇਜ ਦਿੱਤਾ ਗਿਆ। ਪਰ ਫੇਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਅਤੇ 11 ਸਤੰਬਰ 2021 ਨੂੰ 86 ਸਾਲ ਦੀ ਉਮਰ ਵਿੱਚ ਸਭ ਤੋਂ ਵੱਧ ਸੁਰੱਖਿਅਤ ਪੀਰੂ ਦੇ ਕਲਾਓ ਨੇਵਲ ਬੇਸ ਤੇ ਉਸਦੀ ਮੌਤ ਹੋ ਗਈ ਅਤੇ 24 ਸਤੰਬਰ ਦੀ ਸ਼ਾਮ ਨੂੰ ਗੁੰਜੈਲੋ ਦਾ ਸਸਕਾਰ ਕੀਤਾ ਗਿਆ। ਚੇਅਰਮੈਨ ਗੁੰਜੈਲੋ ਦੀ ਰਾਖ ਨੂੰ ਕਿਸੇ ਗੁਪਤ ਜਗਾਹ ਤੇ ਖਿੰਡਾਅ ਦਿੱਤਾ ਗਿਆ ਤਾਂ ਕਿ ਲੋਕ ਉਸਦੀ ਕੋਈ ਯਾਦਗਾਰ ਨਾਂ ਬਣਾ ਲੈਣ। ਪਰ ਗੁੰਜੈਲੋ ਤਾਂ ਪੀਰੂ ਦੇ ਲੋਕਾਂ ਦੇ ਦਿਲਾਂ ਵਿੱਚ ਵਸਦਾ ਹੈ, ਜਦ ਫੇਰ ਲੋਕ ਆਪਦੇ ਹੱਕ ਲੈਣ ਲਈ ਉਠਣਗੇ ਤਦ ਗੁੰਜੈਲੋ ਦੀਆਂ ਲਿਖਤਾਂ ਉਹਨਾਂ ਦਾ ਰਾਹ ਦਸੇਰਾ ਬਣਨਗੀਆਂ।

## ਇੱਕ ਉੱਘੇ ਰੂਸੀ ਸਿੱਖਿਆ ਸ਼ਾਸਤਰੀ ਸੁਖੋਮਲਿੰਸਕੀ ਦੀਆਂ ਨਜ਼ਰਾਂ 'ਚ

"ਵਿਦਿਆਰਥੀਆਂ ਨੂੰ ਗਿਆਨ ਦੀ ਇੱਕ ਬੂੰਦ ਦੇਣ ਲਈ ਅਧਿਆਪਕ ਲਈ ਆਪਣੇ ਅੰਦਰ ਗਿਆਨ ਦਾ ਸਮੁੰਦਰ ਸੰਜੋਣ ਦੀ ਜ਼ਰੂਰਤ ਹੁੰਦੀ ਹੈ। ਜਦ ਇੱਕ ਅਧਿਆਪਕ ਦੇ ਗਿਆਨ ਦਾ ਘੇਰਾ ਸਕੂਲੀ ਪਾਠਕ੍ਰਮ ਨਾਲੋਂ ਵਿਸ਼ਾਲ ਹੋਵੇਗਾ, ਜਦ ਪਾਠਕ੍ਰਮ ਉੱਪਰ ਉਸਦੀ ਪਕੜ ਉਸ ਲਈ ਕੇਂਦਰ ਬਿੰਦੂ ਬਣਨ ਦੀ ਬਜਾਇ, ਉਸਦੀ ਮਾਨਸਿਕ ਸਰਗਰਮੀ ਦਾ ਇੱਕ ਕੰਨੀ-ਮਾਤਰ ਪਹਿਲੂ ਹੀ ਹੋਵੇਗਾ ਤਾਂ ਹੀ ਉਹ ਆਪਣੇ ਕਿੱਤੇ ਦਾ ਸਾਹਸਵਾਰ ਤੇ ਕਲਾਸ-ਰੂਮ'ਦਾ ਕਲਾਕਾਰ ਹੋਵੇਗਾ।"

"ਜੇ ਅਧਿਆਪਕ ਬੱਚੇ ਦੇ ਧੁਰ ਅੰਦਰ ਝਾਤੀ ਨਹੀਂ ਮਾਰ ਸਕਦਾ, ਉਸ ਦੀ ਸੋਚ-ਵਿਧੀ, ਉਸ ਦੇ ਸੁਪਨ-ਸੰਸਾਰ ਨੂੰ ਨਹੀਂ ਸਮਝ ਸਕਦਾ ਤਾਂ ਸੰਵੇਦਨਸ਼ੀਲਤਾ ਦੀ ਗੱਲ ਕਰਨੀ ਵਿਅਰਥ ਹੈ।ਬੱਚੇ ਅੰਦਰਲੇ ਜਜ਼ਬਾਤਾਂ ਨੂੰ ਟੁੰਬਣ ਰਾਹੀਂ ਹੀ ਅਧਿਆਪਕ ਅੰਦਰਲਾ ਬੋਧ ਬੱਚੇ ਦੇ ਗਿਆਨ'ਚ ਵਟ ਸਕਦਾ ਹੈ।"

"ਜੇ ਵਿਦਿਆਰਥੀ (ਬੱਚੇ)ਦੇ ਮਨ ਅੰਦਰ ਸਿੱਖਣ ਦੀ ਤਾਂਘ ਹੀ ਨਹੀਂ ਪੈਦਾ ਹੁੰਦੀ ਤਾਂ ਸਾਡੀਆਂ ਸਾਰੀਆਂ ਸਿੱਖਿਆ ਯੋਜਨਾਵਾਂ ਸਮਝੋ ਮਿੱਟੀ'ਚ ਮਿਲ ਗਈਆਂ ਹਨ। ਬੱਚੇ ਨੂੰ ਸੋਚਣ ਕਿਵੇਂ ਲਾਉਣਾ ਹੈ, ਇਹ ਇੱਕ ਆਹਲਾ ਅਧਿਆਪਕ ਦੇ ਸੂਖਮ ਹੁਨਰਾਂ ਵਿੱਚੋਂ ਇੱਕ ਹੈ।"

"ਜੇ ਮੈਨੂੰ ਇਹ ਪੁੱਛਿਆਂ ਜਾਵੇ ਕਿ ਸਾਡੇ ਅਧਿਆਪਕ ਕਿੱਤੇ ਦਾ ਸਭ ਤੋਂ ਡੂੰਘਾ ਰਾਜ ਕੀ ਹੈ ਜਿਸ ਉੱਪਰ ਦਿਲ ਤੇ ਮਨ ਜਿੱਤਣ ਦੀ ਯੋਗਤਾ ਮੁਨੱਸਰ ਹੈ ਤਾਂ ਮੇਰਾ ਜੁਆਬ ਹੋਵੇਗਾ ਕਿ ਨੁਕਤਾਚੀਨੀ ਤੇ ਸਜ਼ਾ ਪ੍ਰਤੀ ਸਹੀ ਵਤੀਰਾ ਤੇ ਪਹੁੰਚ ਅਪਣਾਉਣ ਦੀ ਯੋਗਤਾ। ਸਜ਼ਾ ਦੇਣ ਦੀ ਕਲਾ ਸਖਤੀ ਤੇ ਮੋਹ ਦੇ ਸੁਮੇਲ ਕਰਨ 'ਚ ਪਈ ਹੈ। ਅਧਿਆਪਕ ਦੀ ਸਜ਼ਾ 'ਚ ਵਿਦਿਆਰਥੀ ਨੂੰ ਕੇਵਲ ਵਾਜਬ ਸਖਤਾਈ ਹੀ ਨਹੀਂ ਸਗੋਂ ਮੋਹ ਭਰਿਆ ਸਰੋਕਾਰ ਵੀ ਦਿਸਣਾ ਚਾਹੀਦਾ ਹੈ। ਡੰਡੇ ਦੀ ਵਰਤੋਂ ਅਧਿਆਪਕ ਕਿੱਤੇ ਲਈ ਨਮੋਸ਼ੀ ਵਾਲੀ ਗੱਲ ਹੈ। ਮੁਆਫ਼ੀ, ਬੱਚੇ ਦੀ ਗੈਰਤ ਦੀ ਸੰਵੇਦਨਸ਼ੀਲ ਪਰਤ ਤੱਕ ਪਹੁੰਚ ਸਕਦੀ ਹੈ ਅਤੇ ਉਸ ਨੂੰ ਕੀਤੀ ਗਲਤੀ ਦਰੁਸਤ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ।"

ਅਨੁਵਾਦ ਤੇ ਪੇਸ਼ਕਸ਼: ਯਸ਼ ਪਾਲ
(ਵਰਗ ਚੇਤਨਾ)

## ਨਾਸਤਿਕ ਸੋਚ

(ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ)

ਭਗਤ ਸਿੰਘ!
ਤੇਰੀ ਨਾਸਤਿਕ ਸੋਚ ਨੂੰ
ਅਰਬਾਂ ਖਰਬਾਂ ਵਾਰੀ ਪ੍ਰਣਾਮ।

ਤੂੰ ਕੁਝ ਅਰਸਾ
ਹੋਰ ਜਿਉਂਦਾ ਰਹਿ
ਆਪਣੇ ਸੁਤੰਤਰਤਾ ਦੇ
ਖਵਾਬ ਦੀ ਪੂਰਤੀ ਹੁੰਦੀ ਵੇਖਦਾ,
ਤਾਂ ਤੈਨੂੰ ਆਪਣੀ ਸੋਚ ਦੀ
ਸਾਰਥਿਕਤਾ ਦਾ ਅਹਿਸਾਸ ਹੁੰਦਾ,
ਕਿ ਕਿੰਝ ਆਸਤਿਕਾਂ ਨੇ ਰਲ ਕੇ
ਮੁਰਦਿਆਂ ਨਾਲ ਭਰੀਆਂ ਰੇਲਾਂ ਦਾ
ਆਦਾਨ ਪ੍ਰਦਾਨ ਕੀਤਾ।
ਔਰਤਾਂ ਦੀਆਂ ਛਾਤੀਆਂ ਵੱਢ
ਬੋਰੀਆਂ ਵਿਚ ਖਰਬੂਜਿਆਂ ਵਾਂਗ
ਭਰ ਕੇ ਭੇਜੀਆਂ।
ਕਿੰਝ ਕੰਜਕਾਂ ਕੁਆਰੀਆਂ
ਦੇ ਅੰਗਾਂ ਵਿਚੋਂ
ਲਹੂ ਦੇ ਘਰਾਲ ਵਗਾਏ।

ਤੇ ਇਹ ਧਰਮੀ ਕਰਮੀ ਲੋਕ
ਹੁਣ ਵੀ ਗਾਹੇ ਬਗਾਹੇ
ਸਾਡੀਆਂ ਬਸਤੀਆਂ ਵਿਚ ਆ ਕੇ
ਨਾਅਰੇ ਲਾਉਂਦੇ ਸਾਨੂੰ ਅੱਗ ਦੇ
ਲਿਬਾਸ ਨੇ ਪਹਿਨਾਉਂਦੇ।
ਸਾਡੀਆਂ ਪਤਨੀਆਂ ਦੇ
ਗਰਭ 'ਚ ਖੋਭ ਕੇ
ਖੰਜਰ ਨੇ ਘੁਮਾਉਂਦੇ।
ਸਾਡੇ ਗੁਲਮੋਹਰੀ
ਬੱਚਿਆਂ ਦੇ ਸਕੂਲ
ਬਾਰੂਦਾਂ ਨਾਲ ਨੇ ਉਡਾਉਂਦੇ।

ਤੇ ਅਜਿਹਾ ਸਭ ਕੁਝ
ਹੁੰਦਾ ਹੀ ਰਹੇਗਾ,
ਜਦ ਤੱਕ ਤੇਰੀ "ਸੋਚ ਦਾ ਸੱਚ"
ਸਮੁੱਚੇ ਵਿਸ਼ਵ ਦੀ ਰੂਹ 'ਚ
ਨਹੀਂ ਧੁਰ ਉਤਰ ਜਾਂਦਾ।

-ਅੰਮ੍ਰਿਤ ਦੀਵਾਨਾ

## ਮਨਾਵਾਂਗੇ ਸਾਰੇ

ਮਨਾਵਾਂਗੇ ਸਾਰੇ
ਸ਼ਹੀਦੀ ਹਫਤਾ
ਪਕੌੜਿਆਂ ਨਾਲ
ਜਲੇਬੀਆਂ ਦੇ
ਲੰਗਰ ਲਗਾ ਕੇ।

ਖਾਵਾਂਗੇ ਪਕਵਾਨ
ਵੰਨ ਸਵੰਨੇ
ਕੜ੍ਹੀ ਨਾਲ ਚੋਲ੍ਹ
ਮਟਰ ਪਨੀਰ ਨਾਲ
ਵੰਨ ਸਵੰਨੀਆਂ
ਰੋਟੀਆਂ ਛੱਕਕੇ।

ਮਾਰਾਂਗੇ ਧੱਕੇ
ਗਰੀਬ ਦਿਆਂ
ਬੱਚਿਆਂ ਨੂੰ
ਦੇਵਾਂਗੇ ਗਾਲਾਂ
ਗੁਰੂ ਘਰ ਦੀ
ਕੰਧ ਨਾਲ ਲੱਗੀਆਂ
ਮੰਗਤੀਆਂ ਨੂੰ।

ਖਰਚਾਂਗੇ ਹਜ਼ਾਰਾਂ
ਜੋੜਨਗੇ ਮੋਹਰੀ
ਗਰਕ ਰਹੀ ਕੌਮ
ਗਰਕ ਜਾਵੇ
ਭਾੜ ਚੁ ਜਾਵੇ
ਸਿਖਿਆਵਾਂ
ਗੁਰੂਆਂ ਦੀਆਂ।

ਖਾਅ ਕੇ ਪਕਵਾਨ
ਸੁਣਕੇ ਕੀਰਤਨ
ਜਾਗ ਕੇ ਰਾਤਾਂ
ਚਾੜਕੇ ਰੂਪ ਨੇ
ਲਵਾਂਗੇ ਲਸੰਸ
ਪੂਰੇ ਸਾਲ ਲਈ
ਬੇਈਮਾਨੀ ਦਾ ਠੇਕਾ।

ਮਨਾਣਾ ਤਾਂ
ਸੋਗ ਮਨਾਓ
ਕਿਉਂ ਕੀਤੀ ਕੁਰਬਾਨੀ
ਇਹਦੇ ਗੀਤ ਗਾਓ
ਸਾਦਾ ਖਾਕੇ
ਸਾਦਾ ਪੀਕੇ
ਬਾਕੀ ਗਰੀਬਾਂ
ਦੇ ਬੱਚਿਆਂ ਨੂੰ ਪੜਾਓ।

ਔਖਾਂ ਮੀਟਿਆਂ
ਹੋਣਾ ਨਹੀਂ ਛੁਟਕਾਰਾ
ਮੱਥੇ ਰਗੜ ਨਹੀਂ
ਹੋਣਾ ਗੁਜਾਰਾ
ਗਰਕ ਰਿਹਾ ਪੰਜਾਬ
ਇਕਮੁੱਠ ਹੋਣਾ ਪੈਣਾ
ਜਾਤਾਂ ਤੋਂ ਉੱਪਰ
ਹੋਣਾ ਪੈਣਾ
ਛੱਡਕੇ ਪਖੰਡ
ਭਵਿੱਖ ਧੋਣਾ ਪੈਣਾ
ਨਹੀਂ ਜਿੰਦਰਾ ਇਨ੍ਹਾਂ
ਲੀਡਰਾਂ ਪੁਜਾਰੀਆਂ
ਮਗਰ ਲੱਗ
ਕੌਮ ਨੂੰ ਇਕ ਦਿਨ
ਰੋਣਾ ਪੈਣਾ
ਰੋਣਾ ਪੈਣਾ।

ਜਿੰਦਰ ਸੰਘਾ, ਬਰੈਂਪਟਨ

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈਗ 204-488-6960

# ਸੁਖਜੀਤ ਸੈਣੀ ਦੀਆਂ ਕਵਿਤਾਵਾਂ



**ਸੁੱਖਜੀਤ ਬੇਹੱਦ ਭਾਵਕ ਕਵਿੱਤਰੀ ਹੈ। ਲਿਖਣਾ ਉਸ ਦਾ ਸ਼ੌਕ ਨਹੀਂ ਸਗੋਂ ਤਲਬ ਹੈ, ਜ਼ਰੂਰਤ ਹੈ। ਉਹ ਬਹੁਤ ਘੱਟ ਲਿਖਦੀ ਹੈ 'ਪਰ ਜਦ ਲਿਖਦੀ ਹੈ ਤਾਂ ਸੋਚਦੀ ਕਲਮ ਨਾਲ, ਆਪ ਦਾ ਆਪਾ ਪਾਠਕਾਂ ਸਾਹਮਣੇ ਰੱਖ ਦਿੰਦੀ ਹੈ। ਉਸ ਦੀਆਂ ਕਵਿਤਾਵਾਂ ਹਮੇਸ਼ਾਂ ਵੱਖ ਵੱਖ ਵਿਸ਼ਿਆਂ ਨੂੰ ਮੁਖਾਤਬ ਹੁੰਦੀਆਂ ਹਨ। ਉਸ ਦੀਕਵਿਤਾ 'ਗੁਲਾਬ ਅਤੇ ਅੱਕ' ਅਮੀਰ ਅਤੇ ਗ਼ਰੀਬ ਜਮਾਤਾਂ ਦੇ ਦਵੰਦ ਦੀ ਤਰਜਮਾਨੀ ਕਰਦੀ ਹੈ, ਇਹ ਬੇਹੱਦ ਖੂਬਸੂਰਤ ਸਿੰਬੋਲਕ ਕਵਿਤਾ ਹੈ। ਇਸ ਤਰ੍ਹਾਂ ਸ਼ੀਸ਼ੇਨਾਲ ਉਮਰ ਦਾ ਰਿਸ਼ਤਾ ਅਤੇ "ਜੀਵਨ ਤੱਤ" ਉਸ ਦੀਆਂ ਬੇਹੱਦ ਖੂਬਸੂਰਤ ਕਵਿਤਾਵਾਂ ਹਨ । ਅਦਾਰਾ "ਸਰੋਕਾਰਾਂ ਦੀ ਆਵਾਜ਼" ਇਸ ਹੋਣਹਾਰ ਕਵਿਤਰੀ ਨੂੰ ਪਾਠਕਾਂ ਦੇ ਸਨਮੁਖ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹੈ - ਹਰੀਪਾਲ** (403 714 4816 )

## ਫੁੱਲ

-ਉਹਨੂੰ ਫੁੱਲ ਬਹੁਤ ਪਿਆਰੇ ਸੀ ਤੇ
ਸਾਇਦ ਉਸ ਦੀ ਮਾਂ ਨੂੰ ਵੀ ,
ਤਾਹੀਓਂ ਤਾਂ ਬਚਪਨ ਦੇ ਦਿਨ
ਫੁੱਲਾਂ ਭਰੇ ਬਗੀਚੇ 'ਚ ਗੁਜਾਰੇ ਸੀ।
ਸੱਚੀ! ਉਹਨੂੰ ਫੁੱਲ ਬਹੁਤ ਪਿਆਰੇ ਸੀ।
-ਉਹ ਫੁੱਲ ਉਗਾਉਂਦੀ, ਫੁੱਲ ਸਜਾਉਂਦੀ
ਫੁੱਲਾਂ ਵਾਲੇ ਕੱਪੜੇ ਪਾਉਂਦੀ,
ਮਨ ਵੀ ਉਹਦਾ ਫੁੱਲਾਂ ਵਰਗਾ
ਹਰ ਮਹਿਫਲ ਮਹਿਕਾਉਂਦੀ,
ਇਹ ਘਰ, ਮਹੱਲੇ, ਸ਼ਹਿਰ ਉਹਦੇ ਲਈ
ਸਭ ਫੁੱਲਾਂ ਭਰੇ ਕਿਆਰੇ ਸੀ
ਸੱਚੀ! ਉਹਨੂੰ ਫੁੱਲ ਬਹੁਤ ਪਿਆਰੇ ਸੀ।
-ਪਰ ਕੁਦਰਤ ਦਾ ਨਿਯਮ ਏ
ਫੁੱਲ ਕੁਮਲਾਉਂਦੇ ਵੀ ਤੇ ਨੇ
ਇਹ ਮੁਰਝਾਉਂਦੇ ਵੀ ਤੇ ਨੇ,
ਪੁੰਗਰਣਾ, ਮਹਿਕਣਾ ਤੇ ਫਿਰ ਮਿੱਟੀ ਹੋ ਜਾਣਾ
ਜੀਵਨ ਦਾ ਇਹ ਪਾਠ ਪੜ੍ਹਾਉਂਦੇ ਵੀ ਤੇ ਨੇ,
ਦੁੱਖ-ਸੁੱਖ, ਰਾਤ-ਦਿਨ ਇਹ
ਫੁੱਲ ਹੀ ਉਹਦੇ ਸਹਾਰੇ ਸੀ

ਪਤਾ! ਉਹਨੂੰ ਫੁੱਲ ਸੱਚੀ ਬਹੁਤ ਪਿਆਰੇ ਸੀ।
-ਅਚਾਨਕ ਰਾਤ ਫਿਰ ਲੰਬੀ ਹੋ ਗਈ
ਦਿਨ ਉਹਦੇ ਨੂੰ ਕੋਈ ਬੱਦਲੀ ਛੋਹ ਗਈ
ਹਰ ਇਕ ਫੁੱਲ ਦੀ ਖੁਸ਼ਬੂ ਖੋ ਗਈ,
ਇਸ ਦਰਦ ਨੇ ਉਹਨੂੰ ਰੋਣ ਨਾ ਦਿੱਤਾ
ਸੁਪਨਿਆਂ ਉਸ ਨੂੰ ਸੌਣ ਨਾ ਦਿੱਤਾ,
ਪਰ ਆਪਣੇ ਅੰਦਰ ਖਿੜਦੇ ਫੁੱਲਾਂ ਨੂੰ
ਓਸ ਕਦੇ ਮੁਰਝਾਉਣ ਨਾ ਦਿੱਤਾ,
ਉਹਦੇ ਅੰਬਰੀ ਰੂਪੀ ਮਨ ਦੇ,
ਫੁੱਲ ਹੀ ਤਾਂ ਸਿਤਾਰੇ ਸੀ
ਮੌਤ ਸੰਮੁਦਰ ਡੁੱਬਦੀ ਰੂਹ ਦੇ
ਫੁੱਲ ਹੀ ਤਾਂ ਕਿਨਾਰੇ ਸੀ।
ਸੱਚੀ! ਉਹਨੂੰ ਫੁੱਲ ਬਹੁਤ ਪਿਆਰੇ ਸੀ।
-ਉਹਨੂੰ ਫੁੱਲਾਂ ਦੱਸਿਆ ਲੜਨਾ ਕਿਵੇਂ ਹੈ?
ਝੱਖੜਾਂ ਦੇ ਵਿੱਚ ਖਿੜਨਾ ਕਿਵੇਂ ਹੈ?
ਦੁੱਖਾਂ ਨੂੰ ਹੁਣ ਜਰਨਾ ਕਿਵੇਂ ਹੈ?
ਜੀਣਾ ਕਿਵੇਂ ਹੈ? ਮਰਨਾ ਕਿਵੇਂ ਹੈ?
ਆਪਣੇ ਅੰਦਰ ਦੇ ਜਿਗਰੇ ਨਾਲ
ਬੀਜਾਂ ਨੂੰ ਰੁੱਖ ਕਰਨਾ ਕਿਵੇਂ ਹੈ?
ਦੁੱਖਾਂ ਵਿੱਚ ਵੀ "ਸੁੱਖਾਂ" ਦੇ
ਫੁੱਲ ਹਰ ਪਾਸੇ ਖਿਲਾਰੇ ਸੀ
ਦਰਦਾਂ, ਚੀਸਾਂ, ਹਾਸਿਆਂ ਦੇ
ਰੰਗ ਸਾਰੇ ਹੀ ਨਿਆਰੇ ਸੀ,
ਸੱਚ ਤਾਂ ਇਹ ਹੈ ਦੋਸਤੋ
ਫੁੱਲ ਮੈਨੂੰ ਅੱਜ ਵੀ ਬਹੁਤ ਪਿਆਰੇ ਸੀ।
ਫੁੱਲ ਮੈਨੂੰ ਜਾਨੋ ਵੱਧ ਪਿਆਰੇ ਸੀ।

• • •

## ਗੁਲਾਬ ਅਤੇ ਅੱਕ

ਤੂੰ ਹੋਵੇਂਗਾ ਗੁਲਾਬ ਕੋਈ,
ਪਰ ਇੰਨਾਂ ਵੀ ਗੁਮਾਨ ਨਾ ਕਰ।
ਤੂੰ ਕੰਢਿਆਂ ਦੇ ਵਿੱਚ ਘਿਰਿਆਂ ਏ,
ਆਸ-ਪਾਸ ਧਿਆਨ ਤਾਂ ਕਰ।
ਤੈਨੂੰ ਮਾਣ ਬੱਸ ਆਪਣੀ ਖੁਸ਼ਬੋ ਦਾ ਏ,
ਬਗੀਚੇ 'ਚੋਂ ਨਿਕਲ ਤੂਫਾਨ
ਤਾਂ ਜਰ।
ਅਸੀਂ ਫੁੱਲ ਅੱਕ ਦੇ ਕੀ ਮਹਿਕਣਾ ਅਸੀਂ,
ਸਾਡੇ ਕਰਕੇ ਮਨ ਪਰੇਸ਼ਾਨ
ਨਾ ਕਰ।
ਸਾਨੂੰ ਮਿਟਾ ਕੇ ਮਹਿਕੇਗਾ!
ਸੋਚਾਂ ਨਾ ਸੋਚ, ਐਲਾਨ ਤਾਂ ਕਰ।
ਤੂੰ ਬਾਗਾਂ ਦਾ ਰਾਜਾ ਅਸੀਂ ਟਿੱਬਿਆਂ ਤੇ
ਵੱਸਦੇ, ਤੂੰ ਰਾਜ ਸਾਂਭ ਆਪਣਾ
ਫਕੀਰਾਂ ਤੋਂ ਨਾ ਡਰ।
ਕਮਾਨ 'ਚੋਂ ਨਿਕਲਿਆ ਤੀਰ ਹਾਂ ਮੈਂ ਵੀ,
ਮੈਨੂੰ ਰੋਕਣ ਲਈ ਲਗਾਮ
ਤਾਂ ਕਰ।
ਮੁਕਾਬਲਾ ਕੀ ਤੇਰਾ ਤੇ ਸਾਡਾ ਵੇ
ਸੋਹਣਿਆਂ, ਤੂੰ ਖੋਹਦਾ ਹੀ ਰਹਿੰਦਾ
ਏ ਕਦੀ ਦਾਨ ਤਾਂ ਕਰ।
ਸੋਹਲ ਬੜਾ ਏ, ਹਵਾਵਾਂ ਠੰਡੀਆਂ ਚ ਝੂਮ
ਤੂੰ, ਹੰਕਾਰ ਤੇ ਜਲਨ
ਦੀਆਂ ਧੁੱਪਾਂ ਚ ਨਾ ਸੜ।
ਜਹਿਰ ਆ ਸਾਡੇ 'ਚ!ਵੇ ਅਕਲ ਦੇ
ਮਾਰਿਆ, ਸਾਡੇ ਨਾਲ ਖੇਹ
ਆਪਣਾ ਨੁਕਸਾਨ ਨਾ ਕਰ
ਤੂੰ ਹੋਵੇਂਗਾ ਗੁਲਾਬ ਕੋਈ,
ਪਰ ਇੰਨਾਂ ਵੀ ਗੁਮਾਨ ਨਾ ਕਰ।

• • •

## ਬੇ-ਵਫਾ ਸੀਸਾ

ਮੇਰੇ ਕਮਰੇ ਦਾ ਸੀਸਾ ਬੜਾ
ਬੇ-ਵਫਾ ਹੋ ਗਿਆ ਹੈ
ਉਹਦਾ ਕਮਰੇ 'ਚ ਮੇਰਾ ਉਹਦੇ 'ਚ
ਰਹਿਣਾ ਸਜਾ ਹੋ ਗਿਆ ਹੈ।
ਮੈਂ ਉਹਨੂੰ ਤੱਕਾਂ ਇਸ ਤੋਂ ਪਹਿਲਾਂ ਉਹ
ਮੈਨੂੰ ਤੱਕਣ ਲੱਗਦਾ ਏ,
ਪਤਾ ਨਹੀਂ ਫਿਰ ਤੱਕਦਿਆ-ਤੱਕਦਿਆ
ਕਾਹਨੂੰ ਥੱਕਣ ਲੱਗਦਾ ਏ,
ਪਹਿਲਾ ਤਾਂ ਪਿਆਰ ਬੜਾ ਸੀ ਉਸਨੂੰ,
ਪਤਾ ਨਹੀਂ ਹੁਣ ਕਿਉਂ ਖਫਾ ਹੋ ਗਿਆ ਹੈ।
ਮੇਰੇ ਕਮਰੇ ਦਾ ਸੀਸਾ ਬੜਾ ਬੇ-ਵਫਾ ਹੋ
ਗਿਆ ਹੈ।
ਕਦੇ ਆਖਦਾ ਤੂੰ ਮੈਨੂੰ ਆਪਣੀ ਹਰ ਗੱਲ
ਦੱਸਿਆ ਕਰ,
ਕਦੇ ਆਖਦਾ ਤੂੰ ਤਾਂ ਮੇਰੇ ਵੱਲ ਨਾ
ਤੱਕਿਆ ਕਰ,
ਮੇਰੀ ਨਜ਼ਰ ਕਮਾਈ ਸੀ ਉਸ ਦੀ, ਪਰ
ਪਤਾ ਨਹੀਂ ਹੁਣ ਮੇਰੇ ਤੋਂ
ਕੀ ਨੁਕਸਾਨ-ਨਫਾ ਹੋ ਗਿਆ ਹੈ।
ਮੇਰੇ ਕਮਰੇ ਦਾ ਸੀਸਾ ਬੜਾ ਬੇ-ਵਫਾ ਹੋ
ਗਿਆ ਹੈ।
ਉਹਦੇ ਨਾਲ ਸੀ ਹਰ ਮੁਰਾਦਾਂ,ਉਹਦੇ
ਵਿੱਚ ਸੀ ਉਕੱਰੀਆਂ ਯਾਦਾਂ,
ਮੇਰਾ ਅਕਸ ਹੁਣ ਉਹਦੇ ਵਿੱਚ ਹੁਣ ਇੱਕ
ਖਾਲੀ ਸਫਾ ਹੋ ਗਿਆ ਹੈ।
ਮੇਰੇ ਕਮਰੇ ਦਾ ਸੀਸਾ ਬੜਾ ਬੇ-ਵਫਾ ਹੋ
ਗਿਆ ਹੈ।
ਰੋਜ ਮੇਰੀ ਉਡੀਕ ਸੀ ਕਰਦਾ ਹਰ ਗੱਲ
ਤੇ ਮੇਰੀ ਤਾਰੀਫ ਸੀ ਕਰਦਾ,
ਮੇਰੇ ਬਿਨਾ ਉਹਦਾ ਦਿਲ ਨੀ ਸੀ ਲੱਗਦਾ
ਹੁਣ ਉਹਦੇ ਲਈ ਦਿਲ ਦਾ ਮਾਮਲਾ
ਰਫਾ-ਦਫਾ ਹੋ ਗਿਆ ਹੈ।
ਮੇਰੇ ਕਮਰੇ ਦਾ ਸੀਸਾ ਬੜਾ ਬੇ-ਵਫਾ ਹੋ
ਗਿਆ ਹੈ।
ਕੋਲ ਰਹਿਣ ਲਈ ਉਹ ਮਜਬੂਰ ਏ,ਕੋਲ
ਹੋ ਕੇ ਵੀ ਕਿੰਨਾ ਦੂਰ ਏ
ਸਾਡੇ ਕੋਲ ਉਹਦਾ ਰਹਿਣਾ ਕਿਉਂ ਜਫਾ
ਹੋ ਗਿਆ ਹੈ।
ਮੇਰੇ ਕਮਰੇ ਦਾ ਸੀਸਾ ਬੜਾ ਬੇ-ਵਫਾ ਹੋ
ਗਿਆ ਹੈ।
ਉਹਦਾ ਕਮਰੇ 'ਚ ਮੇਰਾ ਉਹਦੇ 'ਚ
ਰਹਿਣਾ ਸਜਾ ਹੋ ਗਿਆ ਹੈ।
ਮੇਰੇ ਕਮਰੇ ਦਾ ਸੀਸਾ ਬੜਾ ਬੇ-ਵਫਾ ਹੋ
ਗਿਆ ਹੈ।

## ਕਵਿਤਾ ਤੇ ਕਵੀ

ਮੇਰੀ ਇੱਕ ਅਧੂਰੀ ਰੀਝ
"ਮੈਂ ਕਿਸੇ ਕਵੀ ਦੀ ਕਵਿਤਾ ਹੋਵਾਂ"।
ਉਹਦੇ ਫੁੱਲਾਂ ਵਰਗੇ ਸ਼ਬਦਾਂ 'ਚੋਂ ਨਿਕਲੇ
ਅਰਥਾਂ ਦੇ ਭਾਰ ਨੂੰ ਢੋਵਾਂ
ਮੇਰੀ ਇੱਕ ਅਧੂਰੀ ਰੀਝ "ਮੈਂ ਕਿਸੇ ਕਵੀ
ਦੀ ਕਵਿਤਾ ਹੋਵਾਂ"॥

-ਮੈਨੂੰ ਸੋਚੇ ਉਹ, ਮੈਨੂੰ ਜਾਣੇ ਉਹ,ਉਹ
ਵਾਂਗ ਹਵਾਵਾਂ ਵਗਦਾ ਜਾਵੇ,
ਰੂਹ ਮੇਰੀ ਦੇ ਅੰਦਰ ਹੋ, ਉਹ ਮੈਨੂੰ ਛੋਹ-
ਛੋਹ ਲੰਘਦਾ ਜਾਵੇ।
ਉਹਦੀ ਕਲਮ

## ਵੋਟਾਂ ਦੀ ਰੁੱਤ

ਵੋਟਾਂ ਦੀ ਰੁੱਤ ਆਈ ਲੋਕੋ ਵੋਟਾਂ ਦੀ ਰੁੱਤ ਆਈ
ਠੱਗੇ ਜਾਓਗੇ ਫੇਰ ਅਗਰ ਨਾ ਸਮਝ ਅਜੇ ਵੀ ਆਈ

ਰੰਗ ਬਰੰਗੀਆਂ ਝੰਡੀਆਂ ਚੇਹਰੇ ਵੋਟਾਂ ਮੰਗਣ ਆਏ
ਕੌਣ ਪਰਾਇਆ ਕੌਣ ਹੈ ਸਾਡਾ ਛੇਤੀ ਸਮਝ ਨਾ ਆਏ
ਹਰ ਕੋਈ ਨੇਤਾ ਵਾਅਦਿਆਂ ਵਾਲੀ ਜਾਂਦਾ ਧੂੜ ਉਡਾਈ

ਸਗਨ ਸਕੀਮਾਂ ਰਾਸ਼ਨ ਪਾਣੀ ਬਿਜਲੀ ਮੁਫਤ ਕਰਾਂਗੇ
ਕੋਈ ਆਖੇ ਬੇਰੋਜਗਾਰੀ ਪਲ ਵਿੱਚ ਦੂਰ ਕਰਾਂਗੇ
ਸਾਨੂੰ ਗੱਦੀਆਂ ਬਖਸ਼ੋ ਫਿਰ ਨਾ ਤੰਗ ਕਰੂ ਮਹਿੰਗਾਈ

ਦੇਸ ਦੀ ਪ੍ਰਭੂਸਤਾ ਪਰੋਸਣ ਬਾਹਰਲਿਆਂ ਦੇ ਅੱਗੇ
ਕਿਰਤੀਆਂ ਪੱਲੇ ਰਹਿ ਜਾਂਦੇ ਨੇ ਓਹੀ ਮੈਲੇ ਝੱਗੇ
ਕੰਪਨੀਆਂ ਹੱਥ ਦੇਸ ਦੀ ਇਹਨਾਂ ਵਾਗਡੋਰ ਪਕੜਾਈ

ਸੁਣੋ ਭਰਾਵੋ ਭੈਣੋ ਨੇਤਾ ਗਲਤ ਕੋਈ ਨਾ ਸੁਣਿਓ
ਵੋਟ ਦੇਣ ਤੋਂ ਪਹਿਲਾਂ ਬੱਸ ਆਵਾਜ ਜਮੀਰ ਦੀ ਸੁਣਿਓ
ਗੋਦੀ ਵਿੱਚ ਲੱਕੜ ਦੇ ਮੁੰਡੇ ਜਾਂਦੇ ਕਿਉਂ ਖਿਡਾਈ

ਨਸ਼ਿਆਂ ਦਾ ਦਰਿਆ ਵਗੇਗਾ ਨਾਲੇ ਪੈਸਾ ਚੱਲੂ
ਵੋਟ ਤੁਹਾਡੀ ਵਰਤ ਫੇਰ ਕੋਈ ਝੂਠਾ ਗੱਦੀਆਂ ਮੱਲੂ
ਵਾਂਗ ਕਾਫੂਰ ਉੱਡਣਗੇ ਵਾਅਦੇ ਜਨਤਾ ਫੇਰ ਪਰਾਈ।

ਆਮ ਆਦਮੀ ਆਮ ਰਹੂਗਾ ਖਾਸ ਇਹਨਾਂ ਹੀ ਰਹਿਣਾ
ਸੋਝੀ ਵਾਲਾ ਪੱਲਾ ਫੜ ਲਓ ਜੇ ਜਿਉਂਦਿਆਂ ਵਿੱਚ ਰਹਿਣਾ
ਨੇਤਾ ਦੇ ਪੁੱਤ ਨੇਤਾ ਬਣਦੇ ਘਾਈਆਂ ਦੇ ਕਿਉਂ ਘਾਈ

-ਗੁਰਮੇਲ ਸਿੰਘ ਭੁਟਾਲ

# ਮੌਂਟਰੀਅਲ ਵਿਖੇ ਵਿਸ਼ਾਲ ਵਿਦਿਆਰਥੀ ਰੈਲੀ




ਮੌਂਟਰੀਅਲ : ਅੱਜ ਮੌਂਟਰੀਅਲ ਦੇ ਗੁਰੂਦੁਆਰਾ ਸਾਹਿਬ ਗੁਰੂ ਨਾਨਕ ਦਰਬਾਰ, ਲਾਸਾਲ ਵਿਖੇ ਵਿਸ਼ਾਲ ਵਿਦਿਆਰਥੀ ਰੈਲੀ ਕੀਤੀ ਗਈ। ਇਸ ਰੈਲੀ ਵਿੱਚ ਵਿਦਿਆਰਥੀਆਂ ਸਮੇਤ ਕੈਨੇਡਾ ਵਸਦੇ ਵੱਖ-ਵੱਖ ਭਾਈਚਾਰਿਆਂ ਅਤੇ ਸਮਾਜਿਕ-ਜਮਹੂਰੀ ਜੱਥੇਬੰਦੀਆਂ ਨੇ ਵੀ ਹਿੱਸਾ ਲਿਆ। ਕੜਾਕੇ ਦੀ ਠੰਡ 'ਚ ਇਹ ਰੈਲੀ 'ਮੌਂਟਰੀਅਲ ਨੌਜਵਾਨ-ਵਿਦਿਆਰਥੀ ਸੰਗਠਨ' ਦੇ ਝੰਡੇ ਹੇਠ ਕੀਤੀ ਗਈ ਜਿਸ ਵਿੱਚ ਵੱਖ-ਵੱਖ ਵਿਦਿਆਰਥੀ ਆਗੂਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸਮੇਂ ਸੰਗਠਨ ਵੱਲੋਂ ਹਰਿੰਦਰ ਸਿੰਘ, ਹਰਲੀਨ ਕੌਰ, ਹਰਜੀਤ ਸਿੰਘ ਬਾਜਵਾ, ਦੀਪਾਕਸ਼ੀ, ਵਰੁਣ ਖੰਨਾ, ਪਰਮ ਢਿੱਲੋਂ, ਅਮਿਤੋਜ਼ ਸ਼ਾਹ, ਖੁਸ਼ਪਾਲ ਗਰੇਵਾਲ, ਪੰਜਾਬ ਤੋਂ ਨਿਸ਼ਾ ਆਦਿ ਆਗੂਆਂ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਪਿਛਲੇ ਦਿਨੀਂ ਕੈਨੇਡਾ ਵਿੱਚ ਮੌਂਟਰੀਅਲ ਦੇ ਤਿੰਨ ਕਾਲਜ ਐਮ-ਕਾਲਜ, ਸੀਡੀਈ ਅਤੇ ਸੀਸੀਐਸਕਿਊ ਦੇ ਬੰਦ ਹੋਣ ਨਾਲ ਇਹਨਾਂ ਕਾਲਜਾਂ ਵਿੱਚ ਪੜ੍ਹਦੇ ਸੈਂਕੜੇ ਵਿਦਿਆਰਥੀਆਂ ਦੀ ਪੜ੍ਹਾਈ ਰੁੱਕ ਗਈ ਅਤੇ ਉਹਨਾਂ ਦਾ ਭਵਿੱਖ ਖਤਰੇ ਵਿੱਚ ਪੈ ਗਿਆ। ਕਾਲਜ ਪ੍ਰਬੰਧਕਾਂ ਵੱਲੋਂ ਵਿਦਿਆਰਥੀਆਂ ਨੂੰ ਕੋਈ ਭਰੋਸੇਯੋਗ ਜਾਣਕਾਰੀ ਨਹੀਂ ਦਿੱਤੀ ਜਾ ਰਹੀ। ਵਿਦਿਆਰਥੀ ਘਰ ਬੈਠੇ ਹਨ ਅਤੇ ਉਹਨਾਂ ਦੇ ਸਟੱਡੀ ਪਰਮਿਟ ਦੀ ਮਿਆਦ ਜਲਦ ਹੀ ਖਤਮ ਹੋਣ ਜਾ ਰਹੀ ਹੈ। ਇਹਨਾਂ ਵਿੱਚੋਂ ਲੱਗਭੱਗ 30% ਵਿਦਿਆਰਥੀਆਂ ਦੀ ਹਾਲ ਹੀ ਵਿੱਚ ਪਹਿਲੇ ਸਮੈਸਟਰ ਦੀ ਪੜ੍ਹਾਈ ਸ਼ੁਰੂ ਹੋਈ ਸੀ ਅਤੇ 70% ਵਿਦਿਆਰਥੀਆਂ ਦੀ ਪੜ੍ਹਾਈ ਲੱਗਭੱਗ ਖਤਮ ਹੋਣ ਵਾਲੀ ਸੀ। ਆਉਣ ਵਾਲੇ ਦਿਨਾਂ ਵਿੱਚ ਜੇਕਰ ਇਹ ਤਿੰਨ ਕਾਲਜ ਇਸੇ ਤਰ੍ਹਾਂ ਬੰਦ ਰਹਿੰਦੇ ਹਨ ਜਾਂ ਇਹਨਾਂ ਕਾਲਜਾਂ ਦੇ ਲਾਈਸੰਸ ਰੱਦ ਹੁੰਦੇ ਹਨ ਤਾਂ ਇਹਨਾਂ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਵੱਡੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਨਾਲ ਜਿੱਥੇ ਉਹਨਾਂ ਦਾ ਸਮਾਂ ਬਰਬਾਦ ਹੋਵੇਗਾ ਉੱਥੇ ਉਹਨਾ ਦੁਆਰਾ ਭਰੀਆਂ ਮਹਿੰਗੀਆਂ ਫੀਸਾਂ ਵੀ ਅਜਾਈਂ ਜਾਣਗੀਆਂ। ਇਸਤੋਂ ਇਲਾਵਾ ਭਾਰਤ ਵਿੱਚੋਂ ਸੈਂਕੜੇ ਵਿਦਿਆਰਥੀਆਂ ਨੇ ਇਹਨਾਂ ਕਾਲਜਾਂ ਵਿੱਚ ਦਾਖਲਾ ਲੈਣ ਲਈ ਵੱਖ-ਵੱਖ ਏਜੰਟਾਂ ਰਾਹੀਂ ਅਗਾਊਂ ਹੀ ਹਜ਼ਾਰਾਂ ਡਾਲਰ ਫੀਸ ਜਮਾਂ ਕਰਵਾਈ ਹੋਈ ਹੈ। ਇਹਨਾਂ ਵਿੱਚੋਂ ਜਿਆਦਾਤਰ ਵਿਦਿਆਰਥੀਆਂ ਦੇ ਸਟੱਡੀ ਵੀਜ਼ਾ ਰੱਦ ਹੋ ਚੁੱਕੇ ਹਨ ਪਰੰਤੂ ਫੀਸ ਰੀਫੰਡ ਦੀ ਮੰਗ ਕਰਨ ਦੇ ਬਾਵਜੂਦ ਵੀ ਇਹਨਾਂ ਵਿਦਿਆਰਥੀਆਂ ਨੂੰ ਫੀਸਾਂ ਵਾਪਸ ਨਹੀਂ ਕੀਤੀਆਂ ਗਈਆਂ। ਸਟੱਡੀ ਵੀਜ਼ਾ ਰੱਦ ਹੋਣ ਦੀ ਸੂਰਤ ਵਿੱਚ ਵਿਦਿਆਰਥੀਆਂ ਨੂੰ ਫੀਸ ਵਾਪਸੀ ਦਾ ਕਾਨੂੰਨਨ ਹੱਕ ਹੈ। ਪਰ ਲਗਾਤਾਰ ਮੰਗ ਕਰਨ ਤੇ ਵੀ ਉਹਨਾਂ ਦੀ ਫੀਸ ਵਾਪਸ ਨਹੀਂ ਕੀਤੀ ਜਾ ਰਹੀ। ਆਈਆਰਸੀਸੀ (IRCC) ਨੇ ਵਿਦਿਆਰਥੀਆਂ ਦੀਆਂ ਯੋਗਤਾ ਜ਼ਰੂਰਤਾਂ (eligible requirements) ਨੂੰ ਵਾਚਦਿਆਂ ਕੋਵਿਡ-19 ਕਾਰਨ ਬਹੁਤ ਸਾਰੇ ਵਿਦਿਆਰਥੀਆਂ ਨੂੰ ਲੱਗਭੱਗ ਡੇਢ ਸਾਲ ਪਹਿਲਾਂ ਆਨਲਾਈਨ ਪੜ੍ਹਾਈ ਕਰਨ ਲਈ 'ਅਪਰੂਵਲ ਇਨ ਪ੍ਰਿੰਸੀਪਲ' ਜਾਰੀ ਕੀਤੀ ਸੀ ਅਤੇ ਵਿਦਿਆਰਥੀਆਂ ਨੇ ਰਾਤਾਂ ਜਾਗ ਕੇ ਆਪਣੀਆਂ ਆਨਲਾਈਨ ਕਲਾਸਾਂ ਲਗਾਈਆਂ ਸਨ। ਪਰੰਤੂ ਹੁਣ ਕਾਲਜ ਬੰਦ ਹੋਣ ਕਾਰਨ ਉਹਨਾਂ ਨੂੰ ਆਈਆਰਸੀਸੀ ਵੱਲੋਂ ਕੋਈ ਅੰਤਿਮ ਫੈਸਲਾ ਜਾਰੀ ਨਹੀਂ ਕੀਤਾ ਜਾ ਰਿਹਾ। ਭਾਰਤ ਰਹਿੰਦੇ ਕੁਝ ਵਿਦਿਆਰਥੀਆਂ ਨੂੰ ਸਟੱਡੀ ਵੀਜ਼ਾ ਮਿਲ ਚੁੱਕਿਆ ਹੈ ਪਰ ਕਾਲਜ ਬੰਦ ਹੋਣ ਕਾਰਨ ਉਹਨਾਂ ਨੂੰ ਕੈਨੇਡਾ ਟਰੈਵਲ ਕਰਨ ਵਿੱਚ ਮੁਸ਼ਕਲਾਂ ਆ ਰਹੀਆਂ ਹਨ। ਕੁਝ ਵਿਦਿਆਰਥੀਆਂ ਨੂੰ ਨਾ ਵੀਜ਼ਾ ਮਿਲਿਆ ਹੈ ਅਤੇ ਨਾ ਹੀ ਉਹਨਾਂ ਦੀਆਂ ਆਨਲਾਈਨ ਕਲਾਸਾਂ ਲੱਗੀਆਂ। ਕੈਨੈਡਾ ਵਿੱਚ ਦੁਨੀਆਂ ਭਰ ਵਿੱਚੋਂ ਵਿਦਿਆਰਥੀ ਆਪਣੇ ਸੁਨਹਿਰੇ ਭਵਿੱਖ ਅਤੇ ਉੱਚ ਸਿੱਖਿਆ ਹਾਸਲ ਕਰਨ ਆਉਂਦੇ ਹਨ। ਪਰ ਇਸ ਤਰ੍ਹਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਹੱਕਾਂ ਦਾ ਘਾਣ ਹੋਣ ਨਾਲ ਉਹਨਾਂ ਵਿੱਚ ਕੈਨੇਡੀਅਨ ਸਿੱਖਿਆ ਪ੍ਰਬੰਧ ਪ੍ਰਤੀ ਸ਼ੰਕੇ ਖੜੇ ਹੋ ਰਹੇ ਹਨ। ਭਾਰਤ ਵਰਗੇ ਦੇਸ਼ਾਂ ਵਿੱਚ ਵਿਦਿਅਰਥੀ ਅਤੇ ਉਹਨਾਂ ਦੇ ਮਾਪੇ ਬਹੁਤ ਮੁਸ਼ਕਲਾਂ ਨਾਲ ਵਿਦੇਸ਼ਾਂ ਵਿੱਚ ਉੱਚ ਸਿੱਖਿਆ ਹਾਸਲ ਕਰਨ ਲਈ ਫੀਸਾਂ ਦਾ ਪ੍ਰਬੰਧ ਕਰਦੇ ਹਨ।

ਕਾਲਜ ਬੰਦ ਹੋਣ ਕਾਰਨ ਵਿਦਿਆਰਥੀ ਗਹਿਰੇ ਮਾਨਸਿਕ ਤਣਾਅ 'ਚ ਹਨ। ਉਹ ਮੰਗ ਕਰ ਰਹੇ ਹਨ ਕਿ ਕੈਨੇਡੀਅਨ ਸਰਕਾਰ, ਸਿੱਖਿਆ ਮੰਤਰੀ, ਕੈਨੇਡਾ ਸਥਿਤ ਭਾਰਤੀ ਰਾਜਦੂਤ ਅਤੇ ਭਾਰਤੀ ਵਿਦੇਸ਼ ਮੰਤਰੀ ਨੂੰ ਇਸ ਮਸਲੇ ਵਿੱਚ ਫੌਰੀ ਦਖਲਅੰਦਾਜ਼ੀ ਕਰਦਿਆਂ ਇਸਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ ਤਾਂ ਜੋ ਭਵਿੱਖ ਦਾ ਸਰਮਾਇਆ ਮੰਨੇ ਜਾਂਦੇ ਵਿਦਿਆਰਥੀਆਂ ਨੂੰ ਮੁਸ਼ਕਲਾਂ ਤੇ ਪ੍ਰੇਸ਼ਾਨੀਆਂ ਵਿੱਚੋਂ ਕੱਢਕੇ ਪੜ੍ਹਾਈ ਵੱਲ ਧਿਆਨ ਕੇਂਦਰਿਤ ਕਰਨ ਦਾ ਮਹੌਲ ਦਿੱਤਾ ਜਾਵੇ।

ਰੈਲੀ ਵਿੱਚ ਵਿਦਿਆਰਥੀਆਂ ਨੇ ਭਾਰਤ ਵਿੱਚ ਵੀਜ਼ਾ ਰੱਦ ਵਿਦਿਆਰਥੀਆਂ ਦੀ ਫੀਸ ਵਾਪਸੀ, ਬੰਦ ਹੋਏ ਤਿੰਨ ਕਾਲਜਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਪੜ੍ਹਾਈ ਪੂਰੀ ਕਰਵਾਉਣ, ਸੀਏਕਿਊ ਅਤੇ ਸਟੱਡੀ ਪਰਮਿਟ ਮਨਜ਼ੂਰ ਕਰਦਿਆਂ ਵਿਦਿਆਰਥੀਆਂ ਨੂੰ ਗਰੈਜੂਏਟ ਕਰਨ, ਸਟੱਡੀ ਵੀਜ਼ਾ ਹਾਸਲ ਵਿਦਿਆਰਥੀਆਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਟਰੈਵਲ ਕਰਨ, ਜਿਹਨਾਂ ਵਿਦਿਆਰਥੀਆਂ ਨੇ ਇੱਕ ਸਾਲ ਤੋਂ ਉਪਰ ਸਮੇਂ ਤੋਂ ਫੀਸਾਂ ਭਰੀਆਂ ਹੋਈਆਂ ਹਨ ਪਰ ਨਾ ਤਾਂ ਉਹਨਾਂ ਨੂੰ ਵੀਜ਼ਾ ਮਿਲ ਰਿਹਾ ਹੈ ਅਤੇ ਨਾ ਹੀ ਕਲਾਸਾਂ ਲੱਗ ਰਹੀਆਂ ਹਨ; ਉਹਨਾਂ ਨੂੰ ਵੀਜ਼ਾ ਤੇ ਕਲਾਸਾਂ ਸਬੰਧੀ ਕੋਈ ਸਕਾਰਾਤਮਕ ਫੈਸਲਾਂ ਦਿੱਤਾ ਜਾਵੇ, ਭਾਰਤ ਵਿਚਲੇ ਵੱਖ-ਵੱਖ ਏਜੰਟ ਵਿਦਿਆਰਥੀਆਂ ਤੋਂ ਲਿਆ ਕਮਿਸ਼ਨ ਵਾਪਸ ਕਰਨ ਆਦਿ ਦੀ ਮੰਗ ਕੀਤੀ। ਆਗੂਆਂ ਨੇ ਕਿਹਾ ਕਿ ਉਹ ਜਿੱਤ ਤੱਕ ਸੰਘਰਸ਼ ਕਰਨਗੇ। ਉਹਨਾਂ ਕਿਹਾ ਕਿ ਇਸ ਰੈਲੀ ਉਪਰੰਤ ਕੈਨੇਡਾ ਦੇ ਸਿੱਖਿਆ ਮੰਤਰੀ, ਕੈਨੇਡਾ ਸਥਿਤ ਭਾਰਤੀ ਰਾਜਦੂਤ, ਮੌਂਟਰੀਅਲ ਦੇ ਮੌਜੂਦਾ ਐਮਪੀ ਅਤੇ ਵਿਰੋਧੀ ਧਿਰ ਤੇ ਵੱਖ-ਵੱਖ ਮੰਤਰੀਆਂ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਰੈਲੀ ਤੋਂ ਬਾਅਦ ਜੇਕਰ ਉਹਨਾਂ ਦੀਆਂ ਮੰਗਾਂ ਨਹੀਂ ਮੰਨ੍ਹੀਆਂ ਜਾਂਦੀਆਂ ਤਾਂ ਉਹ ਕੈਨੇਡਾ ਦੇ ਬਾਕੀ ਦੇ ਸੂਬਿਆਂ ਵਿੱਚ ਵਿਦਿਆਰਥੀ ਸੰਘਰਸ਼ ਨੂੰ ਲਾਮਬੰਦ ਕਰਨ ਲਈ ਮਜ਼ਬੂਰ ਹੋਣਗੇ। ਜੱਥੇਬੰਦੀ ਵੱਲੋਂ 3 ਫਰਵਰੀ ਨੂੰ ਮੌਂਟਰੀਅਲ ਸ਼ਹਿਰ ਵਿੱਚ ਕਾਰ ਮਾਰਚ ਦੇ ਪ੍ਰੋਗਰਾਮ ਦਾ ਸੱਦਾ ਦਿੱਤਾ ਗਿਆ। ਇਸ ਸਮੇਂ ਗੁਰੂਦੁਆਰਾ ਗੁਰੂ ਨਾਨਕ ਦਰਬਾਰ, ਲਸਾਲ ਦੀ ਕਮੇਟੀ ਅਤੇ ਪ੍ਰਧਾਨ ਹਰਜੀਤ ਸਿੰਘ ਬਾਜਵਾ ਨੇ ਵਿਦਿਆਰਥੀ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ।

**ਵਰੁਣ ਖੰਨਾ** +1 (514) 546-8202
**ਹਰਿੰਦਰ ਸਿੰਘ** : +1 (647) 804-2419

TAX & ACCOUNTING
• Personal, Business & Corporate Tax
• Book Keeping & Accounting Service
• RSEP & Education Saving Plan
(Get Goverment Grants upto 40%)
• RRSP, TFSA & RDSP
• Payroll & HST Service
• Business & GST Registration
E-FILE
Special Discounts for Groups & Seniors
K.S.C. General SERVICES
I will help you understand the product and provide trusted service to choose the product that fits your needs and life style. Give me a call for all your personal and business needs.


Kirpal Cheema
647-763-4862
www.kirpalcheema.com
INSURANCE
• Life Insurance (Permanent, Universal or Term)
• Disability & Critical Insurance (Money Back)
• Long Term Care Insurance
• Health, Dental & Drug Benefits
• Visitor & Super Visa Insurance (Monthly & Money Back Plan)
• Group Life, Health, Dental & Drug Plans

MAROK LAW OFFICE
Always Taking You Forward

• Corporate Law • Real Estate
Wills • Affidavits • Power of Attorney
VIPANDEEP SINGH MAROK
Barrister, Solicitor & Notary Public M.A., LLB
80 Maritime Ontario Blvd, Unit# 60,
Brampton, Ontario L6S 0E7
Ph. 905 790 8100, Fax : 905 790 8150
Email : vipanmarok@gmail.com
www.maroklaw.com

Gill
Truck & Trailer Repair
& Mobile Service
Lube and Truck Wash

Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Tri-City
Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis

Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

FIVE STAR INSURANCE
Save up to 51%
• Auto • Home • Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
905.459.0555
270 Orenda Rd., Unit # 200 Brampton, ON L6T 4X6

# ਹਾਈਵੇ ਦੇ ਮਾੜੇ ਪ੍ਰਬੰਧਾਂ ਕਰਕੇ ਟਰੱਕ ਚਾਲਕਾਂ ਵਲੋਂ ਸਰ੍ਹੀ 'ਚ ਵਿਸ਼ਾਲ ਰੈਲੀ









22 ਜਨਵਰੀ, 2022 ਨੂੰ ਬੀ.ਸੀ ਦੇ ਟਰੱਕ ਚਾਲਕਾਂ ਵਲੋਂ ਹਾਈਵੇ 'ਤੇ ਆਉਣ ਵਾਲੀਆਂ ਦਿੱਕਤਾਂ ਦੇ ਮੱਦੇ ਨਜ਼ਰ ਇੱਕ ਵਿਸ਼ਾਲ ਰੈਲੀ ਕੀਤੀ ਗਈ ਜਿਸ ਵਿੱਚ ਸੈਂਕੜੇ ਟਰੱਕ ਚਾਲਕਾਂ ਅਤੇ ਉਹਨਾਂ ਦੇ ਸਹਿਯੋਗੀਆਂ ਨੇ ਆਪਣਾ ਰੋਸ ਜ਼ਾਹਰ ਕੀਤਾ। ਉਹਨਾਂ ਨੇ ਦੱਸਿਆ ਕਿ ਮਾੜੇ ਪ੍ਰਬੰਧਾਂ ਕਰਕੇ ਕਈ ਟਰੱਕ ਚਾਲਕ ਆਪਣੀਆਂ ਕੀਮਤੀ ਜਾਨਾਂ ਵੀ ਗਵਾ ਚੁੱਕੇ ਹਨ। ਰੈਲੀ ਦੇ ਮੁੱਖ ਪ੍ਰਬੰਧਕ ਅਤੇ ਵੈਸਟ ਕੋਸਟ ਟਰੱਕਿੰਗ ਦੇ ਪ੍ਰਧਾਨ ਵਿਜੇ ਦੀਪ ਸਾਹਸੀ ਨੇ ਦੱਸਿਆ ਕਿ ਹਾਈਵੇਆਂ ਦੀਆਂ ਹਾਲਤਾਂ ਐਨੀਆਂ ਮਾੜੀਆਂ ਹਨ ਕਿ ਹਰ ਦਿਨ ਕੋਈ ਨਾ ਕੋਈ ਘਟਨਾ ਵਾਪਰਦੀ ਰਹਿੰਦੀ ਹੈ ਜਿਸ ਨਾਲ ਡਰਾਈਵਿੰਗ ਕਰਦੇ ਸਮੇਂ ਟਰੱਕ ਚਾਲਕਾਂ ਨੂੰ ਦਿਮਾਗੀ ਪ੍ਰੇਸ਼ਾਨੀਆਂ ਦਾ ਵੀ ਸਾਹਮਣਾ ਕਰਨਾ ਪੈਂਦਾ ਹੈ।ਡਰਾਈਵਰਾਂ ਨੂੰ ਵੱਡੀ ਮੁਸ਼ਕਲ ਉਦੋਂ ਹੁੰਦੀ ਹੈ ਕਿ ਜਦੋਂ ਹਾਈਵੇ ਬੰਦ ਹੋਣ ਕਾਰਣ ਅੱਧਾ ਅੱਧਾ ਦਿਨ ਜਾਂ ਇਸਤੋਂ ਵੀ ਵੱਧ ਹਰ ਪਾਸੇ ਜਾਣ ਦੀ ਉਡੀਕ ਕਰਨੀ ਪੈਂਦੀ ਹੈ।

ਬੁਲਾਰਿਆਂ ਨੇ ਕਿਹਾ ਕਿ ਹਾਈਵੇ ਦੀ ਸਾਂਭ ਸੰਭਾਲ ਕਰਨ ਵਾਲੇ ਟਰਾਂਸਪੋਰਟ ਮੰਤਰਾਲੇ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।ਇਕੱਲਾ ਇਕੱਲਾ ਡਰਾਈਵਰ ਆਪਣੀਆਂ ਮੁਸ਼ਕਲਾਂ 28 ਠੇਕੇਦਾਰ ਜੋ ਹਾਈਵੇ ਦੀ ਨਿਗਰਾਨੀ ਕਰਦੇ ਹਨ ਉਹਨਾਂ ਤੱਕ ਕਿਵੇਂ ਪਹੁੰਚਾ ਸਕਦਾ ਹੈ। ਉਹਨਾਂ ਦੱਸਿਆ ਕਿ ਦੁੱਖ ਦੀ ਗੱਲ ਹੈ ਕਿ ਇਹ ਠੇਕੇਦਾਰਾਂ ਦੀ ਲਾਪ੍ਰਵਾਹੀ ਦਾ ਹੀ ਹਿੱਸਾ ਹੈ ਕਿ ਹਾਈਵੇਆਂ ਦਾ ਹਾਲ ਦਿਨੋਂ ਦਿਨ ਬਦ ਤੋਂ ਬਦਤਰ ਹੋ ਰਿਹਾ ਹੈ। ਜਦੋਂ ਕੋਈ ਘਟਨਾ ਵਾਪਰ ਜਾਂਦੀ ਹੈ ਤਾਂ ਠੇਕੇਦਾਰ ਉਦੋਂ ਹੀ ਪਹੁੰਚ ਜਾਂਦੇ ਹਨ ਪਰ ਹਾਦਸੇ ਤੋਂ ਪਹਿਲਾਂ ਕਦੇ ਵੀ ਦਿਖਾਈ ਨਹੀਂ ਦਿੰਦੇ, ਅਗਰ ਉਹ ਪਹਿਲਾਂ ਸੜਕਾਂ ਦੀਆਂ ਹਾਲਤਾਂ ਦੀ ਨਿਗਰਾਨੀ ਕਰਨ ਤਾਂ ਇਹ ਜਾਨਾਂ ਦਾ ਖੌਅ ਹਾਦਸੇ ਰੋਕੇ ਜਾ ਸਕਦੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪ ਉਹਨਾਂ ਦੀ ਪੁੱਛ ਪੜਤਾਲ ਕਰਨ ਕਿ ਉਹ ਹਾਈਵੇ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਨੂੰ ਸਹੀ ਅੰਜ਼ਾਮ ਕਿਉਂ ਨਹੀਂ ਦੇ ਰਹੇ।ਡਰਾਈਵਰਾਂ ਨੂੰ ਜਿੱਥੇ ਹਾਈਵੇ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਉੱਥੇ ਉਹਨਾਂ ਦੀਆਂ ਲੋੜੀਂਦੀਆਂ ਸਹੂਲਤਾਂ ਜਿਵੇਂ ਪਾਣੀ, ਬਿਜਲੀ ਤੇ ਸਾਫ਼ ਸੁਥਰੇ ਬਾਥਰੂਮਾਂ ਦੀ ਘਾਟ ਅਤੇ ਟਰੱਕਾਂ ਨੂੰ ਅਰਾਮ ਦਵਾਉਣ, ਚੈੱਕਅਪ ਕਰਨ ਲਈ ਬਾਹਰ ਕੱਢਣ ਤੇ ਪਾਰਕ ਕਰਨ ਲਈ ਹੋਰ ਥਾਵਾਂ ਦਾ ਵੀ ਪ੍ਰਬੰਧ ਕਰਨਾ ਚਾਹੀਦਾ ਹੈ।ਕੋਵਿਡ ਦੀ ਮਹਾਂਮਾਰੀ ਸਮੇਂ ਟਰੱਕ ਚਾਲਕਾਂ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨ੍ਹਾਂ ਲੋਕਾਂ ਤੱਕ ਜ਼ਰੂਰੀ ਵਸਤਾਂ ਪਹੁੰਚਾ ਕੇ ਲੋਕਾਂ ਦੀਆਂ ਸੇਵਾਵਾਂ ਦਾ ਧਿਆਨ ਰੱਖਿਆ ਹੈ ਪਰ ਸਰਕਾਰ ਉਹਨਾਂ ਦੀਆਂ ਲੋੜਾਂ ਨੂਮ ਅਣਗੌਲ਼ਿਆ ਕਰ ਰਹੀ ਹੈ ਜੋ ਇਨਸਾਫ਼ ਨਹੀਂ ਹੈ।

ਉਹਨਾਂ ਇਹ ਵੀ ਦੱਸਿਆ ਕਿ ਇਹ ਪਿਛਲੇ ਦਿਨੀਂ ਹੜਾਂ ਦੀ ਮਾਰ ਹੇਠ ਆਏ ਇਕੱਲੇ ਕੋਕਾਹਾਲਾ ਹਾਈਵੇ ਦੀ ਸਮੱਸਿਆ ਦੀ ਗੱਲ ਨਹੀਂ, ਇਹ ਮੁਸ਼ਕਲਾਂ ਤਾਂ ਕੈਮਲੂਪਸ ਤੋਂ ਅਲਬਰਟਾ ਦੇ ਵਿਚਕਾਰਲੇ ਮਹੱਤਵਪੂਰਣ ਹਿੱਸੇ ਨਾਲ ਵੀ ਜੁੜੀਆਂ ਹਨ, ਜਿਨ੍ਹਾਂ ਨੂੰ ਹੱਲ ਕਰਨਾ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਦੌਰਾਨ ਬੀਸੀ ਦੇ ਟਰਾਂਸਪੋਰਟੇਸ਼ਨ ਮੰਤਰੀ ਰੌਬ ਫਲੇਮਿੰਗ ਨੇ ਕਿਹਾ ਕਿ ਹੁਣ ਅਸੀਂ ਵੈਸਟ ਕੋਸਟ ਐਸੋਸੀਏਸ਼ਨ ਨਾਲ ਸਿੱਧਾ ਰਾਬਤਾ ਕਰ ਲਿਆ ਹੈ ਕਿ ਜੋ ਵੀ ਡਰਾਇਵਿਰਾਂ ਦੀਆਂ ਮੁਸ਼ਕਲਾਂ ਹਨ ਉਹਨਾਂ ਨੂੰ ਪੜਤਾਲਿਆ ਜਾਵੇਗਾ ਤੇ ਉਹਨਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਾਰਥਕ ਕਦਮ ਚੁੱਕੇ ਜਾਣਗੇ।

ਇਸ ਰੈਲੀ ਦੌਰਾਨ ਰੋਸ ਮਾਰਚ ਵੀ ਕੀਤਾ ਗਿਆ ਅਤੇ ਹਾਈਵੇ ਤੇ ਜਾਨਾਂ ਗੁਆ ਚੁੱਕੇ ਡਰਾਈਵਰ ਜੋ ਆਪਣੇ ਪਰਿਵਾਰਾਂ ਲਈ ਰੋਟੀ ਰੋਜ਼ੀ ਕਮਾਉਣ ਤੇ ਵਧੀਆ ਜ਼ਿੰਦਗੀ ਦੇਣ ਲਈ ਘਰਾਂ ਤੋਂ ਨਿਕਲੇ ਪਰ ਮਾੜੇ ਪ੍ਰਬੰਧਾਂ ਕਰਕੇ ਕਦੇ ਘਰ ਨਾ ਪਰਤ ਸਕੇ। ਉਹਨਾਂ ਦੀ ਯਾਦ ਵਿੱਚ ਮੋਮਬੱਤੀਆਂ ਵੀ ਜਗਾਈਆਂ ਗਈਆਂ ਤੇ ਸ਼ਰਧਾਂਜ਼ਲੀ ਦਿੱਤੀ ਗਈ।


## 11 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
|---|---|---|---|---|---|
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |









# ਕਰੋਨਾ, ਸਿਆਸਤ ਤੇ ਸਿੱਖਿਆ.....

**ਕਰਕੇ ਸਕੂਲਾਂ ਨੂੰ ਬੰਦ ਬੜੇ ਹੀ ਸੁਰਖ਼ੁਰੂ ਹੋਏ!**
**ਮੇਰੇ ਦੇਸ਼ ਦੇ ਨੇਤਾ ਨੇ ਵੇਖੋ ਮਸ਼ਰੂਫ ਕਿੰਝ ਹੋਏ।**
**ਕਿ ਹੋ ਰਹੇ ਨੇ ਤਰਲੋਮੱਛੀ ਵਿਕਾਸ ਕਰਨੇ ਨੂੰ,**
**ਮੇਰੇ ਦੇਸ਼ ਦੇ ਨੇਤਾ ਨੇ ਵੇਖੋ ਮਸ਼ਹੂਰ ਕਿੰਝ ਹੋਏ।**
**(ਜਗਵੀਰ)**

'ਲਹਿਰ' ਸਬਦ ਭਾਵੇਂ ਕਈ ਪ੍ਰਸੰਗਾਂ ਵਿੱਚ ਵਰਤਿਆਂ ਜਾਂਦਾ ਹੈ ਪਰ 'ਕਰੋਨਾ ਲਹਿਰ' ਸਬਦ ਨੂੰ ਸਾਡੇ ਲੋਕ ਸਿੱਖਿਆ ਦਾ ਉਜਾੜੇ ਦੇ ਰੂਪ ਵਿੱਚ ਸਮਝ ਰਹੇ ਹਨ. ਕਰੋਨਾ ਅਜਿਹੀ ਬੀਮਾਰੀ ਹੈ ਜੋ ਕਈ ਉੱਚੀਆਂ ਹਸਤੀਆਂ ਨੂੰ ਆਪਣੇ ਬਰਾਂਡ ਐਮਬੈੱਸਡਰ ਦੇ ਤੌਰ ਤੇ ਵਰਤਦੀ ਹੈ ਤੇ ਗਰੀਬਾਂ ਦੇ ਲਿਤਾੜੇ ਹੋਏ ਲੋਕਾਂ ਲਈ ਖਤਰਾ ਖੜ੍ਹਾ ਕਰਦੀ ਹੈ।

ਇਸ ਲਹਿਰ ਦੇ ਚਲਦਿਆ ਹੋਇਆ ਸਾਡੇ ਲੋਕਾਂ ਉਪਰ ਜਬਰਨ ਲੌਕਡੌਨ ਥੋਪਿਆ ਗਿਆ ਤੇ ਭਾਰਤ ਨੂੰ ਖੁੱਲੀ ਜੇਲ੍ਹ ਵਿੱਚ ਤਬਦੀਲ ਕੀਤਾ ਗਿਆ। ਕਰੋਨਾ ਕਾਲ ਦੌਰਾਨ ਕਈ ਪਰਵਾਸੀ ਮਜਦੂਰ ਆਪਣੇ ਘਰ ਵਾਪਸ ਹੀ ਨਹੀਂ ਪਰਤ ਸਕੇ, ਉਹ ਰਸਤੇ ਵਿੱਚ ਹੀ ਦਮ ਤੋੜ ਗਏ, ਇਸੇ ਦੌਰਾਨ ਕਈ ਗਰਭਵਤੀ ਔਰਤਾਂ ਦਾ ਰਾਸਤੇ ਵਿੱਚ ਹੀ ਬੱਚੇ ਨੂੰ ਜਨਮ ਦੇਣਾ ਭਾਰਤ ਦੇ ਜਰਜਰੇ ਸਿਹਤ ਪ੍ਰਬੰਧ ਦੀ ਤੇ ਬਨਾਵਟੀ ਲੋਕਤੰਤਰ ਦੀ ਸਾਅਦੀ ਭਰਦੇ ਹਨ। ਕਰੋਨਾ ਕਾਲ ਦੌਰਾਨ ਲੋਕਾਂ ਨੂੰ ਕਾਲੇ ਕਾਨੂੰਨਾਂ ਦਾ ਵੀ ਸਾਹਮਣਾ ਕਰਨਾ ਪਿਆ ਤੇ ਸੈਕੜੇ ਸਹੀਦੀਆਂ ਦਿੱਲੀ ਦੇ ਬਾਡਰਾਂ ਤੇ ਹੋਈਆਂ। ਕੇਂਦਰ ਸਰਕਾਰ ਨੇ ਕਰੋਨਾ ਦਾ ਸਹਾਰਾ ਲੈ ਕਿ ਕਈ ਸਰਕਾਰੀ ਅਦਾਰੇ ਨਿੱਜੀ ਹੱਥਾਂ ਵਿੱਚ ਸੌਂਪ ਦਿੱਤੇ।

ਪਰ ਇਸ ਕਾਲ ਦੌਰਾਨ ਸਭ ਤੋਂ ਵੱਧ ਖੋਰਾ ਸਾਡੀ ਸਿੱਖਿਆ ਨੂੰ ਲੱਗਿਆ ਹੈ। ਬਾਬਾ ਸਾਹਿਬ ਅੰਬੇਦਕਰ ਦੇ ਕਹਿਣ ਅਨੁਸਾਰ, "ਸਿੱਖਿਆ ਸੇਰਨੀ ਦਾ ਦੁੱਧ ਹੈ ਜੋ ਪੀਵੇਗਾ ਉਹ ਦਹਾੜੇਗਾ ਵੀ।" ਪਰ ਸਾਡੀ ਸਰਕਾਰ ਨੇ ਇਸ ਵਿਚਾਰ ਅਧੀਨ ਸਾਡੇ ਦੇਸ ਦੇ ਬੱਚਿਆਂ ਤੋਂ ਸਿੱਖਿਆ ਹੀ ਖੋਹ ਲਈ ਕਿਉਂਕਿ ਜੇਕਰ ਸਾਡੇ ਲੋਕ ਚੇਤੰਨ ਹੋਣਗੇ ਤਾਂ ਉਹ ਆਪਣੇ ਹੱਕ ਮੰਗਣਗੇ ਪਰ ਵਾਰ ਵਾਰ ਕਰੋਨਾ ਦੇ ਨਾਂ ਤੇ ਸਕੂਲ ਬੰਦ ਕਰਨਾ ਸਾਡੇ ਹੱਕਾਂ ਤੋਂ ਸਾਨੂੰ ਦੂਰ ਕਰਨਾ ਹੈ। ਭਾਵੇਂ ਭਾਰਤੀ ਸੰਵਿਧਾਨ ਵਿੱਚ ਸਿੱਖਿਆ ਦੇ ਅਧਿਕਾਰ ਵਰਗੇ ਦਮਗਜੇ ਮਾਰੇ ਗਏ ਹਨ ਪਰ ਕਰੋਨਾ ਨੇ ਇਹ ਅਧਿਕਾਰ ਤੋਂ ਵੰਚਿਤ ਕਰ ਦਿੱਤਾ ਹੈ।

ਪੰਜਾਬ ਅੰਦਰ ਅੱਜ ਵੋਟਾਂ ਦਾ ਮਹੌਲ ਹੈ ਇਸ ਦੌਰਾਨ ਕਈ ਪਾਰਟੀਆਂ ਲੁਕਵੇ ਰੂਪ ਵਿੱਚ ਇਕੱਠਾਂ ਨੂੰ ਸੰਬੋਧਿਤ ਹੋ ਰਹੀਆਂ ਹਨ...ਪਰ ਕਿਸੇ ਵੀ ਪਾਰਟੀ ਦੇ ਏਜੰਡੇ ਤੇ ਸਕੂਲਾਂ ਨੂੰ ਸੁਚਾਰੂ ਢੰਗ ਨਾਲ ਖੁਲਵਾਉਣ ਦਾ ਕੋਈ ਪ੍ਰੋਗਰਾਮ ਨਹੀਂ ਹੈ। ਭਾਵੇਂ ਕਰੋਨਾ ਇਹਨਾਂ ਰੈਲੀਆਂ ਤੋਂ ਵੀ ਫੈਲ ਸਕਦਾ ਹੈ। ਇਸੇ ਦੌਰਾਨ ਦਾਰੂ ਦੇ ਠੇਕਿਆਂ ਦਾ ਖੁੱਲੇ ਹੋਣਾ ਵੀ ਸਾਡੀ ਮਾਨਸਿਕ ਕੰਗਾਲੀ ਦਾ ਮੂਹ ਚਿੜਾ ਰਿਹਾ ਹੈ. ਸਾਡੇ ਲੋਕਾਂ ਲਈ ਕੀ ਬਿਹਤਰ ਹੈ ਇਹ ਚੋਣਾਂ ਵਿੱਚੋਂ ਨਹੀਂ ਤਲਾਸਣਾ ਚਾਹੀਦਾ




ਸਗੋਂ ਸਾਡੇ ਮੁੱਦੇ ਕੀ ਹਨ ਇਹ ਆਪ ਕਿਵੇਂ ਚੁੱਕਣੇ ਹਨ ਇਸ ਬਾਰੇ ਸੋਚਣਾ ਚਾਹੀਦਾ ਹੈ।

ਇੱਕ ਗੱਲ ਯਾਦ ਰੱਖੋ ਵੋਟਾਂ ਕਦੇ ਬਦਲਾਅ ਨਹੀਂ ਲਿਆਉਂਦੀਆਂ ਜੇਕਰ ਲਿਆਉਦੀਆਂ ਹੁੰਦੀਆਂ ਤਾਂ 70 ਸਾਲਾਂ ਤੋਂ ਜਿਆਦਾ ਸਮਾਂ ਹੋ ਗਿਆ ਬਦਲਾਅ ਆ ਜਾਣਾ ਸੀ. ਪਰ ਚੋਣਾਂ ਦੇ ਉਲਟ ਤਰੀਕਾ ਜਿਸ ਤਰੀਕੇ ਨਾਲ ਕਾਲੇ ਕਾਨੂੰਨ ਰੱਦ ਹੋਏ ਹਨ ਜਰੂਰ ਬਦਲਾਅ ਲਿਆ ਸਕਦਾ ਹੈ. ਉਮੀਦ ਹੈ ਇਸ ਤੋਂ ਅੱਗੇ ਲੋਕ ਸੋਚਣਗੇ।

**-ਬਲਰਾਜ ਮੌੜ**
**ਬੀ.ਐੱਡ ਟੈੱਟ ਪਾਸ ਬੇਰੋਜਗਾਰ ਅਧਿਆਪਕ ਯੂਨੀਅਨ (ਪੰਜਾਬ)**
**ਸੰਪਰਕ : 9877588185**




















# ਪੰਜਾਬੀ ਲਿਖਾਰੀ ਸਭਾ ਕੈਲਗਰੀ ਵੱਲੋ 'ਸਾਹਿਤਕ ਲਿਖਤਾਂ ਦਾ ਸਿਰਨਾਵਾਂ-ਬਹਾਦਰ ਡਾਲਵੀ' ਕਿਤਾਬ ਲੋਕ ਅਰਪਣ




ਕੈਲਗਰੀ : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਇਸ ਸਾਲ ਦੀ ਪਹਿਲੀ ਮੀਟਿੰਗ ਦਾ ਆਗਾਜ ਕਰਦਿਆਂ ਜਨਰਲ ਸਕੱਤਰ ਜੋਰਾਵਰ ਬਾਂਸਲ ਨੇ ਪ੍ਰਧਾਨ ਦਵਿੰਦਰ ਮਲਹਾਂਸ ਤੇ ਅੱਜ ਦੀ ਮੀਟਿੰਗ ਤੇ ਅਹਿਮ ਮਹਿਮਾਨ ਨਵ ਡਾਲਵੀ ਨੂੰ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਸੱਦਾ ਦਿੱਤਾ। ਸਭ ਨੂੰ ਜੀ ਆਇਆਂ ਆਖਿਆ ਤੇ ਨਵੇ ਸਾਲ ਦੇ ਆਗਮਨ 'ਤੇ ਕੁਝ ਸੇਅਰਾਂ ਨਾਲ ਮੀਟਿੰਗ ਦਾ ਵੇਰਵਾ ਸਾਝਾਂ ਕੀਤਾ। ਪ੍ਰਧਾਨ ਦਵਿੰਦਰ ਮਲਹਾਂਸ ਨੇ ਆਏ ਹੋਏ ਮਹਿਮਾਨਾਂ ਲਈ ਸਵਾਗਤੀ ਸਬਦ ਕਹਿੰਦਿਆਂ ਨਵੇਂ ਸਾਲ ਦੀ ਮੁਬਾਰਕਬਾਦ ਵੀ ਦਿੱਤੀ। ਮੀਟਿੰਗ ਦੀ ਵਿਸੇਸਤਾ ਨੂੰ ਮੁੱਖ ਰੱਖਦਿਆਂ ਬੁਲਾਰਿਆਂ ਨੇ ਸਵਰਗੀ ਪ੍ਰਿੰਸੀਪਲ ਬਹਾਦਰ ਡਾਲਵੀ ਜੀ ਦੀਆਂ ਲਿਖਤਾਂ ਤੇ ਜੀਵਨ ਜਾਂਚ ਉੱਤੇ ਰੌਸਨੀ ਪਾਈ।ਅਦਾਕਾਰ ਗਗਨ ਗਿੱਲ ਨੇ ਡਾਲਵੀ ਸਾਹਬ ਨਾਲ ਬਿਤਾਏ ਸਮੇਂ ਤੇ ਉਨ੍ਹਾਂ ਦੇ ਬੇਟੇ ਨਵ ਡਾਲਵੀ ਨਾਲ ਕੀਤੇ ਕੰਮ ਦੇ ਤਜਰਬੇ ਤੇ ਯਾਦਾਂ ਸਾਂਝੀਆਂ ਕੀਤੀਆਂ।ਗੁਰਚਰਨ ਕੌਰ ਥਿੰਦ ਨੇ ਪਿਤਾ ਦੇ ਸਰਮਾਏ ਨੂੰ ਕਿਤਾਬੀ ਰੂਪ ਦੇਣ ਲਈ ਨਵ ਡਾਲਵੀ ਦੀ ਪ੍ਰਸੰਸਾ ਕੀਤੀ। ਬਲਜਿੰਦਰ ਸੰਘਾ ਨੇ ਕਿਤਾਬ ਤੇ ਪਰਚਾ ਪੜ੍ਹਦਿਆਂ ਲਿਖਤਾਂ ਦੀ ਵਿਸ਼ੇਸ਼ਤਾ ਜਿਵੇਂ ਪਾਣੀ ਤੇ ਵਾਤਾਵਰਨ ਨੂੰ ਬਚਾਉਣਾ, ਬੱਚਿਆਂ ਨੂੰ ਪੜ੍ਹਾਈ ਲਈ ਪ੍ਰੇਰਿਤ ਕਰਨਾ ਤੇ ਸਰਲ ਸ਼ਬਦਾਂ ਵਿੱਚ ਲਿਖੀਆਂ ਸੱਤ ਬਾਲ ਕਿਤਾਬਾਂ ਵਿੱਚੋਂ ਕੁਝ ਖਾਸ ਰਚਨਾਵਾਂ ਦਾ ਜ਼ਿਕਰ ਕੀਤਾ। ਜਿਨ੍ਹਾਂ ਵਿੱਚੋਂ ਬੱਚਿਆਂ ਅਤੇ ਵੱਡਿਆਂ ਨੂੰ ਜੀਵਨ ਜਾਂਚ ਦੀ ਪ੍ਰੇਰਨਾ ਮਿਲਦੀ ਹੈ। ਬਹਾਦਰ ਡਾਲਵੀ ਜੀ ਦੇ ਨਿੱਘੇ ਮਿਲਾਪੜੇ ਸੁਭਾਅ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ('ਆਓ ਬੱਚਿਓ ਰੁੱਖ ਲਗਾਓ' ਬਾਲ ਪੁਸਤਕ ਨੂੰ ਭਾਸਾ ਵਿਭਾਗ ਵੱਲੋਂ ਗੁਰੂ ਹਰਕ੍ਰਿਸ਼ਨ ਸਰਵੋਤਮ ਪੁਸਤਕ ਪੁਰਸਕਾਰ) ਤੇ ਪੰਜਾਬੀ ਲਿਖਾਰੀ ਸਭਾ ਦੇ ਨਾਲ ਉਨ੍ਹਾਂ ਦੀ ਸਾਂਝ ਦਾ ਵਿਸਥਾਰ ਪ੍ਰਭਾਵਸਾਲੀ ਢੰਗ ਨਾਲ ਸਾਂਝਾ ਕੀਤਾ। ਨਵ ਡਾਲਵੀ ਨੇ ਬੜੇ ਹੀ ਭਾਵੁਕ ਸ਼ਬਦਾਂ ਵਿੱਚ ਆਪਣੇ ਪਿਤਾ ਨਾਲ ਬਿਤਾਏ ਸਮੇਂ, ਉਨ੍ਹਾਂ ਦੀ ਪਰਿਵਾਰਕ ਅਹਿਮੀਅਤ, ਉਨ੍ਹਾਂ ਦੇ ਨਾਮ ਤੇ ਸ਼ੁਰੂ ਕੀਤਾ ਸਾਲਾਨਾ ਐਵਾਰਡ ਆਦਿ ਦਾ ਜ਼ਿਕਰ ਕਰਦਿਆਂ ਮਾਹੌਲ ਗਮਗੀਨ ਕਰ ਦਿੱਤਾ। ਸਮਾਗਮ ਲਈ ਵਿਸ਼ੇਸ਼ ਤੌਰ 'ਤੇ ਪੁੱਜੇ ਐੱਮ ਐੱਲ ਏ ਇਰਫਾਨ ਸਾਬਿਰ ਅਤੇ ਰੈੱਡ ਐਫ ਐਮ ਰੇਡੀਓ ਤੋਂ ਰਿਸ਼ੀ ਨਾਗਰ ਨੇ ਬੱਚਿਆਂ ਵਿੱਚ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਕਰਨ ਅਤੇ ਚੰਗਾ ਸਾਹਿਤ ਸਿਰਜਣ ਦੀ ਗੱਲ ਕੀਤੀ ਤੇ ਅੱਜ ਦੇ ਸਮਾਗਮ ਦੀ ਪ੍ਰਸੰਸਾ ਕੀਤੀ। ਪੰਜਾਬੀ ਲਿਖਾਰੀ ਸਭਾ ਦੀ ਪੂਰੀ ਕਾਰਜਕਾਰੀ ਕਮੇਟੀ ਅਤੇ ਖਾਸ ਮਹਿਮਾਨਾਂ ਦੇ ਨਾਲ ਸਟੇਜ ਤੋ 'ਸਾਹਿਤਕ ਲਿਖਤਾਂ ਦਾ ਸਿਰਨਾਵਾਂ-ਬਹਾਦਰ ਡਾਲਵੀ (ਜੀਵਨ, ਰਚਨਾ ਅਤੇ ਯਾਦਾਂ) ਕਿਤਾਬ ਹਾਜ਼ਰੀਨ ਦੀਆਂ ਤਾੜੀਆਂ ਦੀ ਗੂੰਜ ਵਿਚ ਲੋਕ ਅਰਪਣ ਰਸਮ ਅਦਾ ਕੀਤੀ ਗਈ। ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦਿਹਾੜੇ ਉੱਤੇ ਹਰਮਿੰਦਰ ਚੁੱਘ ਨੇ ਆਪਣੇ ਧਾਰਮਿਕ ਗੀਤ 'ਚੱਲੋ ਚੱਲ ਕੇ ਦਰਸ਼ਨ ਕਰੀਏ ਗੁਰੂ ਗੋਬਿੰਦ ਸਿੰਘ ਆਇਆ' ਨਾਲ ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਕੀਤੀ। ਇਸੇ ਸੰਦਰਭ ਵਿੱਚ ਬੁਲੰਦ ਆਵਾਜ਼ ਦੇ ਮਾਲਕ ਤਰਲੋਚਨ ਸੈਂਭੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਕੌਮ ਲਈ ਕੁਰਬਾਨੀਆਂ ਭਰੇ ਜਜਬੇ ਨੂੰ ਸਿਜਦਾ ਕਰਦਿਆਂ 'ਤੇਰੇ ਸੀਨੇ ਵਿੱਚ ਵੀ ਪਿਤਾ ਵਾਲਾ ਦਿਲ ਹੋਣਾ' ਧਾਰਮਿਕ ਗੀਤ ਨਾਲ ਸਮਾਂ ਬੰਨ੍ਹਿਆ ਸਰਬਜੀਤ ਉੱਪਲ ਨੇ 'ਚਮਕਦੇ ਸਿਤਾਰੇ', ਬਚਨ ਸਿੰਘ ਗੁਰਮ ਨੇ 'ਬਾਪੂ ਦੇ ਖਾਤੇ' ਭਾਵਪੂਰਕ ਪਰਿਵਾਰਕ ਨਜਮ, ਸੁਖਜੀਤ ਸੈਣੀ ਨੇ 'ਨਵਾਂ ਸਾਲ ਮੁਬਾਰਕ ਚੱਲ ਕੈਲੰਡਰ ਬਦਲ ਦੇਈਏ' ਹਮੇਸਾਂ ਦੀ ਤਰ੍ਹਾਂ ਅਰਥ ਭਰਪੂਰ ਮੌਲਿਕ ਰਚਨਾ ਨਾਲ ਸਾਂਝ ਪਾਈ। ਹਰੀਪਾਲ ਨੇ 'ਪਾਰਕ ਵਿੱਚ ਬੈਠਾ ਤਾਇਆ ਨਿਹਾਲਾ' ਕਈ ਘਰਾਂ ਵਿੱਚ ਹੋ ਰਹੀ ਬਜ਼ੁਰਗਾਂ ਦੀ ਦੁਰਦਸ਼ਾ ਬਾਰੇ ਸੰਜੀਦਾ ਰਚਨਾ ਨਾਲ ਹਕੀਕਤ ਬਿਆਨ ਕੀਤੀ। ਰਣਜੀਤ ਸਿੰਘ ਨੇ ਸਾਰੇ ਹੀ ਸਮਾਗਮ ਨੂੰ ਯਾਦਗਾਰ ਬਣਾਉਣ ਲਈ ਤਸਵੀਰਾਂ ਵਿੱਚ ਸਾਂਭਿਆ। ਇਸ ਸਮਾਗਮ ਵਿੱਚ ਰੌਣਕ ਤੇ ਰੰਗਤ ਭਰਨ ਲਈ ਪਵਨਦੀਪ ਕੌਰ ਬਾਂਸਲ, ਭੁਪਿੰਦਰਪਾਲ ਸਿੰਘ, ਗੁਰਮੇਲ ਸਿੰਘ, ਲਾਭ ਸਿੰਘ ਗਿੱਲ, ਨਵਕਰਨ ਸਿੰਘ, ਦਰਸ਼ਨ ਸਿੰਘ ਸੰਧੂ, ਰਵਨੀਰ ਮਾਨ, ਹਰਿੰਦਰ ਸਿੰਘ, ਰਾਜਬੀਰ ਸਿੰਘ, ਸਿਮਰਨ ਸਰਾਂ, ਗੁਰਦੀਪ ਸਿੰਘ ਆਦਿ ਹਾਜ਼ਰ ਸਨ। ਪ੍ਰਧਾਨ ਦਵਿੰਦਰ ਮਲਹਾਂਸ ਨੇ ਵੀ ਬਹਾਦਰ ਡਾਲਵੀ ਜੀ ਦੀ ਕਿਤਾਬ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਅੱਜ ਦੀ ਮੀਟਿੰਗ ਨੂੰ ਖਾਸ ਬਣਾਉਣ ਲਈ ਅਤੇ ਸ਼ਾਮਲ ਹੋਣ ਲਈ ਸਾਰੇ ਹੀ ਮਹਿਮਾਨਾਂ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਸਭਾ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨੂੰ 403 993 2201 ਤੇ ਜਨਰਲ ਸਕੱਤਰ ਜ਼ੋਰਾਵਰ ਬਾਂਸਲ ਨੂੰ 587 437 7805 ਫੋਨ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਾਂਤੀ ਪੁਰਸਕਾਰ ਲੈਂਦੇ ਕਵੀਆਂ ਦੀਆਂ ਵਧੀਆਂ ਹੋਈਆਂ ਬਾਹਾਂ ਦਾ ਟੁੰਡ ਹੈ (ਪਾਸ਼)




ਪਿਛਲੇ ਦਿਨੀਂ ਪਦਮ ਭੂਸ਼ਣ ਪੁਰਸਕਾਰ ਲਈ ਨਾਮਜਦ ਕੀਤੇ ਗਏ ਪੱਛਮੀ ਬੰਗਾਲ ਦੇ ਸਾਬਕਾ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ ਨੇ ਪੁਰਸਕਾਰ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਕਾਮਰੇਡ ਬੁੱਧਦੇਵ ਭੱਟਾਚਾਰੀਆ ਨੇ ਇੱਕ ਬਿਆਨ ਵਿੱਚ ਕਿਹਾ "ਮੈਂ ਇਸ ਪੁਰਸਕਾਰ ਬਾਰੇ ਕੁਝ ਨਹੀਂ ਜਾਣਦਾ। ਇਹ ਕਿਉਂ ਦਿੱਤਾ ਦਿੱਤਾ ਜਾਂਦਾ ਹੈ ਤੇ ਜਿਨ੍ਹਾਂ ਨੂੰ ਪਹਿਲਾਂ ਦਿੱਤਾ ਗਿਆ ਉਹ ਇਹਦੇ ਕਿਵੇਂ ਹੱਕਦਾਰ ਸਨ, ਕਿਸੇ ਨੇ ਮੈਨੂੰ ਇਸ ਬਾਰੇ ਕੁਝ ਨਹੀਂ ਦੱਸਿਆ। ਜੇਕਰ ਉਨ੍ਹਾਂ ਨੇ ਮੈਨੂੰ ਪਦਮ ਭੂਸਣ ਦੇਣ ਦਾ ਫੈਸਲਾ ਕੀਤਾ ਹੈ ਤਾਂ ਮੈਂ ਇਸ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰਦਾ ਹਾਂ" ਇਹ ਇਕ ਚਿੰਤਨਸੀਲ ਕਾਮਰੇਡ ਆਗੂ ਵੱਲੋਂ ਜਾਗਦੀ ਜਮੀਰ ਨਾਲ ਲਿਆ ਗਿਆ ਜਿਗਰੇ ਵਾਲਾ ਫੈਸਲਾ ਹੈ। ਪਦਮ ਭੂਸਨ ਤਾਂ ਫਿਰ ਵੀ ਕਿਸੇ ਐਸੇ ਨਾਮ ਨਾਲ ਜੁੜਿਆ ਪੁਰਸਕਾਰ ਨਹੀਂ, ਜਿਸ ਦੇ ਹੱਥ ਲਹੂ ਵਿਚ ਰੰਗੇ ਹੋਣ। ਇਥੇ ਤਾਂ ਲੋਕ ਬਾਬਰ ਦੇ ਨਾਮ ਤੇ ਪੁਰਸਕਾਰ ਲੈ ਕੇ ਵੀ ਕਹਿਣਗੇ ਕਿ ਅਸੀਂ ਤਾਂ ਬਾਬਰਪੁਰੇ ਮੁਹੱਲੇ ਦੇ ਨਾਮ ਤੇ ਰੱਖਿਆ ਪੁਰਸਕਾਰ ਲਿਆ ਹੈ। ਸਾਨੂੰ ਕੀ ? ਭਾਵੇਂ ਬਾਬਰਪੁਰੇ ਦਾ ਨਾਮ ਬਾਬਰ ਦੇ ਨਾਮ ਤੇ ਰੱਖਿਆ ਗਿਆ ਹੋਵੇ। ਪੰਜਾਬੀ ਸਾਹਿਤ ਵਿਚ ਡਾਲਰਾਂ ਦੀ ਚਮਕ-ਦਮਕ ਨਾਲ ਇਕ ਬਸਤੀਵਾਦੀ ਧਾੜਵੀ, ਸਮੁੰਦਰੀ ਲੁਟੇਰੇ, ਸਾਮਰਾਜਵਾਦੀ ਜਹਾਜਰਾਨ, ਸਜਾ-ਜਾਫਤਾ ਕਾਤਲ ਦੇ ਨਾਮ ਤੇ ਵੀ ਪੁਰਸਕਾਰ ਸਥਾਪਿਤ ਹੋ ਸਕਦਾ ਹੈ। ਪੁਰਸਕਾਰ ਦੇਣ ਵਾਲੇ ਬਸਤੀਵਾਦੀ ਰਹਿੰਦ ਖੂੰਹਦ ਦੇ ਅਦਬੀ ਪੈਰੋਕਾਰਾਂ ਨੂੰ ਅਗਿਆਨਤਾ ਹੋ ਸਕਦੀ ਹੈ, ਆਪਣੀ ਇਤਿਹਾਸਕ ਗਲਤੀ ਦੀ ਤਾਈਦ ਕਰਨ ਵਿਚ ਉਹਨਾਂ ਦੀ ਅਲਪ-ਬੁੱਧੀ ਜਾਂ ਗੁਲਾਮ ਮਾਨਸਿਕਤਾ ਜਿੰ?ਮੇਵਾਰ ਹੋ ਸਕਦੀ ਹੈ, ਪਰ ਐਹੋ ਜਹੇ ਅਖੌਤੀ ਪੁਰਸਕਾਰ ਲੈਣ ਵਾਲਿਆਂ ਦੀ ਵੀ ਕੋਈ ਤਾਂ ਜ਼ਿੰਮੇਵਾਰੀ ਬਣਦੀ ਹੈ? ਸਮਾਜਿਕ ਪ੍ਰਤੀਬੱਧਤਾ, ਵਿਗਿਆਨਿਕ ਸਮਝ ਅਤੇ ਬੌਧਿਕ ਇਮਾਨਦਾਰੀ ਤੋਂ ਬਿਨਾ ਲੇਖਕ ਹੋਣਾ ਇਕ ਭਰਮ ਤੋਂ ਸਿਵਾਏ ਕੁੱਝ ਨਹੀਂ !


**ਸਰਬਜੀਤ ਸੋਹੀ, ਆਸਟਰੇਲੀਆ**









# ਸ਼ਹੀਦ ਦੀ ਵੀ ਇਕ ਜਾਤ ਹੁੰਦੀ ਹੈ

-ਭੰਵਰ ਮੇਘਵੰਸ਼ੀ




ਰਾਜਸਥਾਨ ਦੇ ਸਿਰੋਹੀ ਜ਼ਿਲ੍ਹੇ ਦੇ ਰੇਵਦਰ ਖੇਤਰ ਤਹਿਤ ਆਉਂਦਾ ਹੈ ਪਿੰਡ ਜੀਰਾਵਲ। ਇੱਥੇ ਦੇ ਦਲਿਤ ਮੇਘਵਾਲ ਪਰਿਵਾਰ ਵਿਚੋਂ 28 ਅਗਸਤ 1973 ਨੂੰ ਜਨਮ ਲੈਣ ਵਾਲੇ ਚਤਰਾਰਾਮ 28 ਅਗਸਤ 1998 ਨੂੰ ਕੇਂਦਰੀ ਰਿਜ਼ਰਵ ਪੁਲਸ ਫੋਰਸ ਵਿਚ ਸ਼ਾਮਲ ਹੋਏ। ਕਰੀਬ ਤਿੰਨ ਸਾਲ ਫੌਜ ਵਿਚ ਰਹੇ।

ਇਸੇ ਦੌਰਾਨ 12 ਮਈ 2001 ਨੂੰ ਕੇਂਦਰੀ ਰਿਜ਼ਰਵ ਪੁਲਸ ਫੋਰਸ ਦੀ ਐਚਜੇ 121 ਬਟਾਲੀਅਨ ’ਤੇ ਇੰਫਾਲ ਮਣੀਪੁਰ ਵਿਚ ਹੋਏ ਅੱਤਵਾਦੀ ਹਮਲੇ ਦੌਰਾਨ ਚਤਰਾਰਾਮ ਦੀ ਮੌਤ ਹੋ ਗਈ। ਉਨ੍ਹਾਂ ਦੀ ਸ਼ਹੀਦੀ ਦੇ ਦੋ ਦਿਨ ਬਾਅਦ ਉਨ੍ਹਾਂ ਦਾ ਮ੍ਰਿਤਕ ਸਰੀਰ ਉਨ੍ਹਾਂ ਦੇ ਪਿੰਡ ਜੀਰਾਵਲ ਪਹੁੰਚਿਆ, ਜਿੱਥੇ ਸਨਮਾਨ ਨਾਲ ਉਨ੍ਹਾਂ ਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਜਿਸ ਜਗ੍ਹਾ ’ਤੇ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ, ਉਥੇ ਇਕ ਸ਼ਹੀਦ ਸਮਾਰਕ ਬਣਾਇਆ ਗਿਆ।

ਭਾਰਤ ਸਰਕਾਰ ਵਲੋਂ ਚਤਰਾਰਾਮ ਨੂੰ ਸ਼ਹੀਦ ਦਾ ਦਰਜਾ ਦਿੱਤੇ ਜਾਣ ਤੋਂ ਬਾਅਦ ਜੀਰਾਵਲ ਪਿੰਡ ਦੀ ਪੰਚਾਇਤ ਨੇ ਸਾਰਿਆਂ ਦੀ ਸਲਾਹ ਨਾਲ ਪ੍ਰਸਤਾਵ ਪਾਸ ਕੀਤਾ ਕਿ ਚਤਰਾਰਾਮ ਦੇ ਅੰਤਿਮ ਸੰਸਕਾਰ ਵਾਲੇ ਸਥਾਨ ਊਰੀਆ ਤਲਾਬ ਦੇ ਕੋਲ ਯਾਦਗਾਰ ਬਣਾਈ ਜਾਵੇ ਅਤੇ ਸ਼ਹੀਦ ਫੌਜੀ ਦੀ ਵੱਡੀ ਮੂਰਤੀ ਬੱਸ ਸਟੈਂਡ ’ਤੇ ਅਤੇ ਇਕ ਛੋਟੀ ਮੂਰਤੀ ਸ਼ਹੀਦੀ ਯਾਦਗਾਰ ਸਥਾਨ ’ਤੇ ਲਗਾਈ ਜਾਵੇ।

9 ਮਾਰਚ 2002 ਨੂੰ ਖੇਤਰੀ ਵਿਧਾਇਕ ਅਤੇ ਉਸ ਸਮੇਂ ਦੇ ਟਰਾਂਸਪੋਰਟ ਮੰਤਰੀ ਰਾਜਸਥਾਨ ਸਰਕਾਰ ਛੋਗਾਰਾਮ ਬਾਕੋਲੀਆ ਦੇ ਹੱਥੋਂ ਦੋਨਾਂ ਮੂਰਤੀਆਂ ਦਾ ਉਦਘਾਟਨ ਕੀਤਾ ਗਿਆ। ਇਸਦੇ ਨਾਲ ਹੀ ਸ਼ਹੀਦ ਦੀ ਯਾਦ ਵਿਚ ਇਕ ਧਰਮਸ਼ਾਲਾ ਵੀ ਦਲਿਤ ਬਸਤੀ ਵਿਚ ਬਣਾਈ ਗਈ। ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਕਿ ਰਾਜਸਥਾਨ ਵਿਚ ਦੇਸ਼ ਸੇਵਾ ਲਈ ਫੌਜ ਵਿਚ ਜਾਣ ਨੂੰ ਵਿਸ਼ੇਸ਼ ਮਾਣ ਦੀ ਗੱਲ ਮੰਨਿਆ ਜਾਂਦਾ ਹੈ ਅਤੇ ਜੇਕਰ ਰਾਸ਼ਟਰ ਸੇਵਾ ਕਰਦੇ ਹੋਏ ਸ਼ਹੀਦੀ ਹੋ ਜਾਵੇ ਤਾਂ ਸਮਾਜ ਵਿਚ ਉਸ ਫੌਜੀ ਦਾ ਦਰਜਾ ਬਹੁਤ ਵੱਡਾ ਹੋ ਜਾਂਦਾ ਹੈ।

ਸਰਕਾਰ ਵਲੋਂ ਮਰਨ ਤੋਂ ਬਾਅਦ ਸ਼ਹੀਦ ਦਾ ਦਰਜਾ ਦਿੱਤਾ ਜਾਂਦਾ ਹੈ, ਸ਼ਹੀਦ ਦੀਆਂ ਯਾਦਗਾਰਾਂ ਬਣਦੀਆਂ ਹਨ, ਉਨ੍ਹਾਂ ਦੀਆਂ ਮੂਰਤੀਆਂ ਲਗਦੀਆਂ ਹਨ, ਸ਼ਹੀਦ ਦੇ ਪਰਿਵਾਰ ਨੂੰ ਜ਼ਮੀਨ ਦਿੱਤੀ ਜਾਂਦੀ ਹੈ, ਕੈਸ਼ ਮਦਦ ਦਿੱਤੀ ਜਾਂਦੀ ਹੈ ਅਤੇ ਗੈਸ ਸਟੇਸ਼ਨ ਤੇ ਪੈਟਰੋਲ ਪੰਪ ਦਿੱਤੇ ਜਾਂਦੇ ਹਨ। ਉਨ੍ਹਾਂ ਦੀ ਯਾਦ ਨੂੰ ਪੱਕੇ ਤੌਰ ’ਤੇ ਬਣਾਏ ਰੱਖਣ ਲਈ ਹਰੇਕ ਕੋਸ਼ਿਸ਼ ਹੁੰਦੀ ਹੈ, ਤਾਂ ਕਿ ਦੇਸ਼ ਲਈ ਜਾਨ ਦੇਣ ਦਾ ਜਜ਼ਬਾ ਹਮੇਸ਼ਾ ਬਣਿਆ ਰਹੇ।

ਸ਼ਹੀਦ ਦੀ ਸ਼ਹੀਦੀ ਨੂੰ ਪੂਰਾ ਮਾਣ ਮਿਲੇ, ਸਨਮਾਨ ਮਿਲੇ, ਅਜਿਹੀ ਉਸਦੇ ਪਰਿਵਾਰਕ ਮੈਂਬਰ, ਪਿੰਡ ਵਾਸੀ ਅਤੇ ਸਮਾਜ ਦੇ ਲੋਕ ਉਮੀਦ ਕਰਦੇ ਹਨ। ਸ਼ਹੀਦ ਚਤਰਾ ਰਾਮ ਦੇ ਪਰਿਵਾਰਕ ਮੈਂਬਰ ਅਨਪੜ੍ਹ ਹੋਣ ਕਰਕੇ ਉਨ੍ਹਾਂ ਦੀਆਂ ਯਾਦਾਂ ਨੂੰ ਸਾਂਭ ਨਹੀਂ ਸਕੇ, ਜਿਸ ਮੇਘਵਾਲ ਜਾਤੀ ਨਾਲ ਚਤਰਾਰਾਮ ਸਬੰਧ ਰੱਖਦੇ ਸਨ, ਉਹ ਵੀ ਇਸ ਖੇਤਰ ਵਿਚ ਕਾਫੀ ਪਛੜਾ ਹੋਇਆ ਸਮਾਜ ਹੈ। ਇਸ ਲਈ ਉਸਨੂੰ ਵੀ ਸ਼ਹੀਦ ਦੀ ਸ਼ਹੀਦੀ ਦੀ ਮਹੱਤਤਾ ਸਮਝਣ ਵਿਚ ਲੰਬਾ ਸਮਾਂ ਲੱਗ ਗਿਆ।

ਜਿਨ੍ਹਾਂ ਵਰਗਾਂ ਦਾ ਇੱਥੇ ਪ੍ਰਭਾਵ ਹੈ, ਉਨ੍ਹਾਂ ਲਈ ਇਕ ਮੇਘਵਾਲ ਦਾ ਸ਼ਹੀਦ ਹੋਣਾ, ਸ਼ਹੀਦ ਹੋਣਾ ਨਹੀਂ, ਸਗੋਂ ਮਰਨ ਸਮਾਨ ਹੈ। ਇਸ ਲਈ ਉਨ੍ਹਾਂ ਨੂੰ ਇਹ ਬਰਦਾਸ਼ਤ ਨਹੀਂ ਹੋਇਆ ਕਿ ਉਸਦੀ ਮੂਰਤੀ ਲੱਗੇ। ਜਦੋਂ ਮੂਰਤੀ ਲੱਗ ਗਈ ਤਾਂ ਪ੍ਰਭਾਵਸ਼ਾਲੀ ਲੋਕਾਂ ਦੀ ਅੱਖ ਵਿਚ ਇਹ ਰੜਕਣ ਲੱਗ ਗਈ।

ਹਾਲਾਤ ਇੱਥੇ ਤੱਕ ਖਰਾਬ ਹੋਏ ਕਿ ਪਿੰਡ ਦੇ ਚੌਕ ’ਚ ਲੱਗੀ ਮੂਰਤੀ ਲੱਗਣ ਦੇ ਕੁਝ ਹੀ ਮਹੀਨੇ ਬਾਅਦ ਸ਼ਹੀਦ ਦੀ ਮੂਰਤੀ ਦੇ ਹੱਥ ਦੀ ਬੰਦੂਕ ਨੂੰ ਤੋੜ ਦਿੱਤਾ ਗਿਆ, ਮਾਨਸਿਕਤਾ ਇਹ ਸੀ ਕਿ ਇਕ ਦਲਿਤ ਮੇਘਵਾਲ ਦੇ ਹੱਥ ਵਿਚ ਬੰਦੂਕ ਚੰਗੀ ਨਹੀਂ ਲਗਦੀ।

ਪੁਲਸ ਵਿਚ ਮਾਮਲਾ ਦਰਜ ਹੋਇਆ, ਪਰ ਕਿਸੇ ਦੇ ਖਿਲਾਫ ਕੋਈ ਕਾਰਵਾਈ ਨਹੀਂ ਹੁਈ। ਕੋਈ ਨਹੀਂ ਫੜਿਆ ਗਿਆ। ਸ਼ਾਇਦ ਪੁਲਸ ਨੇ ਮਨ ਲਿਆ ਕਿ ਸ਼ਹੀਦ ਦੀ ਮੂਰਤੀ ਦੇ ਹੱਥ ਤੋਂ ਬੰਦੂਕ ਆਪਣੇ ਆਪ ਹੇਠ ਡਿਗ ਗਈ ਹੋਵੇਗੀ।

ਹੱਦ ਤਾਂ ਇਹ ਹੈ ਕਿ ਸਾਲ 2002, 2003 ਅਤੇ 2013 ਵਿਚ ਤਿੰਨ ਵਾਰ ਸ਼ਹੀਦ ਦੀ ਮੂਰਤੀ ਨੂੰ ਸ਼ਹੀਦ ਕਰਨ ਦੀ ਕੋਸ਼ਿਸ਼ ਕੀਤੀ ਗਈ। ਪਹਿਲਾਂ ਬੰਦੂਕ ਤੋੜੀ, ਫਿਰ ਹੱਥ ਤੋੜਿਆ ਅਤੇ ਅਖੀਰ ਵਿਚ ਸ਼ਹੀਦ ਦੇ ਬੁੱਤ ਦਾ ਸਿਰ ਕੱਟ ਦਿੱਤਾ ਗਿਆ। ਅੱਜ ਬਿਨਾਂ ਸਿਰ ਵਾਲੀ ਮੂਰਤੀ ਸ਼ਹੀਦ ਦੀ ਸ਼ਹੀਦੀ ਨੂੰ ਸ਼ਰਮਿੰਦਾ ਕਰਦੇ ਹੋਏ ਦੋ ਸਾਲ ਤੋਂ ਉਸੇ ਤਰ੍ਹਾਂ ਖੜ੍ਹੀ ਹੈ। ਫਿਲਹਾਲ, ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਛੇਤੀ ਹੀ ਸ਼ਹੀਦ ਚਤਰਾਰਾਮ ਦੀ ਮੂਰਤੀ ਤੇ ਯਾਦਗਾਰ ਦੀ ਹਾਲਤ ਸੁਧਾਰੀ ਜਾਵੇ ਅਤੇ ਜ਼ਰੂਰੀ ਸੁਰੱਖਿਆ ਪ੍ਰਬੰਧ ਵੀ ਕੀਤੇ ਜਾਣ, ਪਰ ਜੀਰਾਵਲ ਦੇ ਸ਼ਹੀਦ ਚਤਰਾਰਾਮ ਮੇਘਵਾਲ ਦੀ ਸ਼ਹੀਦੀ ਦੀ ਜਿਸ ਤਰ੍ਹਾਂ ਨਾਲ ਅਣਦੇਖੀ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਭੁਲਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਅਤੇ ਵਾਰ-ਵਾਰ ਉਨ੍ਹਾਂ ਦੀ ਯਾਦਗਾਰ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਉਸ ਤੋਂ ਸਾਫ ਹੁੰਦਾ ਹੈ ਕਿ ਜਾਤੀ ਨਾਂ ਦੀ ਨਫਰਤ ਵਾਲੀ ਵਿਵਸਥਾ ਦਾ ਕੀੜਾ ਕਿਸੇ ਨੂੰ ਵੀ ਨਹੀਂ ਛੱਡਦਾ, ਬੇਸ਼ੱਕ ਵਿਅਕਤੀ ਦੇਸ਼ ਅਤੇ ਸਮਾਜ ਲਈ ਕੁਰਬਾਨ ਵੀ ਹੋ ਜਾਵੇ, ਪਰ ਜਾਤੀ ਅਣਦੇਖੀ ਕਰਕੇ ਉਸਨੂੰ ਸ਼ਹੀਦ ਦਾ ਸਨਮਾਨ ਵੀ ਪੂਰੀ ਤਰ੍ਹਾਂ ਨਾਲ ਹਾਸਲ ਨਹੀਂ ਹੋ ਪਾਉਂਦਾ।

ਸ਼ਹੀਦ ਚਤਰਾਰਾਮ ਦੀ ਸ਼ਹੀਦੀ ਦੇ ਨਾਲ ਹੋ ਰਹੇ ਮਾੜੇ ਵਿਵਹਾਰ ਨੇ ਸਾਬਿਤ ਕਰ ਦਿੱਤਾ ਹੈ ਕਿ ਇਸ ਦੇਸ਼ ਵਿਚ ਸ਼ਹੀਦ ਫੌਜੀਆਂ ਦੀ ਵੀ ਇਕ ਜਾਤੀ ਹੁੰਦੀ ਹੈ ਅਤੇ ਉਸਦੀ ਸ਼ਹੀਦੀ ਦਾ ਸਨਮਾਨ ਵੀ ਜਾਤੀ ਆਧਾਰ ’ਤੇ ਕੀਤਾ ਜਾਂਦਾ ਹੈ।

ਕਿੰਨੀ ਦੁੱਖ ਦੀ ਗੱਲ ਹੈ ਕਿ ਜਿਊਂਦੇ ਦਲਿਤ ਫੌਜੀ ਦੇ ਨਾਲ ਵੀ ਭੇਦਭਾਵ ਅਤੇ ਨਫਰਤ ਕੀਤੀ ਜਾਂਦੀ ਹੈ ਅਤੇ ਦੇਸ਼ ਲਈ ਸ਼ਹੀਦ ਹੋ ਜਾਣ ਤੋਂ ਬਾਅਦ ਉਸ ਸ਼ਹੀਦ ਦੀ ਮੂਰਤੀ ਤੱਕ ਨਾਲ ਨਫਰਤ ਕੀਤੀ ਜਾਂਦੀ ਹੈ, ਫਿਰ ਕਿਉਂ ਕੋਈ ਦੇਸ਼ ਲਈ ਸ਼ਹੀਦ ਹੋਣ ਦਾ ਸੁਪਨਾ ਦੇਖੇ ? ਕਦੇ ਕਿਹਾ ਗਿਆ ਸੀ ਕਿ "ਸ਼ਹੀਦੋਂ ਕੀ ਚਿਤਾਓਂ ਪਰ ਲਗੇਂਗੇ ਹਰ ਬਰਸ ਮੇਲੇ, ਵਤਨ ਪਰ ਮਿਟਨੇ ਵਾਲੋਂ ਕਾ ਬਾਕੀ ਯਹੀ ਨਿਸ਼ਾਂ ਹੋਗਾ।"

ਸ਼ਹੀਦ ਚਤਰਾਰਾਮ ਦੀ ਮੂਰਤੀ ਅਤੇ ਯਾਦਗਾਰ ਦੇ ਨਾਲ ਪਿਛਲੇ 13 ਸਾਲਾਂ ਤੋਂ ਹੋ ਰਹੇ ਅਪਮਾਨ ਤੋਂ ਬਾਅਦ ਅੱਜ ਇਹ ਕਿਹਾ ਜਾ ਸਕਦਾ ਹੈ ਕਿ

**ਸ਼ਹੀਦੋਂ ਕੀ ਕਬਰੋਂ ਪਰ ਉਗ ਆਏਂਗੇ ਏਕ ਦਿਨ ਕਾਂਟੇ।**

**ਸ਼ਹੀਦਾਨੇ ਵਤਨ ਕਾ ਨਾਮੋਨਿਸ਼ਾਂ ਯੂੰ ਹੀ ਮਿਟਤਾ ਰਹੇਗਾ। ਕਿਤੇ ਕੋਈ ਸੁਣਵਾਈ ਨਹੀਂ**

ਸ਼ਹੀਦ ਯਾਦਗਾਰ ਦੀ ਹਾਲਤ ਸੁਧਾਰਨ ਲਈ ਮੁਹਿੰਮ ਚਲਾ ਰਹੇ ਖੇਤਰ ਦੇ ਨੌਜਵਾਨ ਨੇਤਾ ਬਲਵੰਤ ਮੇਘਵਾਲ ਦੀ ਅਗਵਾਈ ’ਚ ਇਲਾਕੇ ਦੇ ਦਲਿਤ ਨੌਜਵਾਨਾਂ ’ਚ ਇਸ ਗੱਲ ਨੂੰ ਲੈ ਕੇ ਕਾਫੀ ਰੋਸ ਹੈ। ਉਨ੍ਹਾਂ ਜੀਰਾਵਲ ਸ਼ਹੀਦ ਯਾਦਗਾਰ ਦੀ ਸੁਰੱਖਿਆ ਤੇ ਸਨਮਾਨ ਲਈ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। ਭੜਕੇ ਬਲਵੰਤ ਮੇਘਵਾਲ ਕਹਿੰਦੇ ਹਨ, "ਦੇਸ਼ ਲਈ ਮਰਨ ਵਾਲਿਆਂ ਦਾ ਇਸ ਤਰ੍ਹਾਂ ਕਿਤੇ ਵੀ ਅਪਮਾਨ ਨਹੀਂ ਹੁੰਦਾ, ਜਿਵੇਂ ਸ਼ਹੀਦ ਚਤਰਾਰਾਮ ਦੇ ਮਾਮਲੇ ’ਚ ਕੀਤਾ ਜਾ ਰਿਹਾ ਹੈ। ਅਸੀਂ ਹਰੇਕ ਪੱਧਰ ’ਤੇ ਆਪਣੀ ਮੰਗ ਨੂੰ ਲੈ ਕੇ ਜਾ ਚੁੱਕੇ ਹਾਂ, ਪਰ ਕਿਤੇ ਕੋਈ ਸੁਣਵਾਈ ਨਹੀਂ ਹੋ ਰਹੀ।" ਮੇਘਵਾਲ ਮੁਤਾਬਕ ਹੁਣ ਵੱਡਾ ਅੰਦੋਲਨ ਚਲਾਇਆ ਜਾਵੇਗਾ। ਦੂਜੇ ਪਾਸੇ ਇਲਾਕੇ ਦੇ ਸਬ ਡਿਵੀਜ਼ਨ ਅਫਸਰ ਰਾਮ ਚੰਦਰ ਗਰਵਾ ਕਹਿੰਦੇ ਹਨ ਕਿ "ਇਹ ਮਾਮਲਾ ਉਨ੍ਹਾਂ ਦੇ ਧਿਆਨ ’ਚ ਹੈ। ਸ਼ਹੀਦ ਦੀ ਯਾਦਗਾਰ ਤੇ ਮੂਰਤੀ ਨੂੰ ਵਾਰ-ਵਾਰ ਨੁਕਸਾਨ ਪਹੁੰਚਾਉਣ ਦੀਆਂ ਘਟਨਾਵਾਂ ਸ਼ਰਮਸਾਰ ਕਰਨ ਵਾਲੀਆਂ ਹਨ। ਅਸੀਂ ਇਸਦੀ ਜਾਂਚ ਕਰਵਾ ਕੇ ਟੁੱਟੀ ਯਾਦਗਾਰ ਨੂੰ ਛੇਤੀ ਹੀ ਠੀਕ ਕਰਵਾ ਦਿਆਂਗੇ। ਪ੍ਰਕਿਰਿਆ ਚੱਲ ਰਹੀ ਹੈ।"













# ਪਾਰਲੀਮਾਨੀ ਚੋਣਾਂ ਅਤੇ ਕਮਿਊਨਿਸਟ ਇਨਕਲਾਬੀ ਪੈਂਤੜਾ

ਗੁਰਤੇਜ ਸਿੰਘ ਖੋਖਰ ਬਰੈਂਮਟਮ
431-388-1552



ਭਾਰਤ ਦੀ ਕਮਿਊਨਿਸਟ ਇਨਕਲਾਬੀ ਲਹਿਰ ਅੰਦਰ ਭਾਰਤੀ ਜਮਹੂਰੀਅਤ ਦੀ ਨਕਲੀ ਅਤੇ ਦੰਭੀ ਖਸਲਤ ਬਾਰੇ ਕੋਈ ਰੱਟਾ ਨਹੀਂ ਹੈ। ਇਸ ਬੁਨਿਆਦੀ ਸਮਝ ਬਾਰੇ ਵੀ ਕੋਈ ਰੱਟਾ ਨਹੀਂ ਹੈ ਕਿ ਭਾਰਤ ਅੰਦਰ ਇਸ ਨਕਲੀ ਪਾਰਲੀਮਾਨੀ ਜਮਹੂਰੀਅਤ ਦੇ ਸਿਆਸੀ ਰਾਹ ਦਾ ਬਦਲ ਲਮਕਵਾਂ ਹਥਿਆਰਬੰਦ ਘੋਲ ਹੈ ਅਤੇ ਲਮਕਵੇਂ ਹਥਿਆਰਬੰਦ ਘੋਲ ਰਾਹੀਂ ਹੀ ਨਵ-ਜਮਹੂਰੀ ਇਨਕਲਾਬ ਨੂੰ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਪਰ ਨਵ-ਜਮਹੂਰੀ ਇਨਕਲਾਬ ਦੀ ਤਿਆਰੀ ਦੇ ਅਮਲ ਦੌਰਾਨ ਕੀ ਚੋਣਾਂ ਵਿੱਚ ਹਿੱਸਾ ਲਿਆ ਜਾ ਸਕਦਾ ਹੈ? ਅਤੇ ਕਦੋਂ ਲਿਆ ਜਾ ਸਕਦਾ ਹੈ? ਕੀ ਇਹਨਾਂ ਚੋਣਾਂ ਦਾ ਬਾਈਕਾਟ ਕੀਤਾ ਜਾਵੇ, ਕਿਉਂ ਕੀਤਾ ਜਾਵੇ? ਅਤੇ ਕਦੋਂ ਕੀਤਾ ਜਾਵੇ? ਜਾਂ ਨਾ ਹਿੱਸਾ ਲਿਆ ਜਾਵੇ ਅਤੇ ਨਾ ਹੀ ਬਾਈਕਾਟ ਕੀਤਾ ਜਾਵੇ। ਨਕਲੀ ਪਾਰਲੀਮਾਨੀ ਪ੍ਰਬੰਧ ਅਤੇ ਚੋਣਾਂ ਖਿਲਾਫ ਅਖੌਤੀ "ਸਰਗਰਮ ਸਿਆਸੀ ਮੁਹਿੰਮ" ਚਲਾਈ ਜਾਵੇ? ਇਹਨਾਂ ਸੁਆਲਾਂ/ਪੈਂਤੜਿਆਂ ਬਾਰੇ ਵਖਰੇਵੇਂ/ਮੱਤਭੇਦ ਮੌਜੂਦ ਹਨ।

ਬੁਰਜੂਆ ਪਾਰਲੀਮਾਨੀ ਜਮਹੂਰੀਅਤ ਬੁਰਜੂਆ ਜਮਹੂਰੀਅਤ ਦਾ ਇੱਕ ਰੂਪ ਹੈ, ਜਿਹੜਾ ਯੂਰਪੀ ਮੁਲਕਾਂ ਅੰਦਰ ਬੁਰਜੂਆ ਜਮਹੂਰੀ ਇਨਕਲਾਬਾਂ ਦੇ ਸਿੱਟੇ ਵਜੋਂ ਸਥਾਪਤ ਹੋਇਆ ਸੀ। ਰੂਸੀ ਇਨਕਲਾਬ ਦੇ ਅਮਲ ਦੌਰਾਨ ਜਦੋਂ ਰੂਸ ਦੀ ਜ਼ਾਰਸ਼ਾਹੀ ਹਕੂਮਤ ਵੱਲੋਂ ਰੂਸ ਅੰਦਰ ਪਾਰਲੀਮੈਂਟ (ਡੂਮਾਂ) ਦੀਆਂ ਚੋਣਾਂ ਦਾ ਕਦਮ ਲਿਆ ਗਿਆ ਸੀ ਤਾਂ ਰੂਸੀ ਇਨਕਲਾਬ ਦੇ ਰਹਿਬਰ ਵਲਾਦੀਮੀਰ ਇਲੀਅਚ ਲੈਨਿਨ ਵੱਲੋਂ ਇਨ੍ਹਾਂ ਚੋਣਾਂ ਪ੍ਰਤੀ ਕਮਿਊਨਿਸਟਾਂ ਦੀ ਬੁਨਿਆਦੀ ਪਹੁੰਚ, ਰਵੱਈਏ ਅਤੇ ਪੈਂਤੜੇਬਾਜੀ ਨੂੰ ਤਹਿ ਕੀਤਾ ਗਿਆ ਸੀ ਅਤੇ ਇਸ ਨੂੰ ਰੂਸੀ ਇਨਕਲਾਬ ਦੇ ਅਮਲ ਦੌਰਾਨ ਪੂਰੀ ਮੁਹਾਰਤ ਨਾਲ ਲਾਗੂ ਕੀਤਾ ਗਿਆ ਸੀ।

ਕਾਮਰੇਡ ਲੈਨਿਨ ਵੱਲੋਂ ਤਹਿ ਕੀਤੀ ਉਪਰੋਕਤ ਬੁਨਿਆਦੀ ਸਮਝ ਅਨੁਸਾਰ ਪੂੰਜੀਵਾਦੀ ਮੁਲਕਾਂ ਵਿੱਚ ਕਮਿਊਨਿਸਟ ਪਾਰਟੀਆਂ ਵੱਲੋਂ ਪਾਰਲੀਮਾਨੀ ਸੰਸਥਾਵਾਂ ਵਿੱਚ ਹਿੱਸਾ ਲੈਣ ਜਾਂ ਇਹਨਾਂ ਦੇ ਬਾਈਕਾਟ ਦੇ ਪੈਂਤੜੇ ਦਾ ਆਧਾਰ ਦੋ ਪੱਖਾਂ ਦੇ ਠੋਸ ਜਾਇਜੇ ਨੂੰ ਬਣਾਇਆ ਗਿਆ ਸੀ: ਇੱਕ-ਬਾਹਰਮੁਖੀ ਸਿਆਸੀ ਹਾਲਤ; ਦੂਜਾ-ਕਮਿਊਨਿਸਟ ਪਾਰਟੀ ਅਤੇ ਉਸਦੀ ਅਗਵਾਈ ਹੇਠਲੀ ਇਨਕਲਾਬੀ ਲਹਿਰ ਦੀ ਹਾਲਤ। ਜੇ ਮੁਲਕ ਵਿੱਚ ਤਿੱਖਾ ਆਰਥਿਕ-ਸਿਆਸੀ ਸੰਕਟ ਨਹੀਂ ਹੈ, ਜਿਸਦੇ ਨਤੀਜੇ ਵਜੋਂ ਲੋਕਾਂ ਅੰਦਰ ਬੇਚੈਨੀ, ਬਦਜਨੀ ਅਤੇ ਰੋਹ ਦੇ ਫੁਟਾਰਿਆਂ ਦੀ ਸ਼ਕਲ ਵਿੱਚ ਉਥਲ-ਪੁਥਲ (ਟਰਬੂਲੈਂਟ ਸਿਚੂਏਸ਼ਨ) ਵਾਲੀ ਹਾਲਤ ਨਹੀਂ ਹੈ ਅਤੇ ਇਸ ਹਾਲਤ ਵਿੱਚ ਪੂੰਜੀਵਾਦੀ ਹਾਕਮ ਪੁਰਾਣੇ ਢੰਗ-ਤਰੀਕਿਆਂ ਨਾਲ ਰਾਜ-ਭਾਗ ਚਲਾਉਣ ਵਿੱਚ ਆਹਰੀ ਨਹੀਂ ਹੋ ਰਹੇ ਯਾਨੀ ਜੇ ਕੁੱਲ ਮਿਲਾ ਕੇ ਸਮਾਜਿਕ-ਸਿਆਸੀ ਅਮਨ ਚੈਨ ਦਾ ਦੌਰ ਜਾਰੀ ਹੈ ਤਾਂ ਫਿਰ ਇਸ ਹਾਲਤ ਵਿੱਚ ਪਾਰਲੀਮਾਨੀ ਸੰਸਥਾਵਾਂ 'ਚ ਹਿੱਸਾ ਲੈਣ ਅਤੇ ਇਹਨਾਂ ਦੀ ਵਰਤੋਂ ਕਰਨ ਦੀਆਂ ਬਾਹਰਮੁਖੀ ਗੁੰਜਾਇਸ਼ਾਂ ਮੌਜੂਦ ਹਨ।

ਇਸਦੇ ਉਲਟ ਜੇ ਸਮਾਜਿਕ-ਸਿਆਸੀ ਅਮਨ-ਚੈਨ ਦੀ ਬਜਾਇ, ਹਾਲਤ ਉਥਲ-ਪੁਥਲ ਦੇ ਦੌਰ ਵਿੱਚ ਦਾਖਲ ਹੋ ਗਈ ਹੈ। ਯਾਨੀ ਤਿੱਖੇ ਆਰਥਿਕ-ਸਿਆਸੀ ਸੰਕਟ ਦੇ ਭੂਚਾਲ-ਝਟਕਿਆਂ ਦੇ ਸਿੱਟੇ ਵਜੋਂ ਲੋਕਾਂ ਅੰਦਰਲੀ ਔਖ, ਬੇਚੈਨੀ ਅਤੇ ਗੁੱਸਾ ਸੰਘਰਸ਼ ਫੁਟਾਰਿਆਂ ਰਾਹੀਂ ਸਾਹਮਣੇ ਆ ਰਿਹਾ ਹੈ ਅਤੇ ਹੋਰ ਵੀ ਵੱਡੇ ਜਨਤਕ ਵਿਦਰੋਹ-ਫੁਟਾਰੇ ਲਈ ਮਸਾਲਾ ਮੁਹੱਈਆ ਕਰ ਰਿਹਾ ਹੈ, ਮਿਹਨਤਕਸ਼ ਲੋਕਾਂ ਦਾ ਹਾਕਮ ਸਿਆਸੀ ਪਾਰਟੀਆਂ ਅਤੇ ਰਾਜਭਾਗ ਦੀਆਂ ਸੰਸਥਾਵਾਂ ਤੋਂ ਭਰਮ-ਮੁਕਤੀ ਦਾ ਅਮਲ ਸਿਖਰ ਛੂਹ ਰਿਹਾ ਹੈ ਅਤੇ ਹਾਕਮਾਂ ਲਈ ਰਾਜਭਾਗ ਨੂੰ ਪੁਰਾਣੇ "ਰਵਾਇਤੀ ਢੰਗ-ਤਰੀਕਿਆਂ ਲਈ ਚਲਾਉਣਾ ਮੁਸ਼ਕਲ ਅਤੇ ਨਾਮੁਮਕਿਨ ਬਣ ਰਿਹਾ ਹੈ ਤਾਂ ਅਜਿਹੀ ਹਾਲਤ ਵਿੱਚ ਮਜ਼ਦੂਰ ਜਮਾਤ ਅਤੇ ਮਿਹਨਤਕਸ਼ ਲੋਕਾਂ ਨੂੰ ਪਾਰਲੀਮਾਨੀ ਸੰਸਥਾਵਾਂ ਦੇ ਬਾਈਕਾਟ ਦਾ ਸੱਦਾ ਦਿੰਦਿਆਂ ਆਮ ਸਿਆਸੀ ਹੜਤਾਲ ਰਾਹੀਂ ਰਾਜਭਾਗ ਦੇ ਅਹਿਮ ਅੰਗਾਂ ਨੂੰ ਜਾਮ ਕਰਨ ਅਤੇ ਹੱਥਾਂ ਵਿੱਚ ਹਥਿਆਰ ਲੈ ਕੇ ਬਗਾਵਤ ਲਈ ਉੱਠਣ ਦਾ ਸੱਦਾ ਦੇਣਾ ਇੱਕ ਦਰੁਸਤ ਪੈਂਤੜਾ ਅਤੇ ਕਦਮ ਬਣਦਾ ਹੈ।

ਦੂਜਾ ਪੱਖ ਪਾਰਲੀਮਾਨੀ ਸੰਸਥਾਵਾਂ ਵਿੱਚ ਹਿੱਸਾ ਲੈ ਕੇ ਇਹਨਾਂ ਦੀ ਇਨਕਲਾਬੀ ਲਹਿਰ ਦੇ ਹਿੱਤ ਵਿੱਚ ਵਰਤੋਂ ਕਰਨੀ ਹੋਵੇ ਜਾਂ ਇਹਨਾਂ ਦੇ ਬਾਈਕਾਟ ਕਰਨ ਦਾ ਪੈਂਤੜਾ ਲੈਣਾ ਹੋਵੇ ਦੋਵਾਂ ਹਾਲਤਾਂ ਵਿੱਚ ਕਮਿਊਨਿਸਟ ਇਨਕਲਾਬੀ ਪਾਰਟੀ ਅਤੇ ਉਸਦੀ ਅਗਵਾਈ ਹੇਠਲੀ ਇਨਕਲਾਬੀ ਲਹਿਰ ਦਾ (ਵਿਸ਼ੇਸ਼ ਕਰਕੇ ਹਥਿਆਰਬੰਦ ਕਾਰਵਾਈ ਦੀ ਤਿਆਰੀ ਪੱਖੋਂ) ਇੱਕ ਨਿਸ਼ਚਿਤ ਹੱਦ ਤੱਕ ਸਿਆਸੀ-ਜਥੇਬੰਦਕ ਮਜਬੂਤੀ ਪੱਖੋਂ ਅਤੇ ਜਨਤਾ ਵਿੱਚ ਸਿਆਸੀ ਆਧਾਰ-ਪੱਖੋਂ ਅਜਿਹੀ ਹਾਲਤ ਵਿੱਚ ਹੋਣਾ ਚਾਹੀਦਾ ਹੈ, ਜਿਸ ਵਿੱਚ ਉਹ ਦੋਵਾਂ ਪੈਂਤੜਿਆਂ ਦੀ ਸੁਚੱਜੀ, ਅਸਰਦਾਰ ਅਤੇ ਸਾਰਥਿਕ ਵਰਤੋਂ ਦੀ ਜਾਮਨੀ ਕਰ ਸਕੇ। ਬਾਹਰਮੁਖੀ ਹਾਲਤ ਦਾ ਦਰੁਸਤ ਜਾਇਜਾ ਅਤੇ ਦੋਵਾਂ ਹਾਲਤਾਂ ਵਿੱਚ ਕਾਮਯਾਬੀ ਨਾਲ ਪੁੱਗ ਸਕਣ ਦਾ ਜਾਇਜ਼ਾ-ਇਹ ਦੋ ਪੱਖਾਂ 'ਤੇ ਪਕੜ ਦੀ ਘਾਟ, ਇਨ੍ਹਾਂ ਦੀ ਕਦਰ-ਘਟਾਈ, ਇਹਨਾਂ ਤੋਂ ਆਸੇ-ਪਾਸੇ ਜਾਣ ਜਾਂ ਥਿੜ੍ਹਕਣ ਦਾ ਨਤੀਜਾ ਤਿਲ੍ਹਕਣਬਾਜੀ ਦੇ ਰਾਹ ਪੈਣ ਅਤੇ ਗੰਭੀਰ ਸਿਆਸੀ ਥਿੜਕਣ ਜਾਂ ਭਟਕਣ ਵਿੱਚ ਨਿਕਲ ਸਕਦਾ ਹੈ। ਪੂੰਜੀਵਾਦੀ ਮੁਲਕਾਂ ਅੰਦਰ ਸਮਾਜਿਕ-ਸਿਆਸੀ ਅਮਨ-ਚੈਨ ਦੇ ਦੌਰ ਵਿੱਚ ਜਿੱਥੇ ਪਾਰਲੀਮਾਨੀ ਸੰਸਥਾਵਾਂ ਦੀ ਵਰਤੋਂ ਕਰਨ ਤੋਂ ਇਨਕਾਰ ਕਰਨਾ ਹੀ "ਖੱਬੇਪੱਖੀ ਬਚਪਨੇ ਦੇ ਰੋਗ" ਦਾ ਇਜਹਾਰ ਬਣਦਾ ਹੈ, ਉੱਥੇ ਕਮਿਊਨਿਸਟ ਇਨਕਲਾਬੀ ਜਥੇਬੰਦੀ ਅਤੇ ਉਸਦੀ ਅਗਵਾਈ ਹੇਠਲੀ ਇਨਕਲਾਬੀ ਲਹਿਰ ਵੱਲੋਂ ਇਸ ਪੈਂਤੜੇ ਦੀ ਸਾਰਥਿਕ ਵਰਤੋਂ ਕਰਨਯੋਗ ਹਾਲਤ ਵਿੱਚ ਨਾ ਹੋਣ ਦੀ ਹਾਲਤ ਵਿੱਚ ਇਹ ਪੈਂਤੜਾ ਲੈਣ ਦਾ ਮਤਲਬ ਖੁਦ ਇਹਨਾਂ ਸੰਸਥਾਵਾਂ ਮਗਰ ਧੂਹੇ ਜਾਣ ਅਤੇ ਇਹਨਾਂ ਦੀ ਭੇਟ ਚੜ੍ਹਨ ਵਿੱਚ ਨਿਕਲੇਗਾ। ਇਸਦੇ ਉਲਟ ਤਿੱਖੇ ਆਰਥਿਕ-ਸਿਆਸੀ ਸੰਕਟ ਅਤੇ ਮੰਦਵਾੜੇ ਦੇ ਸਿੱਟੇ ਵਜੋਂ ਵਿਆਪਕ ਸਮਾਜਿਕ ਬੇਚੈਨੀ, ਰੋਹ-ਫੁਟਾਰੇ ਅਤੇ ਘੋਲਾਂ ਦੀ ਉਠਾਣ ਨਾਲ ਪੈਦਾ ਹੋ ਰਹੀ ਸਿਆਸੀ ਉਥਲ ਦੇ ਮੌਕਾ ਮੇਲ ਦੀ ਹਾਲਤ ਵਿੱਚ ਮਜਦੂਰ ਜਮਾਤ ਅਤੇ ਮਿਹਨਤਕਸ਼ ਜਨਤਾ ਨੂੰ ਹੱਥਾਂ ਵਿੱਚ ਹਥਿਆਰ ਲੈ ਕੇ ਉੱਠਣ ਅਤੇ ਬਗਾਵਤ ਲਈ ਉੱਠਣ ਦਾ ਸੱਦਾ ਦੇਣ ਤੋਂ ਇਨਕਾਰ ਕਰਨਾ ਪੂਛਲਵਾਦ ਅਤੇ ਸੱਜੀ ਮੌਕਾਪ੍ਰਸਤ ਭਟਕਣ ਹੋਵੇਗਾ, ਬਸ਼ਰਤੇ ਕਮਿਊਨਿਸਟ ਪਾਰਟੀ ਇਸ ਬਗਾਵਤ ਨੂੰ ਜਥੇਬੰਦ ਕਰਨ ਅਤੇ ਇਸਦੀ ਅਗਵਾਈ ਕਰਨ ਲਈ ਵਿਚਾਰਧਾਰਕ-ਸਿਆਸੀ ਅਤੇ ਫੌਜੀ ਪੱਖਾਂ ਤੋਂ ਤਿਆਰ-ਬਰ-ਤਿਆਰ ਹੋਵੇ।

ਇੱਥੇ ਨੋਟ ਕਰਨਯੋਗ ਗੱਲ ਇਹ ਹੈ ਕਿ ਕਾਮਰੇਡ ਲੈਨਿਨ ਵੱਲੋਂ ਬੁਰਜੂਆ ਪਾਰਲੀਮਾਨੀ ਸੰਸਥਾਵਾਂ ਵਿੱਚ ਹਿੱਸਾ ਲੈ ਕੇ ਇਹਨਾਂ ਦੀ ਇਨਕਲਾਬ ਦੇ ਹਿੱਤ ਵਿੱਚ ਵਰਤੋਂ ਕਰਨ ਅਤੇ ਇਹਨਾਂ ਦਾ ਬਾਈਕਾਟ ਕਰਨ ਦੇ ਇਹ ਦੋ ਪੈਂਤੜੇ ਪੂੰਜੀਵਾਦੀ ਮੁਲਕਾਂ ਅੰਦਰ ਲਾਗੂ ਹੋਣਯੋਗ ਇਨਕਲਾਬ ਦੇ ਰਾਹ (ਯੁੱਧਨੀਤੀ) ਯਾਨੀ ਬਗਾਵਤ ਦੀ ਯੁੱਧਨੀਤੀ ਨੂੰ ਲਾਗੂ ਕਰਨ ਦੇ ਅਮਲ ਦੌਰਾਨ ਦੋ ਵੱਖੋ ਵੱਖ ਹਾਲਤਾਂ ਨੂੰ ਹੁੰਗਾਰਾ ਦੇਣ ਲਈ ਘੜੇ ਗਏ ਸਨ। ਇਸ ਲਈ, ਇਹ ਦੋਵੇਂ ਪੈਂਤੜੇ ਆਮ ਅਰਥ ਰੱਖਦਿਆਂ ਹੋਇਆ ਵੀ, ਇੱਕ ਪੂੰਜੀਵਾਦੀ ਮੁਲਕ ਅੰਦਰ ਬਣਦੀਆਂ ਦੋ ਵੱਖੋ ਵੱਖਰੀਆਂ ਵਿਸ਼ੇਸ਼ ਹਾਲਤਾਂ ਅੰਦਰ ਲਾਗੂ ਹੋਣ ਮੌਕੇ ਵਿਸ਼ੇਸ਼ ਅਰਥ ਗ੍ਰਹਿਣ ਕਰ ਜਾਂਦੇ ਹਨ। ਪੂੰਜੀਵਾਦੀ ਮੁਲਕ ਅੰਦਰ ਪਾਰਲੀਮਾਨੀ ਸੰਸਥਾਵਾਂ ਵਿੱਚ ਹਿੱਸਾ ਲੈਣ ਅਤੇ ਇਹਨਾਂ ਦੀ ਵਰਤੋਂ ਦੇ ਪੈਂਤੜੇ ਦਾ ਠੋਸ ਮਤਲਬ ਇਹ ਹੈ ਕਿ ਇਹ ਪੈਂਤੜਾ ਪਰੋਲੇਤਾਰੀ ਦੀ ਪਾਰਟੀ ਦੇ ਉਸ ਅਭਿਆਸ ਦਾ ਅੰਗ ਹੈ, ਜਿਹੜਾ ਮੁੱਖ ਤੌਰ 'ਤੇ ਕਾਨੂੰਨੀ, ਖੁੱਲ੍ਹੀਆਂ ਅਤੇ ਪੁਰਅਮਨ ਘੋਲ ਸ਼ਕਲਾਂ 'ਤੇ ਟਿਕਿਆ ਹੋਇਆ ਹੈ। ਪੂੰਜੀਵਾਦੀ ਮੁਲਕਾਂ ਅੰਦਰ ਅਜਿਹੇ ਅਭਿਆਸ ਦੀ ਗੱਲ ਕਰਦਿਆਂ, ਕਾਮਰੇਡ ਮਾਓ ਵੱਲੋਂ ਕਿਹਾ ਗਿਆ ਹੈ, "ਉੱਥੇ ਜਥੇਬੰਦੀ ਦੀ ਸ਼ਕਲ ਕਾਨੂੰਨੀ ਬਣਦੀ ਹੈ ਅਤੇ ਘੋਲ ਦੀ ਸ਼ਕਲ ਗੈਰ-ਹਿੰਸਕ (ਗੈਰ-ਫੌਜੀ) ਬਣਦੀ ਹੈ।"

ਸੋ ਪੂੰਜੀਵਾਦੀ ਮੁਲਕਾਂ ਦੇ ਪ੍ਰਸੰਗ ਵਿੱਚ ਇਹ ਪੈਂਤੜਾ ਇੱਕ ਲਾਜ਼ਮੀ ਅਤੇ ਜਰੂਰੀ ਕਿਸਮ ਦੀ ਅਹਿਮੀਅਤ ਅਖਤਿਆਰ ਕਰ ਜਾਂਦਾ ਹੈ। ਇਸਦੇ ਉਲਟ ਜਦੋਂ ਸਿਖਰ ਛੂਹ ਰਹੀ ਸਮਾਜਿਕ-ਸਿਆਸੀ ਉਥਲ-ਪੁਥਲ ਵਾਲੀ ਹਾਲਤ ਵਿੱਚ ਪਾਰਲੀਮਾਨੀ ਸੰਸਥਾਵਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਜਾਂਦਾ ਹੈ, ਤਾਂ ਇਸਦਾ ਠੋਸ ਮਤਲਬ ਪੂੰਜੀਵਾਦੀ ਰਾਜ ਖਿਲਾਫ ਹਥਿਆਰ ਚੁੱਕਦਿਆਂ ਅਤੇ ਬਗਾਵਤ ਕਰਦਿਆਂ, ਇਸਦੀਆਂ ਸੰਸਥਾਵਾਂ ਨੂੰ ਫੌਰੀ ਤੌਰ 'ਤੇ ਫੁਰਤੀ ਨਾਲ ਤਹਿਸ-ਨਹਿਸ ਕਰਨ ਅਤੇ ਮੁਤਬਾਦਲ ਇਨਕਲਾਬੀ ਸੰਸਥਾਵਾਂ ਦੀ ਉਸਾਰੀ ਕਰਨ ਦਾ ਸੱਦਾ ਦੇਣਾ ਹੈ। ਬਗਾਵਤ ਰਾਹੀਂ ਸਿਆਸੀ ਸੱਤਾ 'ਤੇ ਕਬਜਾ ਕਰਨ ਅਤੇ ਮੁਤਬਾਦਲ ਸਿਆਸੀ ਸੱਤਾ ਦੀਆਂ ਸੰਸਥਾਵਾਂ ਉਸਾਰਨ ਦਾ ਅਮਲ ਤੂਫਾਨੀ ਤੇਜੀ ਨਾਲ ਅੱਗੇ ਵਧਦਾ ਹੈ। ਇਹ ਅਮਲ ਲਮਕਵਾਂ ਨਹੀਂ ਹੁੰਦਾ। ਇਹ ਮੁੱਖ ਤੌਰ 'ਤੇ ਇੱਕੋ ਸੱਟੇ ਲਾਗੂ ਕੀਤਾ ਜਾਂਦਾ ਹੈ ਅਤੇ ਥੋੜ੍ਹੇ ਅਰਸੇ ਵਿੱਚ ਸਿਰੇ ਲਾਇਆ ਜਾਂਦਾ ਹੈ।

ਬੁਰਜੂਆ ਪਾਰਲੀਮਾਨੀ ਸੰਸਥਾਵਾਂ ਵਿੱਚ ਹਿੱਸਾ ਲੈਣ ਅਤੇ ਇਹਨਾਂ ਦਾ ਬਾਈਕਾਟ ਕਰਨ ਦੇ ਇਹਨਾਂ ਦੋ ਪੈਂਤੜਿਆਂ ਨੂੰ ਜਦੋਂ ਅਰਧ-ਬਸਤੀਵਾਦੀ ਅਰਧ-ਜਾਗੀਰੂ ਮੁਲਕਾਂ ਅੰਦਰ ਸਾਮਰਾਜ ਅਤੇ ਦਲਾਲ ਹਾਕਮ ਜਮਾਤਾਂ ਵੱਲੋਂ ਆਪਣੇ ਆਪਾਸ਼ਾਹ ਰਾਜ ਦੇ ਖੂੰਖਾਰ ਚਿਹਰੇ ਨੂੰ ਢੱਕਣ ਲਈ ਸ ਿ?ਗਾਰੀਆਂ ਨਕਲੀ ਪਾਰਲੀਮਾਨੀ ਸੰਸਥਾਵਾਂ 'ਤੇ ਢੁਕਾਉਣ ਦਾ ਸੁਆਲ ਆਉਂਦਾ ਹੈ ਤਾਂ ਇਹ ਪੈਂਤੜੇ ਆਮ ਅਰਥ ਰੱਖਦਿਆਂ ਵੀ ਇਹਨਾਂ ਮੁਲਕਾਂ ਅੰਦਰਲੀਆਂ ਵਿਸ਼ੇਸ਼ ਹਾਲਤਾਂ ਅਨੁਸਾਰੀ ਵਿਸ਼ੇਸ਼ ਅਰਥ ਵੀ ਗ੍ਰਹਿਣ ਕਰ ਜਾਂਦੇ ਹਨ। ਇਹਨਾਂ ਮੁਲਕਾਂ ਅੰਦਰ ਇਨਕਲਾਬ ਦਾ ਰਾਹ ਜਾਂ ਫੌਜੀ ਯੁੱਧਨੀਤੀ ਬਗਾਵਤ ਨਾ ਹੋ ਕੇ ਲਮਕਵੇਂ ਲੋਕ-ਯੁੱਧ ਦਾ ਰਾਹ ਜਾਂ ਯੁੱਧਨੀਤੀ ਬਣਦੀ ਹੈ। ਇਸ ਲਈ, ਇਹਨਾਂ ਮੁਲਕਾਂ ਵਿੱਚ ਇਹ ਪੈਂਤੜੇ ਲਮਕਵੇਂ ਲੋਕ-ਯੁੱਧ ਦੀ ਤਿਆਰੀ ਜਾਂ ਲਮਕਵੇਂ ਲੋਕ-ਯੁੱਧ ਦੇ ਅਭਿਆਸ ਦੇ ਅੰਗ ਵਜੋਂ ਲਾਗੂ ਹੁੰਦੇ ਹਨ ਅਤੇ ਵਿਸ਼ੇਸ਼ ਅਰਥ ਗ੍ਰਹਿਣ ਕਰ ਜਾਂਦ ਹਨ। ਇਹਨਾਂ ਮੁਲਕਾਂ ਵਿੱਚ ਚਾਹੇ ਲਮਕਵੇਂ ਲੋਕ-ਯੁੱਧ ਦੀ ਤਿਆਰੀ ਦਾ ਦੌਰ ਹੋਵੇ ਅਤੇ ਚਾਹੇ ਲਮਕਵਾਂ ਲੋਕ-ਯੁੱਧ ਸ਼ੁਰੂ ਹੋ ਗਿਆ ਹੋਵੇ ਅਤੇ ਜਾਰੀ ਹੋਵੇ ਇਹਨਾਂ ਦੋਵਾਂ ਹਾਲਤਾਂ ਅਤੇ ਪੂੰਜੀਵਾਦੀ ਮੁਲਕਾਂ ਵਿੱਚ ਅਮਨ-ਚੈਨ (ਬਗਾਵਤ ਤੋਂ ਤਿਆਰੀ ਦਾ ਲੰਮੇ) ਦੌਰ ਅਤੇ ਬਗਾਵਤ ਦਾ ਸੱਦਾ ਦੇਣ ਦੇ ਢੁਕੇ ਦੌਰ ਦੀਆਂ ਦੋਵਾਂ ਹਾਲਤਾਂ ਵਿੱਚ ਵੱਡਾ ਵਖਰੇਵਾਂ ਹੁੰਦਾ ਹੈ। ਪਛੜੇ/ਅਰਧ-ਬਸਤੀਵਾਦੀ ਅਰਧ-ਜਾਗੀਰੂ ਮੁਲਕਾਂ ਅੰਦਰ ਲਮਕਵੇਂ ਹਥਿਆਰਬੰਦ ਘੋਲ ਦੀ ਸ਼ੁਰੂਆਤ ਤੋਂ ਪਹਿਲੀ ਤਿਆਰੀ ਦੇ ਦੌਰ ਦੀ ਹਾਲਤ ਅਤੇ ਪੂੰਜੀਵਾਦੀ ਮੁਲਕਾਂ ਅੰਦਰ ਬਗਾਵਤ ਦੀ ਤਿਆਰੀ ਦੇ ਦੌਰ ਦੀ ਹਾਲਤ ਵਿੱਚ ਬੁਨਿਆਦੀ ਵਖਰੇਵਾਂ ਹੁੰਦਾ ਹੈ। ਪੂੰਜੀਵਾਦੀ ਮੁਲਕਾਂ ਅਤੇ ਇੱਕ ਅਰਧ-ਬਸਤੀਵਾਦੀ ਮੁਲਕ ਚੀਨ ਦਰਮਿਆਨ ਇਹ ਵਖਰੇਵਾਂ ਕਰਦਿਆਂ, ਕਾਮਰੇਡ ਮਾਓ ਵੱਲੋਂ ਕਿਹਾ ਗਿਆ ਹੈ ਕਿ "ਸਰਮਾਏਦਾਰ ਮੁਲਕ ਫਾਸ਼ਿਸਟ ਫਾਸੀ ਹਕੂਮਤ ਹੇਠ ਨਾ ਹੋਣ ਅਤੇ ਜੰਗ ਵਿੱਚ ਉਲਝੇ ਨਾ ਹੋਣ ਦੀ ਹਾਲਤ ਵਿੱਚ ਅੰਦਰੂਨੀ ਤੌਰ 'ਤੇ ਬੁਰਜੂਆ ਜਮਹੂਰੀਅਤ (ਨਾ ਕਿ ਜਾਗੀਰਦਾਰੀ) ਅਨੁਸਾਰ ਚੱਲਦੇ ਹਨ। ਆਪਣੇ ਬਾਹਰੀ ਸਬੰਧਾਂ ਵਿੱਚ ਉਹ ਦੂਜੀਆਂ ਕੌਮਾਂ ਦੇ ਦਾਬੇ ਹੇਠ ਹੋਣ ਦੀ ਬਜਾਇ, ਖੁਦ ਹੋਰਨਾਂ ਕੌਮਾਂ ਨੂੰ ਦਬਾਉਂਦੇ ਹਨ। ਇਹਨਾਂ ਲੱਛਣਾਂ ਕਰਕੇ ਇਹਨਾਂ ਮੁਲਕਾਂ ਅੰਦਰ ਪ੍ਰੋਲੇਤਾਰੀ ਦੀ ਪਾਰਟੀ ਦਾ ਕਾਰਜ ਬਣਦਾ ਹੈ ਕਿ ਉਹ ਕਾਨੂੰਨੀ ਘੋਲ ਦੇ ਲੰਮੇਰੇ ਅਰਸੇ ਰਾਹੀਂ ਕਾਮਿਆਂ ਨੂੰ ਸਿੱਖਿਅਤ ਕਰੇ ਅਤੇ ਤਾਕਤ ਦੀ ਉਸਾਰੀ ਕਰੇ ਅਤੇ ਇਉਂ, ਸਰਮਾਏਦਾਰੀ ਨੂੰ ਵਗਾਹ ਮਾਰਨ ਦੀ ਤਿਆਰੀ ਕਸੇ। ਇਹਨਾਂ ਮੁਲਕਾਂ ਵਿੱਚ ਸੁਆਲ ਆਰਥਿਕ ਅਤੇ ਸਿਆਸੀ ਹੜਤਾਲਾਂ ਨੂੰ ਥੜ੍ਹੇ ਵਜੋਂ ਵਰਤਦਿਆਂ ਟਰੇਡ ਯੂਨੀਅਨ ਜਥੇਬੰਦੀਆਂ ਦੀ ਉਸਾਰੀ ਕਰਦਿਆਂ ਅਤੇ ਕਾਮਿਆਂ ਨੂੰ ਸਿੱਖਿਅਤ ਕਰਦਿਆਂ ਇੱਕ ਲੰਬੇ ਕਾਨੂੰਨੀ ਘੋਲਾਂ ਦੇ ਅਮਲ 'ਚੋਂ ਗੁਜਰਨਾ ਹੈ। ਉੱਥੇ ਜਥੇਬੰਦੀ ਦੀ ਸ਼ਕਲ ਕਾਨੂੰਨੀ ਬਣਦੀ ਹੈ ਅਤੇ ਘੋਲ ਦੀ ਸ਼ਕਲ ਗੈਰ-ਹਿੰਸਕ (ਗੈਰ-ਫੌਜੀ) ਬਣਦੀ ਹੈ। ਸਰਮਾਏਦਾਰ ਮੁਲਕਾਂ ਵਿਚਲੀਆਂ ਕਮਿਊਨਿਸਟ ਪਾਰਟੀਆਂ ਜੰਗ ਦੇ ਮੁੱਦੇ 'ਤੇ ਆਪਣੇ ਮੁਲਕਾਂ ਵੱਲੋਂ ਵਿੱਢੀਆਂ ਸਾਮਰਾਜੀ ਜੰਗਾਂ ਦਾ ਵਿਰੋਧ ਕਰਦੀਆਂ ਹਨ। ਜੇ ਅਜਿਹੀਆਂ ਜੰਗਾਂ ਲੱਗਦੀਆਂ ਹਨ, ਤਾਂ ਇਹਨਾਂ ਪਾਰਟੀਆਂ ਦੀ ਨੀਤੀ ਆਪਣੇ ਮੁਲਕ ਦੀ ਪਿਛਾਖੜੀ ਹਕੂਮਤ ਨੂੰ ਹਰਾਉਣ ਦੀ ਹੋਵੇਗੀ। ਇੱਕੋ ਇੱਕ ਜੰਗ ਜਿਹੜੀ ਉਹ ਲੜਨਾ ਚਾਹੁੰਦੀਆਂ ਹਨ, ਉਹ ਘਰੋਗੀ ਜੰਗ ਹੈ, ਜਿਸਦੀ ਤਿਆਰੀ ਵਿੱਚ ਉਹ ਲੱਗੀਆਂ ਹੋਈਆਂ ਹਨ। ਪਰ ਇਹ ਬਗਾਵਤ ਅਤੇ ਜੰਗ ਉਦੋਂ ਤੱਕ ਨਹੀਂ ਆਰੰਭਣੀ ਚਾਹੀਦੀ, ਜਦੋਂ ਤੱਕ ਬੁਰਜੂਆਜੀ ਨਿਤਾਣੀ ਨਾ ਬਣ ਜਾਵੇ, ਜਦੋਂ ਤੱਕ ਪ੍ਰੋਲੇਤਾਰੀ ਜਨਤਾ ਦੀ ਬਹੁਗਿਣਤੀ ਹਥਿਆਰ ਚੁੱਕਣ ਅਤੇ ਲੜਨ ਲਈ ਇਰਾਦਾ ਨਾ ਧਾਰੇ ਅਤੇ ਜਦੋਂ ਤੱਕ ਪੇਂਡੂ ਜਨਤਾ ਪ੍ਰੋਲੇਤਾਰੀ ਨੂੰ ਸਵੈ-ਇੱਛਤ ਮੱਦਦ ਮੁਹੱਈਆ ਨਾ ਕਰੇ। ਜਦੋਂ ਅਜਿਹੀ ਬਗਾਵਤ ਅਤੇ ਜੰਗ ਆਰੰਭਣ ਦਾ ਮੌਕਾ ਆ ਗਿਆ, ਤਾਂ ਪਹਿਲਾ ਕਦਮ ਸ਼ਹਿਰਾਂ 'ਤੇ ਕਬਜਾ ਕਰਨਾ ਹੋਵੇਗਾ ਅਤੇ ਫਿਰ ਪੇਂਡੂ ਖੇਤਰ ਵਿੱਚ ਪੇਸ਼ਕਦਮੀ ਕੀਤੀ ਜਾਵੇਗੀ, ਨਾ ਕਿ ਇਸ ਤੋਂ ਉਲਟ। ਸਰਮਾਏਦਾਰ ਮੁਲਕਾਂ ਵਿਚਲੀਆਂ ਕਮਿਊਨਿਸਟ ਪਾਰਟੀਆਂ ਵੱਲੋਂ ਇਹ ਸਾਰਾ ਕੁੱਝ ਕੀਤਾ ਜਾ ਚੁੱਕਿਆ ਹੈ ਅਤੇ ਰੂਸ ਦੇ ਅਕਤੂਬਰ ਇਨਕਲਾਬ ਵੱਲੋਂ ਇਸਦੀ ਪੁਸ਼ਟੀ ਕੀਤੀ ਜਾ ਚੁੱਕੀ ਹੈ।

ਪਰ ਚੀਨ ਸਰਮਾਏਦਾਰ ਮੁਲਕਾਂ ਤੋਂ ਵੱਖਰਾ ਹੈ। ਚੀਨ ਦੇ ਲੱਛਣ ਹਨ ਕਿ ਉਹ ਆਜਾਦ ਅਤੇ ਜਮਹੂਰੀ ਮੁਲਕ ਨਾ ਹੋ ਕੇ ਇੱਕ ਅਰਧ-ਬਸਤੀਵਾਦੀ ਅਰਧ-ਜਾਗੀਰੂ ਮੁਲਕ ਹੈ। ਅੰਦਰੂਨੀ ਤੌਰ 'ਤੇ ਇੱਥੇ ਕੋਈ ਜਮਹੂਰੀਅਤ ਹੋਣ ਦੀ ਬਜਾਇ ਇਹ ਜਾਗੀਰੂ ਦਾਬੇ ਅਧੀਨ ਹੈ। ਆਪਣੇ ਬਾਹਰੀ ਸਬੰਧਾਂ ਵਿੱਚ ਉਹ ਕੌਮੀ ਆਜਾਦੀ ਤੋਂ ਵਿਰਵਾ ਹੈ ਅਤੇ ਸਾਮਰਾਜੀ ਦਾਬੇ ਅਧੀਨ ਹੈ। ਇਸਦਾ ਮਤਲਬ ਹੈ ਕਿ ਸਾਡੇ ਕੋਲ ਵਰਤਣ ਲਈ ਨਾ ਕੋਈ ਪਾਰਲੀਮੈਂਟ ਹੈ ਅਤੇ ਨਾ ਮਜਦੂਰਾਂ ਨੂੰ ਹੜਤਾਲ ਵਾਸਤੇ ਜਥੇਬੰਦ ਕਰਨ ਲਈ ਕੋਈ ਕਾਨੂੰਨੀ ਅਧਿਕਾਰ ਹੈ। ਬੁਨਿਆਦੀ ਤੌਰ 'ਤੇ ਦੇਖਿਆਂ, ਇੱਥੇ ਕਮਿਊਨਿਸਟ ਪਾਰਟੀ ਦਾ ਕਾਰਜ ਬਗਾਵਤ ਅਤੇ ਜੰਗ ਦੀ ਸ਼ੁਰੂਆਤ ਕਰਨ ਤੋਂ ਪਹਿਲਾਂ ਕਾਨੂੰਨੀ ਘੋਲ ਦੇ ਇੱਕ ਲੰਮੇਰੇ ਅਰਸੇ ਰਾਹੀਂ ਗੁਜਰਦਿਆਂ, ਪਹਿਲਾਂ ਸ਼ਹਿਰਾਂ 'ਤੇ ਕਬਜਾ ਕਰਨ ਅਤੇ ਫਿਰ ਪੇਂਡੂ ਖੇਤਰ 'ਤੇ ਕਾਬਜ ਹੋਣਾ ਨਹੀਂ ਬਣਦਾ, ਸਗੋਂ ਇਸ ਤੋਂ ਉਲਟ ਬਣਦਾ ਹੈ।

.. .. ਇਹ ਸਾਰਾ ਕੁੱਝ ਚੀਨ ਅਤੇ ਸਰਮਾਏਦਾਰ ਮੁਲਕਾਂ ਦਰਮਿਆਨ ਵਖਰੇਵੇਂ ਨੂੰ ਦਰਸਾਉਂਦਾ ਹੈ। ਚੀਨ ਅੰਦਰ ਜੰਗ ਘੋਲ ਦੀ ਮੁੱਖ ਸ਼ਕਲ ਹੈ ਅਤੇ ਫੌਜ ਜਥੇਬੰਦੀ ਦੀ ਮੁੱਖ ਸ਼ਕਲ ਹੈ। ਦੂਜੀਆਂ ਸ਼ਕਲਾਂ ਜਿਵੇਂ ਜਨਤਕ ਜਥੇਬੰਦੀ ਅਤੇ ਜਨਤਕ ਘੋਲ ਬੇਹੱਦ ਅਹਿਮ ਅਤੇ ਅਸਲੋਂ ਅਣਸਰਦੀ ਬਣਦੀਆਂ ਹਨ ਅਤੇ ਕਿਸੇ ਵੀ ਹਾਲਤ ਵਿੱਚ ਨਜਰਅੰਦਾਜ ਨਹੀਂ ਕਰਨੀਆਂ ਚਾਹੀਦੀਆਂ। ਪਰ ਇਹਨਾਂ ਦਾ ਮਨੋਰਥ ਜੰਗ ਦੀ ਸੇਵਾ ਵਿੱਚ ਭੁਗਤਣਾ ਹੈ। ਜੰਗ ਲੱਗਣ ਤੋਂ ਪਹਿਲਾਂ ਸਾਰੀਆਂ ਜਥੇਬੰਦੀਆਂ ਅਤੇ ਘੋਲ ਜੰਗ ਦੀ ਤਿਆਰੀ ਲਈ ਹੁੰਦੇ ਹਨ, ਜਿਵੇਂ ਕਿ 4 ਮਈ 1919 ਅਤੇ 30 ਮਈ 1925 ਦਰਮਿਆਨ ਦੇ ਅਰਸੇ ਵਿੱਚ ਹੋਇਆ ਹੈ। ਜਦੋਂ ਜੰਗ ਲੱਗ ਜਾਂਦੀ ਹੈ ਤਾਂ ਸਾਰੀਆਂ ਜਥੇਬੰਦੀਆਂ ਅਤੇ ਘੋਲਾਂ ਦਾ ਸਿੱਧੇ ਜਾਂ ਅਸਿੱਧੇ ਜੰਗ ਨਾਲ ਤਾਲਮੇਲ ਬਿਠਾਇਆ ਜਾਂਦਾ ਹੈ.. .." (ਮਾਓ-ਜੇ-ਤੁੰਗ, ਜੰਗ ਅਤੇ ਯੁੱਧਨੀਤੀ ਦੀਆਂ ਸਮੱਸਿਆਵਾਂ, ਗ੍ਰੰਥ-2, ਸਫਾ 219, 220, 221 ਜੋਰ ਸਾਡਾ)

ਉਪਰੋਕਤ ਦੀ ਰੌਸ਼ਨੀ ਵਿੱਚ ਦੇਖਿਆਂ, ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੂੰਜੀਵਾਦੀ ਮੁਲਕਾਂ ਵਾਂਗ ਅਰਧ-ਬਸਤੀਵਾਦੀ ਅਰਧ-ਜਾਗੀਰੂ ਮੁਲਕਾਂ ਵਿੱਚ ਬੁਰਜੂਆ ਜਮਹੂਰੀਅਤ ਹਕੀਕਤ ਵਿੱਚ ਮੌਜੂਦ ਨਹੀਂ ਹੈ। ਜੇ ਭਾਰਤ ਵਰਗੇ ਕਿਸੇ ਮੁਲਕ ਵਿੱਚ ਅਖੌਤੀ ਪਾਰਲੀਮਾਨੀ ਜਮਹੂਰੀਅਤ ਹੈ, ਤਾਂ ਇਹ ਨਕਲੀ ਅਤੇ ਦੰਭੀ ਹੈ। ਇਸ ਕਰਕੇ ਜਿੱਥੇ ਸਰਮਾਏਦਾਰ ਮੁਲਕਾਂ ਵਿੱਚ ਬਗਾਵਤ ਲਈ ਹਾਲਤ ਪਰਪੱਕ ਹੋਣ ਤੋਂ ਪਹਿਲਾਂ ਦੇ ਲੰਮੇ ਦੌਰ ਵਿੱਚ "ਜਥੇਬੰਦੀ ਦੀ ਸ਼ਕਲ ਕਾਨੂੰਨੀ ਬਣਦੀ ਹੈ ਅਤੇ ਘੋਲ ਦੀ ਸ਼ਕਲ ਗੈਰ-

ਹਿੰਸਕ (ਗੈਰ-ਫੌਜੀ) ਬਣਦੀ ਹੈ'' ਉੱਥੇ ਅਰਧ-ਬਸਤੀਵਾਦੀ ਅਰਧ-ਜਾਗੀਰੂ ਮੁਲਕਾਂ ਵਿੱਚ "ਜੰਗ ਘੋਲ ਦੀ ਮੁੱਖ ਸਕਲ ਅਤੇ ਫੌਜ ਜਥੇਬੰਦੀ ਦੀ ਮੁੱਖ ਸਕਲ'' ਬਣਦੀ ਹੈ। ਪਛੜੇ ਮੁਲਕਾਂ ਵਿੱਚ ਨਾ ਪੂੰਜੀਵਾਦੀ ਮੁਲਕਾਂ ਵਾਂਗ ਸਮਾਜਿਕ-ਸਾਂਤੀ ਦਾ ਲੰਮਾ ਦੌਰ ਰਹਿੰਦਾ ਹੈ ਅਤੇ ਨਾ ਹੀ ਹਥਿਆਰਬੰਦ ਜਨਤਕ ਉਭਾਰ ਦਾ ਦੌਰ ਸਰਮਾਏਦਾਰ ਮੁਲਕਾਂ ਵਾਂਗ ਆਉਂਦਾ ਹੈ ਅਤੇ ਨਾ ਹੀ ਉਵੇਂ ਇੱਕਦਮ ਅਤੇ ਤੇਜੀ ਨਾਲ ਮੁਤਬਾਦਲ ਇਨਕਲਾਬੀ ਲੋਕ ਸੱਤਾ ਦੇ ਅਦਾਰੇ ਹੋਂਦ ਵਿੱਚ ਆਉਣ ਦਾ ਅਮਲ ਚੱਲਦਾ ਹੈ। ਇਸਦੇ ਉਲਟ ਪਛੜੇ ਮੁਲਕ-ਅਰਧ-ਬਸਤੀਵਾਦੀ ਅਰਧ ਜਾਗੀਰੂ ਮੁਲਕ ਸਦੀਵੀ ਅਤੇ ਆਮ ਆਰਥਿਕ-ਸਿਆਸੀ (ਅਤੇ ਜਰੱਈ ਸੰਕਟ) ਦਾ ਸ਼ਿਕਾਰ ਹੋਣ ਕਰਕੇ ਨਾ ਸਿਰਫ ਆਮ ਤੌਰ 'ਤੇ ਘੱਟ-ਵੱਧ ਸਮਾਜਿਕ-ਸਿਆਸੀ ਉਥਲ-ਪੁਥਲ ਵਾਲੀ ਹਾਲਤ ਵਿੱਚ ਰਹਿੰਦੇ ਹਨ, ਸਗੋਂ ਹਥਿਆਰਬੰਦ ਘੋਲ/ਵਿਦਰੋਹ ਇਹਨਾਂ ਮੁਲਕਾਂ ਵਿਚਲੀ ਸਿਆਸੀ ਹਾਲਤ ਦਾ ਇੱਕ ਅਹਿਮ ਲੱਛਣ ਬਣਦੇ ਹਨ। ਹਥਿਆਰਬੰਦ ਘੋਲ ਸਮਾਜਿਕ-ਸਿਆਸੀ ਅਮਲ ਦਾ ਇੱਕ ਅਹਿਮ ਅੰਸ ਹੋਣ ਦੇ ਬਾਵਜੂਦ, ਇਹਨਾਂ ਮੁਲਕਾਂ ਵਿੱਚ ਮੁਲਕ ਵਿਆਪੀ, ਵੱਡੇ, ਹੂੰਝਾਫੇਰੂ ਜਨਤਕ ਹਥਿਆਰਬੰਦ ਉਭਾਰ/ਬਗਾਵਤ ਦਾ ਦੌਰ ਨਹੀਂ ਆਉਂਦਾ। ਹਥਿਆਰਬੰਦ ਘੋਲ ਕਿਸੇ ਇੱਕ ਜਾਂ ਇੱਕ ਤੋਂ ਵੱਧ ਇਲਾਕਿਆਂ ਵਿੱਚ ਗੁਪਤ ਰੂਪ ਵਿੱਚ ਜਥੇਬੰਦ ਕੀਤੇ ਗੁਰੀਲਾ ਹਥਿਆਰਬੰਦ ਘੋਲ ਦੀ ਸਕਲ ਵਿੱਚ ਸੁਰੂ ਹੁੰਦਾ ਹੈ, ਅੱਗੇ ਵਧਦਾ ਅਤੇ ਫੈਲਦਾ-ਪਸਰਦਾ ਹੈ। ਇੱਥੇ ਇਨਕਲਾਬੀ ਲੋਕ ਸੱਤਾ ਦੇ ਅਦਾਰਿਆਂ ਦੀ ਉਸਾਰੀ ਦਾ ਅਮਲ ਵੀ ਲਮਕਵਾਂ ਹੁੰਦਾ ਹੈ। ਅਜਿਹੇ ਅਦਾਰੇ ਇੱਕਦਮ ਅਤੇ ਤੇਜੀ ਨਾਲ ਹੋਂਦ ਵਿੱਚ ਨਹੀਂ ਆ ਸਕਦੇ। ਪਿਛਾਖੜੀ ਅਦਾਰਿਆਂ ਦੇ ਢਹਿ-ਢੇਰੀ ਹੋਣ ਦਾ ਅਮਲ ਅਤੇ ਇਨਕਲਾਬੀ ਲੋਕ-ਸੱਤਾ ਦੇ ਅਦਾਰਿਆਂ ਦਾ ਹੋਂਦ ਵਿੱਚ ਆਉਣ ਦਾ ਅਮਲ ਅਸਲ ਵਿੱਚ ਪਿਛਾਖੜੀ ਰਾਜ ਦੀਆਂ ਹਥਿਆਰਬੰਦ ਤਾਕਤਾਂ ਅਤੇ ਪ੍ਰੋਲੇਤਾਰੀ ਦੀ ਅਗਵਾਈ ਹੇਠਲੀਆਂ ਹਥਿਆਰਬੰਦ ਗੁਰੀਲਾ ਤਾਕਤਾਂ ਦਰਮਿਆਨ ਮੋੜਾਂ-ਘੋੜਾਂ, ਉਤਰਾਵਾਂ-ਚੜ੍ਹਾਵਾਂ ਅਤੇ ਹਾਰਾਂ-ਜਿੱਤਾਂ ਨੂੰ ਸਮੋਂਦੇ ਭੇੜ ਦਾ ਲੰਮੇਰਾ ਅਮਲ ਹੁੰਦਾ ਹੈ, ਜਿਸ ਦੇ ਅੰਤ ਵਿੱਚ ਕਿਸੇ ਇੱਕ ਜਾਂ ਵੱਧ ਇਲਾਕਿਆਂ ਵਿੱਚ ਇਨਕਲਾਬੀ ਗੁਰੀਲਾ ਤਾਕਤਾਂ ਵੱਲੋਂ ਪਿਛਾਖੜੀ ਰਾਜ ਦੀਆਂ ਹਥਿਆਰਬੰਦ ਤਾਕਤਾਂ ਨੂੰ ਪਛਾੜਦਿਆਂ ਅਤੇ ਉਹਨਾਂ ਦਾ ਸਫਾਇਆ ਕਰਦਿਆਂ, ਇਨਕਲਾਬੀ ਆਧਾਰ ਇਲਾਕੇ/ਇਲਾਕਿਆਂ ਦੀ ਸਥਾਪਨਾ ਕੀਤੀ ਜਾਂਦੀ ਹੈ।

ਉਪਰੋਕਤ ਜ਼ਿਕਰ ਇਹ ਦਰਸਾਉਂਦਾ ਹੈ ਕਿ ਬੁਰਜੂਆ ਪਾਰਲੀਮਾਨੀ ਅਦਾਰਿਆਂ ਵਿੱਚ ਹਿੱਸਾ ਲੈਣ ਅਤੇ ਇਹਨਾਂ ਦਾ ਬਾਈਕਾਟ ਕਰਨ ਦੇ ਦੋਵੇਂ ਪੈਂਤੜਿਆਂ ਨੂੰ ਭਾਰਤ ਵਰਗੇ ਅਰਧ-ਬਸਤੀਵਾਦੀ ਅਰਧ-ਜਾਗੀਰੂ ਮੁਲਕ ਦੀ ਹਾਲਤ ਵਿੱਚ ਆਮ ਪ੍ਰਸੰਗਿਕਤਾ ਹੋਣ ਦੇ ਬਾਵਜੂਦ, ਇਹਨਾਂ 'ਤੇ ਅਮਲਦਾਰੀ ਨੂੰ ਮਸੀਨੀ ਰੂਪ ਵਿੱਚ ਚਿਤਵਣਾ ਗਲਤ ਹੈ। ਕਿਉਂਕਿ, ਇਹਨਾਂ ਦੋਵਾਂ ਪੈਂਤੜਿਆਂ ਦੀ ਅਮਲਯੋਗਤਾ ਲਈ ਅਧਾਰ ਬਣਦੀ ਠੋਸ ਬਾਹਰਮੁਖੀ ਹਾਲਤ ਅਤੇ ਅੰਤਰਮੁਖੀ ਹਾਲਤ ਪੱਖੋਂ ਦੋਵਾਂ ਕਿਸਮਾਂ ਦੇ ਮੁਲਕਾਂ ਵਿੱਚ ਵੱਡਾ ਵਖਰੇਵਾਂ ਹੁੰਦਾ ਹੈ। ਪੂੰਜੀਵਾਦੀ ਮੁਲਕਾਂ ਵਿੱਚ ਬੁਰਜੂਆ ਪਾਰਲੀਮਾਨੀ ਜਮਹੂਰੀ ਅਦਾਰਿਆਂ ਵਿੱਚ ਹਿੱਸਾ ਪੁਰਅਮਨ ਅਤੇ ਕਾਨੂੰਨੀ ਘੋਲ ਸਰਗਰਮੀ ਦੇ ਉਸ ਦੌਰ ਵਿੱਚ ਲਿਆ ਜਾ ਸਕਦਾ ਹੈ ਜਾਂ ਲਿਆ ਜਾਂਦਾ ਹੈ, ਜਿਹੜਾ ਹਾਲਤਾਂ ਦੇ ਪਰਪੱਕ ਹੋਣ ਤੱਕ ਬਗਾਵਤ ਲਈ ਤਾਕਤਾਂ ਇਕੱਠੀਆਂ ਕਰਨ ਦਾ ਦੌਰ ਹੁੰਦਾ ਹੈ। ਇੱਕ ਅਰਧ-ਬਸਤੀਵਾਦੀ ਅਰਧ-ਜਾਗੀਰੂ ਮੁਲਕਾਂ ਅੰਦਰ ਜੇ ਕਦੇ ਨਕਲੀ ਪਾਰਲੀਮਾਨੀ ਸੰਸਥਾਵਾਂ ਅੰਦਰ ਹਿੱਸਾ ਲੈਣ (ਜਿਸਦੀਆਂ ਗੁੰਜਾਇਸ਼ਾਂ ਬਹੁਤ ਹੀ ਸੀਮਤ ਹਨ) ਤੇ ਇਹਨਾਂ ਦੀ ਵਰਤੋਂ ਦਾ ਪੈਂਤੜਾ ਲੈਣ ਦੀ ਲੋੜ ਖੜ੍ਹੀ ਹੋ ਜਾਵੇ ਤਾਂ ਕਮਿਊਨਿਸਟ ਪਾਰਟੀ ਕੋਲ ਲੋੜੀਂਦੀ ਹਥਿਆਰਬੰਦ ਤਾਕਤ (ਹਥਿਆਰਬੰਦ ਜਰੱਈ ਇਨਕਲਾਬੀ ਘੋਲ ਤੇ ਤਾਕਤ) ਦਾ ਹੋਣਾ ਇੱਕ ਲਾਜਮੀ ਸਰਤ ਬਣਦੀ ਹੈ। ਅਜਿਹੇ ਮੁਲਕ ਵਿੱਚ ਹਥਿਆਰਬੰਦ ਜਰੱਈ ਇਨਕਲਾਬੀ ਲਹਿਰ ਅਤੇ ਹਥਿਆਰਬੰਦ ਤਾਕਤ ਤੋਂ ਬਗੈਰ ਕਮਿਊਨਿਸਟ ਜਥੇਬੰਦੀ ਦੀ ਮੁਲਕ ਦੇ ਸਿਆਸੀ ਅਖਾੜੇ ਵਿੱਚ ਭੋਰਾ ਭਰ ਵੀ ਵੁੱਕਤ ਨਹੀਂ ਹੋ ਸਕਦੀ। ਹਥਿਆਰਬੰਦ ਜਰੱਈ ਇਨਕਲਾਬੀ ਲਹਿਰ ਅਤੇ ਹਥਿਆਰਬੰਦ ਤਾਕਤ ਦੇ ਬਲਬੂਤੇ ਹੀ ਪ੍ਰੋਲੇਤਾਰੀ ਦੀ ਪਾਰਟੀ ਮੁਲਕ ਦੀ ਮਿਹਨਤਕਸ ਲੋਕਾਈ ਵਿੱਚ ਸਪਸਟ ਅਤੇ ਨਿੱਤਰਵੇਂ ਮੂੰਹ-ਮੁਹਾਂਦਰੇ ਵਾਲੇ ਇਨਕਲਾਬੀ ਸਿਆਸੀ ਬਦਲ (ਟੈਂਜੀਬਲ ਰੈਵੋਲੂਸਨਰੀ ਪੁਲੀਟੀਕਲ ਅਲਟਰਨੇਟਿਵ) ਉਸਾਰੀ ਦੇ ਅਮਲ ਦੀ ਆਗੂ ਤਾਕਤ ਵਜੋਂ ਆਪਣੀ ਸਿਆਸੀ ਪੜਤ ਉਭਾਰਨ ਅਤੇ ਸਥਾਪਤ ਕਰਨ ਦੀ ਹਾਲਤ ਵਿੱਚ ਹੋ ਸਕਦੀ ਹੈ। ਅਜਿਹੀ ਸਪਸਟ ਇਨਕਲਾਬੀ ਸਿਆਸੀ ਪੜਤ ਦੇ ਉਭਾਰ ਅਤੇ ਸਥਾਪਤੀ ਤੋਂ ਬਗੈਰ ਨਕਲੀ ਪਾਰਲੀਮਾਨੀ ਸੰਸਥਾਵਾਂ ਵਿੱਚ ਹਿੱਸਾ ਲੈਣ ਅਤੇ ਇਹਨਾਂ ਦੀ ਸੀਮਤ ਵਰਤੋਂ ਦਾ ਲਾਹਾ ਲੈਣ ਦਾ ਕਦਮ ਲੋਕਾਂ ਅੰਦਰ ਗੰਧਲਚੌਂਦੇਂ ਪਾਉਣ ਅਤੇ ਸਫਾਂ ਨੂੰ ਹਥਿਆਰਬੰਦ ਘੋਲ ਦੀ ਤਿਆਰੀ ਦੇ ਅਮਲ ਤੋਂ ਥਿੜਕਾਉਣ ਅਤੇ ਪਾਸੇ ਲਿਜਾਣ ਵਾਲਾ ਕਦਮ ਸਾਬਤ ਹੋਵੇਗਾ। ਇਸ ਤੋਂ ਅੱਗੇ ਜੇ ਕੁੱਝ ਸੀਟਾਂ (ਵਿਧਾਨ ਸਭਾ, ਲੋਕ ਸਭਾ, ਪੰਚਾਇਤੀ ਸੰਸਥਾਵਾਂ ਵਗੈਰਾ) 'ਤੇ ਚੋਣ ਜਿੱਤ ਵੀ ਲਈ ਜਾਵੇ ਤਾਂ ਭ੍ਰਿਸਟ ਮੌਕਾਪ੍ਰਸਤ ਸਿਆਸੀ ਟੋਲਿਆਂ, ਜਾਬਰ ਰਾਜਕੀ ਹਥਿਆਰਬੰਦ ਤਾਕਤਾਂ, ਗੁੰਡਾ ਗਰੋਹਾਂ ਅਤੇ ਭ੍ਰਿਸਟ ਅਫਸਰਸਾਹੀ ਦੇ ਪਿਛਾਖੜੀ ਗੱਠਜੋੜ ਦੇ ਘਿਨਾਉਣੇ ਮਨਸੂਬਿਆਂ ਦਾ ਸਾਹਮਣਾ ਕਰਦਿਆਂ, ਇਹਨਾਂ ਦੀ ਮਾੜੀ-ਮੋਟੀ ਸਾਰਥਿਕ ਵਰਤੋਂ ਵੀ ਆਪਣੀ ਹਥਿਆਰਬੰਦ ਤਾਕਤ ਦੇ ਜੋਰ ਹੀ ਕੀਤੀ ਜਾ ਸਕਦੀ ਹੈ। ਅਜਿਹੀ ਤਾਕਤ ਤੋਂ ਹੀਣੇ ਇਨਕਲਾਬੀ ਨੁਮਾਇੰਦੇ ਪਿਛਾਖੜੀ ਗੱਠਜੋੜ ਸਨਮੁੱਖ ਸਿਆਸੀ ਨਿਤਾਣੇਪਣ ਦੇ ਪਾਤਰ ਬਣ ਕੇ ਰਹਿ ਜਾਣਗੇ।

ਇਹੀ ਪਹੁੰਚ ਇਹਨਾਂ ਸੰਸਥਾਵਾਂ ਦੇ ਬਾਈਕਾਟ ਦੇ ਪੈਂਤੜੇ ਸਬੰਧੀ ਅਪਣਾਈ ਜਾਣੀ ਚਾਹੀਦੀ ਹੈ। ਇੱਕ ਪੂੰਜੀਵਾਦੀ ਮੁਲਕ ਵਿੱਚ ਬਾਈਕਾਟ ਦਾ ਸੱਦਾ ਦੇਣ ਲਈ ਜਿਹੋ ਜਿਹੀ ਠੋਸ ਹਾਲਤ ਚਾਹੀਦੀ ਹੈ, ਉਹੋ ਜਿਹੀ (ਹੂ-ਬ-ਹੂ) ਠੋਸ ਹਾਲਤ ਇੱਕ ਅਰਧ-ਬਸਤੀਵਾਦੀ ਅਰਧ-ਜਾਗੀਰੂ ਮੁਲਕ ਅੰਦਰ ਕਦੇ ਵੀ ਨਹੀਂ ਬਣਦੀ। ਇੱਥੇ ਨਕਲੀ ਪਾਰਲੀਮਾਨੀ ਸੰਸਥਾਵਾਂ ਦੇ ਬਾਈਕਾਟ ਦਾ ਪੈਂਤੜਾ ਲਮਕਵੇਂ ਹਥਿਆਰਬੰਦ ਲੋਕ-ਯੁੱਧ ਦੀ ਯੁੱਧਨੀਤੀ ਨੂੰ ਲਾਗੂ ਕਰਨ ਦੇ ਅਮਲ ਦਾ ਹੀ ਇੱਕ ਅੰਗ ਹੈ। ਇਸ ਲਈ ਇਹ ਲਮਕਵੇਂ ਹਥਿਆਰਬੰਦ ਘੋਲ ਦੀ ਤਿਆਰੀ ਅਤੇ ਇਸਦੀ ਸੁਰੂਆਤ ਤੋਂ ਬਾਅਦ ਇਸ ਘੋਲ ਦਾ ਹੀ ਇੱਕ ਅਨੱਖੜਵਾਂ ਅੰਗ ਬਣਦਾ ਹੈ। ਇੱਥੇ ਇਹ ਗੱਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ਕਿ ਇੱਕ ਅਰਧ-ਬਸਤੀਵਾਦੀ ਅਰਧ-ਜਾਗੀਰੂ ਮੁਲਕ ਵਿੱਚ ਪਿਛਾਖੜੀ ਰਾਜ-ਸੱਤਾ ਨੂੰ ਤਹਿਸ-ਨਹਿਸ ਕਰਨ ਅਤੇ ਇਨਕਲਾਬੀ ਰਾਜ ਸੱਤਾ ਦੇ ਅਦਾਰੇ ਖੜ੍ਹੇ ਕਰਨ ਦਾ ਕਾਰਜ ਹਥਿਆਰਬੰਦ ਘੋਲ ਦਾ ਫੌਰੀ ਅਤੇ ਤੁਰੰਤਪੈਰਾ ਨਿਸਾਨਾ ਨਹੀਂ ਹੁੰਦਾ, ਸਗੋਂ ਦੂਰਗਾਮੀ ਨਿਸਾਨਾ ਹੁੰਦਾ ਹੈ। ਹਥਿਆਰਬੰਦ ਘੋਲ ਦੇ ਲੰਮੇ ਤੇ ਲਮਕਵੇਂ ਅਮਲ ਦਾ ਮੰਤਵ ਕਦਮ-ਬ-ਕਦਮ ਲੋਕਾਂ, ਵਿਸੇਸ ਕਰਕੇ ਕਿਸਾਨਾਂ ਨੂੰ ਲਮਕਵੇਂ ਹਥਿਆਰਬੰਦ ਘੋਲ ਲਈ ਅਤੇ ਇਸ ਦੀ ਹਮਾਇਤ ਲਈ ਉਭਾਰਨਾ ਅਤੇ ਜਥੇਬੰਦ ਕਰਨਾ, ਹਥਿਆਰਬੰਦ ਘੋਲ ਨੂੰ ਮਜਬੂਤ ਕਰਨਾ ਅਤੇ ਵਧਾਉਣਾ-ਫੈਲਾਉਣਾ ਅਤੇ ਪਿਛਾਖੜੀ ਰਾਜ-ਸੱਤਾ ਦੀ ਹਥਿਆਰਬੰਦ ਤਾਕਤ ਨੂੰ ਮਾਰ ਹੇਠ ਲਿਆਉਂਦਿਆਂ, ਇਸ ਨੂੰ ਕਮਜੋਰ ਕਰਨਾ ਅਤੇ ਅੰਤ ਪਛਾੜਨਾ ਹੁੰਦਾ ਹੈ। ਇਸ ਲਈ ਲਮਕਵੇਂ ਹਥਿਆਰਬੰਦ ਘੋਲ ਦੀ ਤਿਆਰੀ ਅਤੇ ਇਸ ਘੋਲ ਦੇ ਸਮੁੱਚੇ ਅਮਲ ਦੌਰਾਨ ਨਕਲੀ ਪਾਰਲੀਮਾਨੀ ਸੰਸਥਾਵਾਂ ਬਾਰੇ ਪ੍ਰੋਲੇਤਾਰੀ ਦੀ ਪਾਰਟੀ ਵੱਲੋਂ (ਛੋਟ ਦੇ ਮੌਕੇ ਨੂੰ ਛੱਡਦਿਆਂ) ਬਾਈਕਾਟ ਦਾ ਪੈਂਤੜਾ ਅਖਤਿਆਰ ਕੀਤਾ ਜਾਂਦਾ ਹੈ। ਜਿਵੇਂ ਸਾਮਰਾਜ ਦਲਾਲ ਹਾਕਮ ਜਮਾਤਾਂ ਦੀਆਂ ਪਾਰਲੀਮਾਨੀ ਸਿਆਸੀ ਪਾਰਟੀਆਂ ਦਾ ਇਨਕਲਾਬੀ ਬਦਲ ਮਜਦੂਰ ਜਮਾਤ ਦਾ ਮੂਹਰੈਲ ਦਸਤਾ-ਕਮਿਊਨਿਸਟ ਪਾਰਟੀ ਹੀ ਬਣਦੀ ਹੈ, ਉਵੇਂ ਇਸ ਪਿਛਾਖੜੀ ਤੇ ਦੰਭੀ ਪਾਰਲੀਮਾਨੀ ਸਿਆਸੀ ਰਾਹ ਦਾ ਇਨਕਲਾਬੀ ਬਦਲ ਲਮਕਵਾਂ ਹਥਿਆਰਬੰਦ ਘੋਲ ਹੀ ਬਣਦਾ ਹੈ। ਇਸ ਨਕਲੀ ਪਾਰਲੀਮਾਨੀ ਸਿਆਸੀ ਰਾਹ ਦੇ ਬਾਈਕਾਟ ਦਾ ਪੈਂਤੜਾ ਅਖਤਿਆਰ ਕਰਨ ਅਤੇ ਮਿਹਨਤਕਸ ਲੋਕਾਂ ਨੂੰ ਇਹਨਾਂ ਦੰਭੀ ਜਮਹੂਰੀ ਸੰਸਥਾਵਾਂ ਨੂੰ ਲੱਤ ਮਾਰਨ ਦਾ ਸੱਦਾ ਦੇਣ ਤੋਂ ਬਗੈਰ ਲੋਕਾਂ ਨੂੰ ਲਮਕਵੇਂ ਹਥਿਆਰਬੰਦ ਘੋਲ ਦੀ ਤਿਆਰੀ ਦੇ ਅਮਲ ਵਿੱਚ ਪਾਇਆ ਹੀ ਨਹੀਂ ਜਾ ਸਕਦਾ। ਅਖੌਤੀ ਪਾਰਲੀਮਾਨੀ ਜਮਹੂਰੀ ਸੰਸਥਾਵਾਂ ਦੇ ਬਾਈਕਾਟ ਦਾ ਸੱਦਾ ਦੇਣ ਅਤੇ ਲਮਕਵੇਂ ਹਥਿਆਰਬੰਦ ਘੋਲ ਦਾ ਸੱਦਾ ਦੇਣ ਤੋਂ ਕਿਨਾਰਾ ਕਰਦਿਆਂ, ਮੌਜੂਦਾ ਪਿਛਾਖੜੀ ਸਿਆਸੀ ਆਰਥਿਕ ਪ੍ਰਬੰਧ ਦੇ ਬਦਲ ਵਜੋਂ ਨਵ-ਜਮਹੂਰੀ ਇਨਕਲਾਬ ਦਾ ਸਿਆਸੀ ਬਦਲ ਉਭਾਰਨ ਦੀ ਕੋਸ਼ਿਸ਼ ਇੱਕ ਥੋਥੀ ਮੁਹਾਵਰੇਬਾਜ ਕਸਰਤ ਤੋਂ ਸਿਵਾਏ ਹੋਰ ਕੁੱਝ ਨਹੀਂ ਹੈ।

ਇੱਕ ਦਲੀਲ ਇਹ ਹੈ ਕਿ ਨਕਲੀ ਪਾਰਲੀਮਾਨੀ ਅਦਾਰਿਆਂ ਦੇ ਬਾਈਕਾਟ ਦਾ ਸੱਦਾ ਇੱਕ ਕਾਰਵਾਈ ਨਾਹਰਾ ਹੈ। ਲੋਕਾਂ ਦੀ ਚੇਤਨਾ ਦਾ ਪੱਧਰ ਨੀਵਾਂ ਹੋਣ ਕਰਕੇ ਉਹ ਇਸ ਕਾਰਵਾਈ ਨਾਹਰੇ ਨੂੰ ਹੁੰਗਾਰਾ ਨਹੀਂ ਦਿੰਦੇ, ਜਿਸ ਕਰਕੇ ਇਹ ਨਾਕਾਮ ਅਤੇ ਗੈਰ-ਉਪਜਾਊ ਸਾਬਤ ਹੁੰਦਾ ਹੈ ਅਤੇ ਲੋਕਾਂ 'ਚ ਨਿਰਾਸਾ ਪੈਦਾ ਕਰਨ ਦਾ ਕਾਰਨ ਬਣਦਾ ਹੈ। ਇਸ ਦਲੀਲ ਦੇ ਦਾਅਵੇਦਾਰ ਕਹਿੰਦੇ ਹਨ ਕਿ ਇਹ ਕਾਰਵਾਈ ਸੱਦਾ ਦੇਣ ਦੀ ਬਜਾਇ, ਮੌਜੂਦਾ ਪਿਛਾਖੜੀ ਅਰਧ-ਬਸਤੀਵਾਦੀ ਅਰਧ-ਜਾਗੀਰੂ ਪ੍ਰਬੰਧ ਦੇ ਸਿਆਸੀ ਬਦਲ ਬਣਦੇ ਨਵ-ਜਮਹੂਰੀ ਰਾਜ-ਪ੍ਰਬੰਧ ਦੇ ਬਦਲ ਨੂੰ ਉਭਾਰਨ-ਪ੍ਰਚਾਰਨ ਲਈ "ਸਰਗਰਮ ਸਿਆਸੀ ਮੁਹਿੰਮ" ਚਲਾਉਣੀ ਚਾਹੀਦੀ ਹੈ। ਇਸ ਦਲੀਲ ਮੁਤਾਬਕ ਮੌਜੂਦਾ ਬੇਹੱਦ ਸਾਜਗਾਰ ਬਾਹਰਮੁਖੀ ਹਾਲਤਾਂ ਵਿੱਚ ਮਿਹਨਤਕਸ ਲੋਕਾਂ ਦੀ ਇਨਕਲਾਬੀ ਸਿਆਸੀ ਬਦਲ ਲਈ ਗ੍ਰਹਿਣਸੀਲਤਾ ਬਹੁਤ ਹੀ ਤਿੱਖੀ ਹੋ ਗਈ ਹੈ। ਇਸ ਲਈ, ਨਵ-ਜਮਹੂਰੀ ਇਨਕਲਾਬ ਦੀ ਸਿਆਸੀ ਯੁੱਧਨੀਤੀ ਅਤੇ ਇਸ ਰਾਹੀਂ ਉਸਾਰੇ ਜਾਣ ਵਾਲੇ ਨਵ-ਜਮਹੂਰੀ ਰਾਜਭਾਗ ਦਾ ਪੂਰੀ ਵਿਆਖਿਆ ਸਹਿਤ ਲੋਕਾਂ ਵਿੱਚ ਨਕਸਾ ਬੰਨ੍ਹਿਆ ਜਾਣਾ ਚਾਹੀਦਾ ਹੈ। ਪਰ ਜਿੱਥੋਂ ਤੱਕ ਕਾਰਵਾਈ ਨਾਹਰੇ ਦਾ ਸਬੰਧ ਹੈ ਇਹ ਸਿਰਫ "ਜਨਤਕ ਘੋਲਾਂ ਅਤੇ ਜਨਤਕ ਜਥੇਬੰਦੀਆਂ 'ਤੇ ਟੇਕ ਰੱਖੋ'' ਹੋਣਾ ਚਾਹੀਦਾ ਹੈ। ਉਹਨਾਂ ਮੁਤਾਬਕ ਲੋਕਾਂ ਨੂੰ ਲਮਕਵੇਂ ਹਥਿਆਰਬੰਦ ਘੋਲ ਦੀ ਤਿਆਰੀ ਦਾ ਸੱਦਾ ਦੇਣਾ ਅਤੇ ਚੋਣਾਂ ਦੇ ਬਾਈਕਾਟ ਦਾ ਸੱਦਾ ਦੇਣਾ ਖੱਬੀ ਮਾਅਰਕੇਬਾਜੀ ਹੈ।

ਇਸ ਦਲੀਲ ਦੇ ਦਾਅਵੇਦਾਰਾਂ ਦਾ ਇਹ ਤਰਕ ਨਾ ਸਿਰਫ ਬੇਤੁਕਾ ਹੈ, ਸਗੋਂ ਆਪਾ-ਵਿਰੋਧੀ ਵੀ ਹੈ। ਪਹਿਲੀ ਗੱਲ-ਜੇਕਰ ਮਿਹਨਤਕਸ ਲੋਕ ਨਵ-ਜਮਹੂਰੀਅਤ ਦੀ ਉਸਾਰੀ ਲਈ ਨਵ-ਜਮਹੂਰੀ ਇਨਕਲਾਬ ਕਰਨ ਦੀ ਲੋੜ ਨੂੰ ਗ੍ਰਹਿਣ ਕਰਨ ਲਈ ਤਿਆਰ ਹਨ, ਤਾਂ ਉਹ ਮੌਜੂਦਾ ਪਿਛਾਖੜੀ ਪਾਰਲੀਮਾਨੀ ਸੰਸਥਾਵਾਂ ਨੂੰ ਲੱਤ ਮਾਰਨ ਅਤੇ ਨਵ-ਜਮਹੂਰੀ ਇਨਕਲਾਬ ਕਰਨ ਲਈ ਲਮਕਵੇਂ ਲੋਕ-ਯੁੱਧ ਦੀ ਠੋਸ ਤਿਆਰੀ ਦੇ ਅਮਲ ਵਿੱਚ ਜੁਟ ਜਾਣ ਦੀ ਲੋੜ ਨੂੰ ਗ੍ਰਹਿਣ ਕਰਨ ਲਈ ਕਿਉਂ ਤਿਆਰ ਨਹੀਂ ਹੋਣਗੇ? ਦੂਜੀ ਗੱਲ ਲੋਕਾਂ ਨੂੰ ਨਵ-ਜਮਹੂਰੀ ਇਨਕਲਾਬੀ ਚੇਤਨਾ ਨਾਲ ਲੈਸ ਕਰਨ ਲਈ ਪ੍ਰਚਾਰ ਮੁਹਿੰਮ ਚਲਾਉਣਾ, ਪਰ ਨਵ-ਜਮਹੂਰੀ ਇਨਕਲਾਬ ਕਰਨ ਲਈ ਕਾਨੂੰਨੀ, ਖੁੱਲ੍ਹੀਆਂ ਜਨਤਕ ਜਥੇਬੰਦੀਆਂ ਦੇ ਥੜ੍ਹਿਆਂ ਅਤੇ ਪੁਰਅਮਨ ਘੋਲਾਂ 'ਤੇ ਟੇਕ ਰੱਖ ਕੇ ਚੱਲਣ ਦੇ ਰਾਹ ਪਾਉਣਾ ਕੀ ਆਪਾ-ਵਿਰੋਧੀ ਗੱਲਾਂ ਨਹੀਂ? ਕੀ ਇਹ ਫੰਡਰ ਇਨਕਲਾਬੀ ਲਫਾਜੀ ਦੀ ਲਫਾਫੇਬਾਜੀ ਨਾਲ ਢੱਕਿਆ ਜਾਣ ਵਾਲਾ ਪੂਛਲਵਾਦ ਅਤੇ ਸੱਜਾ ਮੌਕਾਪ੍ਰਸਤ ਪੈਂਤੜਾ ਨਹੀਂ? ਕੀ ਇਸ ਸਮਝ ਮੁਤਾਬਿਕ ਜਿਹੜੀ ਜਨਤਾ "ਬਚਾਓਮੁਖੀ ਘੋਲ ਸਰਗਰਮੀਆਂ" ਦੀਆਂ ਲਛਮਣ ਰੇਖਾਵਾਂ ਤੋਂ ਬਾਹਰ ਜਾਣ ਲਈ ਅਜੇ ਤਿਆਰ ਨਹੀਂ, ਉਸ ਜਨਤਾ ਅੰਦਰ "ਸਰਗਰਮ ਸਿਆਸੀ ਮੁਹਿੰਮ'' ਦਾ ਅਡੰਬਰ ਰਚਦਿਆਂ, ਇਨਕਲਾਬੀ ਲਫਾਜੀ ਦਾ ਧੂਮ-ਧੜੱਕਾ ਨਿਹਫਲ ਪ੍ਰਚਾਰ ਕਸਰਤ ਨਹੀਂ? ਤੀਜੀ ਗੱਲ ਕੀ ਮਿਹਨਤਕਸ ਜਨਤਾ ਨੂੰ ਮੁਕਤੀ ਅਤੇ ਇਨਕਲਾਬ ਦੇ ਸਬਜਬਾਗ ਦਿਖਾਉਣਾ ਅਤੇ ਦਹਾਕਿਆਂ ਭਰ ਇਨਕਲਾਬ ਦੇ ਸਬਜਬਾਗ ਦਿਖਾਉਣ ਦੀਆਂ ਮੁਹਿੰਮਾਂ ਚਲਾਉਣਾ, ਪਰ ਜਨਤਾ ਨੂੰ ਅੰਸ਼ਿਕ ਮੰਗਾਂ/ਮਸਲਿਆਂ 'ਤੇ ਚੱਲਦੇ ਪੁਰਅਮਨ ਘੋਲਾਂ 'ਤੇ ਟੇਕ ਰੱਖਣ 'ਤੇ ਜੋਰ ਦੇਣਾ ਅਤੇ ਇਹਨਾਂ ਵਿੱਚ ਉਲਝਾ ਕੇ ਰੱਖਣਾ, ਲੋਕਾਂ ਵਿੱਚ ਨਿਰਾਸਾ ਦਾ ਛੱਟਾ ਦੇਣਾ ਨਹੀਂ ਹੈ? ਕੀ ਇੱਕ ਹੱਥ ਨਵ-ਜਮਹੂਰੀ ਇਨਕਲਾਬੀ ਚੇਤਨਾ ਨਾਲ ਲੈਸ ਕਰਨ ਦੀਆਂ ਮੁਹਿੰਮਾਂ ਚਲਾਉਣਾ ਅਤੇ ਦੂਜੇ ਹੱਥ- ਲੋਕਾਂ ਨੂੰ ਅੰਸ਼ਿਕ ਵਕਤੀ ਮੰਗਾਂ/ਮਸਲਿਆਂ ਲਈ ਘੋਲਾਂ ਦੀਆਂ ਪੁਰਅਮਨ ਵਲੱਗਣਾਂ ਵਿੱਚ ਘੇਰ ਕੇ ਰੱਖਣਾ ਇਸ ਚੇਤਨਾ ਨੂੰ ਬਰਬਾਦ ਕਰਨਾ, ਖੁੰਡਾ ਕਰਨਾ ਅਤੇ ਲੋਕਾਂ ਦੇ ਸੰਗਰਾਮੀ ਰੌਂਅ ਤੇ ਤੱਤਪਰਤਾ ਨੂੰ ਖਾਰਜ ਕਰਨਾ ਨਹੀਂ ਹੈ?

ਅਸਲ ਵਿੱਚ ਭਾਰਤ ਵਰਗੇ ਅਰਧ-ਬਸਤੀਵਾਦੀ, ਅਰਧ-ਜਾਗੀਰੂ ਮੁਲਕ ਵਿੱਚ ਹਥਿਆਰਬੰਦ ਘੋਲ ਦੀ ਤਿਆਰੀ ਅਤੇ ਗੁਰੀਲਾ ਜੰਗ ਦੀ ਸੁਰੂਆਤ ਤੋਂ ਬਾਅਦ ਦੇ ਦੌਰ 'ਚ, (ਛੋਟ ਦੇ ਮੌਕੇ ਨੂੰ ਛੱਡਦਿਆਂ) ਅਖੌਤੀ ਪਾਰਲੀਮਾਨੀ ਜਮਹੂਰੀ ਸੰਸਥਾਵਾਂ ਬਾਰੇ ਪ੍ਰੋਲੇਤਾਰੀ ਦੀ ਪਾਰਟੀ ਦਾ ਇੱਕੋ ਪੈਂਤੜਾ ਹੋ ਸਕਦਾ ਹੈ ਉਹ ਹੈ ਬਾਈਕਾਟ ਦਾ ਪੈਂਤੜਾ। ਪਰ ਕਮਿਊਨਿਸਟ ਇਨਕਲਾਬੀਆਂ ਨੂੰ ਪਾਰਟੀ ਥੜ੍ਹੇ ਅਤੇ ਪਾਰਟੀ/ਪ੍ਰਭਾਵ/ਅਗਵਾਈ ਹੇਠਲੀਆਂ ਗੈਰ-ਪਾਰਟੀ/ਜਨਤਕ ਥੜ੍ਹਿਆਂ ਤੇ ਜਥੇਬੰਦੀਆਂ ਵੱਲੋਂ ਅਖਤਿਆਰ ਕੀਤੇ ਜਾਂਦੇ ਪੈਂਤੜਿਆਂ 'ਚ ਸਪਸਟ ਵਖਰੇਵਾਂ ਕਰਨਾ ਚਾਹੀਦਾ ਹੈ। ਦੋਵਾਂ ਕਿਸਮ ਦੇ ਥੜ੍ਹਿਆਂ ਤੋਂ ਅਪਣਾਏ ਜਾਣ ਵਾਲੇ ਪੈਂਤੜਿਆਂ ਵਿੱਚ ਵਖਰੇਵਾਂ ਹਾਸਲ ਠੋਸ ਹਾਲਤਾਂ ਅਨੁਸਾਰ ਤਹਿ ਹੋਣਾ ਚਾਹੀਦਾ ਹੈ। ਜਦੋਂ ਕਮਿਊਨਿਸਟ ਇਨਕਲਾਬੀ ਜਥੇਬੰਦੀ ਵੱਲੋਂ ਹਥਿਆਰਬੰਦ ਘੋਲ ਦੀ ਤਿਆਰੀ ਦੇ ਦੌਰ 'ਚ ਅਖੌਤੀ ਪਾਰਲੀਮਾਨੀ ਸੰਸਥਾਵਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਜਾਂਦਾ ਹੈ, ਤਾਂ ਗੈਰ-ਪਾਰਟੀ ਅਤੇ ਜਨਤਕ ਜਥੇਬੰਦੀਆਂ ਵੱਲੋਂ ਅਜਿਹਾ ਸੱਦਾ ਦੇਣ ਤੋਂ ਗੁਰੇਜ ਕਰਨਾ ਚਾਹੀਦਾ ਹੈ। ਉਹਨਾਂ ਨੂੰ ਮਿਹਨਤਕਸ ਲੋਕਾਂ ਵੱਲੋਂ ਲੜੇ ਗਏ ਅਤੇ ਲੜੇ ਜਾ ਰਹੇ ਘੋਲਾਂ ਦੇ ਤਜਰਬੇ ਨਾਲ ਜੋੜਦਿਆਂ, ਮੌਕਾਪ੍ਰਸਤ ਪਾਰਲੀਮਾਨੀ ਸਿਆਸੀ ਪਾਰਟੀਆਂ ਅਤੇ ਨਕਲੀ ਪਾਰਲੀਮਾਨੀ ਸੰਸਥਾਵਾਂ ਵੱਲੋਂ ਨਿਭਾਏ ਲੋਕ ਵਿਰੋਧੀ ਰੋਲ ਨੂੰ ਨੰਗਾ ਕਰਦਿਆਂ, ਅਤੇ ਅਸਿੱਧੇ ਤੌਰ 'ਤੇ ਪਾਰਟੀ ਵੱਲੋਂ ਦਿੱਤੇ ਗਏ ਸੱਦੇ ਨਾਲ ਕੜੀ-ਜੋੜ ਕਰਦਿਆਂ, ਮੌਕਾਪ੍ਰਸਤ ਵੋਟ-ਸਿਆਸਤ ਦੇ ਵਿਹੁ-ਚੱਕਰ 'ਚੋਂ ਨਿਕਲਣ, ਆਪਣੀ ਘੋਲ ਤਾਕਤ 'ਤੇ ਟੇਕ ਰੱਖਣ ਅਤੇ ਉਸਾਰਨ ਦਾ ਸੱਦਾ ਦੇਣਾ ਚਾਹੀਦਾ ਹੈ। ਜਦੋਂ ਕਮਿਊਨਿਸਟ ਇਨਕਲਾਬੀ ਜਥੇਬੰਦੀ ਦੀ ਅਗਵਾਈ ਹੇਠ ਹਥਿਆਰਬੰਦ ਘੋਲ (ਗੁਰੀਲਾ ਹਥਿਆਰਬੰਦ ਘੋਲ) ਦੀ ਸੁਰੂਆਤ ਹੋ ਗਈ ਹੋਵੇ ਤਾਂ ਗੈਰ-ਪਾਰਟੀ ਅਤੇ ਜਨਤਕ ਜਥੇਬੰਦੀਆਂ ਨੂੰ ਸਿੱਧੇ/ਅਸਿੱਧੇ ਪਾਰਟੀ ਦੇ ਪਾਰਲੀਮਾਨੀ ਸੰਸਥਾਵਾਂ ਦੇ ਚੋਣ ਬਾਈਕਾਟ ਦੇ ਨਾਹਰੇ ਦੀ ਹਮਾਇਤ ਕਰਨੀ ਚਾਹੀਦੀ ਹੈ। ਇਨਕਲਾਬੀ ਸਿਆਸੀ-ਜਨਤਕ ਪਲੇਟਫਾਰਮਾਂ ਅਤੇ ਪੇਂਡੂ ਖੇਤਰ ਵਿੱਚ ਕੰਮ ਕਰਦੀ ਕਿਸਾਨ ਜਥੇਬੰਦੀ/ਲਹਿਰ ਨੂੰ ਇਸ ਸੱਦੇ ਦੀ ਸਿੱਧੀ ਹਮਾਇਤ ਕਰਨੀ ਚਾਹੀਦੀ ਹੈ, ਪਰ ਸਹਿਰੀ ਖੇਤਰ ਵਿੱਚ ਕੰਮ ਕਰਦੀਆਂ ਜਨਤਕ ਜਥੇਬੰਦੀਆਂ ਨੂੰ ਸਿੱਧੀ ਹਮਾਇਤ ਤੋਂ ਗੁਰੇਜ ਕਰਦਿਆਂ, ਅਸਿੱਧੀ ਹਮਾਇਤ ਦੀ ਸਕਲ ਅਪਣਾਉਣੀ ਚਾਹੀਦੀ ਹੈ।

# ਜਦੋਂ ਅਜ਼ਾਦੀ ਵਾਸਤੇ ਭਗਤ-ਸਰਾਭੇ ਊਧਮ ਫਾਂਸੀਆਂ ਚੜ੍ਹ ਰਹੇ ਸਨ ਉਦੋਂ ਅਜ਼ਾਦੀ ਦਾ ਸੰਵਿਧਾਨ ਲਿਖਣ ਵਾਲੇ ਕੀ ਕਰਦੇ ਸਨ?

(ਸਫ਼ਾ 18 ਦੀ ਬਾਕੀ)

4. **ਮੁਹੰਮਦ ਸਾਦਉਲ੍ਹਾ** : 1924 'ਚ ਆਸਮ ਦੇ ਬਰਤਾਨਵੀ ਗਵਰਨਰ ਨੇ ਉਸਨੂੰ ਮੰਤਰੀਆਂ ਦੀ ਸਭਾ 'ਚ ਨਾਮਜਦ ਕਤਾ। ਮਗਰੋਂ ਉਹ ਅਸਾਮ ਦਾ ਸਾਬਕਾ ਮੁਖ ਮੰਤਰੀ ਵੀ ਰਿਹਾ। ਉਹ ਮੁਸਲਿਮ ਲੀਗ ਦਾ ਮੈਂਬਰ ਸੀ। ਬਰਤਾਨਵੀ ਹਕੂਮਤ ਵਲੋਂ ਉਸਨੂੰ 1928 ਵਿਚ "ਨਾਈਟ" ਦੀ ਉਪਾਧੀ ਨਾਲ ਸਨਮਾਨਿਤ ਕੀਤਾ ਗਿਆ ਤੇ ਅਸਾਮ ਦੀ ਸਿਆਸਤ ਦੇ ਹਲਚਲਾਂ ਭਰੇ ਦੌਰ ਅੰਦਰ ਉਸਦੀਆਂ ਸੇਵਾਵਾਂ ਬਦਲੇ 1946 ਵਿਚ ਉਸਨੂੰ "ਨਾਈਟ ਕਮਾਂਡਰ ਆਫ ਇੰਡੀਅਨ ਅਮਪਾਇਰ" ਦੀ ਪਦਵੀ ਬਖਸ਼ੀ ਗਈ। ਉਸ ਨੂੰ ਕਲਕਤਾ ਹਾਈਕੋਰਟ ਵਿਚ ਵੀ ਬਰਤਾਨਵੀ ਗਵਰਨਰ ਵਲੋਂ ਉਚ ਅਹੁਦਾ ਦਿਤਾ ਗਿਆ ਸੀ।

ਸਭ ਤੋਂ ਦਿਲਚਸਪ ਤਥ ਇਹ ਹੈ ਕਿ ਉਹ 1940 ਵਿਚ ਮੁਸਲਿਮ ਲੀਗ ਦੀ ਕੌਮੀ ਕਾਰਜਕਰਨੀ ਦਾ ਮੈਂਬਰ ਸੀ ਜਿਸਨੇ "ਪਾਕਿਸਤਾਨ ਦਾ ਮਤਾ" ਪਾਸ ਕੀਤਾ।

5. **ਅਲਾਦੀ ਕਰਿਸ਼ਨਾਸਵਾਮੀ ਅਈਅਰ**: ਪ੍ਰਸਿਧ ਵਕੀਲ। 1929 ਤੋਂ 1944 ਤਕ ਹੈਦਰਾਬਾਦ ਦਾ ਐਡਵੋਕੇਟ ਜਨਰਲ ਰਿਹਾ। ਉਸਨੂੰ ਬਰਤਾਨਵੀ ਹਕੂਮਤ ਵਲੋਂ 1932 ਨਿਓ ਈਅਰ ਆਨਰਜ਼ ਰਾਹੀਂ ਨਾਈਟ ਦੀ ਪਦਵੀ ਨਾਲ ਸਨਮਾਨਿਤ ਕੀਤਾ ਗਿਆ।

6. **ਬੀ ਐਲ ਮਿਤਰ**: ਬੜੌਦਾ ਰਿਆਸਤ ਦਾ ਦੀਵਾਨ ਤੇ ਬਰਤਾਨਵੀ ਹਕੂਮਤ ਦਾ ਸਾਬਕਾ ਐਡਵੋਕੇਟ ਜਨਰਲ। ਮਗਰੋਂ ਬਿਮਾਰੀ ਕਾਰਣ ਉਸਨੂੰ ਕਮੇਟੀ 'ਚੋਂ ਹਟਣਾ ਪਿਆ।

7. **ਡੀ ਪੀ ਖੇਤਾਨ**: ਉਘਾ ਵਕੀਲ। ਉਸਨੇ ਜੀਡੀ ਬਿਰਲਾ ਨਾਲ ਮਿਲਕੇ 1925 ਵਿਚ ਵਡੀ ਦਲਾਲ ਸਰਮਾਏਦਾਰੀ ਦੀ ਨੁਮਾਇੰਦਾ ਜਥੇਬੰਦੀ ਇੰਡੀਅਨ ਚੈਂਬਰਜ਼ ਆਫ ਕਾਮਰਸ ਦੀ ਨੀਂਹ ਰਖੀ। ਅਤੇ 1926 ਵਿਚ 'ਸਰ' ਪਰਸ਼ੋਤਮਦਾਸ ਠਾਕੁਰਦਾਸ ਤੇ ਬਿਰਲਾ ਨਾਲ ਮਿਲਕੇ ਅਜਿਹੀ ਹੀ ਇਕ ਹੋਰ ਜਥੇਬੰਦੀ ਫੈਡਰੇਸ਼ਨ ਆਫ ਇੰਡੀਅਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ ਦੀ ਨੀਂਹ ਵੀ ਰਖੀ।

8. **ਮਾਧਵ ਰਾਓ** : ਮਾਧਵ ਰਾਓ ਨੇ ਬੀ ਐਲ ਮਿਤਰ ਦੀ ਜਗ੍ਹਾ ਲਈ। ਉਹ ਭਾਰਤੀ ਸਿਵਲ ਅਫਸਰ ਸੀ। ਉਹ ਵਦੋਦਰਾ ਦੇ ਮਹਾਰਾਜਾ ਦਾ ਕਾਨੂੰਨੀ ਅਡਵਾਈਜ਼ਰ ਸੀ। 1943 ਵਿਚ ਬਰਤਾਨਵੀ ਹਕੂਮਤ ਨੇ ਉਸਨੂੰ "ਭਾਰਤੀ ਰਾਜ ਦੇ ਮਿਤਰ" ਦੀ ਪਦਵੀ ਨਾਲ ਨਿਵਾਜਿਆ।

9. **ਟੀ ਟੀ ਕ੍ਰਿਸ਼ਨਾਚਾਰੀ**: ਉਸਨੇ ਖੇਤਾਨ ਦੀ ਮੌਤ ਤੋਂ ਬਾਅਦ ਡਰਾਫਟ ਕਮੇਟੀ 'ਚ ਭਾਗ ਲਿਆ। ਉਹ ਅਜ਼ਾਦ ਭਾਰਤ ਦਾ ਪਹਿਲਾ ਮੰਤਰੀ ਸੀ ਜਿਸਨੂੰ 1958 ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਅਸਤੀਫਾ ਦੇਣਾ ਪਿਆ। ਹਾਲਾਂਕਿ ਦੁਬਾਰਾ ਚੋਣਾਂ 'ਚ ਜਿਤਣ ਤੋਂ ਬਾਅਦ ਉਸਨੂੰ ਨਹਿਰੂ ਨੇ ਕੇਂਦਰੀ ਮੰਤਰੀ ਬਣਾਇਆ। ਖੈਰ, ਉਹ ttk ਦੇ ਵਪਾਰਕ ਘਰਾਣੇ ਦਾ ਸੰਸਥਾਪਕ ਸੀ। ਇਹ ਵਪਾਰਕ ਘਰਾਣੇ ਦਾ ਸਾਮਰਾਜੀ ਕੰਪਨੀਆਂ ਨਾਲ ਸਾਂਝ ਸੀ ਤੇ ਅੱਜ ਇਹ ਘਰਾਣਾ ਬਹੁਕੌਮੀ ਕੰਪਨੀਆਂ ਦਾ ਮਾਲਕ ਹੈ।

10. **ਗੋਵਿੰਦ ਬੱਲਭ ਪੰਤ**: ਗੋਵਿੰਦ ਬੱਲਭ ਪੰਤ ਹੀ ਡਰਾਫਟ ਕਮੇਟੀ ਅੰਦਰ ਇਕ ਅਜਿਹਾ ਸ਼ਖਸ ਸੀ ਜੋ ਰਸਮੀ ਤੌਰ ਤੇ ਅਜ਼ਾਦੀ ਦੀ ਲਹਿਰ 'ਚ ਗਾਂਧੀ ਖੇਮੇ ਵਲੋਂ ਸ਼ਾਮਲ ਰਿਹਾ ਹੈ। ਉਹ 1937 ਤੋਂ 1939 ਤੱਕ ਤੇ ਮਗਰੋਂ 1945 'ਚ ਕਾਂਗਰਸ ਵਲੋਂ ਯੂਪੀ ਦਾ ਮੁਖ ਮੰਤਰੀ ਰਿਹਾ।

ਸੋ, ਇਸ ਤਰ੍ਹਾਂ ਅਜਾਦ ਭਾਰਤ ਦੇ ਸਵਿੰਧਾਨ ਦੇ ਰਚਾਇਤੇ ਬਰਤਾਨਵੀ ਨੌਕਰਸ਼ਾਹ, ਪਿੱਠੂ, ਸਾਮਰਾਜੀ ਸਰਮਾਏਦਾਰੀ ਦੇ ਭਾਈਵਾਲ, ਫਿਰਕਾਪ੍ਰਸਤ, ਭ੍ਰਿਸ਼ਟ ਕਿਰਦਾਰਾਂ ਦੇ ਮਾਲਕ ਸੱਜਣ ਸਨ ਜੋ 1900-1947 ਦੇ ਉਸ ਦੌਰ ਅੰਦਰ ਬਰਤਾਨਵੀ ਸਾਮਰਾਜੀਆਂ ਦੀ ਸਿਆਸੀ ਸੇਵਾ ਕਰਦੇ ਰਹੇ ਜਦੋਂ ਸਾਡੇ ਭਗਤ ਸਿੰਘ, ਸਰਾਭੇ, ਚੰਦਰ ਸ਼ੇਖਰ ਅਜ਼ਾਦ, ਫਾਂਸੀਆਂ ਦੇ ਰੱਸੇ ਚੁੰਮ ਰਹੇ ਸਨ।


www.malwatires.ca
MALWA
TIRES & SERVICES LTD
NOW OPEN AT
UNIT - G, 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
403-899-1984
MOBILE
24/7 SERVICE
services@malwatires.com

# HOMELIFE SILVERCITY
REALTY INC., BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY
REALTY INC., BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
**905.913.8500**
www.HomelifeSilvercityTeam.com



**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton





AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.